Digitized by Arya Samaj Foundation Chennai and eGangotri

ਕਿੱਸਾ ਕਾਵਿ

ਸਰੂਪ ਤੇ ਵਿਕਾਸ

ਕਿਸ਼ਨ ਸਿੰਘ ਗੁਪਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

82 ९१

Forwarded free of Cost, and with the
Compliments of Deptt. of Education,
Govt. of India, New Delhi.

Forwarded free of Cost, and with the
Compliments of Deptt. of Education,
Govt. of India, New Delhi.

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय

ਕਿੱਸਾ ਕਾਵਿ
ਸਰੂਪ ਤੇ ਵਿਕਾਸ

8299

Forwarded free of Cost, and with the Compliments of Deptt. of Education, Govt. of India, New Delhi,

DONATION

ਸੰਪਾਦਕ
ਕਿਸ਼ਨ ਸਿੰਘ ਗੁਪਤਾ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

QISSA KAV
SARUP TE VIKAS

by

Kishan Singh Gupta

1993

ਮੁੱਲ : 100 ਰੁਪਏ

ਪ੍ਰਾਪਤੀ ਸਥਾਨ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

345–ਏ ਮਾਡਲ ਟਾਊਨ ਐਕਸਟੇਨਸ਼ਨ

ਨਜ਼ਦੀਕ ਕ੍ਰਿਸ਼ਨਾ ਮੰਦਿਰ

ਲੁਧਿਆਣਾ-2

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ

ਗੁਰੂ ਨਾਨਕਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
पुस्तकालय
गुरुकुल कांगड़ी विश्वविद्यालय

DONATION

ਤਤਕਰਾ

1. ਪੰਜਾਬੀ ਕਿੱਸੇ ਦਾ ਸਰੂਪ (ਡਾ. ਬਿਕਰਮ ਸਿੰਘ ਘੁੰਮਣ) 4
2. ਪੰਜਾਬੀ ਕਿੱਸਾ ਕਾਵਿ (1900 ਈ. ਤਕ) (ਡਾ. ਬਲਬੀਰ ਸਿੰਘ ਪੂਨੀ) 9
3. ਪੰਜਾਬੀ ਕਿੱਸਾ ਕਾਵਿ (1901-1947 ਈ.) ,, 32
4. ਕਿੱਸਾ ਕਾਵਿ ਦਾ ਸਾਹਿਤ-ਇਤਿਹਾਸਕ ਅਧਿਐਨ ,, 57
5. ਇਸ਼ਕੀਆ ਕਿੱਸਿਆਂ ਵਿਚ ਪਿਆਰ ਅਤੇ ਮੌਤ ਦਾ ਸੰਕਲਪ ,, 84
6. ਕਿੱਸਾ-ਕਾਵਿ : ਪਰਿਭਾਸ਼ਾ, ਸਰੂਪ ਤੇ ਵਰਗੀਕਰਨ (ਡਾ. ਕਿਸ਼ਨ ਸਿੰਘ ਗੁਪਤਾ) 93
7. ਕਿੱਸਾ-ਕਾਵਿ : ਪਰਿਭਾਸ਼ਾ, ਸਰੂਪ ਤੇ ਵਰਗੀਕਰਣ 93
8. ਪੰਜਾਬੀ ਕਿੱਸਾ-ਕਾਵਿ ਦਾ ਵਿਕਾਸ 111
9. ਕਿੱਸਾ ਕਾਵਿ ਵਿਚ ਇਸਤਰੀ ਨਿੰਦਿਆ 142
10. ਸੂਫ਼ੀ-ਮੱਤ ਦਾ ਪੰਜਾਬੀ ਕਿੱਸਾ ਕਾਵਿ ਉਪਰ ਪ੍ਰਭਾਵ 151
11. ਕਿੱਸਾ ਕਾਵਿ ਵਿਚ ਸਾਸਕ੍ਰਿਤਕ ਚੇਤਨਾ 165
12. ਪੰਜਾਬੀ ਕਿੱਸਾ ਕਾਵਿ ਵਿਚ ਰਾਜ ਭਗਤੀ 186
13. ਕਿੱਸਾ ਕਾਵਿ ਦੀ ਅਧੋਗਤੀ 193

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸੇ ਦਾ ਸਰੂਪ

ਡਾ. ਬਿਕਰਮ ਸਿੰਘ ਘੁੰਮਣ

ਮੱਧਕਾਲੀ ਪੰਜਾਬੀ ਕਾਵਿ ਦੀਆਂ ਸੂਫ਼ੀ, ਭਗਤੀ ਤੇ ਗੁਰਮਤਿ ਕਾਵਿ ਧਾਰਾਵਾਂ ਅਧਿਆਤਮਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹਨ ਤੇ ਉਨ੍ਹਾਂ ਦਾ ਵਿਸ਼ਾ ਪਾਰਲੌਕਿਕ ਜਗਤ ਹੈ। ਕਿੱਸੇ ਦੀ ਆਮਦ ਨਾਲ ਮੱਧਕਾਲੀ ਪੰਜਾਬੀ ਕਾਵਿ ਵਿਚ ਪਹਿਲੀ ਵਾਰ ਮਨੁੱਖ ਦੇ ਇਹ ਲੌਕਿਕ ਰਿਸ਼ਤੇ ਦੀ ਗੱਲ ਤੁਰੀ।

'ਕਿੱਸਾ' ਸ਼ਬਦ ਅਰਬੀ ਭਾਸ਼ਾ ਦਾ ਹੈ। ਅਰਬੀ ਸਾਹਿਤ ਵਿਚ ਗਦਾਤਮਕ ਕਹਾਣੀਆਂ ਲਈ ਇਹ ਪ੍ਰਾਚੀਨ ਕਾਲ ਤੋਂ ਵਰਤੋਂ ਵਿਚ ਆਉਂਦਾ ਰਿਹਾ ਹੈ। ਪੰਜਾਬੀ ਵਿਚ ਬ੍ਰਿਤਾਂਤਿਕ ਕਾਵਿ ਲਈ ਕਿੱਸਾ, ਵਾਰ ਤੇ ਜੰਗਨਾਮਾ ਤਿੰਨਾਂ ਰੂਪਾਕਾਰਾਂ ਨੂੰ ਪ੍ਰਯੁਕਤ ਕੀਤਾ ਜਾਂਦਾ ਰਿਹਾ ਹੈ। ਵਾਰ ਤੇ ਜੰਗਨਾਮਾ ਬੀਰ ਰਸੀ ਤੇ ਜੰਗ ਯੁੱਧਾਂ ਦੇ ਵਿਸ਼ਿਆਂ ਨੂੰ ਵਰਣਨ ਲਈ ਨਿਸ਼ਚਿਤ ਹ ਗਏ ਹਨ ਅਤੇ ਕਿੱਸਾ ਕਾਵਿ ਪਿਆਰ ਤੇ ਰੋਮਾਂਸ ਦੇ ਸੱਚੇ ਕਲਪਿਤ ਤੇ ਅਰਧ ਕਲਪਿਤ ਕਥਾਨਕਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਫ਼ਾਰਸੀ ਵਿਚ ਇਸ਼ਕ, ਰਹੱਸ ਤੇ ਜੰਗ ਯੁੱਧਾਂ ਦੇ ਬੀਰ ਰਸੀ ਵਿਸ਼ਿਆਂ ਨੂੰ ਮਸਨਵੀ ਦੇ ਰੂਪਾਕਾਰ ਰਾਹੀਂ ਬਿਆਨ ਕੀਤਾ ਜਾਂਦਾ ਹੈ। ਉਥੇ ਜੰਗਾਂ ਯੁੱਧਾਂ ਤੇ ਰਹੱਸਮਈ ਵਿਸ਼ਿਆਂ ਦੀ ਮਸਨਵੀ ਨੂੰ 'ਰਜ਼ਮ' ਅਤੇ ਪ੍ਰੇਮ ਵਿਲਾਸ ਦੀ ਮਸਨਵੀ ਨੂੰ 'ਬਜ਼ਮ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਕਿੱਸਾ ਫ਼ਾਰਸੀ ਦੀ ਬਜ਼ਮੀਆਂ ਮਸਨਵੀ ਦਾ ਸਾਮਾਨਾਰਥੀ ਹੈ। ਸੰਸਕ੍ਰਿਤ ਤੇ ਹਿੰਦੀ ਦਾ 'ਆਖਿਆਨ' ਸ਼ਬਦ ਵੀ ਇਸ ਦਾ ਸਮਾਨ ਰੂਪ ਹੈ। 'ਕਿੱਸੇ' ਵਿਚ ਬੇਸ਼ਕ ਇਸ਼ਕ/ਰੁਮਾਂਸ ਤੋਂ ਬਿਨਾਂ ਤਿਆਗ ਭਗਤੀ ਤੇ ਬੀਰ ਰਸੀ ਵਿਸ਼ਿਆਂ ਨੂੰ ਵੀ ਲਿਆ ਜਾਂਦਾ ਹੈ ਪਰ ਪ੍ਰਧਾਨ ਰੂਪ ਵਿਚ 'ਪੰਜਾਬੀ ਵਿਚ 'ਕਿੱਸਾ' ਸ਼ਬਦ ਉਸ ਬ੍ਰਿਤਾਂਤਕ ਕਾਵਿ ਲਈ ਪ੍ਰਚਲਿਤ ਹੈ, ਜਿਸ ਵਿਚ ਕਿਸੇ ਪ੍ਰੇਮ/ ਇਸ਼ਕ ਦੀ ਸੱਚੀ, ਕਲਪਿਤ ਜਾਂ ਅਰਧ ਕਲਪਿਤ ਕਹਾਣੀ ਨੂੰ ਰੋਮਾਂਸਿਕ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੋਵੇ।'

ਪੰਜਾਬੀ ਕਿੱਸੇ ਦੇ ਸਰੂਪ ਅਤੇ ਉਦਭਵ ਤੇ ਵਿਕਾਸ ਵਿਚ ਜਿਥੇ ਹਿੰਦੀ/ਸੰਸਕ੍ਰਿਤ ਪ੍ਰੇਮਾਖਿਆਨ ਅਤੇ ਫ਼ਾਰਸੀ ਮਸਨਵੀ ਦਾ ਵੱਡਾ ਯੋਗਦਾਨ ਹੈ। ਉਥੇ ਇਸ ਦੀਆਂ ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪਾਕਾਰਾਂ ਨਾਲੋਂ ਕੁਝ ਵਿਧਾਗਤ ਵਿਲੱਖਣਤਾਵਾਂ ਵੀ ਹਨ । ਪੰਜਾਬੀ ਕਿੱਸਾ ਇਨ੍ਹਾਂ ਰੂਪਾਕਾਰਾਂ ਦੇ ਅਨੁਕਰਣ ਜਾਂ ਅਨੁਸਰਣ ਦੀ ਥਾਂ ਪੰਜਾਬ ਦੇ ਲੋਕ ਮਾਨਸ ਤੇ ਵਿਰਸੇ ਨਾਲ ਵਧੇਰੇ ਜੁੜਿਆ ਹੈ । ਪੰਜਾਬੀ ਸਾਹਿਤ ਦਾ ਖਾਸਾ ਹੀ ਲੋਕ ਮਾਨਸਕਤਾ ਨਾਲ ਜੁੜਨ ਦਾ ਹੈ । ਪੰਜਾਬੀ ਦੇ ਪਹਿਲੇ ਕਵੀ ਬਾਬਾ ਫਰੀਦ ਅਤੇ ਗੁਰਮਤਿ ਕਾਵਿਧਾਰਾ ਦੇ ਮੋਢੀ ਗੁਰੂ ਨਾਨਕ ਲੋਕਾਂ ਦੀ ਗੱਲ ਲੋਕਾਂ ਦੀ ਭਾਸ਼ਾ ਰਾਹੀਂ ਲੋਕ ਕਾਵਿ ਰੂਪਾਂ ਵਿਚ ਕਰਦੇ ਹਨ । ਉਨ੍ਹਾਂ ਦੀ ਹਮਦਰਦੀ ਸਾਧਾਰਨ ਲੋਕਾਂ ਨਾਲ ਹੈ । ਉੱਚੇ ਵਰਗਾਂ ਨੂੰ, ਰਾਜਿਆਂ ਨੂੰ ਉਨ੍ਹਾਂ ਸ਼ੀਂਹ ਕਿਹਾ ਹੈ । ਇਸ ਤਰ੍ਹਾਂ ਪੰਜਾਬੀ ਸਾਹਿਤ ਆਪਣੇ ਮੁੱਢਲੇ ਰਚੇਤਿਆਂ ਤੋਂ ਹੀ ਆਪਣੇ ਆਪ ਨੂੰ ਆਮ ਲੋਕਾਂ ਨਾਲ ਜੋੜ ਰਿਹਾ ਹੈ । ਇਹ ਆਮ ਲੋਕ ਉਹ ਹਨ ਜੋ ਉੱਚ ਵਰਗ ਦੇ ਜ਼ੁਲਮਾਂ ਦਾ ਸ਼ਿਕਾਰ ਹਨ । ਪੰਜਾਬੀ ਕਿੱਸਿਆਂ ਦੇ ਨਾਇਕ ਨਾਇਕਾਵਾਂ ਸਾਧਾਰਨ ਪੁਰਸ਼/ਇਸਤ੍ਰੀਆਂ ਤੇ ਉਹ ਪੰਜਾਬ ਦੇ ਜਨ-ਜੀਵਨ ਨਾਲ ਸੰਬੰਧਿਤ ਹਨ ਤੇ ਸਥਾਪਤੀ ਦੇ ਆਤੰਕ ਦਾ ਸ਼ਿਕਾਰ ਹਨ । ਜੇ ਕਿਧਰੇ ਉਹ ਰਾਜਾ ਸ਼੍ਰੇਣੀ ਜਾਂ ਉਚ ਵਰਗ ਨਾਲ ਸੰਬੰਧਿਤ ਵੀ ਹਨ ਤਾਂ ਕਿੱਸਿਆਂ ਵਿਚ ਸਾਧਾਰਨ ਪੁਰਸ਼/ਇਸਤ੍ਰੀਆਂ ਵਾਂਗ ਹੀ ਵਿਚਰਦੇ ਹਨ ਜਿਵੇਂ ਹੀਰ, ਸੱਸੀ, ਪੂਰਨ, ਰਸਾਲੂ ।

ਪੰਜਾਬੀ ਕਿੱਸਿਆਂ ਵਿਚ ਪੰਜਾਬ ਦੇ ਲੌਕਿਕ ਸਭਿਆਚਾਰ ਦਾ ਪ੍ਰਗਟਾ ਹੋਇਆ ਹੈ । ਇਸ ਦੇ ਨਾਇਕ ਤੇ ਨਾਇਕਾਵਾਂ ਦਾ ਕਰਮ ਖੇਤਰ ਪੰਜਾਬ ਦੀਆਂ ਜੂਹਾਂ, ਖੇਤ ਤੇ ਦਰਿਆਵਾਂ ਦੇ ਬੇਲੇ ਹਨ । ਇਹ ਕਿੱਸੇ ਕਿਰਤੀਆਂ, ਕਿਸਾਨਾਂ, ਵਾਗੀਆਂ ਪਾਲੀਆਂ ਦੇ ਆਮ ਜੀਵਨ ਨੂੰ ਚਿਤ੍ਰਦੇ ਹਨ । ਪੰਜਾਬੀ ਵਿਚ ਉਹੋ ਕਿੱਸੇ ਹੀ ਵਧੇਰੇ ਮਕਬੂਲ ਹੋਏ ਜਿਨ੍ਹਾਂ ਵਿਚ ਸਾਧਾਰਨ ਲੋਕਾਂ ਦੇ ਭਾਈਚਾਰਕ ਤੇ ਪਰਿਵਾਰਕ ਜੀਵਨ ਤੇ ਮਨੁੱਖੀ ਰਿਸ਼ਤਿਆਂ ਦੀ ਵਾਸਤਵਿਕ ਜ਼ਿੰਦਗੀ ਨੂੰ ਪ੍ਰਗਟਾਇਆ ਗਿਆ ਹੈ । ਮੁਹਿੰਮਬਾਜੀ ਤੇ ਰੁਮਾਂਟਿਕ ਕਹਾਣੀਆਂ ਨੂੰ ਬਿਆਨ ਕਰਦੇ ਕਿੱਸਿਆਂ ਦੇ ਇਥੇ ਵਧੇਰੇ ਪੈਰ ਨਹੀਂ ਲਗ ਸਕੇ ।

ਪੰਜਾਬੀ ਕਿੱਸਿਆਂ ਦੇ ਪਾਤਰ ਮਿੱਥਕ ਦੇਵਤੇ ਨਹੀਂ ਅਤੇ ਨਾ ਹੀ ਉਹ ਰਾਜ ਵਰਗ ਵਿਚੋਂ ਜਾਂ ਅਰਧ ਇਤਿਹਾਸਕ ਸਰੋਤਾਂ ਤੋਂ ਲਏ ਗਏ ਹਨ । ਇਨ੍ਹਾਂ ਦੀ ਪਿੱਠ ਭੂਮੀ ਮੁੱਖ ਤੌਰ ਤੇ ਗ੍ਰਾਮੀਨ ਹੈ । ਜੇ ਕੁਝ ਪਾਤਰ ਉਚ ਵਰਗ ਵਿਚੋਂ ਆਏ ਹਨ ਤਾਂ ਉਹ ਉਦੋਂ ਹੀ ਲੋਕ ਨਾਇਕ ਵਜੋਂ ਉਭਰੇ ਜਾਂ ਪ੍ਰਵਾਨ ਕੀਤੇ ਗਏ ਹਨ ਜਦੋਂ ਉਹ ਰਾਜ ਭਾਗ ਛੱਡ ਕੇ ਸਾਧਾਰਨ ਮਨੁੱਖਾਂ ਵਾਂਗ ਵਿਚਰਦੇ ਹਨ ਜਿਵੇਂ ਰਸਾਲੂ, ਪੂਰਨ, ਭਰਥਰੀ, ਗੋਪੀ ਚੰਦ, ਹਰੀ ਚੰਦ, ਆਦਿ । ਇਸ ਕਰਕੇ ਹੀ ਪੰਜਾਬੀ ਕਿੱਸਾ ਕਾਵਿ ਵਧੇਰੇ ਯਥਾਰਥਕਤਾ ਦੇ ਨੇੜੇ ਹੋ ਗਿਆ ਹੈ । ਇਸ ਦੇ ਵਿਪਰੀਤ ਮਸਨਵੀ ਤੇ ਪ੍ਰੇਮਾਖਿਆਨ ਵਿਚ ਰਾਜ ਸੰਸਕ੍ਰਿਤੀ ਦਾ ਚਿਤ੍ਰਣ ਮਿਲੇਗਾ ਅਤੇ ਉਹ ਰਾਜ ਵਰਗ ਦੇ ਜੀਵਨ, ਉਨ੍ਹਾਂ ਦੀਆਂ ਰੋਮਾਂਸਿਕ ਰੁਚੀਆਂ, ਪਰਾਸਰੀਰਕ ਪਾਤਰਾਂ ਤੇ ਅਲੌਕਿਕ ਘਟਨਾਵਾਂ ਦਾ ਪ੍ਰਗਟਾਵਾ ਥਾਂ ਥਾਂ ਮਿਲਦਾ ਹੈ ।

ਪੰਜਾਬੀ ਕਿੱਸਾ ਕਾਵਿ ਦੀ ਵਿਲੱਖਣਤਾ ਪੰਜਾਬ ਦੀਆਂ ਭੂਗੋਲਿਕ ਤੇ ਇਤਿਹਾਸਕ ਪਰਿਸਥਿਤੀਆਂ ਵਿਚੋਂ ਪੈਦਾ ਹੋਈ ਹੈ । ਪੰਜਾਬ ਭਾਰਤ ਦੀ ਉੱਤਰ ਪੱਛਮੀ ਭੁਜ ਉੱਤੇ ਸਥਿਤ ਹੋਣ ਕਰਕੇ ਇਹ ਵੱਖ ਵੱਖ ਸਭਿਅਤਾਵਾਂ ਤੇ ਸਭਿਆਚਾਰਾਂ ਦਾ ਮਿਲਣ-ਬਿੰਦੂ ਤੇ

CC-0. In Public Domain. Gurukul Kangri Collection, Haridwar
DONATIO

Digitized by Arya Samaj Foundation Chennai and eGangotri

ਰਣ-ਖੇਤਰ ਰਿਹਾ ਹੈ। ਨਿਰੰਤਰ ਸੰਘਰਸ਼ ਤੇ ਟੱਕਰ ਵਿਚੋਂ ਪੰਜਾਬੀਆਂ ਨੂੰ ਭਾਰਤ ਦੇ ਮੱਧ-ਵਰਤੀ ਪ੍ਰਾਂਤਾਂ ਦੇ ਬਸ਼ਿੰਦਿਆਂ ਤੋਂ ਵੱਖਰੀ ਮਾਨਸਿਕਤਾ ਪ੍ਰਾਪਤ ਹੋਈ ਹੈ। ਨਿੱਤ ਦੀ ਮੁਹਿੰਮਬਾਜ਼ੀ ਤੇ ਅਸੁਰੱਖਿਆ ਦੀਆਂ ਪਰਿਸਥਿਤੀਆਂ ਵਿਚੋਂ ਇਥੋਂ ਦੇ ਲੋਕ ਮਾਨਸਿਕ ਤੌਰ ਤੇ ਕਠੋਰ, ਭਾਵੁਕ ਅਤੇ ਸੁਭਾਅ ਦੇ ਤੌਰ 'ਤੇ ਸਰਲ, ਰੂੜੀ ਹੀਣ ਤੇ ਪਰੰਪਰਾਮੁਕਤ ਹੋ ਗਏ। ਇਹੋ ਕਾਰਨ ਹੈ ਕਿ ਬਾਹਰੀ ਸਭਿਆਚਾਰਾਂ ਤੇ ਸਭਿਆਤਾਵਾਂ ਦੇ ਪ੍ਰਭਾਵ ਨੂੰ ਇਹ ਸਹਿਜ ਸੁਭਾਵ ਹੀ ਗ੍ਰਹਿਣ ਕਰ ਲੈਂਦੇ ਹਨ ਤੇ ਉਸ ਨੂੰ ਆਪਣੇ ਸਭਿਆਚਾਰ ਤੇ ਸਭਿਅਤਾ ਦਾ ਅੰਗ ਬਣਾ ਲੈਂਦੇ ਹਨ।

ਪੰਜਾਬੀ ਕਿੱਸਿਆਂ ਵਿਚ ਵਿਅਕਤੀਗਤ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਆਪਣੀ ਵੱਖਰੀ ਮਾਨਸਿਕਤਾ ਦੇ ਕਾਰਣ ਹਰ ਤਰ੍ਹਾਂ ਦੀ ਸਥਾਪਤੀ ਦੇ ਵਿਰੋਧੀ ਬਣ ਗਏ ਹਨ। ਇਹ ਸਥਾਪਤੀ ਭਾਵੇਂ ਪਰਿਵਾਰ, ਧਰਮ ਜਾਂ ਰਾਜ ਕਿਸੇ ਵੀ ਤਰ੍ਹਾਂ ਦੀ ਹੋਵੇ। ਇਸ ਵਿਰੋਧ ਕਾਰਣ ਹੀ ਪੰਜਾਬੀ ਕਿੱਸਿਆਂ ਦੇ ਨਾਇਕ/ਨਾਇਕਾਵਾਂ ਇਕੱਲੇ ਤੇ ਸਮੂਹ ਤੋਂ ਟੁੱਟੇ ਹੋਏ ਹਨ। ਇਨ੍ਹਾਂ ਨੂੰ ਇਕੱਲੇ ਹੀ ਇਹ ਵਿਅਕਤੀਗਤ ਸੰਘਰਸ਼ ਲੜਨਾ ਪੈਂਦਾ ਹੈ। ਸਮਾਜ, ਕਬੀਲਾ, ਪਰਿਵਾਰ, ਧਰਮ ਤੇ ਰਾਜ ਸਤਾ ਉਸ ਦੇ ਵਿਰੋਧ ਵਿਚ ਇਕ ਧਿਰ ਵਜੋਂ ਉਭਰਦੀ ਹੈ ਤੇ ਥਾਂ ਥਾਂ ਰੁਕਾਵਟ ਬਣਦੀ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕਾਂ ਦੀ ਪਛਾਣ ਤੇ ਸਥਾਪਤੀ ਵੀ ਘਰੋਂ ਬਾਹਰ ਹੀ ਹੁੰਦੀ ਹੈ। ਉਨ੍ਹਾਂ ਨੂੰ ਆਤਮ ਪੂਰਤੀ ਘਰ ਬਾਰ ਤਿਆਗਕੇ ਹੀ ਪ੍ਰਾਪਤ ਹੁੰਦੀ ਹੈ ਭਾਵੇਂ ਉਹ ਪ੍ਰੇਮੀ, ਭਗਤ ਜਾਂ ਸੂਰਮਾ ਕੋਈ ਵੀ ਹੋਵੇ। ਇਸ ਸੰਬੰਧੀ ਰਾਂਝੇ, ਮਹੀਂਵਾਲ, ਪੂਰਨ ਤੇ ਰਸਾਲੂ ਦੀਆਂ ਉਦਾਹਰਣ ਪ੍ਰਤੱਖ ਹਨ। ਮਸਨਵੀ ਤੇ ਪ੍ਰੇਮਾਖਿਆਨ ਦੇ ਨਾਇਕ ਮਰਯਾਦਾ ਤੋਂ ਵਿਦਰੋਹ ਨਹੀਂ ਕਰਦੇ ਅਤੇ ਨਾ ਹੀ ਉਹ ਇਕੱਲੇ ਘਰ ਬਾਰ ਤਿਆਗਦੇ ਹਨ। ਉਹ ਪਰੰਪਰਾ ਮੁਖੀ ਰਹਿੰਦੇ ਹਨ ਉਦਾਹਰਣ ਵਜੋਂ ਜੇ ਰਾਮ ਨੂੰ ਬਨਵਾਸ ਹੋਇਆ ਹੈ ਤਾਂ ਲਛਮਣ ਤੇ ਸੀਤਾ ਉਸ ਤੇ ਸਾਥ ਵਜੋਂ ਉਸ ਦੇ ਨਾਲ ਹਨ। ਜੇ ਸੀਤਾ ਨੂੰ ਵਿਛੋੜਾ ਮਿਲਦਾ ਹੈ ਤਾਂ ਬਾਲਮੀਕ ਨਾਲ ਮੇਲ ਹੋ ਜਾਂਦਾ ਹੈ ਆਦਿ। ਅਜੇਹੇ ਸਾਥ ਨਾਲ ਦੁਖ ਘਟ ਜਾਂਦਾ ਹੈ।

ਪੰਜਾਬੀ ਕਿੱਸਿਆਂ ਵਿਚ ਨਾਇਕ/ਨਾਇਕਾ ਦੀ ਸਥਾਪਤੀ ਨਾਲ ਲਈ ਟੱਕਰ ਹੀ ਉਨ੍ਹਾਂ ਦੇ ਸਾਧਾਰਨ ਆਪੇ ਨੂੰ ਅਸਾਧਾਰਨ ਬਣਾ ਦੇਂਦੀ ਹੈ। ਜੇ ਕੋਈ ਰਾਜਾ ਰਾਜੇ ਨਾਲ ਟੱਕਰ ਲੈਂਦਾ ਹੈ ਤਾਂ ਉਸ ਦੇ ਕੋਈ ਖਾਸ ਅਰਥ ਨਹੀਂ। ਪਰ ਜੇ ਇਕ ਸਾਧਾਰਨ ਵਿਅਕਤੀ ਸਥਾਪਤੀ ਜਾਂ ਸਮੇਂ ਦੀ ਹਕੂਮਤ ਨਾਲ ਟੱਕਰ ਲੈਂਦਾ ਹੈ ਤਾਂ ਉਹ ਵਿਸ਼ੇਸ਼ ਅਰਥਾਂ ਦੀ ਭਾਗੀ ਬਣ ਜਾਂਦੀ ਹੈ। ਪੰਜਾਬੀ ਕਿੱਸਿਆਂ ਦੀ ਇਹ ਖੂਬੀ ਹੈ ਕਿ ਇਨ੍ਹਾਂ ਵਿਚ ਕਿਤੇ ਵੀ ਕਿਸੇ ਸਰਦਾਰ ਜਾਂ ਰਜਵਾੜੇ ਦੇ ਗੁਣ ਨਹੀਂ ਗਾਏ ਗਏ। ਪੰਜਾਬੀ ਕਿੱਸਾ ਲੋਕ ਵਰਗ ਦਾ ਹਮੈਤੀ ਤੇ ਸੰਸਥਾ ਜਾਂ ਰਾਜ ਸ਼ਕਤੀ ਦਾ ਵਿਰੋਧੀ ਰਿਹਾ ਹੈ। ਪੰਜਾਬੀ ਕਿੱਸਾ ਕਾਵਿ ਵਿਚ ਉਨ੍ਹਾਂ ਕੀਮਤਾਂ ਤੋਂ ਵਿਦਰੋਹ ਹੈ ਜੋ ਮਾਨਵ ਦੀ ਆਤਮ ਪੂਰਤੀ ਦੇ ਰਸਤੇ ਵਿਚ ਰੁਕਾਵਟ ਬਣਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸੇ ਦੀ ਰੀੜ ਦੀ ਹੱਡੀ 'ਇਸ਼ਕ' ਹੈ। ਇਸ਼ਕ ਕੇਵਲ ਵਿਅਕਤੀਗਤ ਮਸਲਾ ਸਮਝਿਆ ਜਾਂਦਾ ਹੈ। ਧਰਮ, ਸਮਾਜ ਤੇ ਭਾਈਚਾਰਾ ਇਸ਼ਕ ਸੰਬੰਧਾਂ ਨੂੰ ਮਾਨਤਾ ਨਹੀਂ ਦੇਂਦਾ। ਇਸ ਕਾਰਣ ਇਹ ਇਸ਼ਕ ਜਦੋਂ ਸਮਾਜਕ ਪ੍ਰਸੰਗਾਂ ਵਿਚ ਵਿਚਰਦਾ ਹੈ ਤਾਂ ਇਸ ਨੂੰ ਪੂਰਤੀ ਨਹੀਂ ਮਿਲਦੀ। ਪ੍ਰੇਮੀ ਜੀਊੜੇ ਇਸ਼ਕ ਨੂੰ ਆਪਣੀ ਰੂਹ ਦੀ ਖ਼ੁਰਾਕ ਮੰਨਦੇ ਹਨ ਤੇ ਉਹ ਇਸ਼ਕ ਦੇ ਆਦਰਸ਼ ਦੀ ਪ੍ਰਾਪਤੀ ਲਈ ਦ੍ਰਿੜ੍ਹ ਹੋ ਕੇ ਸਮਾਜ, ਧਰਮ, ਭਾਈਚਾਰੇ, ਕਬੀਲੇ ਤੇ ਬਰਾਦਰੀਆਂ ਨਾਲ ਟੱਕਰ ਲੈਂਦੇ ਹਨ। ਇਸ ਟਕਰਾਓ ਵਿਚ ਆਸ਼ਕਾਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪੈਂਦੀਆਂ ਹਨ ਤੇ ਸਿੱਟੇ ਵਜੋਂ ਪ੍ਰੇਮ ਕਥਾਵਾਂ ਦਾ ਅੰਤ ਦੁਖਾਂਤ ਹੋ ਨਿਬੜਦਾ ਹੈ।

ਇਸ ਤਰ੍ਹਾਂ, ਪੰਜਾਬੀ ਕਿੱਸਾ ਵਿਅਕਤੀਗਤ ਇੱਛਾ ਅਤੇ ਸਮਾਜਕ ਨੈਤਿਕਤਾ ਵਿਚਲੇ ਦਵੰਦ ਨੂੰ ਪੇਸ਼ ਕਰਦਾ ਹੈ। ਵਿਅਕਤੀ ਆਪਣੀ ਸੁਤੰਤਰ ਇੱਛਾ ਨੂੰ ਭੋਗਣਾ ਚਾਹੁੰਦਾ ਹੈ ਤੇ ਇਹ ਆਪਣੇ ਆਪ ਵਿਚ ਪ੍ਰਕ੍ਰਿਤਕ ਸੱਚ ਵੀ ਹੈ ਪਰ ਇਸ ਸੱਚ ਦੀ ਪ੍ਰਾਪਤੀ ਲਈ ਖੁਲ੍ਹ ਲੈਣ ਨਾਲ ਸਮਾਜਕ ਮਰਯਾਦਾ ਦਾ ਉਲੰਘਣ ਹੁੰਦਾ ਹੈ ਤੇ ਸਮਾਜ ਅਜਿਹਾ ਉਲੰਘਣ ਹੋਣ ਨਹੀਂ ਦੇਣਾ ਚਾਹੁੰਦਾ। ਉਹ ਇਸ ਦਾ ਡਟਵਾਂ ਵਿਰੋਧ ਕਰਦਾ ਹੈ। ਫ਼ਲਸਰੂਪ ਸਭਿਆਚਾਰਕ ਸੰਕਟ ਪੈਦਾ ਹੋ ਜਾਂਦਾ ਹੈ। ਸਮਾਜ ਵਿਅਕਤੀ ਨੂੰ ਆਪਣੀਆਂ ਕਾਇਮ ਕੀਤੀਆਂ ਸੰਸਥਾਵਾਂ ਪਰਿਵਾਰ, ਵਿਆਹ, ਧਰਮ ਤੇ ਭਾਈਚਾਰੇ ਦੇ ਨਿਯਮਾਂ ਦੇ ਵਿਚ ਵਿਚ ਹੀ ਜਕੜ ਕੇ ਰੱਖਣਾ ਚਾਹੁੰਦਾ ਹੈ ਪਰ ਵਿਅਕਤੀ ਨੂੰ ਇਨ੍ਹਾਂ ਸੰਸਥਾਵਾਂ ਵਿਚ ਬੱਝ ਕੇ ਰਹਿੰਦਿਆਂ ਆਪਣੇ ਵਿਅਕਤੀਤਵ ਦਾ ਵਿਕਾਸ ਰੁਕਦਾ ਮਹਿਸੂਸ ਹੁੰਦਾ ਹੈ ਤੇ ਉਹ ਇਨ੍ਹਾਂ ਤੋਂ ਬਾਗ਼ੀ ਹੋ ਜਾਂਦਾ ਹੈ। ਅਸਲ ਵਿਚ ਸਮਾਜ ਦੀ ਕਠੋਰਤਾ ਹੀ ਵਿਅਕਤੀ ਨੂੰ ਉਸ ਤੋਂ ਆਕੀ ਬਣਾਉਂਦੀ ਹੈ। ਇਸ ਤਰ੍ਹਾਂ ਇਹ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਤਨਾਓ ਬਣ ਜਾਂਦਾ ਹੈ।

ਸਮੁੱਚੇ ਰੂਪ ਵਿਚ ਕਿੱਸਾ ਕਾਵਿ ਵਿਚ ਵਿਅਕਤੀ ਤੇ ਸਮਾਜ, ਵਿਅਕਤੀ ਤੇ ਸੰਸਕ੍ਰਿਤੀ, ਵਿਅਕਤੀ ਤੇ ਮਰਯਾਦਾ ਦਾ ਇਹ ਟਕਰਾਓ ਏਨਾ ਤੀਬਰ ਹੋ ਜਾਂਦਾ ਹੈ ਕਿ ਵਿਅਕਤੀ ਆਪਣੀ ਸੁਤੰਤਰ ਇੱਛਾ ਦੀ ਪੂਰਤੀ ਲਈ ਦ੍ਰਿੜ੍ਹ ਰਹਿੰਦਾ ਹੈ ਤੇ ਉਹ ਇਨ੍ਹਾਂ ਕੀਮਤਾਂ ਅੱਗੇ ਕਿਸੇ ਵੀ ਸਥਿਤੀ ਵਿਚ ਝੁਕਦਾ ਨਹੀਂ, ਟੁੱਟ ਭਾਵੇਂ ਜਾਵੇ। ਸਿੱਟੇ ਵਜੋਂ ਉਹ ਮੌਤ ਦਾ ਭਾਗੀ ਬਣ ਜਾਂਦਾ ਹੈ। ਤੇ ਕਿੱਸਿਆਂ ਦਾ ਅੰਤ ਦੁਖਾਂਤ ਹੋ ਨਿਬੜਦਾ ਹੈ।

ਪੰਜਾਬੀ ਕਿੱਸੇ ਕੇਵਲ ਇਸ਼ਕ ਦੀ ਦਾਸਤਾਨ ਬਣ ਕੇ ਨਹੀਂ ਰਹਿੰਦੇ। ਇਨ੍ਹਾਂ ਵਿਚ ਤਤਕਾਲੀ ਧਰਮ, ਸਮਾਜ, ਨੀਤੀ, ਇਤਿਹਾਸ ਤੇ ਮਿਥਿਹਾਸ ਭਰਪੂਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਰਕੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਇਨ੍ਹਾਂ ਨੂੰ 'ਲੋਕ ਵੇਦ' ਕਿਹਾ ਹੈ। ਪੰਜਾਬੀ ਕਿੱਸਿਆਂ ਵਿਚ ਸੁੰਦਰਤਾ ਵਰਣਨ ਵੀ ਅਦੁੱਤੀ ਢੰਗ ਨਾਲ ਕੀਤਾ ਗਿਆ ਹੈ। ਨਾਇਕ/ਨਾਇਕਾ ਦੇ ਨੈਣ-ਨਕਸ਼ ਤੇ ਇਕੱਲੇ ਇਕੱਲੇ ਅੰਗ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਸ਼ਬੀਹਾਂ ਨਾਲ ਬਿਆਨ ਕੀਤਾ ਹੈ। ਸੰਗੀਤਕ ਲੈਅ ਇਨ੍ਹਾਂ ਕਿੱਸਿਆਂ ਦੀ ਇਕ ਹੋਰ-ਖ਼ੂਬੀ ਹੈ ਸ਼ਾਇਦ ਇਸ ਗੁਣ ਕਰਕੇ ਹੀ ਇਹ ਲੋਕਾਂ ਦੇ ਦਿਲ-ਦਿਮਾਗ਼ ਉੱਤੇ ਛਾ ਗਏ। ਇਨ੍ਹਾਂ ਦੀ ਸੰਗੀਤਕ ਖਿੱਚ ਪਾਠਕਾਂ/ਸਰੋਤਿਆਂ ਨੂੰ ਕੀਲ ਕੇ ਰੱਖ ਦੇਂਦੀ ਹੈ।

ਫਿਰ ਵੀ, ਆਪਣੇ ਸੁਤੰਤਰ ਸੁਭਾਓ ਦੇ ਬਾਵਜੂਦ ਪੰਜਾਬੀ ਕਿੱਸਾ ਹਿੰਦੀ ਸੰਸਕ੍ਰਿਤ ਪ੍ਰੇਮਾਖਿਆਨ ਅਤੇ ਫ਼ਾਰਸੀ ਮਸਨਵੀ ਦੇ ਪ੍ਰਭਾਵ ਦੇ ਕਾਰਣ ਹੀ ਚਿੰਤਨ ਤੇ ਕਲਾ ਦੇ ਪੱਧਰ ਉੱਤੇ ਏਨੀਆਂ ਉਚਿਆਈਆਂ ਛੋਹ ਕੇ ਮੱਧਕਾਲ ਦੀ ਇਕ ਬਲਵਾਨ ਕਾਵਿ ਧਾਰਾ ਬਣ ਸਕਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਅਧਿਆਇ

ਪੰਜਾਬੀ ਕਿੱਸਾ-ਕਾਵਿ : ਇਕ ਵਿਸ਼ਲੇਸ਼ਣ
(1900 ਈ: ਤਕ)

1. ਪੰਜਾਬੀ ਕਿੱਸਾ-ਕਾਵਿ ਪਰੰਪਰਾ

'ਕਿੱਸਾ' ਅਰਬੀ ਦਾ ਸ਼ਬਦ ਹੈ। ਜਿਸ ਦਾ ਅਰਥ ਹੈ — ਕਹਾਣੀ, ਅਫ਼ਸਾਨਾ, ਘਟਨਾ, ਬੀਤੇ ਦਾ ਵਰਨਣ ਆਦਿ। ਪੰਜਾਬੀ ਵਿਚ ਆਮ ਤੌਰ 'ਤੇ ਕਿੱਸੇ ਦਾ ਅਰਥ ਆਕਾਰ ਵਿਚ ਵੱਡੀ ਕਲਪਿਤ ਜਾਂ ਅਰਧ-ਕਲਪਿਤ ਵਾਰਤਾ ਲਿਆ ਜਾਂਦਾ ਹੈ। ਫ਼ਾਰਸੀ ਵਿਚ ਅਜੇਹੇ ਸਾਹਿਤਿਕ ਰੂਪ ਨੂੰ 'ਮਸਨਵੀ' ਕਿਹਾ ਗਿਆ ਹੈ। ਫ਼ਾਰਸੀ ਸ਼ਾਇਰਾਂ ਨੇ ਇਸ ਨੂੰ ਬਿਆਨੀਆਂ ਕਾਵਿ ਜਾਂ ਕਿੱਸਾਕਾਰੀ ਤਕ ਸੀਮਿਤ ਨਹੀਂ ਰਖਿਆ ਸਗੋਂ ਇਸ ਵਿਚ ਕੁਦਰਤ ਦਾ ਵਰਨਣ, ਮਨੁੱਖੀ ਜਜ਼ਬਿਆਂ ਦੀ ਤਰਜਮਾਨੀ, ਤਸੱਵੁਫ਼ ਤੇ ਫ਼ਲਸਫ਼ੇ ਦੇ ਮਜ਼ਮੂਨ ਵੀ ਅੰਕਿਤ ਕਰ ਦਿੱਤੇ ਹਨ।[1] ਫ਼ਾਰਸੀ ਮਸਨਵੀ ਵਿਚ ਪ੍ਰੇਮ, ਰਹੱਸ ਤੇ ਯੁੱਧ ਤਿੰਨਾਂ ਪ੍ਰਕਾਰਾਂ ਦੇ ਵਿਸ਼ੇ ਹੀ ਪ੍ਰਗਟਾਏ ਜਾਂਦੇ ਹਨ। ਉਥੇ ਯੁੱਧ ਦੀ ਮਸਨਵੀ ਨੂੰ 'ਰਜ਼ਮ' ਅਤੇ ਪ੍ਰੇਮ ਅਤੇ ਵਿਲਾਸ ਦੇ ਕਾਵਿ ਨੂੰ 'ਬਜ਼ਮ' ਕਹਿੰਦੇ ਹਨ।[2]

ਹਿੰਦੀ ਸਾਹਿਤ ਪਰੰਪਰਾ ਵਿਚ ਕਿੱਸਾ ਸ਼ਬਦ ਦਾ ਸਮਾਨਰਥੀ ਸ਼ਬਦ 'ਆਖਿਆਨ' ਹੈ। ਹਿੰਦੀ ਸਾਹਿਤ ਵਿਚ ਪ੍ਰੇਮ ਦੇ ਕਿੱਸੇ ਨੂੰ 'ਪ੍ਰੇਮਾਖਿਆਨ' ਕਿਹਾ ਜਾਂਦਾ ਹੈ। ਕਿੱਸਾ, ਕਹਾਣੀ, ਕਥਾ, ਬਿਰਤਾਂਤ, ਵਾਰ, ਆਖਿਆਨ ਆਦਿ ਸ਼ਬਦਾਂ ਦੇ ਸਾਹਿਤਕ ਅਰਥ ਕਾਫ਼ੀ ਸਮਾਨਤਾ ਰੱਖਦੇ ਹਨ। ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤੀ ਕਹਾਣੀ ਮਨੋ-ਕਲਪਿਤ ਵੀ ਹੋ ਸਕਦੀ ਹੈ ਅਤੇ ਸੱਚੀ ਜਾਂ ਅਰਧ ਸੱਚੀ। ਪੰਜਾਬੀ ਵਿਚ ਕਿੱਸਾ ਉਸ ਬਿਆਨੀਆਂ ਜਾਂ ਬਿਰਤਾਂਤਕ ਕਾਵਿ ਲਈ ਪ੍ਰਚਲਿਤ ਹੈ, ਜਿਸ ਵਿਚ ਕਿਸੇ ਪ੍ਰੇਮ ਜਾਂ ਇਸ਼ਕ ਦੀ ਸੱਚੀ ਕਲਪਿਤ ਜਾਂ ਅਰਧ-ਕਲਪਿਤ ਕਹਾਣੀ ਨੂੰ ਰੋਮਾਂਸਿਕ ਢੰਗ ਨਾਲ ਪੇਸ਼ ਕੀਤਾ ਗਿਆ ਹੋਵੇ।

ਪੰਜਾਬੀ ਵਿਚ ਕਿੱਸਾ-ਕਾਵਿ ਦੇ ਉਦਭਵ ਸੰਬੰਧੀ ਸਾਹਿਤਕਾਰਾਂ ਦਾ ਵਧੇਰੇ ਇਹੋ ਵਿਚਾਰ ਹੈ ਕਿ ਇਹ ਕੇਵਲ ਫ਼ਾਰਸੀ ਪਰੰਪਰਾ ਵਿਚੋਂ ਪੰਜਾਬੀ ਵਿਚ ਆਇਆ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫ਼ਾਰਸੀ ਵਿਚ ਇਸ ਦਾ ਮੂਲ ਮਸਨਵੀ[3] ਹੈ। ਪੰਜਾਬੀ ਕਿਸਾ ਸੰਸਕ੍ਰਿਤ, ਯੂਨਾਨੀ, ਅਰਬੀ, ਫ਼ਾਰਸੀ, ਪੰਜਾਬੀ ਅਤੇ ਪੰਜਾਬੀਅਤ ਤੋਂ ਪ੍ਰਭਾਵਿਤ ਸਾਹਿਤਕ ਰੂਪ ਹੈ। ਪੰਜਾਬੀ ਕਿੱਸਾਕਾਰੀ ਵਿਚ ਇਨ੍ਹਾਂ ਦੇ ਪ੍ਰਭਾਵ ਸਪਸ਼ਟ ਦਿਖਾਈ ਦੇਂਦੇ ਹਨ। ਪੰਜਾਬੀ ਕਿੱਸੇ ਵਿਚ ਸ਼ਿੰਗਾਰ, ਸੰਜਮ ਆਦਿ ਹਿੰਦੀ-ਸੰਸਕ੍ਰਿਤ ਸਾਹਿਤਕ ਪਰੰਪਰਾ ਦੇ ਪ੍ਰਭਾਵ ਹਨ। ਯੂਨਾਨੀ ਪ੍ਰਭਾਵ ਅਧੀਨ ਪੰਜਾਬੀ ਕਿੱਸੇ ਵਿਚ ਦੁਖਾਂਤਕ ਤੱਤ ਆਇਆ ਹੈ। ਨਾਇਕ ਦੀ ਸੁੰਦਰਤਾ ਦਾ ਵਰਣਨ ਅਰਬੀ ਅਤੇ ਫ਼ਾਰਸੀ ਪ੍ਰਭਾਵ ਅਧੀਨ ਪੰਜਾਬੀ ਕਿੱਸਾਕਾਰੀ ਵਿਚ ਆਇਆ। ਪਿਆਰ, ਕੁਰਬਾਨੀ, ਪੰਜਾਬੀ ਸੁਭਾ ਵਿਚੋਂ ਪੰਜਾਬੀ ਕਿੱਸਾਕਾਰੀ ਨੇ ਅਪਣਾਏ ਹਨ।[4]

ਪੰਜਾਬੀ ਸਾਹਿਤ ਦੇ ਰੂਪਾਂ ਵਿਚ ਕਿੱਸਾ-ਕਾਵਿ ਦਾ ਆਪਣਾ ਨਿਵੇਕਲਾ ਮਹੱਤਵ ਹੈ। ਜਿਥੇ ਇਸ ਕਾਵਿ ਰੂਪ ਨੇ ਲੋਕਾਂ ਦੇ ਮਨੋਰੰਜਨ ਤੇ ਕੰਨ-ਰਸ ਨੂੰ ਪੂਰਾ ਕੀਤਾ ਹੈ, ਉਥੇ ਇਸ ਦੀ ਸਾਹਿਤਕ ਦ੍ਰਿਸ਼ਟੀ ਤੋਂ ਵੀ ਘੱਟ ਮਹੱਤਾ ਨਹੀਂ ਹੈ। ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਨਾਲੋਂ ਇਸ ਦੀ ਆਪਣੀ ਨਿਵੇਕਲੀ ਰੂਪਕ ਵਿਸ਼ੇਸ਼ਤਾ ਹੈ। ਤਾਰਨ ਸਿੰਘ ਅਨੁਸਾਰ :

> ਕਿੱਸਾ-ਕਾਵਿ ਅਧਿਆਤਮਕ ਤੇ ਭਗਤੀ ਕਾਵਿ ਦੇ ਵਿਰੋਧ ਵਜੋਂ ਉਪਜਿਆ ਸੀ ਜਾਂ ਘੱਟੋ ਘੱਟ ਆਧਿਆਤਮਕ ਕਾਵਿ ਤੋਂ ਮਨੁੱਖੀ ਮਨ ਉਕਤਾ ਗਿਆ ਸੀ। ਇਹ ਪਰੰਪਰਾਈ ਜਿਹੀ ਚੀਜ਼ ਬਣ ਕੇ ਰਹਿ ਗਈ ਸੀ ਤੇ ਕਿੱਸਾ-ਕਾਵਿ ਨਵੀਂ ਤਾਜ਼ਗੀ ਲਿਆਇਆ। ਅਧਿਆਤਮਕ ਕਵੀ ਕਿਸੇ ਲਕੀਰ ਦੇ ਫ਼ਕੀਰ ਬਣ ਕੇ ਰਹਿ ਗਏ। ਉਨ੍ਹਾਂ ਦੇ ਉਹੀ ਵਿਸ਼ੇ, ਉਹੋ ਹੀ ਬਿੰਬ ਤੇ ਉਹੋ ਹੀ ਸ਼ਬਦਾਵਲੀ ਜਿਹੜੀ ਕਿਸੇ ਵੇਲੇ ਤਾਜ਼ੀ ਹੁੰਦੀ ਹੋਵੇਗੀ ਪਰ ਇਹ ਬਹੀ ਹੋ ਗਈ ਸੀ, ਤੇ ਮਨੁੱਖ ਨੂੰ ਨਵੀ ਤਾਜ਼ਗੀ ਕਿੱਸਾ-ਕਾਵਿ ਨੇ ਦਿੱਤੀ। ਕਿੱਸਾ-ਕਾਵਿ ਜੁਰਤ ਵਾਲੇ ਲੋਕਾਂ ਦੀ ਰਚਨਾ ਹੈ ਜਿਨ੍ਹਾਂ ਵਿਚ ਸਮਾਜਕ ਕੀਮਤਾਂ ਤੇ ਅਨਿਆਈ ਰਿਵਾਜਾਂ ਵਿਰੁੱਧ ਅੜਨ ਦੀ ਦਲੇਰੀ ਸੀ। ਕਿੱਸਾ-ਕਾਵਿ ਭਗਤੀ ਕਾਵਿ ਵਿਰੁਧ ਪ੍ਰਤੀਕਰਮ ਸੀ। ਕਿੱਸਾ-ਕਾਵਿ ਨੇ ਪਹਿਲੀ ਵਾਰ ਮਨੁੱਖ ਨੂੰ ਮਨੁੱਖ ਸਮਝਿਆ, ਉਸ ਨੂੰ ਹੱਡ, ਚੰਮ-ਮਾਸ ਦਾ ਸਰੂਪ ਮੰਨਿਆ ਤੇ ਉਸ ਵਿਚ ਲਹੂ ਦੀ ਹੋਂਦ ਮੰਨੀ। ਕਿੱਸਾ-ਕਾਵਿ ਇਨਕਲਾਬ ਹੈ ਸਾਰੀਆਂ ਪੁਰਾਤਨ ਕੀਮਤਾਂ ਵਿਰੁੱਧ।[5]

ਇਸ ਤਰ੍ਹਾਂ ਕਿੱਸੇ ਲੌਕਿਕ ਸਾਹਿਤ ਦਾ ਪਹਿਲਾ ਨਮੂਨਾ ਹਨ। ਪੰਜਾਬੀ ਕਿੱਸਾ-ਕਾਵਿ ਪੰਜਾਬੀ ਸਭਿਆਚਾਰ, ਇਤਿਹਾਸ ਅਤੇ ਸਾਮਿਅਕ ਕੀਮਤਾਂ ਦਾ ਦਰਪਣ ਹੈ। ਜਦੋਂ ਤੱਕ ਪੰਜਾਬੀ ਸਭਿਆਚਾਰ ਜੀਉਂਦਾ ਹੈ ਉਦੋਂ ਤੱਕ ਦਮੋਦਰ, ਪੀਲੂ, ਵਾਰਿਸ, ਹਾਸ਼ਮ ਆਦਿ ਅਮਰ ਹਨ। ਕਿੱਸੇ ਨਿਰੇ ਪੁਰੇ ਕਹਾਣੀਆਂ ਦੇ ਪਲੰਦੇ ਨਹੀਂ ਹਨ। ਇਨ੍ਹਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਧਰਮ, ਸਾਹਿਤ ਤੇ ਸਮਾਜ, ਨੀਤੀ, ਮਿਥਿਹਾਸ ਤੇ ਇਤਿਹਾਸ ਉਣਿਆ ਪਿਆ ਹੈ। ਕਿੱਸਾ ਨਾਇਕ ਤੇ ਨਾਇਕਾ ਦੇ ਕਿਰਦਾਰ ਵਿਚ ਪੰਜਾਬੀ ਜਨ-ਸਾਧਾਰਨ ਦਾ ਦਿਲ ਬੋਲ ਰਿਹਾ ਹੈ। ਰਤਨ ਸਿੰਘ ਜੱਗੀ ਅਨੁਸਾਰ :

> ਇਹ ਇਕ ਪ੍ਰਕਾਰ ਦੇ 'ਲੋਕ ਵੇਦ' ਹਨ ਜਿਨ੍ਹਾਂ ਵਿਚ ਜਾਤੀਜ ਘਟਨਾਵਾਂ ਚਿਤ੍ਰਿਤ ਹੋਈਆਂ ਹਨ, ਅਤੇ ਜਿਨ੍ਹਾ ਨੇ ਜਨ-ਜੀਵਨ ਵਿਚ ਸਰਬੋਤਮ ਥਾਂ ਬਣਾਈ ਹੈ।[6]

ਇਨ੍ਹਾਂ ਕਿੱਸਿਆਂ ਵਿਚ ਲੋਕ ਰੂੜ੍ਹੀਆਂ ਦੀ ਵਰਤੋਂ ਕੀਤੀ ਗਈ ਹੈ। ਕਰਨੈਲ ਸਿੰਘ ਥਿੰਦ ਅਨੁਸਾਰ, ਸਾਧਾਰਨ ਰੂਪ ਵਿਚ ਲੋਕ-ਗੀਤਾਂ ਅਤ ਲੋਕ-ਕਥਾਵਾਂ ਵਿਚ ਕਿਸੇ ਅਜਿਹੇ ਪਰੰਪਰਾਗਤ ਤੱਤ ਨੂੰ ਲੋਕ ਰੂੜ੍ਹੀ ਦੀ ਸੰਗਿਆ ਦਿਤੀ ਜਾਂਦੀ ਹੈ ਜੋ ਆਪਣੇ ਪ੍ਰਯੋਗ ਕਰਕੇ ਸਾਧਾਰਣ ਤੋਂ ਵਿਸ਼ੇਸ਼ ਹੋ ਨਿਬੜਦਾ ਹੈ'।[7] ਇਨ੍ਹਾਂ ਪੰਜਾਬੀ ਕਿੱਸਿਆਂ ਵਿਚ ਸਮਾਜ ਨਾ ਕੇਵਲ ਇਕ ਪਿਛੋਕੜ, ਚੌਗਿਰਦਾ, ਰੰਗ ਭੂਮੀ ਜਾਂ ਕਾਰਜ-ਖੇਤਰ ਹੁੰਦਾ ਹੈ ਸਗੋਂ ਰੂੜ੍ਹੀਗਤ ਕੀਮਤਾਂ ਅਤੇ ਬੰਧਨਾਂ ਦਾ ਇਕ ਅਟੁੱਟ ਢਾਂਚਾ ਵੀ, ਜੋ ਇਕ ਚਟਾਨ ਬਣ ਕੇ ਨਾਇਕ ਤੇ ਨਾਇਕਾ ਦੇ ਜੀਵਨ ਕਰਤੱਵ ਦੇ ਸਾਹਮਣੇ ਆ ਖਲੋਂਦਾ ਹੈ।

ਕਿੱਸੇ ਮਹਾਂਕਾਵਿਕ ਗੁਣ ਰੱਖਦੇ ਹਨ। ਕਹਾਣੀ ਦੀ ਗੋਂਦ, ਮੁੱਖ ਪਾਤਰ ਦੀ ਵਿਲੱਖਣਤਾ, ਬਾਹਿਰ ਦੀ ਇਕਸਾਰਤਾ, ਪ੍ਰਕ੍ਰਿਤੀ ਚਿਤ੍ਰਣ, ਸ਼ਿੰਗਾਰ ਰਸ, ਸਮਾਜਕ ਚਿਤ੍ਰਣ ਆਦਿ ਮਹਾਕਵਿ ਦੇ ਗੁਣ ਹਨ।

ਕਿੱਸਾ-ਕਾਵਿ ਦੀ ਇਕ ਖ਼ੂਬੀ ਸੁੰਦਰਤਾ ਦਾ ਮਿਆਨ ਹੈ, ਜੋ ਬਹੁਤ ਅਦੁੱਤੀ ਹੁੰਦਾ ਹੈ। ਕਿੱਸਾ-ਕਾਵਿ ਵਿਚ ਸੁੰਦਰਤਾ ਦੇ ਵਰਨਣ ਦਾ ਕੇਂਦਰ ਇਸਤ੍ਰੀ ਜਾਂ ਮਰਦ ਹੁੰਦਾ ਹੈ, ਜਦ ਕਿ ਆਧਿਆਤਮਕ ਕਵਿਤਾ ਵਿਚ ਸੁੰਦਰਤਾ ਦਾ ਕੇਂਦਰ ਬ੍ਰਹਮ ਹੁੰਦਾ ਹੈ। ਕਿੱਸਾ-ਕਾਵਿ ਵਿਚ ਸਰੀਰਕ ਸੁੰਦਰਤਾ ਅਤੇ ਅਧਿਆਤਮਕ ਕਵਿਤਾ ਵਿਚ ਮਨੁੱਖ ਦੀ ਆਤਮਾ ਦੀ ਸੁੰਦਰਤਾ ਉਪਰ ਬਲ ਹੁੰਦਾ ਹੈ। ਕਿੱਸਾਕਾਰਾਂ ਨੇ ਨਾਇਕ ਤੇ ਨਾਇਕਾ ਦੀ ਸੁੰਦਰਤਾ ਦਾ ਬਿਆਨ ਬੜਾ ਕਲਾਮਈ ਕੀਤਾ ਹੁੰਦਾ ਹੈ। ਇਕੱਲੇ ਇਕੱਲੇ ਅੰਗ ਦੀ ਸੁੰਦਰਤਾ ਦਾ ਬਿਆਨ ਹੁੰਦਾ ਹੈ।

ਪੰਜਾਬੀ ਕਿੱਸਿਆਂ ਵਿਚ ਰੁਮਾਂਚਕ ਅੰਸ਼ ਦੀ ਪ੍ਰਧਾਨਤਾ ਹੈ। ਇਨ੍ਹਾਂ ਵਿਚ ਸੁੰਦਰਤਾ ਅਤੇ ਅਦਭੁਤਤਾ ਵਿਦਮਾਨ ਹੈ। ਰੋਸ਼ਨ ਲਾਲ ਆਹੂਜਾ, ਅਨੁਸਾਰ, 'ਪੰਜਾਬੀ ਕਿੱਸਿਆਂ ਦੀ ਦੂਜੀ ਸਾਹਿਤਕ ਮਹੱਤਤਾ ਇਨ੍ਹਾਂ ਦੀ ਰੋਮਾਂਸ ਕਲਾ ਹੈ। ਇਹ ਸਾਰੇ ਹੀ ਕਿੱਸੇ ਰੋਮਾਂਸ ਕਲਾ ਦੇ ਉੱਘੇ ਨਮੂਨੇ ਹਨ। ਰੋਮਾਂਸ ਦੀ ਦੁਨੀਆ ਬੱਚਿਆਂ ਦੀ ਦੁਨੀਆ ਹੈ, ਜਿਸ ਵਿਚ ਵਿਸ਼ਵਾਸ ਉਚਿੱਤ ਹੈ ਪਰ ਤਰਕ-ਵਿਤਰਕ ਦੀ ਥਾਂ ਨਹੀਂ, ਜਿਸ ਵਿਚ ਭਾਵ ਪ੍ਰਧਾਨ ਹਨ, ਪਰ ਬੁੱਧੀ ਦੀ ਲੋੜ ਨਹੀਂ, ਜਿਸ ਵਿਚ ਰੋਚਿਕਤਾ ਚਾਹੀਦੀ ਹੈ ਪਰ ਸੰਗਤੀ ਨਹੀਂ'।[8]

ਪੰਜਾਬੀ ਕਿੱਸਿਆਂ ਦਾ ਸਭ ਤੋਂ ਵੱਡਾ ਸਾਹਿਤਕ ਗੁਣ ਇਨ੍ਹਾਂ ਦੀ ਸੰਗੀਤਕ ਹੂਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਜਦੋਂ ਕੋਈ ਕਿੱਸਾਕਾਰ ਹੀਰ, ਸੱਸੀ ਜਾਂ ਸੋਹਣੀ ਦਾ ਕਿੱਸਾ ਗਾਉਂਦਾ ਹੈ ਤਾਂ ਉਸ ਦੇ ਅੰਦਰੋਂ ਅਜਿਹੀ ਸੰਗੀਤਕ ਹੂਕ ਨਿਕਲਦੀ ਹੈ ਜੋ ਸਰੋਤਿਆਂ ਨੂੰ ਆਪਣੇ ਨਾਲ ਬੰਨ੍ਹ ਲੈਂਦੀ ਹੈ। ਵਾਰਿਸ ਸ਼ਾਹ ਵਿਚ ਇਹ ਗੁਣ ਸਭ ਤੋਂ ਵਧੀਕ ਹੈ।

ਪੰਜਾਬੀ ਕਿੱਸਿਆਂ ਵਿਚ ਛੰਦਾਂ ਦੀ ਵੰਨ-ਸੁਵੰਨਤਾ ਹੈ। ਪੰਜਾਬੀ ਕਿੱਸਾਕਾਰਾਂ ਨੇ ਪੰਜਾਬੀ ਬੋਲੀ ਦਾ ਮੂੰਹ-ਮੁਹਾਂਦਰਾ ਸਵਾਰਨ ਅਤੇ ਨੁੱਕ ਬੰਨ੍ਹਣ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਪੰਜਾਬੀ ਸ਼ਬਦ ਭੰਡਾਰ ਵਿਚ ਜੋ ਵਾਧਾ ਕਿੱਸਾਕਾਰਾਂ ਨੇ ਕੀਤਾ ਹੈ ਉਸ ਦਾ ਅੰਦਾਜ਼ਾ ਕੋਈ ਕੋਸ਼ਕਾਰ ਹੀ ਲਗਾ ਸਕਦਾ ਹੈ। ਕਿੱਸਾ-ਕਾਵਿ ਦੇ ਬਹੁਪੱਖੀ ਗੁਣਾਂ ਦਾ ਵਰਨਣ ਜੀਤ ਸਿੰਘ ਸੀਤਲ ਇਸ ਤਰ੍ਹਾਂ ਕਰਦੇ ਹਨ :

> ਪੰਜਾਬੀ ਕਿੱਸਾਕਾਰੀ ਨੇ ਪੰਜਾਬੀ ਸਾਹਿਤ ਦੀ ਮੁਟਿਆਰ ਨੂੰ ਇਕ ਪਟਰਾਣੀ ਵਾਂਗ ਸ਼ਿੰਗਾਰਿਆ ਸੰਵਾਰਿਆ ਹੈ। ਇਸ ਦੇ ਨੈਣਾਂ ਵਿਚ ਸੁਰਮੇ ਦੇ ਕਾਲੇ ਕਟਕ ਫਬਾਏ ਹਨ; ਇਸ ਦੇ ਨੱਕ ਨੂੰ 'ਅਲਫ ਹੁਸੈਨੀ ਦੇ ਪੀਪਲੇ' ਵਰਗਾ ਤਿੱਖਾ ਬਣਾਇਆ ਹੈ। ਇਸ ਦੇ ਦੰਦਾਂ ਨੂੰ 'ਚੰਬੇ ਦੀ ਕਲੀ', ਇਸ ਦੀਆਂ ਬਾਹਾਂ ਨੂੰ 'ਮੱਖਣ ਦੇ ਵੇਲਣੇ', ਉਂਗਲਾਂ ਨੂੰ ਰਵਾਂਹ ਫਲੀਆਂ, ਜੋਬਨ ਨੂੰ ਪਟ ਪਨੂੰ, ਅਨਾਰਾਂ ਦੀਆਂ ਡੱਬੀਆਂ, ਬਤਖ਼ਾਂ ਦਾ ਜੋੜਾ, ਅਤੇ ਅੱਖਾਂ ਨੂੰ ਦੋ ਬਲਦੀਆਂ ਰੋਸ਼ਨ ਮਤਾਬੀਆਂ ਵਾਂਗ ਜਗਾ ਜਗਾ ਇਸ ਨੂੰ ਹਜ਼ਾਰਾਂ ਵਿਚੋਂ ਗੁੱਝੀ ਨਹੀਂ ਰਹਿਣ ਦਿੱਤਾ।[9]

2. ਪੰਜਾਬੀ ਕਿੱਸਾ-ਕਾਵਿ ਦਾ ਵਰਗੀਕਰਣ

ਪੰਜਾਬੀ ਕਿੱਸਾ ਸਾਹਿਤ ਦੀ ਇਕ ਅਮੀਰ ਪਰੰਪਰਾ ਮੌਜੂਦ ਹੈ। 19ਵੀਂ ਸਦੀ ਤਕ, ਗਿਣਨਾਤਮਕ ਤੇ ਗੁਣਨਾਤਮਕ ਦੋਹਾਂ ਪੱਖਾਂ ਤੋਂ ਪੰਜਾਬੀ ਵਿਚ ਕਿੱਸਾ-ਕਾਵਿ ਦੀ ਭਰਪੂਰ ਰਚਨਾ ਹੋਈ ਹੈ। ਇਸ ਸਮੇਂ ਵਿਚ ਪ੍ਰੀਤ ਕਿੱਸੇ, ਸਦਾਚਾਰਕ ਕਿੱਸੇ ਅਤੇ ਰੁਮਾਂਚਕ ਕਿੱਸੇ ਲਿਖੇ ਗਏ ਹਨ ਪਰ ਵਧੇਰੇ ਪ੍ਰਧਾਨਤਾ ਪ੍ਰੀਤ-ਕਿੱਸਿਆਂ ਦੀ ਰਹੀ ਹੈ। ਸਭ ਤੋਂ ਸਰਬੋਤਮ ਕਿੱਸੇ ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਆਦਿ ਦੇ ਲਿਖੇ ਗਏ ਹਨ। ਇਥੇ ਅਸੀਂ ਇਸ ਕਾਲ ਦੇ ਪੰਜਾਬੀ ਕਿੱਸਾ-ਕਾਵਿ ਦਾ ਸੰਖੇਪ ਸਰਵੇਖਣ ਕਰਦੇ ਹਾਂ। ਜਿਸ ਤੋਂ ਕਿੱਸਾ-ਕਾਵਿ ਦੀ ਉਪਰੋਕਤ ਵਿਲੱਖਣਤਾ ਦੀ ਪੁਸ਼ਟੀ ਹੋ ਸਕੇਗੀ।

(ੳ) ਪ੍ਰੀਤ ਕਿੱਸੇ

ਹੀਰ-ਰਾਂਝਾ : ਹੀਰ ਰਾਂਝੇ ਦੇ ਕਿੱਸੇ ਨਾਲ ਹੀ ਪੰਜਾਬੀ ਕਿੱਸਾ-ਕਾਵਿ ਦਾ ਮੁੱਢ ਬੱਝਿਆ ਹੈ। ਪੰਜਾਬੀ ਸਾਹਿਤ ਵਿਚ ਹੀਰ-ਸਾਹਿਤ ਦੇ ਪ੍ਰਵੇਸ਼ ਨਾਲ ਹੀ ਪੰਜਾਬੀ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਨਵੇਂ ਮੋੜ 'ਤੇ ਮੁੜੀ। 'ਹੀਰ' ਨਾਲ ਪੰਜਾਬੀ ਕਵਿਤਾ ਦੀ ਵਿਸ਼ੈ ਸੀਮਾਂ ਨੂੰ ਵਿਸ਼ਾਲਤਾ ਮਿਲੀ। ਪਹਿਲੀ ਵਾਰ ਪੰਜਾਬੀ ਕਵਿਤਾ ਰਹੱਸਮਈ, ਅਧਿਆਤਮਕ ਅਨੁਭਵ ਦੀਆਂ ਵਲਗਣਾਂ 'ਚੋਂ ਨਿਕਲ ਕੇ ਸਿੱਧੇ ਤੌਰ 'ਤੇ ਲੋਕ-ਭਾਵਾਂ, ਜਨ-ਜਜ਼ਬਿਆਂ ਤੇ ਉਦਗਾਰਾਂ ਦੇ ਅਭਿਵਿਅੰਜਨ ਦਾ ਵਾਹਨ ਬਣੀ। ਮਨੁੱਖੀ ਪ੍ਰੇਮ ਨੂੰ ਚਿਤ੍ਰਣ ਦਾ ਸਭ ਤੋਂ ਪਹਿਲਾ ਮਾਣ 'ਹੀਰ' ਦਮੋਦਰ ਨੂੰ ਮਿਲਿਆ।

ਇਸ ਕਾਲ ਦੇ ਹਰ ਪ੍ਰਮੁੱਖ ਕਵੀ ਨੇ ਹੀਰ-ਰਾਂਝੇ ਦਾ ਕਿੱਸਾ ਲਿਖਿਆ ਹੈ। ਉਸ ਸਮੇਂ ਕਿਸੇ ਕਵੀ ਦੀ ਕਾਵਿ-ਕਲਾ ਦੀ ਕਦਰ ਇਸ ਗੱਲ 'ਤੇ ਹੀ ਪੈਂਦੀ ਸੀ ਕਿ ਉਸ ਨੇ ਹੀਰ ਦਾ ਕਿੱਸਾ ਲਿਖਿਆ ਹੈ। ਡਾ. ਜੀਤ ਸਿੰਘ ਸੀਤਲ ਦੋ ਸੌ ਤੋਂ ਉੱਪਰ ਹੀਰ ਲੇਖਕਾਂ ਬਾਰੇ ਦਸਦੇ ਹਨ।[10]

ਲੋਕ ਪ੍ਰਿਯਤਾ ਦੇ ਪੱਖ ਤੋਂ ਹੀਰ ਸਾਹਿਤ ਦਾ ਸਥਾਨ ਪੰਜਾਬੀ ਪ੍ਰੀਤ ਕਹਾਣੀਆਂ ਦੇ ਪਿੜ ਵਿਚ ਸਰਵ-ਪ੍ਰਥਮਤਾ ਦਾ ਧਾਰਨੀ ਹੈ। ਹੀਰ ਸਾਹਿਤ, ਪੰਜਾਬੀ ਸਭਿਆਚਾਰ ਦਾ ਸੀਸ਼ਾ ਹੈ। ਦਮੋਦਰ, ਮੁਕਬਲ ਤੇ ਵਾਰਿਸ ਸ਼ਾਹ ਨੇ ਜੋ ਪੰਜਾਬੀ ਸਭਿਆਚਾਰ ਦੀ ਤਸਵੀਰ ਕਿੱਸਾ 'ਹੀਰ-ਰਾਂਝਾ' ਵਿਚ ਖਿੱਚੀ ਹੈ ਉਹ ਬੇ-ਮਿਸਾਲ ਹੈ। ਇਨ੍ਹਾਂ ਕਿੱਸਿਆਂ ਵਿਚ ਸਮਕਾਲੀਨ ਸਮਾਜ, ਧਰਮ, ਆਰਥਿਕ ਦਸ਼ਾ ਰਸਮੋ-ਰਿਵਾਜ ਆਦਿ ਦਾ ਵਰਣਨ ਹੈ। ਇਹੋ ਕਾਰਣ ਹੈ ਕਿ ਲੋਕ 'ਹੀਰ-ਰਾਂਝਾ' ਨੂੰ ਬੜੇ ਪਿਆਰ ਅਤੇ ਸ਼ੌਕ ਨਾਲ ਪੜ੍ਹਦੇ ਹਨ।

ਹੀਰ ਦੀ ਕਹਾਣੀ ਏਨੀ ਵਧੇਰੇ ਲੋਕ ਪ੍ਰਿਯ ਹੋ ਗਈ ਕਿ ਪੰਜਾਬੀ ਸੂਫ਼ੀ ਕਵੀਆਂ ਅਤੇ ਗੁਰਬਾਣੀ ਵਿਚ ਵੀ ਇਸ ਨੂੰ ਰੂਪਕ ਅਤੇ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ। ਹੀਰ ਸਾਹਿਤ ਨੇ ਹੀਰ ਤੇ ਰਾਂਝਾ ਅਮਰ ਪਾਤਰ ਪੈਦਾ ਕੀਤੇ ਹਨ। ਵਾਰਿਸ ਨੇ ਇਕੋ ਹੀਰ ਦਾ ਕਿੱਸਾ ਲਿਖ ਕੇ ਰਾਂਝਾ ਤੇ ਹੀਰ ਨੂੰ ਅਮਰ ਪਾਤਰ ਬਣਾ ਦਿਤਾ ਹੈ। ਇਹ ਇਸ ਕਾਲ ਦੇ ਪੰਜਾਬੀ ਕਿੱਸਾ-ਕਾਵਿ ਵਿਚ ਹੀਰ ਸਾਹਿਤ ਦੀ ਵਿਸ਼ੇਸ਼ਤਾ ਦੀ ਇਕ ਪ੍ਰਮਾਣਿਕ ਮਿਸਾਲ ਹੈ।

ਭਾਵੇਂ ਹੀਰ-ਰਾਂਝੇ ਦਾ ਕਿੱਸਾ ਇਸ ਕਾਲ ਵਿਚ ਬੇਸ਼ੁਮਾਰ ਕਿੱਸਾਕਾਰਾਂ ਨੇ ਲਿਖਿਆ ਹੈ। ਪਰ ਵਧੇਰੇ ਪ੍ਰਸਿੱਧੀ ਦਮੋਦਰ, ਅਹਿਮਦ, ਮੁਕਬਲ, ਵਾਰਿਸ ਸ਼ਾਹ, ਹਾਮਦ ਭਗਵਾਨ ਸਿੰਘ, ਕਿਸ਼ਨ ਸਿੰਘ ਆਰਿਫ਼ ਆਦਿ ਨੂੰ ਹੀ ਨਸੀਬ ਹੋਈ ਹੈ। ਦਮੋਦਰ ਦੇ ਕਿੱਸੇ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦੀ ਰਚਨਾ ਨਿਰੋਲ ਭਾਰਤੀ ਹੈ। ਇਸ ਕਿੱਸੇ ਵਿਚ ਸਾਹਿਤਕ ਪਿਤਾ-ਪੁਰਖੀ ਦੇ ਚਿੰਨ੍ਹ ਮਿਲਦੇ ਹਨ। ਦਮੋਦਰ ਹੀ ਪਹਿਲਾ ਕਿੱਸਾਕਾਰ ਹੈ ਜਿਸ ਨੇ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਵਰਨਣ ਕੀਤਾ ਹੈ। ਜੀਤ ਸਿੰਘ ਸੀਤਲ ਅਨੁਸਾਰ :

> ਹੀਰ ਦਮੋਦਰ ਪਹਿਲਾ ਪੰਜਾਬੀ ਕਿੱਸਾ ਹੈ, ਜਿਸ ਵਿਚ ਉਸ ਸਮੇਂ ਦੇ ਸਮਾਜ ਦਾ ਹੂ-ਬ-ਹੂ ਚਿਤ੍ਰਣ ਚਿਤ੍ਰਿਆ ਗਿਆ ਹੈ। ਜਨਮ, ਮੰਗਣੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਆਦਿ ਦੀਆਂ ਰਸਮਾਂ ਦਾ ਵਿਸਥਾਰ ਦਿੱਤਾ ਗਿਆ ਹੈ। ਸਮਾਜ ਜ਼ਾਤਾਂ, ਗੋਤਾਂ, ਕਿੱਤਿਆਂ, ਪੇਸ਼ਿਆਂ ਤੇ ਜ਼ਿਮੀਂਦਾਰਾਂ ਕਾਮਿਆਂ ਵਿਚ ਵੰਡਿਆ ਹੋਇਆ ਸੀ।[11]

ਦਮੋਦਰ ਨੇ ਲਹਿੰਦੀ ਉਪਭਾਖਾ ਦੀ ਵਰਤੋਂ ਕੀਤੀ। ਹੀਰ ਦਮੋਦਰ ਦੀ ਵਿਸ਼ੇਸ਼ਤਾ ਉਸ ਦੇ ਸਥਾਨਕ ਰੰਗਣ ਅਤੇ ਹੀਰ ਨੂੰ ਬੀਰ ਨਾਇਕਾ ਦੇ ਰੂਪ ਵਿਚ ਪੇਸ਼ ਕਰਨ ਵਿਚ ਹੈ। ਜਦੋਂ ਕਿ ਦੂਜੇ ਕਿੱਸਾਕਾਰਾਂ ਨੇ ਅਜਿਹਾ ਨਹੀਂ ਕੀਤਾ ਹੈ। ਇਸ ਤੋਂ ਬਿਨਾਂ ਹੀਰ ਦਮੋਦਰ ਦੀ ਪਾਤਰ ਉਸਾਰੀ ਕਲਾਮਈ ਹੈ। ਅਖਾਣ ਤੇ ਮੁਹਾਵਰੇ ਵਰਤੇ ਹਨ। ਪ੍ਰਕ੍ਰਿਤੀ ਚਿਤ੍ਰਣ ਦਾ ਅਦੁੱਤੀ ਨਮੂਨਾ ਪੇਸ਼ ਕੀਤਾ ਹੈ। ਨਿਰਸੰਦੇਹ ਦਮੋਦਰ ਦਾ ਕਿੱਸਾ ਬੜਾ ਯਥਾਰਥਵਾਦੀ ਹੈ ਕਿਉਂਕ ਉਸ ਤੇ ਨਿੱਕੇ ਨਿੱਕੇ ਵੇਰਵੇ ਦਿਤੇ ਹਨ।

ਹੀਰ ਦਮੋਦਰ ਤੋਂ ਬਾਅਦ ਹੀਰ ਅਹਿਮਦ ਦੀ ਹੀਰ ਸਾਹਿਤ ਵਿਚ ਵਿਸੇਸ਼ ਥਾਂ ਹੈ। ਭਾਵੇਂ ਕਲਾ ਪੱਖ ਤੋਂ ਇਹ ਕੋਈ ਬਹੁਤੀ ਚੰਗੀ ਰਚਨਾ ਨਹੀਂ ਹੈ। ਪਰ ਉਸ ਦੇ ਕਿੱਸੇ ਤੋਂ ਮੁਕਬਲ, ਵਾਰਿਸ, ਹਾਮਦ, ਬੀਰ ਸਿੰਘ ਆਦਿ ਕਵੀ ਪ੍ਰਭਾਵਿਤ ਹੋਏ। '...ਅਹਿਮਦ ਦਾ ਵਰਤਿਆ ਬੈਂਤ ਛੰਦ ਹੀਰ ਲਈ ਮਖ਼ਸੂਸ ਹੋ ਗਿਆ। ਇਸ ਛੰਦ ਨੂੰ ਸਭ ਤੋਂ ਪਹਿਲਾਂ ਵਰਤਣ ਦਾ ਮਾਣ ਅਹਿਮਦ ਨੂੰ ਹੀ ਪ੍ਰਾਪਤ ਹੈ। ਜਿੰਨੇ ਨਿੱਕੇ ਵਿਤ ਵਾਲੀ ਉਸ ਦੀ ਰਚਨਾ ਹੈ, ਉਨੇ ਹੀ ਗੁਣਾਂ ਨਾਲ ਭਰਪੂਰ ਹੈ। ਬੋਲੀ ਤੇ ਸ਼ਬਦਾਵਲੀ ਦੇ ਪੱਖੋਂ ਵੀ ਉਹ ਪੱਥ ਪਰਦਰਸ਼ਕ ਨਜ਼ਰ ਆਉਂਦਾ ਹੈ।'[12]

ਹੀਰ ਅਹਿਮਦ ਦੀ ਇਕ ਵਿਸ਼ੇਸ਼ਤਾ ਉਸ ਦੇ ਸੁੰਦਰ ਸ਼ਬਦ-ਚਿੱਤਰ ਹਨ। ਉਹ ਪਹਿਲਾ ਪੰਜਾਬੀ ਕਿੱਸਾਕਾਰ ਹੈ। ਜਿਸ ਨੇ ਫ਼ਾਰਸੀ ਮਸਨਵੀ ਤੋਂ ਪ੍ਰਭਾਵਿਤ ਹੋ ਕੇ ਕਿੱਸਾ ਲਿਖਿਆ ਅਤੇ ਇਸ ਨੂੰ ਦੁਖਾਂਤਕ ਬਣਾਇਆ।

ਹੀਰ ਮੁਕਬਲ ਵੀ ਹੀਰ ਸਾਹਿਤ ਵਿਚ ਆਪਣੀ ਥਾਂ ਰੱਖਦੀ ਹੈ। ਮੁਕਬਲ ਨੂੰ ਜੀਤ ਸਿੰਘ ਸੀਤਲ ਪੰਜਾਬੀ ਕਾਵਿ ਦਾ ਮਿਲਟਨ ਆਖਦੇ ਹਨ।[13] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, 'ਉਹ ਤਾਂ ਸਿਧੇ ਸਾਦੇ ਢੰਗ ਨਾਲ ਬਹੁਤੀ ਗੱਲ ਨੂੰ ਥੋੜ੍ਹੇ ਸਬਦਾਂ ਵਿਚ ਪੇਸ਼ ਕਰਨ ਦਾ ਜਤਨ ਕਤਦਾ ਹੈ। ਗੱਲ ਨੂੰ ਖ਼ਾਹ-ਮਖ਼ਾਹ ਨਹੀਂ ਲਮਕਾਂਦਾ ਤੇ ਨਾ ਹੀ ਕਲਪਨਾ ਦੀ ਸਹਾਇਤਾ ਨਾਲ ਬਹੁਤੀਆਂ ਗੱਲਾਂ ਘੜਦਾ ਹੈ। ਬੋਲੀ ਕਾਫ਼ੀ ਹਦ ਤਕ ਠੇਠ ਪੰਜਾਬੀ ਹੈ।'[14]

ਭਾਵੇਂ ਬੈਂਤ ਛੰਦ ਦਾ ਆਰੰਭ ਅਹਿਮਦ ਨੇ ਕੀਤਾ ਪਰ ਇਸ ਨੂੰ ਪੂਰੀ ਵਡਿਆਈ ਮੁਕਬਲ ਨੇ ਹੀ ਦਿਵਾਈ। ਸੰਤ ਸਿੰਘ ਸੇਖੋਂ ਅਨੁਸਾਰ, 'ਮੁਕਬਲ ਦਾ ਛੰਦ ਉਤੇ ਕਾਬੂ ਅਰ ਬੋਲੀ ਦਾ ਵਾਰਿਸ਼ ਸ਼ਾਹ ਨਾਲੋਂ ਜੇ ਕੁਝ ਵਧੇਰੇ ਨਹੀਂ ਤਾਂ ਘੱਟ ਕਿਸੇ ਹਾਲਤ ਵਿਚ ਨਹੀਂ।'[15]

ਹੀਰ ਵਾਰਿਸ ਪੰਜਾਬੀ ਕਿੱਸਾ-ਕਾਵਿ ਅਤੇ ਹੀਰ ਸਾਹਿਤ ਦਾ ਸਿਖਰ ਹੈ। ਭਾਈ ਕਾਹਨ ਸਿੰਘ ਦੇ ਖ਼ਿਆਲ ਅਨੁਸਾਰ, 'ਹੀਰ ਰਾਂਝੇ' ਦਾ ਕਿੱਸਾ ਪੰਜਾਬੀ ਵਿਚ ਅਨੇਕ ਕਵੀਆਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖਿਆ ਹੈ ਪਰ ਵਾਰਿਸ ਸ਼ਾਹ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ ।[16]

ਹੀਰ ਵਾਰਿਸ ਦੀ ਸਭ ਤੋਂ ਵੱਡੀ ਵਡਿਆਈ ਇਹ ਹੈ ਕਿ ਇਸ ਵਿਚ ਪੰਜਾਬੀ ਸਭਿਆਚਾਰ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਸਾਡੇ ਰਸਮ, ਰਿਵਾਜ, ਵਹਿਮ-ਭਰਮ ਦਾ ਵਰਣਨ ਹੈ। ਜੇ ਹੀਰ ਵਾਰਿਸ ਨੂੰ ਪੰਜਾਬੀ ਸਭਿਆਚਾਰ ਦਾ ਸ਼ੀਸ਼ਾ ਵੀ ਆਖ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮੋਹਨ ਸਿੰਘ ਦੀਵਾਨਾ ਦੇ ਵਿਚਾਰ ਅਨੁਸਾਰ :

> ਆਪ (ਵਾਰਿਸ) ਨੇ ਹੀਰ ਨੂੰ ਆਪਣੇ ਜੀਵਨ, ਆਪਣੇ ਕੌਮੀ ਤੇ ਵਕਤੀ ਜੀਵਨ ਦਾ ਆਪਣੇ ਸੁਫਨਿਆਂ ਦਾ, ਚੌਗਿਰਦੇ ਦੇ ਹਾਲਾਤ ਤੇ ਵਾਕਿਆਤ ਦਾ, ਖ਼ੂਬੀਆਂ ਦਾ ਨਕਸ਼ਾ ਜਾਂ ਸ਼ੀਸ਼ਾ ਬਣਾਣ ਵਿਚ ਸਫ਼ਲਤਾ ਹਾਸਲ ਕੀਤੀ ਹੈ ।[17]

ਜੀਤ ਸਿੰਘ ਸੀਤਲ ਅਨੁਸਾਰ :

> ਵਾਰਿਸ ਦੀ 'ਹੀਰ' ਅਠਾਰ੍ਹਵੀਂ ਸਦੀ ਦੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਦੀ ਕਵਿਤਾ ਰਵਾਨੀ, ਲੋਚ, ਸੋਜ਼, ਬ੍ਰਿਹਾ, ਇਸ਼ਕ ਹਕੀਕਤ, ਉਸਤਾਦੀ, ਚਾਬਕ ਦਸਤੀ ਤੇ ਅਲੰਕਾਰ-ਜੜ੍ਹਤ ਸ਼ੈਲੀ ਪ੍ਰਧਾਨ ਹੈ। ਇਸੇ ਲਈ ਵਾਰਿਸ ਨੂੰ ਕਿੱਸਾ-ਕਾਵਿ ਦਾ ਬਾਦਸ਼ਾਹ ਕਿਹਾ ਗਿਆ ਹੈ। .. ਉਸ ਦੇ ਸ਼ਾਹਕਾਰ ਨੇ ਪੰਜਾਬੀ ਸਾਹਿਤ ਤੇ ਭਾਸ਼ਾ ਨੂੰ ਵਿਸ਼ਵ-ਭਾਸ਼ਾਵਾਂ ਦੇ ਸਾਹਿਤ ਦੀ ਦੁਨੀਆ ਵਿਚ ਵਿਸ਼ੇਸ਼ ਅਸਥਾਨ ਪਰਦਾਨ ਕੀਤਾ ਤੇ ਗ੍ਰਾਮੀਨ ਪੰਜਾਬੀ ਨੂੰ ਸਾਹਿਤਕ ਭਾਸ਼ਾ ਦਾ ਦਰਜਾ ਦੇਣ ਵਿਚ ਅਹਿਮ ਰੋਲ ਅਦਾ ਕੀਤਾ ।[18]

ਵਾਰਿਸ ਸਚਮੁੱਚ ਪੰਜਾਬੀ ਕਿੱਸਾ-ਕਾਵਿ ਦਾ ਸਿਰਮੌਰ ਕਵੀ ਹੋਇਆ ਹੈ। ਉਸ ਤੋਂ ਪਿਛੋਂ ਪੰਜਾਬੀ ਕਿੱਸਾ-ਕਾਵਿ ਅਧੋਗਤੀ ਵੱਲ ਵਧਣਾ ਸ਼ੁਰੂ ਹੋ ਗਿਆ। ਅਸੀਂ ਨਿਰਸੰਕੋਚ ਇਹ ਗੱਲ ਆਖ ਸਕਦੇ ਹਾਂ ਕਿ ਵਾਰਿਸ ਦੀ ਹੀਰ ਪੰਜਾਬੀ ਕਿੱਸਾ-ਕਾਵਿ ਅਤੇ ਹੀਰ ਸਾਹਿਤ ਦਾ ਸਿੱਖਰ ਸੀ।

ਵਾਰਿਸ ਸ਼ਾਹ ਤੋਂ ਪਿਛੋਂ ਭਾਵੇਂ ਹੋਰ ਵੀ ਅਨੇਕ ਕਵੀਆਂ ਨੇ ਹੀਰ ਦਾ ਕਿੱਸਾ ਲਿਖਿਆ, ਪਰ ਵਾਰਿਸ ਤੋਂ ਪਿਛੋਂ ਭਗਵਾਨ ਸਿੰਘ ਦੀ ਮਲਵਈ ਬੋਲੀ ਵਿਚ ਲਿਖੀ ਹੀਰ ਵਧੇਰੇ ਪ੍ਰਸਿੱਧ ਹੋਈ। ਭਗਵਾਨ ਸਿੰਘ ਨੇ ਇਸ ਨੂੰ ਕਬਿੱਤਾਂ ਵਿਚ ਲਿਖਿਆ। 'ਭਗਵਾਨ ਸਿੰਘ ਦੀ ਸਫ਼ਲਤਾ ਦਾ ਭੇਦ ਉਹਦਾ ਕਹਾਣੀ ਰਸ, ਸਿੱਧਾ ਸਪਸ਼ਟ ਬਿਆਨ, ਕਾਵਿਕ ਖ਼ੂਬੀਆਂ ਤੇ ਕਬਿੱਤਾਂ ਦੀ ਰਵਾਨਗੀ ਵਿਚ ਹੈ। ਉਸ ਦੀ ਹੀਰ ਵਿਚ ਇਹ ਖ਼ੂਬੀ ਹੈ ਕਿ ਅਣਪੜ੍ਹਾਂ ਤੇ ਪੜ੍ਹਿਆਂ ਲਿਖਿਆਂ ਦੋਹਾਂ ਨੂੰ ਤ੍ਰਿਪਤ ਕਰਨ ਦੀ ਸਮਰੱਥਾ ਰੱਖਦੀ ਹੈ।[19] ਭਗਵਾਨ ਸਿੰਘ ਦੀ ਹੀਰ ਵਿਚ ਇਹ ਸਿਫ਼ਤ ਵੀ ਹੈ ਕਿ ਕਵਿਤਾ ਵਿਚ ਤਿੱਖਾ ਵਹਾ ਅਤੇ ਬਿਆਨ ਦੀ ਸਫ਼ਲਤਾ ਹੈ। ਪਿਆਰਾ ਸਿੰਘ ਪਦਮ ਅਨੁਸਾਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਪਹਿਲਾ ਇਹ ਕਬਿੱਤਾਂ ਵਿਚ ਹੈ, ਦੂਜੇ ਇਸ ਦੀ ਬੋਲੀ ਕੇਂਦਰੀ ਟਕਸਾਲੀ ਦੇ ਖ਼ਾਸ ਨੇੜੇ ਹੋਣ ਦੇ ਬਾਵਜੂਦ ਮਾਲਵੇ ਦੀ ਬੋਲ-ਚਾਲ ਦੇ ਮਜੀਠੀ ਰੰਗ ਵਿਚ ਰੰਗੀ ਹੋਈ ਹੈ ।'[20]

ਭਗਵਾਨ ਸਿੰਘ ਦੀ ਹੀਰ, ਹੀਰ ਸਾਹਿਤ ਦੀ ਆਖ਼ਰੀ ਦੀਵੇ ਦੀ ਲੋਅ ਹੈ । ਇਸ ਤੋਂ ਪਿਛੋਂ ਬਹੁਤ ਸਾਰੇ ਹੀਰ ਕਿੱਸਾਕਾਰਾਂ ਨੇ ਹੀਰ ਦਾ ਕਿੱਸਾ ਲਿਖਿਆ, ਪਰ ਉਨ੍ਹਾਂ ਦੀਆਂ ਹੀਰਾਂ ਵਿਚ ਉਹ ਸਾਹਿਤਕ ਗੁਣ ਨਹੀਂ ਹਨ । ਉਹ ਨਿਰੀ ਤੁਕਬੰਦੀ ਬਣ ਕੇ ਰਹਿ ਗਈ ਹੈ । ਪੰਜਾਬੀ ਕਿੱਸਾ-ਕਾਵਿ ਦਾ ਆਰੰਭ ਦਮੋਦਰ ਦੀ ਹੀਰ ਨਾਲ ਹੁੰਦਾ ਹੈ । ਸਿੱਖਰ ਵਾਰਿਸ ਦੀ ਹੀਰ ਅਤੇ ਪੱਤਨ ਭਗਵਾਨ ਸਿੰਘ ਦੀ ਹੀਰ ਨਾਲ ਸ਼ੁਰੂ ਹੋ ਜਾਂਦਾ ਹੈ । ਇਸ ਕਾਲ ਦੇ ਕਿੱਸਾ-ਕਾਵਿ ਵਿਚ ਹੀਰ ਸਾਹਿਤ ਦੀ ਆਪਣੀ ਇਕ ਵਿਸ਼ੇਸ਼ ਤੇ ਅਨੋਖੀ ਥਾਂ ਹੈ ।

ਸੱਸੀ ਪੁਨੂੰ : ਅਠਾਰ੍ਹਵੀ ਸਦੀ ਵਿਚ ਸੱਸੀ ਦੇ ਬਹੁਤ ਘੱਟ ਕਿੱਸੇ ਲਿਖੇ ਗਏ ਹਨ । ਪਰ ਉਨ੍ਹੀਵੀਂ ਸਦੀ ਦੇ ਸ਼ੁਰੂ ਅਤੇ ਅਖ਼ੀਰ ਵਿਚ ਸੱਸੀ ਦੇ ਕਿੱਸੇ ਵੱਡੀ ਗਿਣਤੀ ਵਿਚ ਲਿਖੇ ਗਏ ਹਨ । ਸੱਸੀ ਦਾ ਕਿੱਸਾ ਲਿਖਣ ਵਾਲੇ ਮੁਖ ਕਿੱਸਾਕਾਰ ਹਾਫ਼ਿਜ਼ ਬਰਖ਼ੁਰਦਾਰ, ਆਡਤ, ਬੇਹਬਲ, ਹਾਸ਼ਮ ਅਤੇ ਅਹਿਮਦਯਾਰ ਹਨ ।

ਸਭ ਤੋਂ ਪਹਿਲਾਂ ਸੱਸੀ ਦਾ ਕਿੱਸਾ ਹਾਫ਼ਿਜ਼ ਬਰਖ਼ੁਰਦਾਰ ਨੇ ਲਿਖਿਆ । ਕਿਉਂ ਕਿ ਇਸ ਕਹਾਣੀ ਦਾ ਘਟਨਾ ਸਥਾਨ ਪੰਜਾਬ ਨਹੀਂ ਹੈ, ਏਸੇ ਕਾਰਣ ਇਸ ਵਿਚ ਪੰਜਾਬੀ ਸਭਿਆਚਾਰ ਦਾ ਅਭਾਵ ਹੈ । ਹਾਫ਼ਿਜ਼ ਨੇ 'ਸੱਸੀ ਪੁੰਨੂੰ' ਵਿਚ ਇਸਲਾਮੀ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਦੇ ਕੇ ਪੰਜਾਬੀ ਕਿੱਸਾਕਾਰੀ ਵਿਚ ਇਕ ਨਵੀਂ ਪਰੰਪਰਾ ਨੂੰ ਜਨਮ ਦਿਤਾ । ਉਸ ਤੋਂ ਪਹਿਲਾਂ ਪੰਜਾਬੀ ਕਿੱਸਾਕਾਰੀ ਵਿਚ ਅਜਿਹਾ ਨਹੀਂ ਹੁੰਦਾ ਸੀ । 'ਹਾਫ਼ਿਜ਼ ਦੀ ਰਚਨਾ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਦਾ ਪ੍ਰੀਤ ਤੇ ਬ੍ਰਿਹਾ ਦਾ ਖਿੱਚ ਪਾਉਣ ਵਾਲਾ ਸਾਦਾ ਤੇ ਵਲਵਲੇ ਵਾਲਾ ਬਿਆਨ, ਬੋਲੀ ਵਿਚ ਹਿੰਦੀ ਫ਼ਾਰਸੀ ਦਾ ਮਿਸ਼ਰਣ, ਮੌਲਿਕ ਵਾਕ ਅੰਸ਼ਾਂ ਦੀ ਸਿਰਜਨਾ ਤੇ ਅਲੰਕਾਰਾਂ ਦੀ ਵਰਤੋਂ, ਹੋਣੀ ਵਿਚ ਵਿਸ਼ਵਾਸ ਤੇ ਕੁਦਰਤ ਦਾ ਮਾਨਵੀ-ਕਰਣ ਆਦਿ ਹਨ' ।[21]

ਹਾਫ਼ਿਜ਼ ਤੋਂ ਪਿਛੋਂ ਆਡਤ ਨੇ 'ਸੱਸੀ ਪੁੰਨੂੰ' ਦਾ ਕਿੱਸਾ ਲਿਖਿਆ । ਆਡਤ ਦੀ ਸੱਸੀ ਨੇ ਆਉਣ ਵਾਲੇ ਕਿੱਸਾਕਾਰਾਂ ਦੀ ਅਗਵਾਈ ਕੀਤੀ । ਉਸ ਦੀ ਲਿਖਤ ਵਿਚ ਲਹਿੰਦੀ ਦਾ ਰੰਗ ਪ੍ਰਧਾਨ ਹੈ ।

ਬੇਹਬਲ ਨੇ ਵੀ ਸੱਸੀ ਦਾ ਕਿੱਸਾ ਲਿਖਿਆ ਹੈ । ਜੀਤ ਸਿੰਘ ਸੀਤਲ ਅਨੁਸਾਰ, 'ਸੱਸੀ ਪੁੰਨੂੰ' ਮਸਨਵੀ ਰੂਪ ਹੈ । ਇਸ ਰੂਪ ਨੂੰ ਅਬਦੁਲ ਹਕੀਮ ਤੇ ਬੇਹਬਲ ਨੇ ਖ਼ੂਬ ਨਿਭਾਇਆ ਹੈ ।[22] ਬੇਹਬਲ ਦੀ ਕਹਾਣੀ ਹਾਫ਼ਿਜ਼ ਵਾਲੀ ਹੀ ਹੈ ।

ਸੱਸੀ ਸਾਹਿਤ ਵਿਚ ਹਾਸ਼ਮ ਦਾ ਨਾਂ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਹੀਰ ਸਾਹਿਤ ਵਿਚ ਵਾਰਿਸ ਅਤੇ ਸੋਹਣੀ ਸਾਹਿਤ ਵਿਚ ਫਜ਼ਲ ਸ਼ਾਹ ਦਾ ਹੈ । ਸੱਸੀ ਹਾਸ਼ਮ, ਸੱਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਹਿਤ ਦਾ ਸਿਖਰ ਹੈ। ਉਸ ਦੇ ਮੁਕਾਬਲੇ ਦਾ ਕੋਈ ਕਿੱਸਾਕਾਰ ਸੱਸੀ ਦਾ ਕਿੱਸਾ ਨਹੀਂ ਲਿਖ ਸਕਿਆ। ਸੱਸੀ ਹਾਸ਼ਮ ਦੀ ਵਡਿਆਈ ਉਸ ਦਾ ਬਿਰਹੋਂ ਵਰਨਣ ਹੈ। ਸੱਸੀ ਵਿਚ ਹਾਸ਼ਮ ਨੇ ਬਿਰਹਾ ਦਾ ਵਰਨਣ ਜਿਸ ਢੰਗ, ਦਰਦ ਤੇ ਸੋਜ਼ ਨਾਲ ਕੀਤਾ ਹੈ, ਉਹ ਬੇਮਿਸਾਲ ਹੈ। ਇਸ ਨੇ ਹੀ ਹਾਜ਼ਮ ਦੀ ਸੱਸੀ ਨੂੰ ਵਾਰਿਸ ਦੀ ਹੀਰ ਵਾਂਗ ਅਮਰ ਕਰ ਦਿੱਤਾ ਹੈ।

'ਸ਼ਾਹ ਹੁਸੈਨ ਤੋਂ ਬਾਅਦ ਹਾਸ਼ਮ ਪਹਿਲਾ ਕਵੀ ਹੈ ਜਿਸ ਦੀ ਕਵਿਤਾ ਵਿਚ ਦਰਦ ਤੇ ਸੋਜ਼ ਉਸ ਦੇ ਟਾਕਰੇ ਦਾ ਹੈ'।[23] 'ਸੁਤੀ ਪਈ ਸੱਸੀ ਉਠਦੀ ਹੈ ਤਾਂ ਉਸ ਨੂੰ ਦਿਲਾਂ ਦਾਂ ਮਹਿਰਮ ਕਿਧਰੇ ਨਹੀਂ ਦਿਸਦਾ ਹੈ। ਉਹ ਵਿਯੋਗ ਵਿਚ ਪਾਗ਼ਲ ਹੋ ਜਾਂਦੀ ਹੈ। ਆਪਣੇ ਸ਼ਿੰਗਾਰੇ ਵਾਲ ਪੁੱਟ ਸੁੱਟਦੀ ਹੈ'।[24]

ਉਪਰੋਕਤ ਸੰਖੇਪ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਜੋ ਬਿਰਹਾ ਦਾ ਬਿਆਨ ਹਾਸ਼ਮ ਨੇ ਕੀਤਾ ਹੈ, ਉਹ ਅਦੁੱਤੀ ਤੇ ਬੇਮਿਸਾਲ ਹੈ। 'ਬਿਰਹੋਂ ਤੇ ਸੋਜ਼ ਨੂੰ ਪ੍ਰਗਟਾਉਣ ਵਿਚ ਉਹ ਉਸਤਾਦ ਕਵੀ ਹੈ'।[25] ਹਾਸ਼ਮ ਦੀ ਕਲਮ ਨੇ ਘਟੀਆ ਸਮਝੀ ਜਾਣ ਵਾਲੀ ਕਿੱਸਾਕਾਰੀ ਨੂੰ ਇਕ ਉੱਚੀ ਤੇ ਸੁੱਚੀ ਪਦਵੀ ਦਾ ਅਧਿਕਾਰੀ ਬਣਾਇਆ'।[26]

ਅਹਿਮਦਯਾਰ ਨੇ ਵੀ ਸੱਸੀ ਦਾ ਕਿੱਸਾ ਲਿਖਿਆ ਹੈ। ਉਹ ਹਾਸ਼ਮ ਦੇ ਮੁਕਾਬਲੇ ਦਾ ਤਾਂ ਨਹੀਂ ਹੈ ਪਰ ਫਿਰ ਵੀ ਉਸ ਵਿਚ ਕੁਝ ਗੁਣ ਹਨ, ਜਿਵੇਂ ਬਿਆਨ ਦੀ ਰਵਾਨੀ, ਅਤਿਕਥਨੀ, ਅਲੰਕਾਰ ਤੇ ਦ੍ਰਿਸ਼ਟਾਂਤ, ਸ਼ਬਦਾਂ ਜਾਂ ਅਵਾਜ਼ਾਂ ਦੁਹਰਾ ਕੇ ਪੈਦਾ ਕੀਤੀਆਂ ਹਨ। ਉਹ ਫ਼ਾਰਸੀ ਦੇ ਸ਼ਬਦਾਂ ਦੀ ਸੁਚੱਜਤਾ ਨਾਲ ਵਰਤੋਂ ਕਰਦਾ ਹੈ। ਉਸ ਦੀ ਸ਼ਬਦਾਂ ਦੀ ਕਾਰੀਗਰੀ ਵੇਖਣਯੋਗ ਹੈ।

ਸੋਹਣੀ ਮਹੀਂਵਾਲ : ਸੋਹਣੀ ਮਹੀਂਵਾਲ ਦਾ ਅਜੇ ਤਕ ਸਭ ਤੋਂ ਪਹਿਲਾ ਲਿਖਿਆ ਕਿੱਸਾ ਹਾਸ਼ਮ ਦਾ ਮਿਲਦਾ ਹੈ। ਅਨੇਕਾਂ ਕਵੀਆਂ ਨੇ ਸੋਹਣੀ ਦਾ ਕਿੱਸਾ ਲਿਖਿਆ ਹੈ ਪਰ ਵਧੇਰੇ ਪ੍ਰਸਿੱਧੀ ਹਾਸ਼ਮ, ਕਾਦਰਯਾਰ, ਅਹਿਮਦਯਾਰ, ਫ਼ਜ਼ਲ ਸ਼ਾਹ ਅਤੇ ਭਗਵਾਨ ਸਿੰਘ ਨੂੰ ਮਿਲੀ ਹੈ। ਹਾਸ਼ਮ ਦੇ ਸੋਹਣੀ ਮਹੀਂਵਾਲ ਦੇ ਕਿੱਸੇ ਦੀ ਇਕੋ ਇਕ ਵਡਿਆਈ ਉਸ ਦੀਆਂ ਅਨੁਪ੍ਰਾਸ ਪ੍ਰਧਾਨ ਪੰਗਤੀਆਂ ਹਨ।

ਪਿਆਰਾ ਸਿੰਘ ਪਦਮ ਅਨੁਸਾਰ, ਇਹ ਗੱਲ ਠੀਕ ਹੈ ਕਿ ਸੱਸੀ ਦੀ ਨਿਸਬਤ ਸੋਹਣੀ ਵਿਚ ਅਸਚਰਜਤਾ ਦਾ ਅੰਸ਼ ਘਟ ਹੈ ਅਤੇ ਸਾਦਗੀ ਵਧੇਰੇ ਹੈ।[27] ਪਰ ਹਾਸ਼ਮ ਨੇ ਸੋਹਣੀ ਦਾ ਦਰਿਆ ਵਿਚ ਰੁੜ੍ਹਨਾ ਬੜੇ ਦਰਦ-ਮਈ ਤਰੀਕੇ ਨਾਲ ਬਿਆਨ ਕੀਤਾ ਹੈ।

ਹਾਸ਼ਮ ਤੋਂ ਪਿਛੋਂ ਕਾਦਰਯਾਰ ਨੇ ਸੋਹਣੀ ਦਾ ਕਿੱਸਾ ਲਿਖਿਆ ਹੈ। ਉਸ ਦੇ ਕਿੱਸੇ ਤੋਂ ਇਹ ਗੱਲ ਜ਼ਾਹਰ ਹੁੰਦੀ ਹੈ ਕਿ ਉਸ ਦਾ ਸੋਹਣੀ ਦਾ ਕਿੱਸਾ ਵੀ ਜਾਗੀਰਦਾਰੀ ਸਮਾਜ ਵਿਰੁਧ ਨੌਜਵਾਨਾਂ ਦੇ ਵਿਰੋਧ ਨੂੰ ਦਰਸਾਉਂਦਾ ਹੈ। 'ਕਾਦਰ ਦੇ ਇਸ ਕਿੱਸੇ ਵਿਚ ਹਾਸ਼ਮ ਸ਼ਾਹ ਵਾਲੀ ਬਿਰਹੋਂ ਦੀ ਚੀਸ ਅਤੇ ਸ਼ਾਹ ਹੁਸੈਨ ਵਾਲੀ ਬੋਲੀ ਦੀ ਮਿਠਾਸ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਾਨੀ ਆ ਗਈ ਹੈ ।[28] ਦ੍ਰਿਸ਼-ਵਰਨਣ ਕਰਨ ਸਮੇਂ ਉਹ ਸ਼ਬਦ-ਚਿਤਰਾਂ ਨਾਲ ਬਹੁਤ ਸੋਹਣਾ ਵਾਤਾਵਰਣ ਪੈਦਾ ਕਰਦਾ ਹੈ ।

ਸੋਹਣੀ ਫ਼ਜ਼ਲ ਸ਼ਾਹ ਦਾ ਕਿੱਸਾ ਵਧੇਰੇ ਪ੍ਰਸਿੱਧ ਹੋਇਆ ਹੈ । ਫ਼ਜ਼ਲ ਸ਼ਾਹ ਦੇ ਕਿੱਸੇ ਦੇ ਅਖੀਰ ਵਿਚ ਜੋ ਕਰਣਾ ਰਸ ਪੈਦਾ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ । ਉਸ ਦੀ ਵਡਿਆਈ ਇਸ ਵਿਚ ਹੈ ਕਿ ਉਸ ਨੇ ਕਰੁਣਾ ਰਸ ਦੇ ਨਾਲ ਰਹੱਸਵਾਦ ਦਾ ਮੇਲ ਕਰਾਇਆ ਹੈ । ਫ਼ਜ਼ਲ ਸ਼ਾਹ ਸ਼ਬਦ ਅਲੰਕਾਰਾਂ ਦਾ ਉਸਤਾਦ ਕਵੀ ਹੈ ।

ਭਗਵਾਨ ਸਿੰਘ ਨੇ ਸੋਹਣੀ ਦਾ ਕਿੱਸਾ ਦੋਹਿਰਾ, ਕਬਿੱਤ ਅਤੇ ਬਾਰਾ ਮਾਂਹ ਵਿਚ ਲਿਖਿਆ ਹੈ । ਪਿਆਰਾ ਸਿੰਘ ਪਦਮ ਅਨੁਸਾਰ, 'ਭਗਵਾਨ ਸਿੰਘ ਦੀ ਸੋਹਣੀ ਦੀ ਵੀ ਹੀਰ ਵਾਂਗ 'ਸੋਹਣੀ ਸਾਹਿਤ' ਅੰਦਰ ਵਿਸ਼ੇਸ਼ ਥਾਂ ਹੈ । ...ਛੰਦ ਦੀ ਰਵਾਨੀ ਵਿਚ ਸਹਿਜ ਸੁਭਾਵਕਤਾ ਬਹੁਤ ਹੈ । ਕਬਿੱਤ ਵਹਿੰਦੇ ਤੁਰੇ ਜਾਂਦੇ ਹਨ । ਕਈ ਥਾਈਂ ਸ਼ਾਇਰਾਨਾ ਖ਼ੂਬੀਆਂ ਚਮਕੀਆਂ ਹਨ' ।[29] ਇਸ ਦੇ ਵਾਰਤਾਲਾਪ ਵੀ ਬੜੇ ਯਥਾਰਥਕ ਹਨ ।

ਉਪਰੋਕਤ ਕਿੱਸਾਕਾਰਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਿੱਸਾਕਾਰਾਂ ਨੇ ਸੋਹਣੀ ਦਾ ਕਿੱਸਾ ਲਿਖਿਆ ਹੈ । ਪਰ ਉਨ੍ਹਾਂ ਕਿੱਸਾਕਾਰਾਂ ਦੇ ਕਿੱਸਿਆਂ ਵਿਚ ਕੋਈ ਖ਼ਾਸ ਨਵੀਨਤਾ ਨਹੀਂ ਹੈ । ਉਨ੍ਹਾਂ ਦਾ ਲਿਖਣ ਢੰਗ ਵੀ ਰਵਾਇਤੀ ਜੇਹਾ ਹੀ ਹੈ ਤੇ ਨਾ ਹੀ ਉਨ੍ਹਾਂ ਦੇ ਕਿੱਸਿਆਂ ਵਿਚ ਕਾਵਿਕ ਗੁਣ ਹੀ ਹਨ ।

ਮਿਰਜ਼ਾ ਸਾਹਿਬਾਂ : ਮਿਰਜ਼ਾ ਸਾਹਿਬਾਂ ਮੁਲਤਾਨ ਜ਼ਿਲ੍ਹੇ ਦੀ ਪ੍ਰੀਤ-ਕਥਾ ਹੈ । ਪੰਜਾਬ ਵਿਚ ਢਾਈ ਇਸ਼ਕ ਗਿਣੇ ਗਏ ਹਨ । ਹੀਰ-ਰਾਂਝਾ ਅਤੇ ਸੋਹਣੀ-ਮਵੀਂਵਾਲ ਦਾ ਇਕ-ਇਕ ਇਸ਼ਕ ਅਤੇ ਮਿਰਜ਼ਾ-ਸਾਹਿਬਾਂ ਦਾ ਅੱਧਾ ਇਸ਼ਕ, ਕਿਉਂਕਿ ਸਾਹਿਬਾਂ ਨੇ ਪੂਰੀ ਵਫ਼ਾਦਾਰੀ ਨਹੀਂ ਸੀ ਨਿਭਾਈ ।

ਪੀਲੂ ਨੇ ਸਭ ਤੋਂ ਪਹਿਲਾਂ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਿਆ ਹੈ । ਪੀਲੂ ਤੋਂ ਮਗਰਲੇ ਕਿੱਸਾਕਾਰ ਹਾਫ਼ਿਜ਼ ਬਰਖ਼ੁਰਦਾਰ ਅਤੇ ਅਹਿਮਦਯਾਰ ਨੇ ਵੀ ਉਸ ਦੀ ਵਡਿਆਈ ਕੀਤੀ ਹੈ ।[30] ਜੀਤ ਸਿੰਘ ਸੀਤਲ ਅਨੁਸਾਰ :

> ਪੀਲੂ ਨੇ ਸਾਹਿਬਾਂ ਮਿਰਜ਼ੇ ਦੀ ਦੋਸਤੀ ਨੂੰ ਜਗ ਵਿਚ ਲੁਕਾ ਨਾ ਰਹਿਣ ਦਿਤਾ, ਇਹ ਉਸ ਦੀ ਪੰਜਾਬੀ ਕਿੱਸਾ-ਕਾਵਿ ਨੂੰ ਮਹਾਨ ਦੇਣ ਸੀ । ਉਸ ਨੇ ਸਾਹਿਬਾਂ ਮਿਰਜ਼ਾ ਨੂੰ ਪੰਜਾਬ ਦੇ ਪਾਕ, ਪਵਿੱਤ੍ਰ ਤੇ ਅਮਰਪ੍ਰੀਤ ਜੋੜਿਆਂ ਵਿਚ ਲਿਆ ਖਲ੍ਹਾਰਿਆ ।[31]

ਪੀਲੂ ਦੀ ਬੋਲੀ ਬੜੀ ਠੇਠ ਪੰਜਾਬੀ ਅਤੇ ਸਾਦਾ ਹੈ, ਜਿਸ ਨੂੰ ਅੱਜ ਵੀ ਪਿੰਡਾਂ ਦੇ ਲੋਕੀਂ ਸਮਝ ਸਕਦੇ ਹਨ । ਮਿਰਜ਼ੇ ਦੀਆਂ ਸੱਦਾਂ ਆਮ ਗਾਈਆਂ ਜਾਂਦੀਆਂ ਹਨ । ਮੌਲਾ ਬਖ਼ਸ਼ ਕੁਸ਼ਤਾ ਦੇ ਵਿਚਾਰ ਅਨੁਸਾਰ :

> ਉਸ ਵਿਚ ਸੋਜ਼ ਤੇ ਰਵਾਨੀ ਬੜੀ ਏ, ਤਸ਼ਬੀਹਾਂ, ਇਸ਼ਤਿਆਰੇ ਤੇ ਮੁਹਾਵਰੇ ਸੋਹਣੇ ਵਰਤੇ ਹਨ ।[32]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਫ਼ਿਜ਼ ਬਰਖ਼ੁਰਦਾਰ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਸੱਦਾਂ ਵਿਚ ਲਿਖਿਆ। ਇਸਲਾਮੀ ਜਾਂ ਈਰਾਨੀ ਰੰਗ ਵਿਚ ਰੂਪ ਚਿਤ੍ਰਣ ਦੀ ਹਾਫ਼ਿਜ਼ ਨੇ ਪਹਿਲ ਕੀਤੀ, ਜਿਸ ਨੂੰ ਪਿਛੋਂ ਇਸ ਪਰੰਪਰਾ ਦੇ ਸਾਰੇ ਕਵੀਆਂ ਨੇ ਅਪਣਾਇਆ।

ਭਗਵਾਨ ਸਿੰਘ ਨੇ ਵੀ ਮਿਰਜ਼ਾਂ ਸਾਹਿਬਾਂ ਦਾ ਕਿੱਸਾ ਲਿਖਿਆ ਹੈ ਪਰ ਉਸ ਦਾ ਕਿੱਸਾ ਪੀਲੂ ਅਤੇ ਹਾਫ਼ਿਜ਼ ਦੇ ਮੁਕਾਬਲੇ ਦਾ ਨਹੀਂ ਹੈ। ਉਸ ਨੇ ਬਹੁਤ ਸਾਰੀਆਂ ਸਤਰਾਂ ਪੀਲੂ ਦੀਆਂ ਹੀ ਪਾਈਆਂ ਹੋਈਆਂ ਹਨ।

ਸ਼ੀਰੀਂ ਫ਼ਰਿਹਾਦ : ਇਹ ਈਰਾਨੀ ਪ੍ਰੀਤ ਕਹਾਣੀ ਹੈ। ਸ਼ੀਰੀਂ ਫ਼ਰਿਹਾਦ ਦੀ ਕਹਾਣੀ ਭਾਵੇਂ ਪੰਜਾਬ ਵਿਚ ਸਤਾਰ੍ਹਵੀਂ ਸਦੀ ਵਿਚ ਪ੍ਰਚਲਿਤ ਸੀ ਪਰ ਉਸ ਸਮੇਂ ਦਾ ਕੋਈ ਕਿੱਸਾ ਨਹੀਂ ਮਿਲਦਾ। ਸ਼ੀਰੀਂ ਫ਼ਰਿਹਾਦ ਦਾ ਪਹਿਲਾ ਕਿੱਸਾ ਹਾਸ਼ਮ ਸ਼ਾਹ ਨੇ ਲਿਖਿਆ ਹੈ। 'ਹਾਸ਼ਮ ਨੇ ਇਸ ਨੂੰ ਦਵਈਏ ਛੰਦ ਵਿਚ ਲਿਖਿਆ ਹੈ। ਇਸ ਵਿਚ ਅਰਬੀ, ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ ਹੈ ਜਿਸ ਨੂੰ ਆਮ ਪਾਠਕ ਲਈ ਸਮਝਣਾ ਸੌਖਾ ਨਹੀਂ ਹੈ। ਪਰ ਸੰਤ ਸਿੰਘ ਸੇਖੋਂ ਸ਼ੀਰੀਂ ਫ਼ਰਿਹਾਦ ਨੂੰ ਉਸ ਦੀ ਸੁਲਝੀ ਹੋਈ ਰਚਨਾ ਆਖਦਾ ਹੈ'।[33]

ਇਸ ਕਾਲ ਵਿਚ ਕਿਸ਼ਨ ਸਿੰਘ ਆਰਿਫ਼ ਰਚਿਤ ਸ਼ੀਰੀਂ ਫ਼ਰਿਹਾਦ ਖ਼ਾਸ ਤੌਰ 'ਤੇ ਪ੍ਰਸਿਧ ਹੋਇਆ। ਆਰਿਫ਼ ਦੇ ਕਿੱਸੇ ਦੀ ਇਕੋ ਇਕ ਵਡਿਆਈ ਇਹ ਹੈ ਕਿ ਉਸ ਨੇ ਫ਼ਾਰਸੀ ਮੁਹਾਵਰਿਆਂ ਦਾ ਪੰਜਾਬੀ ਅਨੁਵਾਦ ਕੀਤਾ ਹੈ, ਜਿਵੇਂ 'ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼' ਦਾ 'ਕਹਿੰਦੇ ਕਹਿਰ ਦਰਵੇਸ਼, ਦਰਵੇਸ਼ ਉਤੇ।'[34]

ਮੁਹੰਮਦ ਬੂਟਾ ਨੇ ਵੀ ਸ਼ੀਰੀਂ ਫ਼ਰਿਹਾਦ ਦਾ ਕਿੱਸਾ 1872 ਈ. ਵਿਚ ਲਿਖਿਆ। ਉਸ ਉਤੇ ਫ਼ਜ਼ਲ ਸ਼ਾਹ ਅਤੇ ਵਾਰਿਸ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਉਸ ਨੇ ਇਸ ਕਿੱਸੇ ਨੂੰ ਬੈਂਤਾਂ ਵਿਚ ਲਿਖਿਆ ਹੈ। ਸ਼ੀਰੀਂ ਫ਼ਰਿਹਾਦ ਦੀ ਕਹਾਣੀ ਪੰਜਾਬੀ ਅਸਲੇ ਦੀ ਨਾ ਹੋਣ ਕਰਕੇ ਕਿੱਸਾਕਾਰਾਂ ਵਿਚ ਬਹੁਤੀ ਮਕਬੂਲ ਨਹੀਂ ਹੋਈ।

ਲੈਲਾ ਮਜਨੂੰ : ਇਹ ਇਕ ਅਰਬੀ ਪ੍ਰੀਤ-ਕਹਾਣੀ ਹੈ। ਅਹਿਮਦਯਾਰ, ਫ਼ਜ਼ਲ ਸ਼ਾਹ, ਇਮਾਮ ਬਖ਼ਸ਼ ਆਦਿ ਕਿੱਸਾਕਾਰਾਂ ਨੇ ਇਸ ਗ਼ੈਰ-ਪੰਜਾਬੀ ਪ੍ਰੀਤ ਕਹਾਣੀ ਨੂੰ ਕਿੱਸਾ ਰੂਪ ਵਿਚ ਲਿਖਿਆ ਹੈ। ਅਰਬੀ ਅਸਲੇ ਦੀ ਪ੍ਰੀਤ ਕਹਾਣੀ ਹੋਣ ਕਰਕੇ ਇਹ ਵੀ ਪੰਜਾਬੀ ਕਿੱਸਾਕਾਰਾਂ ਵਿਚ ਵਧੇਰੇ ਹਰਮਨ ਪਿਆਰੀ ਨਾ ਹੋ ਸਕੀ।

ਯੂਸਫ਼ ਜ਼ੁਲੈਖਾਂ : ਇਹ ਪੁਰਾਣਾ ਇਬਰਾਨੀ ਕਿੱਸਾ ਹੈ, ਜੋ ਤੌਰੇਤ ਤੇ ਕੁਰਾਨ ਦੀ 'ਸੂਰਾਇ ਯੂਸਫ਼' ਵਿਚ ਵਿਸਥਾਰ ਦਿਤਾ ਗਿਆ ਹੈ।[35] ਸਭ ਤੋਂ ਪਹਿਲਾਂ ਇਹ ਕਿੱਸਾ ਹਾਫ਼ਿਜ਼ ਬਰਖ਼ੁਰਦਾਰ ਨੇ ਲਿਖਿਆ। ਯੂਸਫ਼ ਜ਼ੁਲੈਖਾਂ ਦੇ ਕਿੱਸੇ ਨੇ ਪੰਜਾਬੀ ਕਿੱਸਾਕਾਰੀ ਵਿਚ ਕੁਝ ਨਵੇਂ ਵਾਧੇ ਕੀਤੇ ਜਿਨ੍ਹਾਂ ਕਾਰਣ ਪੰਜਾਬੀ ਕਿੱਸਾਕਾਰੀ ਫ਼ਾਰਸੀ ਕਿੱਸਾਕਾਰੀ ਤੋਂ ਵਧੇਰੇ ਪ੍ਰਭਾਵਤ ਹੋਈ। ਯੂਸਫ਼ ਜ਼ੁਲੈਖਾਂ ਦੇ ਪੰਜਾਬੀ ਵਿਚ ਰਚੇ ਜਾਣ ਨਾਲ ਸਾਡੀ ਦੇਸੀ ਕਿੱਸਾਕਾਰੀ ਉਤੇ, ਪੰਜਾਬੀ ਉਤੇ ਫ਼ਾਰਸੀ ਪ੍ਰੀਤ-ਕਾਵਿ ਦੇ ਪੈ ਰਹੇ ਅਸਰ ਨੂੰ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਕੜਾਈ ਮਿਲੀ ਤੇ ਅੱਗੋਂ ਨੂੰ ਹੀਰ ਰਾਂਝੇ ਆਦਿ ਦੂਜਿਆਂ ਕਿੱਸਿਆਂ ਸੋਹਣੀ, ਸੱਸੀ ਦੀਆਂ ਕਹਾਣੀਆਂ ਦੇ ਬਿਆਨ-ਵਰਣਨ ਵਿਚ ਫ਼ਾਰਸੀ ਪ੍ਰੀਤ-ਕਥਾ ਦੇ ਗੁਣ ਬੜੀ ਵੱਡੀ ਹੱਦ ਤਕ ਦਾਖ਼ਲ ਹੋ ਗਏ।[36] ਨਾਇਕ ਦੇ ਇਕੱਲੇ ਇਕੱਲੇ ਅੰਗ ਦੀ ਸੁੰਦਰਤਾ ਦਾ ਬਿਆਨ ਕਰਨ ਦਾ ਰਿਵਾਜ ਚਲ ਪਿਆ। ਫ਼ਾਰਸੀ ਕਿੱਸਿਆਂ ਦਾ ਪੰਜਾਬੀ ਕਿੱਸਿਆਂ ਉਪਰ ਬਹੁਤ ਪ੍ਰਭਾਵ ਪਿਆ।

ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ ਯੂਸਫ਼ ਜ਼ੁਲੇਖਾਂ ਨਾਲ ਪੰਜਾਬੀ ਕਿੱਸਾਕਾਰੀ ਵਿਚ ਕਈ ਵਾਧੇ ਹੋਏ। ਹਾਫ਼ਿਜ਼ ਵਿਚ ਕਾਵਿ ਗੁਣਾਂ ਦੀ ਵੀ ਵਿਲੱਖਣਤਾ ਹੈ। ਬਾਵਾ ਬੁਧ ਸਿੰਘ ਨੇ ਉਸ ਨੂੰ ਕਵਿਤਾ ਦੇ ਗੂੜ੍ਹੇ ਰੰਗ ਬੰਨ੍ਹਣ, ਨਵੀਆਂ ਤਸ਼ਬੀਹਾਂ ਵਰਤਣ ਤੇ ਕਿੱਸੇ ਦੀ ਕਹਾਣੀ ਨੂੰ ਸਾਦੀ ਪਰ ਜੀਅ 'ਤੇ ਅਸਰ ਕਰਨ ਵਾਲੀ ਬੋਲੀ ਵਿਚ ਬੰਨ੍ਹਣ ਦਾ ਉਸਤਾਦ ਮੰਨਿਆ ਹੈ।[37]

ਸਦੀਕ ਲਾਲੀ ਦੇ ਕਿੱਸੇ ਉਤੇ ਅਹਿਮਦਯਾਰ ਅਤੇ ਮੁਹੰਮਦ ਬਖ਼ਸ਼ ਨੇ ਟਿੱਪਣੀ ਕੀਤੀ ਹੈ।[38] ਉਹ ਉਸ ਦੀ ਕਾਵਿ-ਕਲਾ ਦਾ ਲੋਹਾ ਮੰਨਦੇ ਹਨ। ਜੀਤ ਸਿੰਘ ਸੀਤਲ ਉਸ ਨੂੰ ਅਠਾਰ੍ਹਵੀਂ ਸਦੀ ਦੇ 'ਅਹਿਸੁਨ ਕਸਿਸ' ਲਿਖਣ ਵਾਲਿਆਂ ਦਾ ਸਰਦਾਰ ਆਖਦੇ ਹਨ।[39]

ਅਹਿਮਦਯਾਰ ਦੇ ਯੂਸਫ਼ ਜ਼ੁਲੈਖਾਂ ਦੇ ਕਿੱਸੇ ਬਾਰੇ ਪਿਆਰ ਸਿੰਘ ਲਿਖਦੇ ਹਨ, 'ਅਹਿਮਦਯਾਰ ਦਾ 'ਅਹਸਨੁਲ ਕਸਿਸ' ਕਿੱਸੇ ਦਾ ਕਿੱਸਾ ਹੈ ਤੇ ਤਫ਼ਸੀਰ ਦੀ ਤਫ਼ਸੀਰ। ਓਹ ਦੋਵੇਂ ਪਾਸੇ ਨਿਭਾ ਸਕਿਆ ਹੈ'।[40] ਅਹਿਮਦਯਾਰ ਦੇ ਯੂਸਫ਼ ਜ਼ੁਲੈਖਾਂ ਦੀ ਵਡਿਆਈ ਇਸ ਵਿਚ ਹੈ ਕਿ ਉਸ ਨੇ ਫ਼ਾਰਸੀ ਤੋਂ ਬਹੁਤ ਸਾਰੀਆਂ ਨਵੀਆਂ ਉਪਮਾਵਾਂ ਪੰਜਾਬੀ ਵਿਚ ਲਿਆਂਦੀਆਂ।

ਗ਼ੁਲਾਮ ਰਸੂਲ ਦੇ ਯੂਸਫ਼ ਜ਼ੁਲੈਖਾਂ ਦੀ ਵੱਡੀ ਸਿਫ਼ਤ ਇਹ ਹੈ ਕਿ ਉਸ ਨੇ ਸ਼ਬਦ ਚਿੱਤਰ ਬਹੁਤ ਸੁੰਦਰ ਦਿਤੇ ਹਨ।

ਉਪਰੋਕਤ ਸਰਵੇਖਣ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਕਿੱਸੇ ਵਧੇਰੇ ਸਲਾਹੇ, ਪੜ੍ਹੇ ਤੇ ਲਿਖੇ ਗਏ ਜੋ ਪੰਜਾਬੀ ਅਸਲੇ ਦੇ ਸਨ। ਜਿਨ੍ਹਾਂ ਵਿਚ ਪੰਜਾਬੀ ਜੀਵਨ ਤੇ ਸਭਿਆਚਾਰ ਦੀ ਤਸਵੀਰ ਪੇਸ਼ ਕੀਤੀ ਗਈ ਸੀ। ਹੀਰ ਰਾਂਝੇ ਦਾ ਕਿੱਸਾ ਸਭ ਤੋਂ ਵਧ ਲਿਖਿਆ ਗਿਆ। ਪੰਜਾਬੀ ਲੋਕਾਂ ਦੇ ਦਿਲਾਂ 'ਤੇ ਅਜੇ ਤਕ ਇਸ ਕਿੱਸੇ ਦੀ ਛਾਪ ਲੱਗੀ ਹੋਈ ਹੈ। ਈਰਾਨੀ, ਯੂਨਾਨੀ, ਅਰਬੀ ਵਿਰਸੇ ਦੀਆਂ ਪ੍ਰੀਤ ਕਹਾਣੀਆਂ ਭਾਵੇਂ ਕਿੱਸਾਕਾਰਾਂ ਨੇ ਕਿੱਸੇ ਦੇ ਰੂਪ ਵਿਚ ਲਿਖੀਆਂ ਪਰ ਉਹ ਵਧੇਰੇ ਪ੍ਰਚਲਿਤ ਨਾ ਹੋ ਸਕੀਆਂ। ਕਿਉਂਕਿ ਪੰਜਾਬੀ ਲੋਕਾਂ ਦੀ ਉਨ੍ਹਾਂ ਨਾਲ ਕੋਈ ਸਭਿਆਚਾਰਕ ਸਾਂਝ ਨਹੀਂ ਸੀ। ਉਨ੍ਹਾਂ ਦਾ ਪ੍ਰੀਤ ਕਿੱਸਿਆਂ ਵਿਚ ਸਿਰਫ਼ ਕਹਾਣੀ-ਬਿਆਨ ਤੋਂ ਸਿਵਾ ਹੋਰ ਕੋਈ ਬਹੁਤ ਵੱਡੀ ਗੱਲ ਨਹੀਂ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय

(ੲ) ਰੁਮਾਂਚਕ ਕਿੱਸੇ :

ਇਸ ਕਾਲ ਵਿਚ ਰੁਮਾਂਚਕ ਕਿੱਸੇ ਵੀ ਲਿਖੇ ਗਏ ਹਨ। ਭਾਵੇਂ ਇਨ੍ਹਾਂ ਕਿੱਸਿਆਂ ਵਿਚ ਵੀ ਇਸ਼ਕ ਦਾ ਵਰਨਣ ਹੈ ਪਰ ਰੁਮਾਂਚਕ ਕਿੱਸਿਆਂ ਵਿਚ ਯਥਾਰਥਕਤਾ ਦੀ ਅਣਹੋਂਦ ਹੁੰਦੀ ਹੈ। ਅਲਫ਼ ਲੈਲਾ ਦੀਆਂ ਨਿਰੀਆਂ ਮਨੋਕਲਪਿਤ ਕਹਾਣੀਆਂ ਹੁੰਦੀਆਂ ਹਨ। ਸੁੰਦਰਤਾ ਦਾ ਬਿਆਨ ਅਨੋਖਾ ਅਤੇ ਅਦਭੁਤ ਜੇਹਾ ਹੁੰਦਾ ਹੈ। ਜਾਦੂ ਟੂਣੇ, ਪਰਾਸਰੀਰਕ ਘਟਨਾਵਾਂ, ਡਰਾਉਣੇ ਦ੍ਰਿਸ਼, ਕਲਪਿਤ ਆਕਾਸ਼ੀ ਦੁਨੀਆ ਦੇ ਪਾਤਰ ਹੁੰਦੇ ਹਨ। ਇਸ ਤਰ੍ਹਾਂ ਰਮਾਂਚਕ ਕਿੱਸੇ ਦਾ ਮੁੱਖ ਲੱਛਣ ਸੁੰਦਰਤਾ ਅਤੇ ਅਦਭੁਤਤਾ ਹੁੰਦਾ ਹੈ।

ਪੰਜਾਬੀ ਕਿੱਸਾਕਾਰਾਂ ਦੀ ਸਰਪਰਸਤੀ ਜਦੋਂ ਜਾਗੀਰਦਾਰਾਂ ਨੇ ਕਰਨੀ ਸ਼ੁਰੂ ਕਰ ਦਿਤੀ ਤਾਂ ਕਿੱਸਿਆਂ ਵਿਚ ਯਥਾਰਥਕ ਵਰਣਨ ਦੀ ਥਾਂ ਰੁਮਾਂਚਕ ਅੰਸ਼ ਵਧਣ ਲੱਗ ਪਿਆ। ਗੁਰਚਰਨ ਸਿੰਘ ਅਨੁਸਾਰ :

8299

> ਕਿੱਸਾ ਲੋਕ ਕਵੀ ਦੇ ਹੱਥੋਂ ਨਿਕਲ ਕੇ ਹਾਕਮ ਜਾਗੀਰਦਾਰ ਸ਼੍ਰੇਣੀ ਦੇ ਦਿਲ-ਪਰਚਾਵੇ ਲਈ, ਫ਼ਾਰਸੀਦਾਨ ਪੇਸ਼ਾਵਰਾਂ ਦੇ ਹੱਥਾਂ ਵਿਚ ਜਾਣ ਲੱਗਾ। ਨਵੇਂ ਤੋਂ ਨਵੇਂ ਸਥਾਨਕਾਂ ਦੀ ਭਾਲ ਹੋਣ ਲੱਗੀ। ਨਤੀਜਾ ਇਹ ਹੋਇਆ ਕਿ ਸਮਾਜ ਨਾਲ ਜੁੜੀ ਕਹਾਣੀ, ਜਿਸ ਦਾ ਨਮੂਨਾ ਸਾਨੂੰ ਪਹਿਲੇ ਕਿੱਸਿਆਂ ਵਿਚ ਮਿਲਦਾ ਹੈ, ਦੀ ਥਾਂ ਨਿਰੋਲ ਕਲਪਣਾ, ਆਧਾਰਤ ਕਿੱਸੇ-ਕਹਾਣੀਆਂ ਨੇ ਮੱਲ ਲਈ। ਮੁਸਲਮਾਨੀ ਰੋਮਾਂਸ ਦੇ ਭੰਡਾਰ ਫੋਲੇ ਜਾਣ ਲੱਗੇ, ਭਾਰਤੀ ਕਹਾਣੀ ਕੋਸ਼ ਦਾ ਸਹਾਰਾ ਲਿਆ ਜਾਣ ਲੱਗਾ ਤੇ ਯਥਾਰਥਵਾਦੀ ਤੱਤ ਮਿਟਦਾ ਕਲਪਣਾ-ਉਡਾਰੀਆਂ ਦੀਆਂ ਆਕਾਸ਼ੀ ਉਚਿਆਈਆਂ ਵਿਚ ਅਦਿਖ ਹੋ ਗਿਆ।[41]

ਅਹਿਮਦਯਾਰ ਨੇ ਪੰਜਾਬੀ ਵਿਚ ਰੁਮਾਂਚਕ ਕਿੱਸੇ ਲਿਖ ਕੇ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿਚ ਬਹੁਤ ਵਾਧਾ ਕੀਤਾ ਹੈ। ਅਹਿਮਦਯਾਰ ਦੇ ਪ੍ਰਸਿਧ ਕਿੱਸੇ ਕਾਮਰੂਪ ਅਤੇ ਹਾਤਮ ਤਾਈ ਹਨ। ਇਹਨਾਂ ਕਿੱਸਿਆਂ ਵਿਚ ਰੁਮਾਂਚਕ ਅੰਸ਼ ਦੀ ਪ੍ਰਧਾਨਤਾ ਹੈ। '...ਕਾਮਰੂਪ ਤੇ ਕਾਮਲਤਾ ਵਿਚ ਸਭ ਕਿੱਸਿਆਂ ਨਾਲੋਂ ਸੁਹਜ, ਸੁੰਦਰਤਾ ਅਤੇ ਕਲਪਨਾ ਦੀ ਵਧੇਰੇ ਵਰਤੋਂ ਹੋਈ ਜਾਪਦੀ ਹੈ। '...ਉਹ ਜਿਥੇ ਸੰਗਲਾਦੀਪ ਦੀਆਂ ਪਦਮਣੀਆਂ ਦਾ ਅਤੇ ਇਸੇ ਤਰ੍ਹਾਂ ਹਾਤਮ ਤਾਈ ਵਿਚ ਵੱਧ ਤੋਂ ਵੱਧ ਸੁੰਦਰੀਆਂ ਦਾ ਵਰਣਨ ਕਰਦਾ ਹੈ। ਉਥੇ ਚੁੜੇਲਾਂ ਤੇ ਡਰਾਉਣੇ ਅਤੇ ਸਮੁੰਦਰੀ ਤੂਫ਼ਾਨ ਦੇ ਭਿਆਨਕ ਦ੍ਰਿਸ਼ ਨੂੰ ਵੀ ਸਫਲਤਾ ਨਾਲ ਚਿੱਤਰਦਾ ਹੈ।'[42]

ਅਮਾਮ ਬਖ਼ਸ਼ ਦਾ ਕਿੱਸਾ ਸ਼ਾਹ ਬਹਿਰਾਮ ਵੀ ਇਕ ਰੁਮਾਂਚਕ ਕਿੱਸਾ ਹੈ। ਉਸ ਦੀ ਵੱਡੀ ਸਿਫ਼ਤ ਇਹ ਹੈ ਕਿ ਉਸ ਨੇ ਸੰਖੇਪ ਸ਼ਬਦਾਂ ਵਿਚ ਵੱਡੀਆਂ ਸਮੱਸਿਆਵਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਣਨ ਕੀਤਾ ਹੈ। ਉਸ ਦੇ ਪਾਤਰ ਆਕਾਸ਼ੀ ਦੁਨੀਆ ਦੇ ਦਿਓ, ਪਰੀਆਂ ਸ਼ਹਿਜ਼ਾਦੀਆਂ ਆਦਿ ਹਨ। ਜਿਨ੍ਹਾਂ ਦਾ ਸਾਡੇ ਵਾਸਤਵਿਕ ਜੀਵਨ ਨਾਲ ਕੋਈ ਸੰਬੰਧ ਨਹੀਂ ਹੈ। ਉਹ ਅਨੋਖੇ ਕਰਾਮਾਤੀ ਪਾਤਰ ਹਨ ਜੋ ਕਦੇ ਘੋੜੇ, ਕਬੂਤਰ, ਕਬੂਤਰੀਆਂ ਬਣ ਜਾਂਦੇ ਹਨ।

ਮੁਹੰਮਦ ਬਖ਼ਸ਼ ਦਾ ਕਿੱਸਾ ਸੈਫੁਲ ਮਲੂਕ ਵੀ ਇਕ ਰੁਮਾਂਚਕ ਰਚਨਾ ਹੈ। ਇਹ ਕਿੱਸਾ ਪੰਜਾਬੀ ਵਿਚ ਲਿਖੇ ਰੁਮਾਂਚਕ ਕਿੱਸਿਆਂ ਵਿਚੋਂ ਸਭ ਤੋਂ ਵੱਡੇ ਆਕਾਰ ਦੀ ਰਚਨਾ ਹੈ। ਪੰਜਾਬੀ ਦੇ ਬਾਕੀ ਕਿੱਸਿਆਂ ਨਾਲੋਂ ਇਸ ਵਿਚ ਰੁਮਾਂਸ ਤੱਤ ਸਭ ਤੋਂ ਵਧੇਰੇ ਹੈ, ਅਤੇ ਰੁਮਾਂਚਕ ਦੁਨੀਆ ਦਾ ਅਨੋਖਾ ਚਿੱਤਰ ਮਿਲਦਾ ਹੈ। ਮੁਹੰਮਦ ਬਖ਼ਸ਼ ਨੇ ਸੁੰਦਰਤਾ ਦੇ ਬਿਆਨ ਚਿਤ੍ਰਣ ਉਤੇ ਆਪਣਾ ਪੂਰਾ ਜ਼ੋਰ ਲਾਇਆ ਹੈ। ਉਸ ਦੀ ਰੂਪਕ ਪ੍ਰਤਿਭਾ ਵਾਰਿਸ ਨਾਲੋਂ ਵੀ ਵੱਧ ਸਿਰਜਨਾਤਮਕ ਸਿੱਧ ਹੁੰਦੀ ਹੈ। ਹਾਸ਼ਮ ਵਰਗੇ ਕਵੀ ਤਾਂ ਦੋ-ਚਾਰ ਤੁਕਾਂ 'ਤੇ ਹੀ ਸੰਤੋਖ ਕਰ ਲੈਂਦੇ ਹਨ, ਵਾਰਿਸ ਇਕ-ਦੋ ਦਰਜਨ ਤੁਕਾਂ ਨਾਲ ਸੰਤੁਸ਼ਟ ਹੋ ਜਾਂਦਾ ਹੈ ਪਰ ਮੁਹੰਮਦ ਬਖ਼ਸ਼ ਦੀ ਤਸੱਲੀ ਸੈਂਕੜੇ ਤੁਕਾਂ ਲਿਖ ਕੇ ਵੀ ਨਹੀਂ ਹੁੰਦੀ।[43] ਨਿਰਸੰਦੇਹ ਮੁਹੰਮਦ ਬਖ਼ਸ਼ ਦੀ ਸ਼ੈਲੀ ਰੁਮਾਂਚਕ ਅੰਸ਼ ਉਪਜਾਉਣ ਵਿਚ ਸਭ ਤੋਂ ਵਧੀਆ ਹੈ।

ਇਸ ਕਾਲ ਦੇ ਰੁਮਾਂਚਕ ਕਿੱਸਿਆਂ ਦੇ ਸੰਖੇਪ ਸਰਵੇਖਣ ਤੋਂ ਇਹ ਗੱਲ ਭਲੀ-ਭਾਂਤ ਸਿੱਧ ਹੁੰਦੀ ਹੈ ਕਿ ਇਨ੍ਹਾਂ ਕਿੱਸਿਆਂ ਵਿਚ ਵਾਸਤਵਿਕ ਜੀਵਨ ਨਾਲ ਸੰਬੰਧਿਤ ਕੋਈ ਗੱਲ ਨਹੀਂ ਹੈ। ਇਹ ਸਿਰਫ਼ ਅਲਫ਼ ਲੈਲਾ ਦੀਆਂ ਕਹਾਣੀਆਂ ਸਨ। ਜੋ ਜਨ-ਸਾਧਾਰਨ ਲਈ ਨਹੀਂ ਲਿਖੀਆਂ ਗਈਆਂ ਸਗੋਂ ਜਾਗੀਰਦਾਰਾਂ ਅਤੇ ਨਵਾਬਾਂ ਦੇ ਦਿਲ-ਬਹਿਲਾਵੇ ਲਈ ਲਿਖੀਆਂ ਗਈਆਂ ਸਨ। ਨਾਇਕ, ਨਾਇਕਾ ਦੀ ਸੁੰਦਰਤਾ ਦਾ ਅਦਭੁਤ ਵਰਣਨ ਕਰ ਕੇ ਉਹਨਾਂ ਤੋਂ ਵਡੇ ਇਨਾਮ ਪ੍ਰਾਪਤ ਕਰਨਾ ਇਨ੍ਹਾਂ ਕਿੱਸਾਕਾਰਾਂ ਦਾ ਮੁਖ ਉਦੇਸ਼ ਪ੍ਰਤੀਤ ਹੁੰਦਾ ਹੈ। ਇਹਨਾਂ ਕਿੱਸਿਆਂ ਵਿਚ ਸਮਕਾਲੀ ਜੀਵਨ ਦਾ ਕਿਧਰੇ ਵੀ ਵਰਣਨ ਨਹੀਂ ਸੀ। ਇਹ ਹੀ ਕਾਰਣ ਹੈ ਕਿ ਆਮ ਲੋਕਾਂ ਵਿਚ ਵਧੇਰੇ ਪ੍ਰਚਲਿਤ ਅਤੇ ਪ੍ਰਸਿੱਧੀ ਹਾਸਲ ਨਹੀਂ ਕਰ ਸਕੇ।

(ੲ) ਸਦਾਚਾਰਕ ਕਿੱਸੇ :

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸਦਾਚਾਰਕ ਕਿੱਸੇ ਲਿਖੇ ਜਾਣੇ ਸ਼ੁਰੂ ਹੋ ਗਏ। ਇਸ ਤੋਂ ਪਹਿਲਾਂ ਇਸ਼ਕ ਦੇ ਕਿੱਸਿਆਂ ਦੀ ਪ੍ਰਧਾਨਤਾ ਸੀ। ਸਦਾਚਾਰਕ ਕਿੱਸਿਆਂ ਦਾ ਮੁੱਖ ਉਦੇਸ਼ ਸਦਾਚਾਰਕ ਨਿਯਮਾਂ ਦਾ ਪ੍ਰਚਾਰ ਕਰਨਾ ਸੀ। ਗੁਰਚਰਨ ਸਿੰਘ ਅਨੁਸਾਰ, 'ਇਹ ਕਿੱਸੇ ਸਮੇਂ ਦੀਆਂ ਪਰਚੱਲਤ ਸਦਾਚਾਰੀ ਕੀਮਤਾਂ ਨੂੰ ਦਰਿੜ੍ਹ ਕਰਨ ਲਈ ਲਿਖੇ ਗਏ ਹਨ, ਭਾਵੇਂ ਇਨ੍ਹਾਂ ਵਿਚ ਪਰਾਸਰੀਰਕ ਤੇ ਰੋਮਾਂਸੀ ਤੱਤ ਕਾਫ਼ੀ ਮੌਜੂਦ ਹਨ। ਇਨ੍ਹਾਂ ਕਿੱਸਿਆਂ ਦੀ ਸਮਾਜਕ ਸਾਰਥਕਤਾ ਬਾਰੇ ਸੰਦੇਹ ਨਹੀਂ ਕੀਤਾ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹਨਾਂ ਕਿੱਸਿਆਂ ਦੇ ਪੈਰ ਧਰਤੀ ਤੋਂ ਪੂਰਨ ਭਾਂਤ ਉਖੜੇ ਨਹੀਂ ਅਤੇ ਪਾਤਰ ਉਸਾਰੀ ਵਿਚ ਯਥਾਰਥ ਦਾ ਮੁਕੰਮਲ ਤਿਆਗ ਵੀ ਨਹੀਂ ਹੈ। ਕਾਫ਼ੀ ਹੱਦ ਤਕ ਵਿਆਪਕ ਸਮਾਜਕ ਸਚਾਈਆਂ ਨੂੰ ਮੁੱਖ ਰੱਖ ਕੇ, ਕਥਾਨਕ ਨੂੰ ਨਿਭਾਇਆ ਹੈ।'[44]

ਇਸ ਕਾਲ ਵਿਚ ਪੂਰਨ ਭਗਤ, ਰਾਜਾ ਰਸਾਲੂ, ਰਾਜਾ ਭਰਥਰੀ ਆਦਿ ਸਦਾਚਾਰਕ ਕਿੱਸੇ ਲਿਖੇ ਗਏ ਹਨ। ਪੂਰਨ ਭਗਤ ਸਭ ਤੋਂ ਪਹਿਲਾ ਕਿੱਸਾ ਕਾਦਰਯਾਰ ਨੇ ਲਿਖਿਆ ਹੈ। ਪੂਰਨ ਭਗਤ ਦੀ ਕਹਾਣੀ ਪੰਜਾਬੀ ਲੋਕਾਂ ਦੀ ਸਭ ਤੋਂ ਪ੍ਰਿਯ ਕਹਾਣੀ ਹੈ। ਕਾਦਰਯਾਰ ਨੇ ਪੂਰਨ ਭਗਤ ਦੇ ਕਿੱਸੇ ਵਿਚ ਫ਼ਾਰਸੀ ਦੀ ਘਟ ਵਰਤੋਂ ਕੀਤੀ ਅਤੇ ਠੇਠ ਪੰਜਾਬੀ ਵਿਚ ਕਿੱਸਾ ਲਿਖਣ ਦਾ ਰਿਵਾਜ ਪਾਇਆ। ਸੰਤ ਸਿੰਘ ਸੇਖੋਂ ਅਨੁਸਾਰ, 'ਪੂਰਨ ਭਗਤ ਜਿਥੇ ਕਿੱਸੇ ਦੇ ਤੌਰ 'ਤੇ ਕਾਦਰਯਾਰ ਨੇ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਲਿਆਂਦਾ ਹੈ, ਉਥੇ ਇਹ ਇਸ਼ਕ ਦਾ ਵੀ ਉਹ ਪੱਖ ਦਰਸਾਉਂਦਾ ਹੈ ਜੋ ਇਕ ਹਿੰਦੁਸਤਾਨੀ ਨੂੰ ਵਧੇਰੇ ਪਸੰਦ ਹੈ, ਅਰਥਾਤ ਇਸ ਦੀ ਗੁਨਾਹਗਾਰੀ, ਤੇ ਪੂਰਨ ਭਗਤ ਇਤਨਾ ਆਮ ਪਸੰਦ ਹੋਣ ਦਾ ਕਾਰਣ ਵੀ ਸ਼ਾਇਦ ਇਹੋ ਹੀ ਹੈ'।[45] ਕਾਦਰਯਾਰ ਨੇ ਮਨੁੱਖੀ ਹਾਵਾਂ ਭਾਵਾਂ ਨੂੰ ਬੜੀ ਰੀਝ ਨਾਲ ਬਿਆਨ ਕੀਤਾ ਹੈ ਅਤੇ ਸਦਾਚਾਰਕ ਉਪਦੇਸ਼ ਕੀਤਾ ਹੈ।

ਕਿਸ਼ਨ ਸਿੰਘ ਆਰਿਫ਼ ਰਚਿਤ ਪੂਰਨ ਭਗਤ ਵਿਚ ਵੀ ਕੁਝ ਮੌਲਿਕ ਅਤੇ ਨਵੇਕਲੇ ਗੁਣ ਹਨ ਜਿਨ੍ਹਾਂ ਨੇ ਇਸ ਦੀ ਪ੍ਰਸਿਧੀ ਵਿਚ ਵਾਧਾ ਕੀਤਾ ਹੈ। ਆਰਿਫ਼ ਨੇ ਇਸ ਕਿੱਸੇ ਵਿਚ ਇਸ਼ਕ ਮਜਾਜ਼ੀ ਦੀ ਥਾਂ ਇਸ਼ਕ ਹਕੀਕੀ, ਮੋਹ ਦੀ ਥਾਂ 'ਤੇ ਵੈਰਾਗ ਅਤੇ ਵਿਲਾਸਤਾ ਦੀ ਥਾਂ 'ਤੇ ਸੰਜਮ ਨੂੰ ਪ੍ਰਚਾਰਨ ਦਾ ਯਤਨ ਕੀਤਾ ਹੈ। ਪੂਰਨ ਭਗਤ ਬਾਰੇ ਕਈ ਕਰਾਮਾਤੀ ਸਾਖੀਆਂ ਪ੍ਰਚਲਿਤ ਸਨ, ਪਰ ਉਹ ਇਨ੍ਹਾਂ ਨੂੰ ਆਪਣੀ ਵਿਗਿਆਨਕ ਸੋਝੀ ਰਾਹੀਂ ਬਿਆਨ ਕਰਦਾ ਹੈ।

ਰਾਜਾ ਰਸਾਲੂ ਦਾ ਪਹਿਲਾ ਕਿੱਸਾ ਕਾਦਰਯਾਰ ਨੇ ਲਿਖਿਆ। ਉਸ ਤੋਂ ਪਿਛੋਂ ਕਿਸ਼ਨ ਸਿੰਘ ਆਰਿਫ਼ ਨੇ ਇਹ ਕਿੱਸਾ ਲਿਖਿਆ। ਆਰਿਫ਼ ਨੇ ਰਸਾਲੂ ਨੂੰ ਬਹਾਦਰ ਅਤੇ ਰਾਣੀ ਨੂੰ ਵਿਭਚਾਰੀ ਔਰਤ ਦੱਸਿਆ ਹੈ।

ਕਿਸ਼ਨ ਸਿੰਘ ਆਰਿਫ਼ ਨੇ ਭਰਥਰੀ ਹਰੀ ਦਾ ਸਦਾਚਾਰਕ ਕਿੱਸਾ ਸਭ ਤੋਂ ਪਹਿਲਾਂ ਲਿਖਿਆ ਹੈ। ਇਸ ਵਿਚ ਵੀ ਇਸਤ੍ਰੀ-ਨਿੰਦਾ ਕੀਤੀ ਹੈ। ਆਰਿਫ਼ ਨੇ ਮਜਾਜ਼ੀ ਪਿਆਰ ਨੂੰ ਨਿੰਦਿਆ ਹੈ ਅਤੇ ਇਸ਼ਕ ਹਕੀਕੀ ਦੀ ਵਡਿਆਈ ਕੀਤੀ ਹੈ। ਇਸ ਕਿੱਸੇ ਵਿਚ ਆਰਿਫ਼ ਨੇ ਕਈ ਛੰਦ ਵਰਤੇ ਹਨ ਜਿਵੇਂ ਕੁੰਡਲੀਏ, ਅਸ਼ਟਪਦੀਆਂ, ਝੂਲਣਾ, ਦੋਹਰਾ, ਸਵਯਿਆ, ਡਿਉਢ ਤੇ ਕਬਿੱਤ ਆਦਿ।

19ਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬੀ ਕਿੱਸਾ ਕਾਵਿ ਦੇ ਵਿਸ਼ੇ ਵਸਤੂ ਵਿਚ ਤਬਦੀਲੀ ਆਉਂਦੀ ਹੈ। ਇਸ਼ਕ ਮਜਾਜ਼ੀ ਦੇ ਨਾਲ ਨਾਲ ਸਦਾਚਾਰਕ ਕਿੱਸੇ ਵੀ ਲਿਖਣੇ ਸ਼ੁਰੂ ਹੋ ਗਏ। ਸਾਮੀ ਕਹਾਣੀਆਂ ਦੀ ਥਾਂ ਨਿਰੋਲ ਭਾਰਤੀ ਕਥਾ-ਕਾਵਿ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾਣੀਆਂ ਲਿਖਣ ਦਾ ਰਿਵਾਜ ਆਰੰਭ ਹੁੰਦਾ ਹੈ। ਇਨ੍ਹਾਂ ਸਦਾਚਾਰਕ ਕਿੱਸਿਆਂ ਦਾ ਮੂਲ ਉਦੇਸ਼ ਸਦਾਚਾਰਕ ਉਪਦੇਸ਼ ਰਾਹੀਂ ਲੋਕਾਂ ਵਿਚ ਸਦਾਚਾਰੀ ਕੀਮਤਾਂ ਨੂੰ ਕਾਇਮ ਕਰਨਾ ਸੀ।

(ਸ) ਬੀਰ ਰਸੀ ਕਿੱਸੇ :

ਬੀਰ ਰਸੀ ਕਿੱਸਿਆਂ ਦਾ ਆਰੰਭ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਹੋਇਆ ਹੈ। ਪੰਜਾਬ ਵਿਚ ਭਾਵੇਂ ਅੰਗਰੇਜ਼ੀ ਰਾਜ ਕਾਰਣ ਲੋਕੀਂ ਸਾਹ-ਸਤ ਹੀਨ ਹੋ ਚੁਕੇ ਸਨ ਪਰ ਲੋਕ ਕਵੀ ਫਿਰ ਵੀ ਕਿਧਰੇ ਨਾ ਕਿਧਰੇ ਬੀਰ ਰਸੀ ਰਚਨਾਵਾਂ ਕਰਦੇ ਅਤੇ ਲੋਕਾਂ ਵਿਚ ਨਵਾਂ ਜੋਸ਼ ਤੇ ਜ਼ਿੰਦਗੀ ਭਰਨ ਦੇ ਉਪਰਾਲੇ ਕਰਦੇ ਸਨ।

ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਅਤੇ ਫ਼ਰੰਗੀਆਂ' ਦਾ ਕਿੱਸਾ ਰਚ ਕੇ ਪੰਜਾਬੀਆਂ ਦੀ ਸੁੱਤੀ ਹੋਈ ਅਣਖ ਨੂੰ ਵੰਗਾਰਿਆ ਹੈ। 'ਜੰਗ ਸਿੰਘਾਂ ਅਤੇ ਫ਼ਰੰਗੀਆਂ' ਨੂੰ ਭਾਵੇਂ ਬਹੁਤ ਸਾਰੇ ਆਲੋਚਕਾਂ ਨੇ ਵਾਰ ਆਖਿਆ ਹੈ। ਪਰ ਕੁਝ ਵਿਦਵਾਨਾਂ ਨੇ ਇਸ ਨੂੰ ਬੀਰ ਰਸੀ ਕਿੱਸਾ ਪ੍ਰਵਾਨ ਕੀਤਾ ਹੈ :

> ਇਸ ਦਾ ਅਸਲ ਸੁਆਦ ਤੇ ਰਸ ਇਸ ਦੇ ਵਰਨਣ ਜਾਂ ਬਿਆਨ ਦੀ ਮਨੋਰੰਜਕਤਾ ਵਿਚ ਹੈ ਜਿਸ ਨੇ ਇਸ ਵਾਰਤਾ ਨੂੰ ਇਕ ਗਲਪ ਰਚਨਾ ਜਾਂ ਕਿੱਸਾ ਬਣਾ ਦਿੱਤਾ ਹੈ। ਜਿਸ ਦੇ ਬਿਆਨ ਵਿਚੋਂ ਕੋਈ ਉੱਚਾ ਰਸ ਪਰਗਟੇ, ਉਹ ਸਾਹਿਤ ਰਚਨਾ ਅਵੱਸ਼ ਕੋਈ ਮਹਾਨ ਰਚਨਾ ਹੈ, ਭਾਵੇਂ ਉਸ ਦਾ ਨਾਂ ਕੋਈ ਰੱਖ ਦਿਤਾ ਜਾਵੇ।[46]

ਸੰਤ ਸਿੰਘ ਸੇਖੋਂ ਅਨੁਸਾਰ, 'ਇਹ ਨਿਰਸੰਦੇਹ ਪੰਜਾਬ ਦੀ ਆਨ-ਸ਼ਾਨ, ਜ਼ਿੰਦਗੀ ਤੇ ਸੂਰਬੀਰਤਾ ਦਾ ਇਕ ਦਰਦ ਭਰਿਆ ਗੀਤ ਹੈ, ਜਿਸ ਨੂੰ ਜਿਉਂ ਜਿਉਂ ਪੰਜਾਬ ਵਧੇ ਫੁੱਲੇਗਾ, ਗਾਵੇਗਾ'।[47]

ਭਗਵਾਨ ਸਿੰਘ ਦਾ 'ਜੀਊਣਾ ਮੌੜ' ਇਕ ਬੀਰ ਰਸੀ ਕਿੱਸਾ ਹੈ। ਜੀਊਣਾਂ ਉਸ ਸਮੇਂ ਦਾ ਇਕ ਡਾਕੂ ਸੀ, ਜੋ ਅਮੀਰਾਂ ਤੋਂ ਧਨ ਖੋਹ ਕੇ ਗ਼ਰੀਬਾਂ ਨੂੰ ਵੰਡ ਦੇਂਦਾ ਸੀ। ਭਗਵਾਨ ਸਿੰਘ ਨੇ 'ਜਿਊਣੇ ਮੌੜ' ਦੇ ਕਿੱਸੇ ਵਿਚ ਸਭ ਤੋਂ ਵਧ ਛੰਦਾਂ ਦੀ ਵਰਤੋਂ ਕੀਤੀ ਹੈ ਪਰ ਫਿਰ ਵੀ ਕਾਵਿ-ਕਲਾ ਦੇ ਪੱਖੋਂ ਇਹ ਕਿਰਤ ਕੋਈ ਮਹਾਨ ਸਾਹਿਤਕ ਰਚਨਾ ਨਹੀਂ ਹੈ।

ਕਿਸ਼ਨ ਸਿੰਘ ਆਰਿਫ਼ ਨੇ ਸਭ ਤੋਂ ਪਹਿਲਾਂ ਦੁੱਲਾ ਭੱਟੀ ਦਾ ਕਿੱਸਾ ਲਿਖਿਆ ਹੈ। ਦੁੱਲਾ ਭੱਟੀ ਦੀ ਘਟਨਾ ਭਾਵੇਂ ਅਕਬਰ ਦੇ ਸਮੇਂ ਦੀ ਹੈ ਪਰ ਇਹ ਲੋਕ-ਗਾਥਾ ਬਣ ਕੇ ਪ੍ਰਚਲਿਤ ਸੀ। ਇਸ ਨੂੰ ਬੀਰ ਰਸੀ ਕਿੱਸੇ ਦੇ ਰੂਪ ਵਿਚ ਰਚਣ ਦਾ ਮਾਣ ਕ੍ਰਿਸ਼ਨ ਸਿੰਘ ਆਰਿਫ਼ ਨੂੰ ਪ੍ਰਾਪਤ ਹੋਇਆ ਹੈ। ਆਰਿਫ਼ ਨੇ ਇਸ ਦਾ ਅੰਤ ਦੁਖਾਂਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਹੈ। ਕਿੱਸਾਕਾਰ ਨੇ ਬਹੁਤ ਸਾਰੀਆਂ ਘਟਨਾਵਾਂ ਕੋਲੋਂ ਜੋੜ ਕੇ ਹਾਸ-ਰਸ ਵੀ ਪੈਦਾ ਕੀਤਾ ਹੈ। ਆਰਿਫ਼ ਨੇ ਦੁੱਲੇ ਨੂੰ ਬੀਰ ਨਾਇਕ ਅਤੇ ਲੋਕਾਂ ਦੀ ਸੇਵਾ ਕਰਨ ਵਾਲਾ ਨਾਇਕ ਸਾਬਤ ਕੀਤਾ ਹੈ।

3. ਪੰਜਾਬੀ ਕਿੱਸਾ-ਕਾਵਿ ਦੀ ਵਿਲੱਖਣਤਾ

ਇਸ ਕਾਲ ਦੇ ਕਿੱਸਾ-ਕਾਵਿ ਦਾ ਸਰਵੇਖਣ ਕਰਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੰਜਾਬੀ ਕਿੱਸਾ-ਕਾਵਿ ਦਾ ਆਰੰਭ ਦਮੋਦਰ ਦੀ ਹੀਰ ਤੋਂ ਹੋ ਕੇ ਵਾਰਿਸ ਦੀ ਹੀਰ ਨਾਲ ਸਿਖਰ 'ਤੇ ਪਹੁੰਚ ਜਾਂਦਾ ਹੈ ਅਤੇ ਫ਼ਜ਼ਲ ਸ਼ਾਹ ਦੀ ਸੋਹਣੀ ਤੋਂ ਬਾਅਦ ਇਹ ਹੇਠਾਂ ਨੂੰ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਕਾਲ ਵਿਚ ਸਭ ਤੋਂ ਵਧ ਇਸ਼ਕੀਆ ਕਿੱਸੇ ਲਿਖੇ ਗਏ ਅਤੇ ਉਨ੍ਹਾਂ ਵਿਚੋਂ ਵੀ ਸਭ ਤੋਂ ਵਧ ਹੀਰ ਰਾਂਝੇ ਦੇ ਕਿੱਸੇ ਲਿਖੇ ਗਏ। ਕਿੱਸਾ-ਕਾਵਿ ਲਈ ਬੈਂਤ ਛੰਦ ਲੋਕਾਂ ਵਿਚ ਵਧੇਰੇ ਹਰਮਨ ਪਿਆਰਾ ਹੋਇਆ। ਪੰਜਾਬੀ ਵਿਚ ਦਮੋਦਰ, ਪੀਲੂ, ਵਾਰਿਸ, ਕਾਦਰਯਾਰ, ਹਾਸ਼ਿਮ ਤੇ ਫ਼ਜ਼ਲ ਸ਼ਾਹ ਵਰਗੇ ਕਿੱਸਾਕਾਰ ਮੁੜ ਪੈਦਾ ਨਾ ਹੋ ਸਕੇ।

ਇਸ ਕਾਲ ਦੇ ਕਿੱਸਾ-ਕਾਵਿ ਦੇ ਆਪਣੇ ਸਿੱਖਰ 'ਤੇ ਪਹੁੰਚਣ ਦੇ ਸਾਹਿਤਕ, ਸਮਾਜਕ, ਇਤਿਹਾਸਕ ਅਤੇ ਸਭਿਆਚਾਰਕ ਕਾਰਨ ਸਨ। ਕਿਸੇ ਵੀ ਸਾਹਿਤਕ ਰੂਪ ਦੇ ਸਿੱਖਰ ਅਤੇ ਅਧੋਗਤੀ ਦੇ ਕਾਰਣ ਮੁੱਖ ਤੌਰ 'ਤੇ ਸਾਹਿਤਕ ਅਤੇ ਇਤਿਹਾਸਕ ਹੁੰਦੇ ਹਨ। ਕਿੱਸਿਆਂ ਤੋਂ ਪੂਰਵ ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਵਧੇਰੇ ਅਧਿਆਤਮਕਵਾਦੀ ਸੀ। ਹਰਿਭਜਨ ਸਿੰਘ ਅਨੁਸਾਰ :

> ਕਿੱਸਾ-ਕਾਵਿ ਅਤੇ ਗੁਰਬਾਣੀ ਦਾ ਮੂਲ ਵਿਧਾਨ ਇਕ ਦੂਜੇ ਤੋਂ ਵੱਖਰਾ ਹੈ। ਇਹ ਭੈ ਤੋਂ ਪਿਆਰ ਵਲ, ਅਧੀਨਗੀ ਤੋਂ ਆਨੰਦ ਵਲ ਦੀ ਯਾਤ੍ਰਾ ਹੈ। ਜਿਥੇ ਧਾਰਮਿਕ-ਮੁਲ ਵਰਤਮਾਨ ਦੀ ਨਿਖੇਧ ਅਤੇ ਭਵਿਖ ਦਾ ਵਾਅਦਾ ਪੇਸ਼ ਕਰਦਾ ਹੈ, ਉਥੇ ਕਿੱਸਾ-ਮੁਲ ਵਰਤਮਾਨ ਦੇ ਭੋਗ ਜਾਂ ਆਨੰਦ ਉਪਰ ਜ਼ੋਰ ਦਿੰਦਾ ਹੈ।[48]

ਪੰਜਾਬੀ ਕਵਿਤਾ ਨੂੰ ਧਰਤੀ ਦੀ ਛੋਹ ਪ੍ਰਾਪਤ ਹੋਈ। ਮਨੁੱਖ ਦੀਆਂ ਸਮੱਸਿਆਵਾਂ ਨੂੰ ਕਾਵਿ ਵਿਚ ਪ੍ਰਸਤੁਤ ਕੀਤਾ ਜਾਣਾ ਸ਼ੁਰੂ ਹੋਇਆ। ਇਨ੍ਹਾਂ ਕਿੱਸਿਆਂ ਵਿਚ ਪਰਮਾਤਮਾ ਦੀ ਸਿਫ਼ਤ ਦੀ ਥਾਂ ਮਨੁੱਖ ਦੇ ਦੁੱਖਾਂ, ਤਕਲੀਫ਼ਾਂ, ਦਰਦਾਂ ਦਾ ਬਿਆਨ ਕੀਤਾ ਗਿਆ। ਸਾਹਿਤ ਵਿਚ ਯਥਾਰਥਕ ਸੂਝ ਦਾ ਕੁਝ ਵਾਧਾ ਹੋਇਆ ਅਤੇ ਆਦਰਸ਼ਕ ਤੇ ਅਧਿਆਤਮਕ ਰੋਗ ਕੁਝ ਘਟਣ ਲੱਗਾ।

ਸਾਹਿਤ ਵਿਚ ਪਹਿਲੀ ਵਾਰ ਅੰਤਰ-ਜਾਤੀ ਘੋਲ ਚਿਤ੍ਰਿਤ ਕੀਤਾ ਜਾਣਾ ਸ਼ੁਰੂ ਹੋਇਆ। 'ਮੱਧਕਾਲ ਦੀਆਂ ਪ੍ਰੀਤ ਕਹਾਣੀਆਂ ਉਸ ਸਮੇਂ ਦੇ ਕਬੀਲਈ ਵਿਰੋਧਾਂ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਮਾਤੀ ਟੱਕਰ ਦੇ ਰੁਮਾਂਟਿਕ ਪੱਖ ਨੂੰ ਰੂਪਮਾਨ ਕਰਦੀਆਂ ਹਨ। ਇਕ ਕਬੀਲੇ ਦੀ ਕੁੜੀ ਦਾ ਪਿਆਰ ਸੰਬੰਧ ਵਿਰੋਧੀ ਕਬੀਲੇ ਦੇ ਗਭਰੂ ਨਾਲ ਹੋ ਜਾਂਦਾ ਹੈ। ਕਬੀਲਈ ਵਿਰੋਧ ਦੋਹਾਂ ਦਾ ਰਾਹ ਰੋਕ ਖੜੋਂਦਾ ਹੈ ਅਤੇ ਪ੍ਰੀਤ-ਨਾਟਕ ਦੁਖਾਂਤ ਵਿਚ ਸਮਾਪਤ ਹੋ ਜਾਂਦਾ ਹੈ। ਕਈ ਕਹਾਣੀਆਂ ਪਿਛਲੇਰੇ ਮੱਧਕਾਲ ਵਿਚ ਪੱਕੀ ਤਰ੍ਹਾਂ ਕਾਇਮ ਹੋ ਚੁੱਕੇ ਜਾਗੀਰਦਾਰੀ ਸਮਾਜਕ ਰਿਸ਼ਤਿਆਂ ਅਤੇ ਜਮਾਤੀ ਸੰਘਰਸ਼ ਦਾ ਪ੍ਰਤੀਬਿੰਬ ਹਨ'।[49] ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਆਦਿ ਜਮਾਤੀ ਸੰਘਰਸ਼ ਦੀਆਂ ਕਹਾਣੀਆਂ ਹਨ। ਹੀਰ ਰਾਜਪੂਤ ਸਰਦਾਰ ਦੀ ਧੀ ਹੈ ਅਤੇ ਰਾਂਝਾ ਚਾਕ ਜੱਟ ਹੈ। ਰਾਜਪੂਤ ਆਪਣੇ ਆਪ ਨੂੰ ਜੱਟਾਂ ਤੋਂ ਉੱਚੇ ਸਮਝਦੇ ਹਨ। ਉਹ ਰਾਂਝਿਆਂ ਨਾਲ ਸਾਕ ਕਰਨ ਵਿਚ ਆਪਣੀ ਹੇਠੀ ਸਮਝਦੇ ਹਨ। ਸੱਸੀ ਧੋਬਣ ਹੈ ਅਤੇ ਪੁੰਨੂੰ ਸ਼ਹਿਜ਼ਾਦਾ ਹੈ। ਸੋਹਣੀ ਘੁਮਿਆਰਾਂ ਦੀ ਧੀ ਹੈ ਅਤੇ ਮਹੀਂਵਾਲ ਉਚੇਰੇ ਖ਼ਾਨਦਾਨ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਕਿੱਸਿਆਂ ਵਿਚ ਪਹਿਲੀ ਵਾਰ ਅੰਤਰ-ਜਾਤੀ ਘੋਲ ਨੂੰ ਸਾਹਿਤਕ ਰੂਪ ਵਿਚ ਪੇਸ਼ ਕੀਤਾ ਗਿਆ।

ਇਸ ਅੰਤਰ-ਜਾਤੀ ਘੋਲ ਦੇ ਸਾਹਿਤ ਵਿਚ ਪ੍ਰਵੇਸ਼ ਨਾਲ ਹੀ ਕਿੱਸਿਆਂ ਵਿਚ ਦੁਖਾਂਤ ਤੱਤ ਆਇਆ। ਭਾਰਤੀ ਸਾਹਿਤ ਵਿਚ ਦੁਖਾਂਤ ਦਾ ਅਭਾਵ ਸੀ। ਦਮੋਦਰ ਦੀ ਹੀਰ ਦੁਖ-ਸੁਖਾਂਤ ਹੈ। ਪੰਜਾਬੀ ਸਾਹਿਤ ਵਿਚ ਪੀਲੂ ਦਾ ਮਿਰਜ਼ਾ ਸਾਹਿਬਾਂ ਪਹਿਲੀ ਦੁਖਾਂਤਕ ਰਚਨਾ ਹੈ। ਮਨੁੱਖ ਤੇ ਹੋਣੀ ਦੀ ਟੱਕਰ ਸਭ ਤੋਂ ਪਹਿਲਾਂ ਇਨ੍ਹਾਂ ਕਿੱਸਿਆਂ ਵਿਚ ਪੇਸ਼ ਹੋਈ। ਮੁਸਲਿਮ ਸਭਿਆਚਾਰ ਦੇ ਪ੍ਰਭਾਵ ਨਾਲ ਨਵੀਂ ਚੇਤਨਾ ਆਈ। ਪੰਜਾਬੀ ਹਿੰਦੂਆਂ ਤੋਂ ਮੁਸਲਮਾਨ ਹੋਈ ਵਸੋਂ ਦਾ ਸੰਬੰਧ, ਨਵੀ ਇਸਲਾਮੀ ਸੰਸਕ੍ਰਿਤੀ ਨਾਲ ਜੁੜ ਜਾਣ ਕਰਕੇ ਹਿੰਦੂਆਂ ਦੀ ਉਸ ਵੇਲੇ ਦੀ ਬ੍ਰਿਜ ਭਾਸ਼ਾ ਨਾਲੋਂ ਵੀ ਟੁੱਟ ਚੁੱਕਾ ਸੀ, ਜਾਂ ਇਹ ਕਹੋ ਕਿ ਜੁੜਿਆ ਹੀ ਨਹੀਂ ਸੀ। ਇਸ ਲਈ ਪੰਜਾਬੀ ਮੁਸਲਮਾਨਾਂ, ਮੁਸਲਮਾਨ ਹਾਕਮਾਂ ਤੇ ਜਾਗੀਰਦਾਰ-ਸ਼੍ਰੇਣੀਆਂ ਲਈ ਜੇ ਕੋਈ ਜ਼ਬਾਨ ਸਾਹਿਤਕ ਮਾਧਿਅਮ ਬਣ ਸਕਦੀ ਸੀ ਤਾਂ ਉਹ ਪੰਜਾਬੀ ਸੀ। ...ਸੰਸਕ੍ਰਿਤ ਜਾਂ ਪੰਜਾਬੀ ਦੀ ਪਿੱਠ-ਭੂਮੀ ਨਾਲੋਂ ਪੂਰਨ ਭਾਂਤ ਕਟ ਜਾਣ ਕਰਕੇ ਪੰਜਾਬੀ ਦੇ ਇਸ ਦੌਰ ਦੇ ਕਵੀਆਂ ਨੇ ਜਿਥੇ ਇਕ ਧਿਰ ਫ਼ਾਰਸੀ ਸ਼ਬਦਾਵਲੀ ਤੇ ਆਲੰਕਾਰਾਂ ਨੂੰ ਬੜੇ ਉਤਸ਼ਾਹ ਨਾਲ ਅਪਣਾਉਣਾ ਸ਼ੁਰੂ ਕੀਤਾ, ਉਧਰ ਦੂਜੇ ਪਾਸੇ ਉਨ੍ਹਾਂ ਦਾ ਠੇਠ ਵਾਰਤਾਲਾਪੀ ਬੋਲ-ਚਾਲ ਦੀ ਪੰਜਾਬੀ ਉਤੇ ਆਸਰਾ ਤੇ ਟੇਕ ਵੀ ਤਕਰੀਬਨ ਤਕਰੀਬਨ ਮੁਕੰਮਲ ਹੋ ਗਈ। ਉਹ ਭਾਰਤ ਦੀ ਤੇ ਪੰਜਾਬ ਦੀ ਪੁਰਾਣੀ ਸਾਹਿਤਕ ਪਰੰਪਰਾ ਨਾਲ ਜੁੜੇ ਨਾ ਰਹਿ ਸਕੇ, ਇਸ ਲਈ ਉਨ੍ਹਾਂ ਦੀ ਸ਼ਬਦਾਵਲੀ ਤੇ ਛੰਦ ਵਿਉਹਾਰ ਦਾ ਗੁਰਬਾਣੀ ਕਾਵਿ ਸਾਹਿਤ ਦੇ ਰੂਪਕ ਪੱਖ ਨਾਲੋਂ ਪੂਰਨ ਭਾਂਤ ਨਖੇੜ ਹੋ ਗਿਆ, ਅਤੇ ਸਮੇਂ ਦੀ ਤੋਰ ਦੇ ਨਾਲ ਨਾਲ ਤੇ ਇਸ ਕਰੁਚੀ ਨੂੰ ਰੋਕ-ਪਾਊ ਹਾਲਾਤ ਦੀ ਅਣਹੋਂਦ ਕਾਰਣ ਇਹ ਪ੍ਰਵਿਰਤੀ ਪ੍ਰਤੱਖ ਹੁੰਦੀ ਗਈ। ਪਰ ਦੂਜੇ ਪਾਸੇ ਲੋਕਾਂ ਦੀ ਸਾਧਾਰਨ, ਸਰਲ ਠੇਠ ਪੰਜਾਬੀ ਬੋਲ-ਚਾਲ ਨੂੰ ਜਿੰਨਾਂ ਇਨ੍ਹਾਂ ਕਿੱਸਾਕਾਰਾਂ ਨੇ ਆਪਣੀ ਕਵਿਤਾ ਵਿਚ ਸਾਂਭਿਆ ਹੈ, ਹੋਰ ਕਿਧਰੇ ਨਹੀਂ ਸਾਂਭਿਆ ਗਿਆ। ...ਇਸ ਤਰ੍ਹਾਂ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿੱਸਾ-ਕਾਵਿ ਇਕ ਅੱਡਰੀ ਕਾਵਿ-ਧਾਰਾ ਦੇ ਰੂਪ ਵਿਚ ਨਿਖਰਿਆ ਜੋ ਸੰਸਕ੍ਰਿਤ ਪਰੰਪਰਾ ਨਾਲੋਂ ਟੁੱਟ ਚੁਕੇ ਤੇ ਫ਼ਾਰਸੀ ਪਰੰਪਰਾ ਨਾਲ ਜੁੜ ਰਹੇ, ਮੁਸਲਮਾਨ ਪੰਜਾਬੀ ਕਵੀਆਂ ਦੀ ਦੇਣ ਸੀ।'[50]

ਪੰਜਾਬੀ ਕਿੱਸਾ-ਕਾਵਿ ਜਾਗੀਰਦਾਰੀ ਪ੍ਰਬੰਧ ਦੀ ਪੈਦਾਵਾਰ ਸੀ। ਜਾਗੀਰਦਾਰੀ ਨਿਜ਼ਾਮ ਨੇ ਪੰਜਾਬੀ ਕਿੱਸਾਕਾਰੀ ਦੇ ਪ੍ਰਫੁਲਿਤ ਹੋਣ ਵਿਚ ਆਪਣਾ ਵੱਡਾ ਯੋਗਦਾਨ ਦਿਤਾ। ਆਰਥਿਕ ਤੇ ਸਮਾਜਕ ਰਿਸ਼ਤਿਆਂ ਵਿਚ ਆਏ ਪਰਿਵਰਤਨ ਅਤੇ ਅਮੀਰ ਸਭਿਆਚਾਰ ਨਾਲ ਪਿਆ ਵਾਹ, ਸਾਹਿਤ ਦੇ ਖੇਤਰ ਵਿਚ ਵੀ ਹਲਚਲ ਮਚਾ ਦੇਂਦਾ ਹੈ। ਨਵੇਂ ਅਨੁਭਵ ਨੂੰ ਪ੍ਰਗਟਾਉਣ ਲਈ ਨਵੇਂ ਰੂਪਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਨਵੇਂ ਪ੍ਰਯੋਗ ਹੁੰਦੇ ਹਨ, ਨਵੇਂ ਰੂਪ ਜਨਮ ਲੈਂਦੇ ਹਨ ਅਤੇ ਕਈ ਨਵੀਆਂ ਪਰੰਪਰਾਵਾਂ ਬਣਦੀਆਂ ਹਨ। ਇਸਲਾਮ ਦੀਆਂ ਫ਼ੌਜੀ ਜਿੱਤਾਂ ਨੇ ਇਥੋਂ ਦੇ ਆਰਥਿਕ ਅਤੇ ਸਮਾਜਕ ਜੀਵਨ ਵਿਚ ਕਾਫ਼ੀ ਪਰਿਵਰਤਨ ਲਿਆਂਦਾ। ਨਵੇਂ ਆਰਥਿਕ ਅਤੇ ਸਿਆਸੀ ਪ੍ਰਬੰਧ ਨੇ ਸਾਡੇ ਸਭਿਆਚਾਰ, ਸਾਹਿਤ ਕਲਾ ਅਤੇ ਚਿੰਤਨ ਨੂੰ ਪ੍ਰਭਾਵਿਤ ਕੀਤਾ। ਪੰਜਾਬੀ ਕਿੱਸਾ-ਕਾਵਿ ਵੀ ਏਸੇ ਪ੍ਰਭਾਵ ਦੀ ਉਪਜ ਸੀ।

ਜਾਗੀਰਦਾਰੀ ਸੰਸਥਾ ਦਾ ਮੁੱਢ ਰਾਜਾ ਹਰਸ਼ ਵਰਧਨ ਦੇ ਸਮੇਂ ਤੋਂ ਹੀ ਬੱਝ ਚੁੱਕਾ ਸੀ। ਭਾਰਤ ਵਿਚ ਇਸਲਾਮ ਦੇ ਆਉਣ ਨਾਲ ਇਹ ਪੱਕੀ ਤਰ੍ਹਾਂ ਸਥਾਪਿਤ ਹੋ ਗਈ। ਇਸ ਦੇ ਪ੍ਰਭਾਵ ਨਾਲ ਨਵੀਆਂ ਦੇਸੀ ਪਰੰਪਰਾਵਾਂ ਬੱਝਣੀਆਂ ਸ਼ੁਰੂ ਹੋ ਗਈਆਂ ਸਨ। ਸਥਾਨਕ ਬੋਲੀਆਂ, ਉਪ-ਬੋਲੀਆਂ, ਲਿਪੀਆਂ ਵਿਚ ਭੇਦ ਉਪਜ ਪਿਆ ਤੇ ਇਲਾਕਾਈ ਬੋਲੀਆਂ ਵਿਚ ਸਾਹਿਤ ਦੀ ਪ੍ਰਾਪਤੀ ਹੋਣ ਲੱਗ ਪਈ। 'ਇਸਲਾਮ ਦੀ ਉਪਜ ਨਾਲ ਉਪਜੇ ਸੰਕਟ ਦੇ ਕਾਰਣ ਸਾਹਿਤ 'ਤੇ ਧਰਮ ਅਤੇ ਪੰਡਤਾਂ ਤੇ ਵਿਦਵਾਨਾਂ ਦੀ ਅਜਾਰਾਦਾਰੀ ਘਟਦੀ ਗਈ ਤੇ ਇਹ ਲੋਕ-ਪੱਖੀ ਬਣਦਾ ਗਿਆ'।[51] ਪਦਾਰਥਕ ਉਪਜ ਦੇ ਸਾਧਨਾਂ ਵਿਚ ਤੇ ਪਦਾਰਥਕ ਰਿਸ਼ਤਿਆਂ ਵਿਚ ਭਾਵੇਂ ਕੋਈ ਖ਼ਾਸ ਤਬਦੀਲੀ ਨਹੀਂ ਹੋਈ ਪਰ ਜਾਗੀਰਦਾਰੀ ਸਥਾਪਤ ਹੋ ਜਾਣਾ ਕਿੱਸਾ-ਕਾਵਿ ਦੀ ਉਤਪਤੀ ਲਈ ਇਕ ਮਾਤਰ ਸ਼ਰਤ ਸੀ। ਜਿਹੜੀ ਮੁਗ਼ਲ ਰਾਜ ਦੀ ਸਥਾਪਤੀ ਨਾਲ ਪੂਰੀ ਹੋ ਗਈ।[52]

ਇਸ ਕਾਲ ਵਿਚ ਸਾਮੰਤਾਂ ਤੇ ਜਾਗੀਰਦਾਰਾਂ ਦੀ ਇਕ ਅਜਿਹੀ ਉੱਚ-ਸ਼੍ਰੇਣੀ ਹੋਂਦ ਵਿਚ ਆਈ ਜਿਸ ਦਾ ਦਿਲ-ਪਰਚਾਵਾ, ਸ਼ਿਕਾਰ, ਸ਼ਰਾਬ, ਸੋਹਣੀਆਂ ਤੀਵੀਆਂ, ਪਰਾ-ਸਰੀਰਕ ਤੇ ਰੋਮਾਂਚਿਕ ਕਹਾਣੀਆਂ ਸੁਣਨਾ ਹੁੰਦਾ ਸੀ। ਇਸ ਤਰ੍ਹਾਂ ਕਿੱਸਾ-ਕਾਵਿ ਦੀ ਉਪਜ ਲਈ ਉਨ੍ਹਾਂ ਦੀਆਂ ਅਜਿਹੀਆਂ ਬਿਰਤੀਆਂ ਨਾਲ ਸੁਖਾਵਾਂ ਮਾਹੌਲ ਬਣ ਗਿਆ। ਕਿਉਂ ਕਿ 'ਕਿੱਸੇ ਦੀ ਰਚਨਾ ਆਮ ਤੌਰ 'ਤੇ ਉਸ ਸਮੇਂ ਹੁੰਦੀ ਹੈ ਜਦੋਂ ਜੀਵਨ ਵਿਚ ਭਵਿੱਖ ਬਾਰੇ ਚਿੰਤਾ ਘਟ ਤੇ ਵਰਤਮਾਨ ਦੇ ਭੋਗ ਵੱਲ ਜ਼ਿਆਦਾ ਹੋਵੇ।'[53]

ਸਾਮੰਤਾਂ ਤੇ ਜਾਗੀਰਦਾਰਾ ਤੋਂ ਬਿਨਾਂ ਆਮ ਲੋਕ ਤਾਂ ਕਵੀਆਂ ਨੂੰ ਸਰਪ੍ਰਸਤੀ ਵੀ ਨਹੀਂ ਦੇ ਸਕਦੇ ਸਨ। ਇਸ ਲਈ ਕਵੀਆਂ ਨੂੰ ਅਮੀਰ ਲੋਕਾਂ ਦੀਆਂ ਮਨੋਬ੍ਰਿਤੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਿਆਲ ਰੱਖਣਾ ਪੈਂਦਾ ਸੀ ਤਾਂ ਕਿ ਉਨ੍ਹਾਂ ਤੋਂ ਵੱਡੇ ਵੱਡੇ ਇਨਾਮ ਤੇ ਜਾਗੀਰਾਂ ਪ੍ਰਾਪਤ ਕੀਤੀਆਂ ਜਾ ਸਕਣ। ਇਸ ਕਰਕੇ ਹੀ 18ਵੀਂ ਸਦੀ ਵਿਚ ਜਾਗੀਰਦਾਰੀ ਨਿਜ਼ਾਮ ਦੀ ਮੰਗ ਨੇ ਕ੍ਰਿੱਸਾ-ਕਾਵਿ ਦੀ ਪ੍ਰਫੁਲਤਾ ਦੇ ਵਧੇਰੇ ਚੰਗੇਰੇ ਮੌਕੇ ਪੈਦਾ ਕੀਤੇ।

ਲੋਕਾਂ ਦੀ ਇਸ਼ਕੀਆ ਬਿਰਤੀ ਵੀ ਕਿੱਸਾ ਕਾਵਿ-ਦੇ ਉਦਭਵ ਵਿਚ ਸਹਾਈ ਹੋਈ ਹੈ। ਲੋਕ ਇਸ਼ਕੀਆ ਕਿੱਸੇ ਸੁਣਨ ਦੇ ਬੜੇ ਸ਼ੌਕੀਨ ਸਨ। ਕਿੱਸਾਕਾਰਾਂ ਨੇ ਬਹੁਤ ਸਾਰੇ ਕਿੱਸੇ. ਲੋਕਾਂ ਦੀ ਮੰਗ 'ਤੇ ਲਿਖੇ ਸਨ । ਅਹਿਮਦਯਾਰ, ਮੁਕਬਲ, ਵਾਰਿਸ, ਹਾਸ਼ਮ, ਫ਼ਜ਼ਲ ਸ਼ਾਹ, ਭਗਵਾਨ ਸਿੰਘ ਆਦਿ ਰੋਮਾਂਟਿਕ ਬਿਰਤੀ ਦੇ ਕਿੱਸਾਕਾਰ ਸਨ। ਉਨ੍ਹਾਂ ਦੇ ਜੀਵਨ ਨਾਲ ਬਹੁਤ ਸਾਰੀਆਂ ਪ੍ਰੇਮ ਕਹਾਣੀਆਂ ਸੰਬੰਧਿਤ ਹਨ। ਉਨ੍ਹਾਂ ਦਾ ਇਸ਼ਕ ਪ੍ਰਤੀ ਨਿੱਜੀ ਅਨੁਭਵ ਸੀ। ਏਸੇ ਕਾਰਣ ਹੀ ਉਹ ਰੁਮਾਂਟਿਕ ਕਹਾਣੀਆਂ ਨੂੰ ਬਿਆਨ ਕਰਨ ਵਿਚ ਵਧੇਰੇ ਸਫ਼ਲ ਹੋਏ ਹਨ। ਰੁਮਾਂਸਵਾਦੀ ਕਵੀ ਆਪਣੀ ਰੁਚੀ, ਆਪਣੀ ਭਾਵਨਾ ਅਤੇ ਆਪਣੀ ਦ੍ਰਿਸ਼ਟੀ ਨੂੰ ਹੀ ਪ੍ਰਧਾਨਤਾ ਦੇਂਦਾ ਹੈ, ਵਿਅਕਤੀਗਤ ਭਾਵਨਾ ਨੂੰ ਪੇਸ਼ ਕੀਤਾ ਜਾਂਦਾ ਹੈ. ਇਸੇ ਧਾਰਨਾ ਅਧੀਨ ਕਵੀ ਆਪਣੀ ਅਕਾਂਖਿਆ, ਅਤ੍ਰਿਪਤੀ, ਵੇਦਨਾ ਅਤੇ ਪੀੜਾ ਦਾ ਚਿਤ੍ਰਣ ਕਰਦਾ ਹੈ । ਇਹ ਭਾਵਨਾ ਕਿੱਸਾਕਾਰਾਂ ਦੀਆਂ ਕਿਰਤਾਂ ਵਿਚ ਰੂਪਮਾਨ ਹੈ।

ਇਸ ਕਾਲ ਦੇ ਲੋਕ ਪਰਾਸਰੀਰਕ ਸ਼ਕਤੀਆਂ ਵਿਚ ਵਿਸ਼ਵਾਸ ਰੱਖਦੇ ਸਨ। ਇਹੋ ਕਾਰਣ ਹੈ ਕਿ ਕਿੱਸਾਕਾਰਾਂ ਨੇ ਕਰਾਮਾਤਾਂ ਅਤੇ ਹੋਰ ਦੈਵੀ ਸ਼ਕਤੀਆਂ ਨੂੰ ਕਿੱਸਿਆਂ ਵਿਚ ਲਿਆ ਕੇ ਆਪਣੀ ਕਥਾ ਅਤੇ ਬਿਆਨ ਨੂੰ ਰੱਬੋਂ ਪ੍ਰਵਾਨ ਹੋਇਆ ਸਿੱਧ ਕਰਨ ਦਾ ਜਤਨ ਕੀਤਾ ਹੈ। ਰਤਨ ਸਿੰਘ ਜੱਗੀ ਅਨੁਸਾਰ :

> ਉਸ ਵੇਲੇ ਲੋਕ ਤਰਕਸ਼ੀਲ ਘੱਟ ਅਤੇ ਵਹਿਮੀ, ਧਰਮ ਤੋਂ ਡਰਨ ਵਾਲੇ ਤੇ ਦੈਵੀ ਸ਼ਕਤੀਆਂ ਦੇ ਪ੍ਰਤਿ ਨਿਸ਼ਠਾਵਾਨ ਅਧਿਕ ਹੁੰਦੇ ਸਨ। ਸਰੋਤਿਆਂ ਅਤੇ ਪਾਠਕਾਂ ਦੀਆਂ ਇਨ੍ਹਾਂ ਰੁਚੀਆਂ ਦੀ ਤ੍ਰਿਪਤੀ ਕਿੱਸਾਕਾਰਾਂ ਨੂੰ ਕਰਨੀ ਪੈਂਦੀ ਸੀ। ਦੂਜੇ, ਕਥਾ ਦੇ ਵਿਕਾਸ ਦਾ ਆਧਾਰ ਵਿਗਿਆਨਕ ਨਾ ਹੋਣ ਦੇ ਕਾਰਣ ਕਿਤੇ ਕਿਤੇ ਕਥਾ ਦਾ ਵਿਕਾਸ ਰੁਕ ਜਾਂਦਾ ਸੀ । ਇਸ ਤਰ੍ਹਾਂ ਦੀਆਂ ਥਾਵਾਂ 'ਤੇ ਚਮਤਕਾਰਿਕ ਘਟਨਾ ਲਿਆ ਕੇ ਕਥਾ ਦਾ ਪ੍ਰਵਾਹ ਜਾਰੀ ਰਖਿਆ ਜਾਂਦਾ ਸੀ। ਤੀਜੇ, ਰੋਮਾਂਸਿਕ ਕਵੀ ਪ੍ਰਭਾਵ-ਵਾਦੀ ਹੋਣ ਦੇ ਕਾਰਣ ਵਿਲੱਖਣ ਵਾਤਾਵਰਣ ਪੈਦਾ ਕਰਨ ਦਾ ਚਾਹਵਾਨ ਹੁੰਦਾ ਹੈ। ਅਜਿਹੇ ਵੇਲੇ ਵਿਚਿਤ੍ਰ ਘਟਨਾਵਾਂ ਤੇ ਗ਼ੈਰ-ਮਨੁੱਖੀ ਪਾਤਰਾਂ ਨੂੰ ਲਿਆਉਣਾ ਪੈਂਦਾ ਹੈ।[54]

ਇਸੇ ਕਾਰਣ ਕਿੱਸਿਆਂ ਵਿਚ ਅਲੌਕਿਕਤਾ ਦਾ ਅੰਸ਼ ਪਾਇਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ ਤੇ ਮਿਰਜ਼ਾ ਸਾਹਿਬਾਂ ਵਿਚ ਪੰਜ ਪੀਰਾਂ ਦੇ ਰੂਪ ਨੂੰ ਦਰਸਾਇਆ ਗਿਆ ਹੈ। ਸੋਹਣੀ ਦੀ ਦੁਆ ਦਾ ਅਸਰ ਵੀ ਆਦਿ ਭੌਤਿਕ ਹੈ। ਮੁਰਾਦ ਨਾਮਰਦ ਹੋ ਜਾਂਦਾ ਹੈ। ਕਿੱਸਾਕਾਰਾਂ ਨੇ ਅਲੌਕਿਕ ਘਟਨਾਵਾਂ ਪੇਸ਼ ਕਰਕੇ ਲੋਕ-ਰੁਚੀ ਨੂੰ ਟੁੰਬਿਆ ਹੈ।

ਕਿੱਸਿਆਂ ਵਿਚ ਪ੍ਰਕ੍ਰਿਤੀ ਚਿਤ੍ਰਣ ਹੈ। ਭਾਵੇਂ ਹੋਰਨਾਂ ਕਵੀਆਂ ਨੇ ਵੀ ਪ੍ਰਕ੍ਰਿਤੀ ਦੀ ਸੱਤਾ ਨੂੰ ਪ੍ਰਵਾਨ ਕਰ ਕੇ ਪ੍ਰਕ੍ਰਿਤੀ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਹੈ ਪਰ ਰੁਮਾਂਸਵਾਦੀ ਕਵੀ ਪ੍ਰਕ੍ਰਿਤੀ ਦੀ ਸੁਤੰਤਰ ਗੋਦੀ ਵਿਚ ਵਾਸ ਕਰਦਾ ਹੈ। ਹੋਰਨਾਂ ਕਵੀਆਂ ਨੇ ਵੀ ਪ੍ਰਕ੍ਰਿਤੀ ਤੋਂ ਸਿਖਿਆ ਗ੍ਰਹਿਣ ਕੀਤੀ ਹੈ ਪਰ ਰਮਾਂਟਿਕ ਕਵੀ ਪ੍ਰਕ੍ਰਿਤੀ ਨੂੰ ਆਪਣੇ ਸੁਖ-ਦੁੱਖ ਦਾ ਸਾਂਝੀਵਾਲ ਸਮਝਦੇ ਹਨ। ਹੀਰ ਖੇੜਿਆਂ ਦੇ ਜਾਣ ਸਮੇਂ ਰੋਂਦੀ ਹੈ ਤਾਂ ਦਮੋਦਰ ਸਾਰੀ ਪ੍ਰਕ੍ਰਿਤੀ ਨੂੰ ਰੋਂਦੀ ਵਿਖਾਉਂਦਾ ਹੈ। ਸੋਹਣੀ ਝਨਾਂ ਵਿਚ ਡੁੱਬ ਰਹੀ ਹੈ ਤਾਂ ਸਾਰੀ ਪ੍ਰਕ੍ਰਿਤੀ ਨੇ ਵਿਕਰਾਲ ਰੂਪ ਧਾਰਣ ਕੀਤਾ ਹੋਇਆ ਹੈ। ਕਿੱਸਾਕਾਰ ਦੁਨੀਆਂ ਨੂੰ ਧੋਖੇਬਾਜ਼ ਤੇ ਦੁਖਾਂ ਭਰਿਆ ਮੰਨ ਕੇ ਪ੍ਰਕ੍ਰਿਤੀ ਵਿਚੋਂ ਸੁੱਖ ਤੇ ਅਰਾਮ ਲੋੜਦਾ ਹੈ। ਪ੍ਰਕ੍ਰਿਤੀ ਜ਼ਖ਼ਮਾਂ ਉਪਰ ਮਲ੍ਹਮ ਲਗਾਉਣ ਦਾ ਕੰਮ ਕਰਦੀ ਦਿਖਾਈ ਦੇਂਦੀ ਹੈ। ਕਿੱਸਾਕਾਰ ਬਿਰਹਾ ਵਰਨਣ ਸਮੇਂ ਵੀ ਪ੍ਰਕ੍ਰਿਤੀ ਚਿਤ੍ਰਣ ਕਰਦੇ ਹਨ, ਜਿਸ ਨਾਲ ਬਿਰਹਾ ਦਾ ਪ੍ਰਭਾਵ ਵੱਧ ਜਾਂਦਾ ਹੈ। ਸੱਸੀ ਦਾ ਥਲਾਂ ਵਿਚ ਰੁਲਣਾ, ਸੋਹਣੀ ਦਾ ਝਨਾਂ ਵਿਚ ਡੁੱਬਣਾ ਆਦਿ ਪ੍ਰਕ੍ਰਿਤੀ ਚਿਤ੍ਰਣ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਰੂਪਮਾਨ ਹੋ ਸਕੇ ਹਨ।

'ਮਧਕਾਲ ਵਿਚ ਕਥਾ-ਕਹਾਣੀਆਂ ਦੇ ਨਿਰਮਾਣ ਵਿਚ, ਵਧੇਰੇ ਕਰਕੇ ਕਥਾਨਕ ਰੂੜ੍ਹੀਆਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ। ਕਈ ਵਾਰ ਇਨ੍ਹਾਂ ਰੂੜ੍ਹੀਆਂ ਨੂੰ ਕਿਸੇ ਰੂੜ੍ਹ ਕਥਾ ਵਿਚ ਸਮਿਲਤ ਕਰ ਕੇ ਨਵੀਂ ਕਥਾ ਸਿਰਜੀ ਜਾਂਦੀ। ਇਹ ਕਥਾਨਕ ਰੂੜ੍ਹੀਆਂ ਮਧਕਾਲ ਵਿਚ ਪੰਜਾਬੀ ਕਥਾ ਚੇਤਨਾ ਦਾ ਗੌਰਵਮਈ ਭਾਗ ਸਨ ਅਤੇ ਕਲਪਿਤ ਹੁੰਦਿਆਂ ਵੀ ਲੋਕ-ਵਿਸ਼ਵਾਸ ਦਾ ਅੰਗ ਹੋਣ ਦੇ ਨਾਤੇ ਇਕ ਜੀਵੰਤ ਲੋਕ-ਸੱਚ ਸਨ। ਇਹ ਕਥਾਨਕ ਰੂੜ੍ਹੀਆਂ ਕਈ ਸੋਮਿਆਂ ਵਿਚੋਂ ਆ ਕੇ ਪੰਜਾਬੀ ਕਥਾ-ਪ੍ਰਵਾਹ ਵਿਚ ਲੀਨ ਹੁੰਦੀਆਂ ਰਹੀਆਂ। ਇਨ੍ਹਾਂ ਕਥਾਨਕ ਰੂੜ੍ਹੀਆਂ ਦੀਆਂ ਇੱਟਾਂ ਨਾਲ ਹੀ ਮਧਕਾਲੀਨ ਕਥਾ ਦੀ ਸਿਰਜਣਾ ਹੋਈ। ਇਹ ਕਥਾਨਕ ਰੂੜ੍ਹੀਆਂ ਜਦੋਂ ਕਿਸੇ ਕਲਪਿਤ ਨਾਇਕ ਨਾਲ ਜੋੜੀਆਂ ਜਾਂਦੀਆਂ ਤਾਂ ਸਾਧਾਰਨ ਕਥਾ-ਕਹਾਣੀ ਦੀ ਉਤਪਤੀ ਹੁੰਦੀ, ਜਦੋਂ ਕਿਸੇ ਇਤਿਹਾਸਕ ਵਿਅਕਤੀ ਨਾਲ ਜੁੜਦੀਆਂ ਤਾਂ ਦੰਤ ਕਥਾ (legend) ਦਾ ਨਿਰਮਾਣ ਹੁੰਦਾ ਅਤੇ ਜਦੋਂ ਦੇਵ-ਪੁਰਸ਼ ਨਾਲ ਤਾਂ ਮਿੱਥ ਹੋਂਦ ਵਿਚ ਆਉਂਦੀ'।[52] ਲੋਕ ਇਨ੍ਹਾਂ ਕਥਾਵਾਂ ਪ੍ਰਤੀ ਸ਼ਰਧਾ ਰੱਖਦੇ ਸਨ। ਕਿੱਸੇ ਦਾ ਆਧਾਰ ਲੋਕ-ਕਹਾਣੀ ਜਾਂ ਪ੍ਰਸਿਧ ਇਤਿਹਾਸਕ ਪ੍ਰਸੰਗ ਹੁੰਦਾ ਸੀ। ਕਿੱਸਿਆਂ ਵਿਚ ਲਿਖੀਆਂ ਕਹਾਣੀਆਂ ਪਹਿਲਾਂ ਹੀ ਲੋਕ-ਕਥਾਵਾਂ, ਲੋਕ-ਗੀਤਾਂ ਵਿਚ ਪ੍ਰਚਲਿਤ ਸਨ, ਲੋਕਾਂ ਦੀ ਫ਼ਰਮਾਇਸ਼ 'ਤੇ ਕਿੱਸਾਕਾਰਾਂ ਨੇ ਬਹੁਤ ਸਾਰੇ ਕਿੱਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖੇ। ਇਨ੍ਹਾਂ ਕਿੱਸਿਆਂ ਵਿਚ ਕਥਾ ਰਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਉਤਸੁਕਤਾ ਦੇ ਕਾਰਣ ਸ੍ਰੋਤੇ ਦੀ ਬਿਰਤੀ ਕਥਾ ਨਾਲ ਜੁੜੀ ਰਹਿੰਦੀ ਹੈ। 'ਉਤਸੁਕਤਾ ਇਕ ਅਜਿਹੀ ਜੁਗਤ ਹੈ ਜਿਸ ਰਾਹੀਂ ਰੋਚਿਕਤਾ ਨੂੰ ਪੈਦਾ ਕੀਤਾ ਜਾਂਦਾ ਹੈ ਅਤੇ ਕਾਇਮ ਵੀ ਰਖਿਆ ਜਾਂਦਾ ਹੈ। ਉਤਸੁਕਤਾ ਉਹ ਹੁੰਦੀ ਹੈ ਜਦੋਂ ਅਸੀਂ ਰਚਨਾ ਦੇ ਅਖ਼ੀਰ ਤਕ ਪੁੱਛਦੇ ਚਲੇ ਜਾਈਏ ਕਿ ਅਗਾਂਹ ਕੀ ਹੋਇਆ'।[56] ਪੰਜਾਬੀ ਕਿੱਸਿਆਂ ਵਿਚ ਇਹ ਗੁਣ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹੀ ਕਾਰਣ ਹੈ ਕਿ ਜਦੋਂ ਕੋਈ ਹੀਰ, ਸੱਸੀ ਜਾਂ ਸੋਹਣੀ ਦਾ ਕਿੱਸਾ ਪੜ੍ਹਨ ਲੱਗਦਾ ਹੈ ਤਾਂ ਉਦੋਂ ਤਕ ਪੜ੍ਹਨੋ ਨਹੀਂ ਹੱਟਦਾ ਜਦੋਂ ਤਕ ਕਿ ਕਿੱਸਾ ਮੁੱਕ ਨਹੀਂ ਜਾਂਦਾ। ਇਹ ਉਤਸੁਕਤਾ ਹੀ ਪਾਠਕ ਤੇ ਪਾਠ ਦੀ ਇਕਮਿਕਤਾ ਦਾ ਆਧਾਰ ਬਣਦੀ ਹੈ।

ਕਿੱਸਿਆਂ ਦੇ ਲੰਮੇ ਬ੍ਰਿਤਾਂਤਾਂ ਨੂੰ ਸੁਣਨ ਲਈ ਪਾਠਕ/ਸਰੋਤੇ ਪਾਸ ਸਮੇਂ ਦੀ ਵਿਹਲ ਵੀ ਸੀ। ਲੋਕਾਂ ਦੀਆਂ ਲੋੜਾਂ ਵੀ ਘਟ ਸਨ, ਜੋ ਆਸਾਨੀ ਨਾਲ ਪੂਰੀਆਂ ਵੀ ਹੋ ਜਾਂਦੀਆਂ ਸਨ। ਜੀਵਨ ਵਿਚ ਕਾਹਲ ਅਤੇ ਤੇਜ਼ੀ ਨਹੀਂ ਸੀ। ਲੋਕ ਵਿਹਲੇ ਸਮੇਂ ਕੋਈ ਨਾ ਕੋਈ ਮਨੋਰੰਜਨ ਚਾਹੁੰਦੇ ਸਨ। ਗਰਮੀਆਂ ਦੇ ਲੰਮੇ ਦਿਨ ਅਤੇ ਸਿਆਲ ਦੀਆਂ ਲੰਮੀਆਂ ਰਾਤਾਂ ਨੂੰ ਉਹ ਕਿੱਸੇ ਪੜ੍ਹਦੇ ਅਤੇ ਸੁਣਦੇ ਸਨ। ਕਿੱਸਾਕਾਰਾਂ ਦੀ ਰਸਵੰਤ ਆਵਾਜ਼ ਸਰੋਤਿਆਂ ਨੂੰ ਕੀਲੀ ਰੱਖਦੀ ਸੀ।

ਇਹ ਕਿੱਸੇ ਨਿਰੇ ਲੋਕਾਂ ਦੀ ਇਸ਼ਕੀਆ ਬਿਰਤੀ ਨੂੰ ਹੀ ਨਹੀਂ ਟੁੰਬਦੇ ਸਨ ਸਗੋਂ ਇਨ੍ਹਾਂ ਕਿੱਸਿਆਂ ਵਿਚ ਧਰਮ, ਸਮਾਜ, ਇਤਿਹਾਸ, ਸਦਾਚਾਰਕ ਸਿਖਿਆ ਵੀ ਹੁੰਦੀ ਸੀ। ਵਾਰਿਸ ਦੀ ਹੀਰ ਵਿਚ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਤਸਵੀਰ ਪ੍ਰਸਤੁਤ ਹੈ। ਧਾਰਮਿਕ ਬਿਰਤੀ ਵਾਲੇ ਲੋਕ ਇਸ ਵਿਚੋਂ ਅਧਿਆਤਮਕ ਆਨੰਦ ਮਾਣਦੇ ਹਨ। ਇਸ ਵਿਚ ਅਟੱਲ ਸਚਾਈਆਂ ਹਨ। ਲੋਕ ਅਖਾਣਾਂ ਦੀ ਭਰਮਾਰ ਹੈ। ਇਸ ਤਰ੍ਹਾਂ ਇਨ੍ਹਾਂ ਕਿੱਸਿਆਂ ਵਿਚ ਵਿਵਿਧਤਾ ਹੈ।

ਇਸ ਕਾਲ ਵਿਚ ਪੰਜਾਬੀ ਕਿੱਸਾ-ਕਾਵਿ ਦੇ ਵਿਕਾਸ ਦਾ ਮੁਖ ਕਾਰਣ ਕਿੱਸਾਕਾਰਾਂ ਦੀ ਕਲਾ-ਕੌਸ਼ਲਤਾ ਸੀ। ਦਮੋਦਰ, ਮੁਕਬਲ, ਵਾਰਿਸ, ਹਾਸ਼ਮ ਫ਼ਜ਼ਲ ਦੀ ਕਲਾ-ਕੌਸ਼ਲਤਾ ਕਾਰਣ ਉਨ੍ਹਾਂ ਦੀਆਂ ਕ੍ਰਿਤੀਆਂ ਅਮਰ ਰਚਨਾਵਾਂ ਬਣ ਗਈਆਂ। ਸ਼ਬਦਾਂ ਦੀ ਸੁਚੱਜੀ ਚੋਣ, ਅਲੰਕਾਰਾਂ ਅਤੇ ਬਿੰਬਾਵਲੀ ਦੀ ਸੂਖਮਤਾ, ਨਿੱਜੀ ਅਨੁਭਵ ਵਿਚੋਂ ਉਪਜੇ ਰੂਪਕਾਂ ਦੀ ਵਰਤੋਂ, ਉਨ੍ਹਾਂ ਦੀ ਕਿੱਸਾਕਾਰੀ ਨੂੰ ਚਾਰ ਚੰਨ ਲਾਉਂਦੀ ਹੈ। ਉਨ੍ਹਾਂ ਦੀ ਬਿਆਨੀਆਂ ਸ਼ਕਤੀ ਅਤੇ ਕਲਾ-ਕੌਸ਼ਲਤਾ ਕਾਰਣ ਹੀ ਉਨ੍ਹਾਂ ਦੇ ਲੰਮੇ ਬ੍ਰਿਤਾਂਤੀ ਕਿੱਸੇ ਪੜ੍ਹਨ ਤੋਂ ਮਨ ਉਚਾਟ ਨਹੀਂ ਹੁੰਦਾ ਹੈ। ਛੰਦਾ-ਬੰਦੀ ਵਿਚ ਵੀ ਵੰਨ-ਸੁਵੰਨਤਾ ਹੈ। ਕਿੱਸਿਆਂ ਵਿਚ ਗਿਆਨ ਅਤੇ ਸਦਾਚਾਰ ਦੇ ਪੱਖਾਂ ਨੂੰ ਵੀ ਪ੍ਰਮੁਖਤਾ ਪ੍ਰਾਪਤ ਹੈ। 'ਇਹ ਲਿਖਤਾਂ ਦਰਦ-ਵਿਛੋੜੇ ਦੇ ਅਤਿ ਦਰਦੀਲੇ ਗੀਤ ਹਨ। ਬਿਰਹੋਂ ਦੀ ਤੜਪ ਤੇ ਬਿਰਹੋਂ ਵਿਚ ਮੌਤ ਤਕਰੀਬਨ ਹਰ 'ਇਸ਼ਕ' ਦਾ ਅਨਿੱਖੜਵਾਂ ਅੰਗ ਹੋਣ ਕਾਰਣ ਕਰੁਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸ-ਮਈਤਾ ਇਨ੍ਹਾਂ ਹੌਕੇ-ਹੰਝੂਆਂ, ਤੜਪਾਂ ਵਿਲਕਣੀਆਂ ਤੇ ਸੱਦਾਂ-ਆਵਾਜ਼ਾਂ, ਸੰਬੋਧਨੀਆਂ ਵਿਚ ਕੁਟ ਕੁਟ ਕੇ ਭਰੀ ਹੋਈ ਹੈ'।[57] ਅਜਿਹੇ ਕਵੀਆਂ ਦੀ ਗਿਣਤੀ ਕਾਫ਼ੀ ਹੈ। ਇਨ੍ਹਾਂ ਕਿੱਸਾਕਾਰਾਂ ਨੇ ਨਾਇਕ ਦੀ ਸੁੰਦਰਤਾ ਬਿਆਨਣ ਅਤੇ ਪ੍ਰਕ੍ਰਿਤੀ ਚਿਤ੍ਰਣ ਸਮੇਂ ਆਪਣੀ ਕਲਾ ਦੇ ਜੌਹਰ ਵਿਖਾਏ। ਕਿੱਸਾਕਾਰਾਂ ਦੀ ਕਲਾ-ਕੌਸ਼ਲਤਾ ਨੇ ਹੀ ਕਿੱਸਾ-ਕਾਵਿ ਦੇ ਵਿਕਾਸ ਵਿਚ ਵੱਡਾ ਹਿੱਸਾ ਪਾਇਆ ਹੈ।

ਕਿੱਸਾਕਾਰਾਂ ਨੇ ਸਿੱਧੇ-ਅਸਿੱਧੇ ਢੰਗ ਨਾਲ ਪ੍ਰਚਲਿਤ ਕੀਮਤਾਂ ਦਾ ਵਿਰੋਧ ਕੀਤਾ ਹੈ। ਜਿਵੇਂ ਜਾਗੀਰਦਾਰੀ ਸਮਾਜ ਵਿਚ ਮੁੰਡੇ ਕੁੜੀ ਦੇ ਪ੍ਰੀਤ ਸੰਬੰਧ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਇਹ ਅਧਿਕਾਰ ਨਹੀਂ ਸੀ ਕਿ ਉਹ ਮਨ-ਮਰਜ਼ੀ ਦਾ ਵਰ ਲਭ ਕੇ ਪਿਆਰ-ਵਿਆਹ ਕਰ ਸਕਣ। ਸਮਾਜ, ਧਰਮ ਅਤੇ ਸ਼ਰ੍ਹਾ ਅਜਿਹੇ ਇਸ਼ਕੀਆ ਸੰਬੰਧਾਂ ਦੇ ਵਿਰੁਧ ਹੁੰਦੇ ਸਨ। ਕਿੱਸਾਕਾਰਾਂ ਨੇ ਵਿਅਕਤੀਗਤ ਰੂਪ ਵਿਚ ਅਜਿਹੇ ਪ੍ਰਬੰਧ ਦਾ ਵਿਰੋਧ ਕੀਤਾ ਹੈ। ਉਨ੍ਹਾਂ ਸਮਾਜ ਅਤੇ ਧਰਮ ਦੀ ਕਰੜੀ ਆਲੋਚਨਾ ਕੀਤੀ ਹੈ। ਵਾਰਿਸ ਇਸ ਖੇਤਰ ਵਿਚ ਸਭ ਤੋਂ ਅੱਗੇ ਰਿਹਾ ਹੈ। ਉਸ ਜੇਹੀ ਸਮਾਜ ਦੀ ਕਾਟਵੀਂ ਆਲੋਚਨਾ ਹੋਰ ਕਿਸੇ ਕਿੱਸਾਕਾਰ ਨੇ ਨਹੀਂ ਕੀਤੀ ਹੈ। ਉਨ੍ਹਾਂ ਦੁਆਰਾ ਕੀਤਾ ਗਿਆ ਵਿਦਰੋਹ ਸਮੂਹਿਕ ਨਹੀਂ ਸੀ। ਇਸ ਲਈ ਮੁੰਡੇ ਕੁੜੀ ਦੀ ਪ੍ਰੀਤ ਨੂੰ ਸਮਾਜ ਅਤੇ ਧਰਮ ਨੇ ਸਿਰੇ ਨਹੀਂ ਚੜ੍ਹਨ ਦਿਤਾ। ਜਦੋਂ ਪ੍ਰੀਤ-ਜੋੜਿਆਂ ਦੀ ਪ੍ਰੀਤ ਇਸ ਸੰਸਾਰ ਵਿਚ ਪ੍ਰਵਾਨ ਨਹੀਂ ਹੁੰਦੀ ਤਾਂ ਕਿੱਸਾਕਾਰਾਂ ਨੇ ਇਕ ਆਦਰਸ਼ ਸਮਾਜ ਦੀ ਕਲਪਨਾ ਕੀਤੀ ਹੈ ਜਿਥੇ ਉਨ੍ਹਾਂ ਦੀ ਪ੍ਰੀਤ ਪ੍ਰਵਾਨ ਹੁੰਦੀ ਹੈ। ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ ਦੇ ਮਰਨ ਉਪਰੰਤ ਉਨ੍ਹਾਂ ਦੀਆਂ ਰੂਹਾਂ ਇਕੱਠੀਆਂ ਹੋ ਜਾਂਦੀਆਂ ਹਨ। ਜੋ ਪ੍ਰੀਤ ਇਸ ਸੰਸਾਰ ਵਿਚ ਕਬੂਲ ਨਹੀਂ ਹੁੰਦੀ ਉਹ ਅਗਲੇ ਸੰਸਾਰ ਵਿਚ ਪ੍ਰਵਾਨ ਹੋਈ ਦਿਖਾਈ ਗਈ ਹੈ। ਸਮਾਜ ਅਤੇ ਧਰਮ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਮਿਲਣ ਤੋਂ ਰੋਕ ਸਕਦੇ ਹਨ ਪਰ ਉਨ੍ਹਾਂ ਦੇ ਆਤਮਿਕ ਮੇਲ ਨੂੰ ਰੋਕ ਨਾ ਸਕੇ। ਕਿੱਸਾਕਾਰਾ ਦੀ ਇਹ ਆਦਰਸ਼ ਸਮਾਜ ਦੀ ਕਲਪਨਾ ਸੀ ਜਿਥੇ ਸੱਚੀ ਪ੍ਰੀਤ ਪ੍ਰਵਾਨ ਹੁੰਦੀ ਹੈ।

ਇਸ ਕਾਲ ਦੇ ਪੰਜਾਬੀ ਕਿੱਸਿਆਂ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਸ ਸਮੇਂ ਦੀਆਂ ਸਮਾਜਕ, ਇਤਿਹਾਸਕ, ਸਭਿਆਚਾਰਕ ਅਤੇ ਸਾਹਿਤਕ ਪਰਿਸਥਿਤੀਆਂ ਕਿੱਸਾ-ਕਾਵਿ ਦੇ ਪ੍ਰਫੁਲਤ ਹੋਣ ਲਈ ਅਨੁਕੂਲ ਸਨ। ਇਹੋ ਕਾਰਣ ਹੈ ਕਿ ਕਿੱਸਾ-ਕਾਵਿ ਇਸੇ ਕਾਲ ਵਿਚ ਜੰਮਿਆ ਅਤੇ ਆਪਣੇ ਭਰ ਜੋਬਨ 'ਤੇ ਪਹੁੰਚ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. 'ਪੰਜਾਬੀ ਸਾਹਿਤ ਕੋਸ਼', ਪੰਜਾਬੀ ਯੂਨੀਵਰਸਿਟੀ, ਪੰਨਾ 390.
2. ਦੀਵਾਨ ਸਿੰਘ, 'ਸੂਫ਼ੀਵਾਦ ਤੇ ਹੋਰ ਲੇਖ', ਪੰਨਾ 83.
3. (ੳ) ਗੋਪਾਲ ਸਿੰਘ ਦਰਦੀ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 137.
   (ਅ) ਰਤਨ ਸਿੰਘ ਜੱਗੀ, 'ਵਿਚਾਰਧਾਰਾ', ਪੰਨਾ 196.
   (ੲ) ਸ. ਸ. ਪਦਮ, 'ਹੀਰ ਅਹਿਮਦ', ਪੰਨਾ 24.
4. ਤਾਰਨ ਸਿੰਘ, ਪੰਜਾਬੀ ਸਾਹਿਤ ਵਿਚ ਕਿੱਸੇ 'ਪੰਜਾਬੀ ਦੁਨੀਆ', ਕਿੱਸਾ-ਕਾਵਿ ਅੰਕ ਜੁਲਾਈ-ਅਗਸਤ 1956, ਪੰਨੇ 64-65.
5. ਕਿੱਸਾ-ਕਾਵਿ ਤੇ ਗੁਰਬਾਣੀ, 'ਵਾਰਿਸ-ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ 259.
6. 'ਵਿਚਾਰਧਾਰਾ', ਪੰਨਾ 194.
7. 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ', ਪੰਨਾ 42.
8. ਕਿੱਸਿਆਂ ਦੀ ਸਾਹਿਤਕ ਮਹੱਤਤਾ, 'ਪੰਜਾਬੀ ਦੁਨੀਆ', ਕਿੱਸਾ-ਕਾਵਿ ਅੰਕ, ਜੁਲਾਈ-ਅਗਸਤ 1956, ਪੰਨਾ 54.
9. ਪੰਜਾਬੀ ਕਿੱਸਾਕਾਰੀ, 'ਵਾਰਿਸ-ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ ਜ.
10. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ' (1700 ਤੱਕ), ਪੰਨਾ 250.
11. ਉਹੀ, ਪੰਨਾ 257.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

12. 'ਹੀਰ ਅਹਿਮਦ', ਸ. ਸ. ਪਦਮ (ਸੰਪਾ.), ਪੰਨਾ 122.
13. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ' (1700-1800), ਪੰਨਾ 98.
14. ਮੁਕਬਲ ਰਚਨਾਵਲੀ', ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 10.
15. 'ਪ੍ਰਸਿੱਧ ਪੰਜਾਬੀ ਕਵੀ', ਪੰਨਾ 56.
16. 'ਮਹਾਨ ਕੋਸ਼', ਪੰਨਾ 3267.
17. ਹੀਰ ਵਾਰਿਸ ਦੀਆਂ ਖ਼ੂਬੀਆਂ, 'ਵਾਰਿਸ-ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ 74.
18. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', (1700-1800), ਪੰਨੇ 112-13.
19. ਅਜਮੇਰ ਸਿੰਘ 'ਭਗਵਾਨ ਸਿੰਘ ਦੀ ਕਵਿਤਾ—ਇਕ ਅਧਿਐਨ', ਪੰਨਾ 62.
20. 'ਹੀਰ ਭਗਵਾਨ ਸਿੰਘ', ਪੰਨਾ 24.
21. ਅਹਿਮਦਯਾਰ, 'ਸੱਸੀ ਪੁੰਨੂੰ'. ਉਜਾਗਰ ਸਿੰਘ (ਸੰਪਾ.), ਪੰਨਾ 12.
22. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ (1700-1800), ਪੰਨਾ 126.
23. 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ', ਦੂਜੀ ਵਾਰ, 1968, ਪੰਨਾ 371.
24. —ਹਾਸ਼ਮ ਤੋੜ ਸ਼ਿੰਗਾਰ ਸੱਸੀ ਨੇ ਖਾਕ ਲਈ ਸਿਰ ਪਾਈ।

    —'ਸੱਸੀ ਹਾਸ਼ਮ', ਦੀਵਾਨ ਸਿੰਘ ਤੇ ਅਹੂਜਾ (ਸੰਪਾ.), ਪੰਨਾ 82.
25. ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਦਾ ਇਤਿਹਾਸ', ਤੀਜੀ ਵਾਰ, 1950, ਪੰਨਾ 406.
26. 'ਹਾਸ਼ਮ ਰਚਨਾਵਲੀ', ਪਿਆਰਾ ਸਿੰਘ ਪਦਮ (ਸੰਪਾ.), ਪੰਨਾ 49.
27. ਉਹੀ, ਪੰਨਾ 34.
28. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, 1971, ਪੰਨਾ 680.
29. 'ਭਗਵਾਨ ਸਿੰਘ ਰਚਨਾਵਲੀ', ਪੰਨੇ 44-45.
30. (ੳ) ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨ।

    (ਹਾਫ਼ਿਜ਼)

    (ਅ) ਪੀਲੂ ਨਾਲ ਨਾ ਰੀਸ ਕਿਸੇ ਦੀ ਉਸ ਵਿਚ ਸੋਜ਼ ਅਲਹਿਦੀ।

    (ਅਹਿਮਦਯਾਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

31. 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', (1700-1800), ਪੰਨਾ 264.

32. 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 68.

33. 'ਪ੍ਰਸਿੱਧ ਪੰਜਾਬੀ ਕਵੀ', ਪੰਨਾ 142.

34. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ ਪੰਨਾ 160.

35. ਪਿਆਰਾ ਸਿੰਘ ਪਦਮ, 'ਪੰਜਾਬੀ ਸਾਹਿਤ ਦੀ ਰੂਪ ਰੇਖਾ', ਪੰਨਾ 163.

36. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 613.

37. 'ਪ੍ਰੇਮ ਕਹਾਣੀ', ਪੰਨਾ 210.

38. —ਸਦੀਕ ਲਾਲੀ ਯੂਸਫ ਦਾ ਕਿੱਸਾ ਸਿਰਫ਼ ਤਸੱਵਫ ਕਹਿਆ ।

(ਅਹਿਮਦਯਾਰ)

—ਇਕ ਸਦੀਕ ਕਹਾਵੇ ਲਾਲੀ, ਮਰਦ ਭਲਾ ਕੋਈ ਹੋਇਆ ।
ਮਿਹਤਰ ਯੂਸਫ ਦਾ ਇਸ ਸਿਹਰਾ ਚੁਣ ਚੁਣ ਫੁੱਲ ਪਰੋਇਆ ।

(ਮੁਹੰਮਦ ਬਖ਼ਸ਼)

39. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ (1700-1800), ਪੰਨਾ 97.

40. ਅਹਿਮਦਯਾਰ, 'ਅਹਸਨੁਲ ਕਸਿਸ', ਪਿਆਰ ਸਿੰਘ (ਸੰਪਾ.), ਪੰਨਾ ਹ.

41. ਕਿੱਸਿਆਂ ਦੇ ਭੇਦ ਤੇ ਕਿੱਸਾਕਾਰ ਦੀ ਕਲਾ', 'ਪੰਜਾਬੀ ਦੁਨੀਆ', ਕਿੱਸਾ-ਕਾਵਿ ਅੰਕ ਜੁਲਾਈ-ਅਗਸਤ 1956, ਪੰਨਾ 5.

42. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 670.

43. ਦੀਵਾਨ ਸਿੰਘ, 'ਸੂਫ਼ੀਵਾਦ ਤੇ ਹੋਰ ਲੇਖ', ਪੰਨਾ 116.

44. ਕਿੱਸਿਆਂ ਦੇ ਭੇਦ ਤੇ ਕਿੱਸਾਕਾਰ ਦੀ ਕਲਾ', 'ਪੰਜਾਬੀ ਦੁਨੀਆ', ਕਿੱਸਾ-ਕਾਵਿ ਅੰਕ, ਜੁਲਾਈ-ਅਗਸਤ 1956, ਪੰਨਾ 6.

45. 'ਪ੍ਰਸਿੱਧ ਪੰਜਾਬੀ ਕਵੀ', ਪੰਨਾ 24.

46. ਦੀਵਾਨ ਸਿੰਘ, 'ਸੂਫ਼ੀਵਾਦ ਤੇ ਹੋਰ ਲੇਖ', ਪੰਨਾ 89.

47. 'ਪ੍ਰਸਿੱਧ ਪੰਜਾਬੀ ਕਵੀ', ਪੰਨਾ 26.

48. 'ਮੂਲ ਤੇ ਮੁਲੰਕਣ', ਪੰਨਾ 12.

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

49. 'ਹੀਰ ਅਹਿਮਦ', ਸ. ਸ. ਪਦਮ (ਸੰਪਾ.) ਪੰਨਾ 53.

50. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜ਼ਾਬ, ਪੰਨੇ 574-76.

51. K. M. Panekar, A Survey of Indian History, P. 132.

52. 'ਹੀਰ ਅਹਿਮਦ', ਸ. ਸ. ਪਦਮ (ਸੰਪਾ.) ਪੰਨਾ 28.

53. ਰਤਨ ਸਿੰਘ ਜੱਗੀ, 'ਵਿਚਾਰਧਾਰਾ', ਪੰਨਾ 195.

54. ਉਹੀ, ਪੰਨਾ 205.

55. ਵਣਜਾਰਾ ਬੇਦੀ 'ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ', ਪੰਨਾ 37.

56. ਸਤਿੰਦਰ ਸਿੰਘ, ਬ੍ਰਿਤਾਂਤਕ ਰੂਪ ਤੇ ਉਤਸੁਕਤਾ, 'ਖੋਜ ਦਰਪਣ', ਜਨਵਰੀ 1978, ਪੰਨਾ 79.

57. ਗੁਰਚਰਨ ਸਿੰਘ, ਕਿੱਸਿਆਂ ਦੇ ਭੇਦ ਤੇ ਕਿੱਸਾਕਾਰ ਦੀ ਕਲਾ, 'ਪੰਜਾਬੀ ਦੁਨੀਆ', ਕਿੱਸਾ-ਕਾਵਿ ਅੰਕ, ਜੁਲਾਈ-ਅਗਸਤ, 1956, ਪੰਨੇ 16-17.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਅਧਿਆਇ

ਪੰਜਾਬੀ ਕਿੱਸਾ-ਕਾਵਿ : ਇਕ ਵਿਸ਼ਲੇਸ਼ਣ
(1901 ਤੋਂ 1947 ਈ: ਤਕ)

1800 ਈ. ਤਕ ਕਿੱਸਾ-ਕਾਵਿ ਪਰੰਪਰਾ ਆਪਣੇ ਭਰ-ਜੋਬਨ ਵਿਚ ਰਹੀ। ਸਾਡੇ ਅਧਿਐਨ ਕਾਲ ਵਿਚ ਗਿਣਨਾਤਮਕ ਪੱਖ ਤੋਂ ਕਾਫ਼ੀ ਨਿੱਕੇ ਵੱਡੇ ਕਿੱਸੇ ਲਿਖੇ ਗਏ। ਭਾਵੇਂ ਇਨ੍ਹਾਂ ਵਿਚ ਕਾਵਿ-ਕੌਸ਼ਲਤਾ ਅਤੇ ਸਾਹਿਤਕ ਗੁਣਾਂ ਦੀ ਘਾਟ ਹੈ ਪਰ ਫਿਰ ਵੀ ਪੰਡਿਤ ਕਾਲੀ ਦਾਸ, ਦੌਲਤ ਰਾਮ, ਪੰਡਿਤ ਕਿਸ਼ੋਰ ਚੰਦ, ਬਾਗ ਸਿੰਘ ਭੇਖਾ, ਸਾਧੂ ਦਯਾ ਸਿੰਘ ਆਰਿਫ਼, ਕਰਤਾਰ ਸਿੰਘ ਕਲਾਸਵਾਲੀਆ, ਸੋਖਤਾ, ਵਿਧਾਵਾ ਸਿੰਘ ਤੀਰ, ਧਨੀ ਰਾਮ ਚਾਤ੍ਰਿਕ ਦੇ ਕਿੱਸਿਆਂ ਵਿਚ ਸਾਹਿਤਕ ਗੁਣ ਪਾਏ ਜਾਂਦੇ ਹਨ। ਇਥੇ ਅਸੀਂ ਇਸ ਕਾਲ ਦੇ ਕਿੱਸਿਆਂ ਦਾ ਵਰਗੀਕਰਣ ਅਤੇ ਵਿਸ਼ਲੇਸ਼ਣ ਕਰਦੇ ਹਾਂ—

1. ਪ੍ਰੀਤ ਕਿੱਸੇ

ਜਾਗੀਰਦਾਰੀ ਪ੍ਰਬੰਧ ਪ੍ਰੇਮ-ਮਈ ਕਿੱਸਿਆਂ ਦੇ ਉਦਭਵ ਦਾ ਵੱਡਾ ਕਾਰਣ ਸੀ। ਇਸੇ ਲਈ ਪੂਰਵ ਅਧਿਐਨ ਕਾਲ ਵਿਚ ਵਧੇਰੇ ਪ੍ਰੇਮ-ਮਈ ਕਿੱਸੇ ਲਿਖੇ ਗਏ। ਸਾਡੇ ਅਧਿਐਨ ਕਾਲ ਵਿਚ ਪੂੰਜੀਵਾਦੀ ਪ੍ਰਬੰਧ ਕਾਇਮ ਹੋ ਚੁੱਕਾ ਸੀ। ਇਸ ਕਾਲ ਵਿਚ ਹੀਰ, ਸੋਹਣੀ, ਸੱਸੀ ਆਦਿ ਦੇ ਕਿੱਸੇ ਲਿਖੇ ਗਏ। ਇਸ ਸਮੇਂ ਸਾਮੀ ਅਤੇ ਇਸਲਾਮੀ ਇਸ਼ਕੀਆ ਕਿੱਸਿਆਂ ਦੀ ਘਾਟ ਰਹੀ ਹੈ। ਇਸ ਦਾ ਮੁੱਖ ਕਾਰਣ ਮੁਸਲਮਾਨ ਕਿੱਸਾਕਾਰਾਂ ਦੀ ਘਾਟ ਤੇ ਉਨ੍ਹਾਂ ਦਾ ਪੰਜਾਬੀ ਬੋਲੀ ਦੀ ਥਾਂ ਉਰਦੂ ਵੱਲ ਰੁਚਿਤ ਹੋਣਾ ਹੈ। ਇਨ੍ਹਾਂ ਦੀ ਥਾਂ ਸਿੱਖ ਅਤੇ ਹਿੰਦੂ ਕਿੱਸਾਕਾਰਾਂ ਨੇ ਕਿੱਸਾਕਾਰੀ ਕੀਤੀ। ਸਾਮੀ ਅਤੇ ਇਸਲਾਮੀ ਕਿੱਸਿਆਂ ਦੀ ਥਾਂ ਇਨ੍ਹਾਂ ਨੇ ਸਥਾਨਿਕ ਪ੍ਰੀਤ ਕਹਾਣੀਆਂ; ਕਿੱਸਾ ਪਰਤਾਪੀ, ਜੈਕੁਰ-ਬਿਸ਼ਨ ਸਿੰਘ, ਬੇਗੋਨਾਰ, ਰਤਨੀ ਸੁਨਿਆਰੀ ਆਦਿ ਕਿੱਸੇ ਲਿਖੇ।

(ੳ) ਹੀਰ ਰਾਂਝਾ : ਪੰਜਾਬੀ ਕਿੱਸਾਕਾਰੀ ਵਿਚ ਕਿੱਸਾ ਹੀਰ ਰਾਂਝਾ ਦਾ ਉੱਤਮ ਸਥਾਨ ਹੈ। ਸਾਡੇ ਅਧਿਐਨ ਕਾਲ ਵਿਚ ਵੀ ਲਗਭਗ ਹਰ ਪ੍ਰਮੁੱਖ ਕਿੱਸਾਕਾਰ ਨੇ ਹੀਰ ਦਾ ਕਿੱਸਾ ਲਿਖਿਆ ਹੈ। ਜਿਵੇਂ; ਬਾਬਾ ਬੰਸੀਵਾਲਾ, ਗੋਪਾਲ ਚੰਦ, ਮੌਲਾ ਬਖ਼ਸ਼ ਕੁਸ਼ਤਾ, ਰਣ ਸਿੰਘ, ਪੰਡਿਤ ਕਿਸ਼ੋਰ ਚੰਦ, ਨਰੈਣ ਸਿੰਘ, ਪੀਰ ਦਿੱਤਾ ਤੱਗੜ, ਗੰਗਾ ਸਿੰਘ, ਪਾਲੀ ਸਿੰਘ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਹੌਰਾ ਸਿੰਘ, ਸੋਖਤਾ, ਮੰਗੂ ਰਾਮ, ਕਰਨੈਲ ਸਿੰਘ ਪਾਰਸ, ਕਰਤਾਰ ਸਿੰਘ, ਮੌਲਾਸ਼ਾਹ ਮਜੀਠਵੀ ਅਤੇ ਰਾਮ ਸਿੰਘ।

ਪਹਿਲੇ ਕਾਲ ਦੇ ਹੀਰ-ਕਾਵਿ ਨਾਲੋਂ ਇਸ ਕਾਲ ਦਾ ਹੀਰ-ਕਾਵਿ ਇਤਨਾ ਪ੍ਰਸਿੱਧ ਨਹੀਂ ਹੋਇਆ ਪਰ ਫਿਰ ਵੀ ਇਸ ਕਾਲ ਦੇ ਪੰਡਿਤ ਕਿਸ਼ੋਰ ਚੰਦ, ਮੌਲਾ ਸ਼ਾਹ ਮਜੀਠਵੀ, ਲਾਹੌਰਾ ਸਿੰਘ, ਗੋਕਲ ਚੰਦ, ਸੋਖਤਾ ਆਦਿ ਦੀਆਂ ਹੀਰਾਂ ਵਧੇਰੇ ਪੜ੍ਹੀਆਂ ਗਈਆਂ ਹਨ।

ਇਹ ਕਿੱਸੇ ਰਵਾਇਤੀ ਲੀਹਾਂ 'ਤੇ ਲਿਖੇ ਗਏ ਹਨ। ਇਨ੍ਹਾਂ ਦੀ ਕਹਾਣੀ, ਪਾਤਰ, ਅਲੰਕਾਰ, ਪਰਾਸਰੀਰਕ ਅੰਸ਼ ਪਹਿਲੇ ਕਿੱਸਾਕਾਰਾਂ ਦੀ ਪਰੰਪਰਾ ਦਾ ਅਨੁਸਰਣ ਹੀ ਕਰਦੇ ਹਨ। ਇਨ੍ਹਾਂ ਕਿੱਸਿਆਂ ਦੀ ਆਪਣੀ ਕੋਈ ਖ਼ਾਸ ਵਿਲੱਖਣਤਾ ਨਜ਼ਰ ਨਹੀਂ ਆਉਂਦੀ ਹੈ। ਬੰਸੀਵਾਲਾ ਦੀ ਹੀਰ ਦੀ ਇਕੋ ਵਿਲੱਖਣਤਾ ਇਹ ਹੈ ਕਿ ਜਿਥੇ ਇਸ ਕਾਲ ਦੇ ਬਹੁਤ ਸਾਰੇ ਕਿੱਸਾਕਾਰ ਕਿੱਸੇ ਦਾ ਆਰੰਭ ਦੇਵੀ ਮਾਤਾ ਦੀ ਅਰਾਧਨਾ ਨਾਲ ਕਰਦੇ ਹਨ ਉਥੇ ਬੰਸੀਵਾਲੇ ਨੇ ਗੁਰੂ ਨਾਨਕ ਦੇਵ ਦੀ ਅਰਾਧਨਾ ਨਾਲ ਕੀਤਾ ਹੈ :

ਆਦਿ ਨਾਨਕ ਚਰਨ ਭਜ ਦਸ ਗੁਰ ਕੋ ਪ੍ਰਨਾਮ ॥
ਕਹੋ ਦੇਵ ਮ੍ਰਿਗਿੰਦ ਗੁਰ ਸੇ ਹਿਰਦੇ ਬਿਸ੍ਰਾਮ ॥

ਹੀਰ ਕਿਸ਼ੋਰ ਚੰਦ ਮਾਲਵੇ ਵਿਚ ਬਹੁਤ ਪ੍ਰਸਿਧ ਹੋਈ। ਇਸ ਦਾ ਮੁੱਖ ਕਾਰਣ ਇਸ ਵਿਚ ਮਲਵਈ ਉਪ-ਭਾਸ਼ਾ ਦੀ ਵਰਤੋਂ ਅਤੇ ਮਲਵਈ ਸਭਿਆਚਾਰ ਦਾ ਚਿਤ੍ਰਣ ਹੈ। ਕਿਸ਼ੋਰ ਚੰਦ ਨੇ ਇਸ ਦਾ ਅੰਤ ਸੁਖਾਂਤਕ ਕੀਤਾ ਹੈ।

ਮੌਲਾ ਬਖ਼ਸ਼ ਕੁਸ਼ਤਾ ਦੀ ਹੀਰ ਵਧੇਰੇ ਪ੍ਰਸਿਧ ਨਾ ਹੋ ਸਕੀ। ਉਸ ਨੇ ਵਾਰਿਸ ਦੀ ਹੀਰ ਨੂੰ ਆਧਾਰ ਬਣਾ ਕੇ ਹੀਰ ਦਾ ਕਿੱਸਾ ਲਿਖਿਆ।[1] ਵਾਰਿਸ ਸ਼ਾਹ ਵਾਲੀ ਹੀ ਦੁਖਾਂਤਕ ਕਹਾਣੀ ਅਤੇ ਘਟਨਾਵਾਂ ਹਨ। ਇਸ ਦੀ ਹੀਰ ਸਾਦੀ ਅਤੇ ਰਸ ਤੋਂ ਖ਼ਾਲੀ ਹੈ।

ਸੋਖਤਾ ਦੀ ਹੀਰ ਆਕਾਰ ਵਿਚ ਸਭ ਹੀਰਾਂ ਤੋਂ ਵੱਡੀ ਹੈ। ਕਿਸ਼ਨ ਸਿੰਘ ਆਰਿਫ਼, ਭਗਵਾਨ ਸਿੰਘ ਦੀਆਂ ਹੀਰਾਂ ਪਿੰਡਾਂ ਵਿਚ ਵਧੇਰੇ ਪ੍ਰਸਿੱਧ ਹੋਈਆਂ। ਸੋਖਤਾ ਦੀ ਹੀਰ ਸ਼ਹਿਰੀ ਜਨਤਾ ਵਿਚ ਵਧੇਰੇ ਪ੍ਰਸਿਧ ਹੋਈ।

ਹੀਰ ਵਾਰਿਸ ਨਾਲੋਂ ਹੀਰ ਸੋਖਤਾ ਵਿਚ ਕੁਝ ਘਟਨਾਵਾਂ ਦਾ ਵੀ ਫ਼ਰਕ ਹੈ। ਜਿਵੇਂ ਹੀਰ ਵਾਰਿਸ ਵਿਚ ਰਾਂਝੇ ਨਾਲ ਭਾਬੀਆਂ ਬਹੁਤ ਲੜਦੀਆਂ ਹਨ। ਪਰ ਹੀਰ ਸੋਖਤਾ ਵਿਚ ਭਰਾ ਜ਼ਿਆਦਾ ਲੜਦੇ ਹਨ। ਹੀਰ ਸੋਖਤਾ ਵਿਚ ਸਮਕਾਲੀ ਰਾਜਸੀ ਸਥਿਤੀ ਵਲ ਵੀ ਸੰਕੇਤ ਹਨ। ਰੂਸ, ਸਾਇਬੇਰੀਆ, ਬੋਲਸ਼ਵਿਕ ਪਾਰਟੀ, ਹੋਮਰ, ਨਾਜ਼ੀ ਪਾਰਟੀ ਆਦਿ ਸੰਬੰਧੀ ਸੰਕੇਤ ਮਿਲਦੇ ਹਨ। ਹੀਰ ਸੋਖਤਾ ਵਿਚ ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਸ਼ਬਦ ਵੀ ਮਿਲਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰਾ ਸਿੰਘ ਲਾਹੌਰੀ ਦਾ ਹੀਰ ਦਾ ਕਿੱਸਾ ਵੀ ਪਿੰਡਾਂ ਦੀ ਥਾਂ ਸ਼ਹਿਰੀ ਲੋਕਾਂ ਨੇ ਵਧੇਰੇ ਪੜ੍ਹਿਆ ਹੈ। ਲਾਹੌਰੀ ਨੇ ਵਿਅੰਗਆਤਮਕ ਸ਼ੈਲੀ ਵਿਚ ਹੀਰ ਦਾ ਕਿੱਸਾ ਲਿਖਿਆ ਹੈ। ਉਸ ਨੂੰ ਫ਼ਾਰਸੀ ਜ਼ਬਾਨ 'ਤੇ ਚੰਗਾ ਕਾਬੂ ਸੀ। ਉਸ ਨੇ ਪੰਜਾਬੀ ਦੇ ਪ੍ਰਸਿੱਧ ਕਿੱਸਾ-ਕਵੀ ਦਮੋਦਰ, ਮੁਕਬਲ, ਵਾਰਿਸ ਆਦਿ ਦੇ ਕਿੱਸੇ ਪੜ੍ਹ ਕੇ ਹੀ ਆਪਣਾ ਕਿੱਸਾ ਲਿਖਿਆ ਜਾਪਦਾ ਹੈ। ਕਈ ਥਾਈਂ ਲਾਹੌਰੀ ਦਾ ਕੋਈ ਕੋਈ ਸ਼ੇਅਰ ਵਾਰਿਸ ਦੇ ਸ਼ਿਅਰਾਂ ਨਾਲ ਮਿਲਦਾ ਜੁਲਦਾ ਹੈ।[2] ਇਸ ਨੇ ਵਾਰਿਸ ਵਾਂਗ ਬੈਂਤ ਛੰਦ ਵਿਚ ਹੀਰ ਲਿਖੀ ਹੈ।

(ਅ) ਸੋਹਣੀ ਮਹੀਂਵਾਲ : ਪੰਜਾਬ ਦੀ ਦੂਸਰੀ ਪ੍ਰਸਿਧ ਪ੍ਰੀਤ ਕਹਾਣੀ ਸੋਹਣੀ ਮਹੀਂਵਾਲ ਹੈ। ਇਸ ਕਾਲ ਦੇ ਬਹੁਤ ਸਾਰੇ ਕਿੱਸਾਕਾਰਾਂ ਨੇ ਸੋਹਣੀ ਦਾ ਕਿੱਸਾ ਲਿਖਿਆ ਹੈ। ਕੁਝ ਪ੍ਰਮੁੱਖ ਕਿੱਸਾਕਾਰ ਹਨ : ਬਜਾਰਾ ਸਿੰਘ, ਬਾਗ ਸਿੰਘ ਭੇਖਾ, ਪੂਰਨ ਰਾਮ ਕਿਸ਼ਨਗੜ੍ਹ, ਸਦਾ ਰਾਮ ਤਲਵੰਡੀ ਸਾਬੋ, ਪੰਡਿਤ ਕਿਸ਼ੋਰ ਚੰਦ, ਮੁਹੰਮਦ ਬੂਟਾ ਗੁਜਰਾਤੀ ਅਤੇ ਕਵੀ ਰੀਟਾ ਦੀਨ।

ਬਾਗ ਸਿੰਘ ਭੇਖਾ, ਸਦਾ ਰਾਮ ਅਤੇ ਪੰਡਿਤ ਕਿਸ਼ੋਰ ਚੰਦ ਦੇ ਕਿੱਸਿਆਂ ਨੂੰ ਮਾਲਵੇ ਵਿਚ ਕਾਫ਼ੀ ਪ੍ਰਸਿਧੀ ਪ੍ਰਾਪਤ ਹੋਈ। ਬਾਗ ਸਿੰਘ ਭੇਖਾ ਦੀ ਸੋਹਣੀ ਵੱਡੇ ਆਕਾਰ ਦੀ ਰਚਨਾ ਹੈ। ਸੋਹਣੀ ਮਹੀਂਵਾਲ ਦੀ ਕਹਾਣੀ ਦਾ ਰਵਾਇਤੀ ਰੂਪ ਇਸ ਕਿੱਸੇ ਵਿਚ ਮਿਲਦਾ ਹੈ। ਗੁਰਦੇਵ ਸਿੰਘ ਸਿੱਧੂ ਅਨੁਸਾਰ, 'ਬਾਗ ਸਿੰਘ ਰਚਿਤ ਇਹ ਕਿੱਸਾ ਲੋਕ-ਵਿਸ਼ਵਾਸ ਦਾ ਭੰਡਾਰ ਵੀ ਹੈ। ਪੰਜਾਬੀਆਂ ਦਾ ਸ਼ਾਇਦ ਹੀ ਕੋਈ ਵਿਸ਼ਵਾਸ ਹੋਵੇ ਜਿਸ ਦਾ ਜ਼ਿਕਰ ਇਸ ਕਿੱਸੇ ਵਿਚ ਨਾ ਹੋਇਆ ਹੋਵੇ'।[3] ਇਸ ਕਿੱਸੇ ਵਿਚ ਲੋਕਾਂ ਦੇ ਵਹਿਮ-ਭਰਮ, ਸ਼ਗਨ-ਅਪਸ਼ਗਨ, ਦਿਨ-ਥਿਤਾਂ ਦੀ ਵਿਚਾਰ, ਲੋਕ ਧੰਦੇ, ਜਾਤਾਂ ਦਾ ਵਰਨਣ, ਔਰਤਾਂ ਦੇ ਨਾਂ, ਸੁਪਨੇ, ਲੋਕ ਧਾਰਨਾਵਾਂ ਆਦਿ ਦਾ ਵਰਨਣ ਹੈ। ਇਸ ਕਿੱਸੇ ਵਿਚੋਂ ਲੋਕ ਸਭਿਆਚਾਰ ਬਾਰੇ ਕਾਫ਼ੀ ਕੁਝ ਮਿਲਦਾ ਹੈ। ਇਹ ਗੱਲ ਵੱਖਰੀ ਹੈ ਕਿ ਇਹ ਹੀਰ ਵਾਰਿਸ ਵਾਂਗ ਕਲਾਤਮਿਕ ਢੰਗ ਨਾਲ ਲੋਕ ਸਭਿਆਚਾਰ ਨੂੰ ਪੇਸ਼ ਨਹੀਂ ਕਰ ਸਕਿਆ। ਪਰ ਆਪਣੇ ਸਮਕਾਲੀ ਕਿੱਸਾਕਾਰਾਂ ਵਿਚੋਂ ਬਾਗ ਸਿੰਘ ਭੇਖਾ ਨੇ ਵੀ ਸੋਹਣੀ ਦੇ ਕਿੱਸੇ ਵਿਚ ਲੋਕ ਸਭਿਆਚਾਰ ਨੂੰ ਚਿਤ੍ਰਣ ਦਾ ਉਪਰਾਲਾ ਕੀਤਾ ਹੈ।

ਸੋਹਣੀ ਸਦਾ ਰਾਮ ਵੀ ਮਾਲਵੇ ਵਿਚ ਕਾਫ਼ੀ ਪ੍ਰਸਿੱਧ ਹੋਈ। ਰਵਾਇਤੀ ਕਿੱਸਾਕਾਰਾਂ ਵਾਂਗ ਸਦਾ ਰਾਮ ਨੇ ਵੀ ਇਹ ਕਿੱਸਾ ਪਰਮਾਤਮਾ ਦੀ ਉਤਪਤੀ ਨਾਲ ਸ਼ੁਰੂ ਕੀਤਾ ਹੈ। ਇਹ ਕਿੱਸਾ ਵੀ ਉਹਨੇ ਯਾਰਾਂ-ਦੋਸਤਾਂ ਦੀ ਫ਼ਰਮਾਇਸ਼ 'ਤੇ ਲਿਖਿਆ। ਸਦਾ ਰਾਮ ਨੇ ਚੌਪਈ, ਕਬਿੱਤ, ਕੋਰੜਾ ਛੰਦ ਦੀ ਵਰਤੋਂ ਕੀਤੀ ਹੈ। ਇਸ ਕਿੱਸੇ ਵਿਚ ਰੋਮਾਂਚਿਕ ਛੋਹਾਂ ਵੀ ਮਿਲਦੀਆਂ ਹਨ। ਕਿੱਸੇ ਵਿਚ ਮਿਥਿਹਾਸਿਕ ਅਤੇ ਇਤਿਹਾਸਿਕ ਹਵਾਲੇ, ਇੰਦਰ, ਯੂਸਫ਼, ਮੂਸਾ, ਰਸੂਲ, ਸ਼ਮਸ ਤਬਰੇਜ਼, ਅਜ਼ਰਾਇਲ ਆਦਿ ਦਾ ਵਰਨਣ ਹੈ। ਪਰ ਦਰਦ ਤੇ ਸੋਜ਼ ਦਾ ਜੋ ਬਿਆਨ ਹਾਸ਼ਮ ਤੇ ਫ਼ਜ਼ਲ ਸ਼ਾਹ ਨੇ ਕੀਤਾ ਹੈ ਉਹੋ ਜੇਹਾ ਬਿਆਨ ਸਦਾ ਰਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਕਰ ਸਕਿਆ। ਕਿੱਸੇ ਵਿਚ ਮਲਵਈ ਉਪ-ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਸੇ ਕਾਰਣ ਕਿੱਸੇ ਵਿਚ ਸਥਾਨਕ ਰੰਗਣ ਹੈ। ਪਰ ਫਿਰ ਵੀ ਇਹ ਕਿੱਸਾ ਫ਼ਜ਼ਲ ਸ਼ਾਹ ਦੇ ਕਿੱਸੇ ਦਾ ਮੁਕਾਬਲਾ ਨਹੀਂ ਕਰਦਾ।

ਪੂਰਨ ਰਾਮ ਕਿਸ਼ਨਗੜ੍ਹੀਏ ਨੇ ਸੋਹਣੀ ਦਾ ਕਿੱਸਾ 1913 ਈ. ਵਿਚ ਲਿਖਿਆ। ਕਿੱਸਾਕਾਰ ਨੇ ਸੋਹਣੀ ਦਾ ਬਚਪਨ ਅਤੇ ਹੋਰ ਪਹਿਲੀਆਂ ਘਟਨਾਵਾਂ ਦਾ ਵਰਨਣ ਨਹੀਂ ਕੀਤਾ। ਉਸ ਨੇ ਸੋਹਣੀ ਦੇ ਜੀਵਨ ਦੀ ਇਕਹਿਰੀ ਘਟਨਾ ਨੂੰ ਕਿੱਸੇ ਵਿਚ ਕਾਵਿਬੱਧ ਕੀਤਾ ਹੈ। ਗੁਰਦੇਵ ਸਿੰਘ ਸਿੱਧੂ ਅਨੁਸਾਰ, ਪੂਰਨ ਰਾਮ ਦੀ ਸ਼ਾਇਰੀ ਦਾ ਕੇਂਦਰ ਸੋਹਣੀ ਦਾ ਯਕੀਨ ਜਾਂ ਸਿਦਕ ਤੇ ਇਸ਼ਕ ਵਿਚ ਦ੍ਰਿੜ੍ਹਤਾ ਹੈ। ਉਸ ਦੇ ਸਾਰੇ ਕਿੱਸੇ ਦਾ ਮਨੋਰਥ ਦੁਖਾਂਤ ਦੇ ਚਿਤ੍ਰਪਟ 'ਤੇ ਸੋਹਣੀ ਦੇ ਆਚਰਣ ਦੀ ਇਸ ਵਿਸ਼ੇਸ਼ਤਾ ਨੂੰ ਉਘਾੜਨਾ ਹੈ। ਇਸ ਦਾ ਮੌਕਾ ਉਹ ਅੰਤਿਮ ਰਾਤ ਹੈ ਜਦੋਂ ਸੋਹਣੀ ਕੱਚੇ ਘੜੇ ਤੇ ਠਿਲ੍ਹ ਪੈਂਦੀ ਹੈ।[4] ਪੂਰਨ ਰਾਮ ਨੇ ਵੀ ਮਿਥਿਹਾਸਿਕ ਹਵਾਲੇ, ਸ਼ਗਨ-ਅਪਸ਼ਗਨ ਆਦਿ ਦਾ ਕਿਤੇ ਕਿਤੇ ਵਰਣਨ ਕੀਤਾ ਹੈ।

(ੲ) **ਸੱਸੀ ਪੁੰਨੂੰ** : ਅਧਿਐਨ ਕਾਲ ਵਿਚ ਕੁਝ ਕਿੱਸਾਕਾਰਾਂ ਨੇ ਸੱਸੀ ਦੇ ਕਿੱਸੇ ਵੀ ਲਿਖੇ ਹਨ। ਪਰ ਕਿਸੇ ਕਿੱਸੇ ਵਿਚ ਹਾਸ਼ਮ ਵਰਗੀ ਬਿਰਹੋਂ ਪੀੜ ਅਤੇ ਦਰਦ ਦਾ ਬਿਆਨ ਨਹੀਂ ਮਿਲਦਾ ਹੈ।

ਇਸ ਕਾਲ ਵਿਚ ਇਹ ਕਿੱਸਾ ਲਿਖਣ ਵਾਲੇ ਕੁਝ ਪ੍ਰਮੁੱਖ ਕਿੱਸਾਕਾਰ ਹਨ : ਮੁਹੰਮਦ ਬੂਟਾ ਗੁਜਰਾਤੀ, ਪੰਡਿਤ ਕਿਸ਼ੋਰ ਚੰਦ, ਹਰਨਾਮ ਸਿੰਘ ਸੇਖਾ ਅਤੇ ਕਰਨੈਲ ਸਿੰਘ ਪਾਰਸ।

ਪਰ ਇਹ ਸੱਸੀ ਦੇ ਕਿੱਸੇ ਲੋਕਾਂ ਵਿਚ ਵਧੇਰੇ ਪ੍ਰਚਲਿਤ ਨਹੀਂ ਹੋ ਸਕੇ। ਇਸ ਦਾ ਮੁੱਖ ਕਾਰਣ ਧਾਰਮਿਕ ਅਤੇ ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਰਚਿਤ ਸਦਾਚਾਰਕ ਕਿੱਸੇ ਸਨ, ਜਿਨ੍ਹਾਂ ਨੂੰ ਲੋਕ ਵਧੇਰੇ ਪੜ੍ਹਦੇ ਸਨ।

(ਸ) **ਮਿਰਜ਼ਾ ਸਾਹਿਬਾਂ** : ਅਧਿਐਨ ਕਾਲ ਵਿਚ ਕੁਝ ਲੋਕ ਕਿੱਸਾਕਾਰਾਂ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਲਿਖੇ ਹਨ। ਪਰ ਇਸ ਕਾਲ ਦੇ ਕਿਸੇ ਪ੍ਰਮੁੱਖ ਕਿੱਸਾਕਾਰ ਨੇ ਇਹ ਕਿੱਸਾ ਨਹੀਂ ਲਿਖਿਆ ਹੈ। ਇਹ ਕਿੱਸਾ ਰਚਣ ਵਾਲੇ ਕੁਝ ਕਿੱਸਾਕਾਰ ਹਨ : ਗੋਕਲ ਚੰਦ ਪੰਡਿਤ ਰਾਮ ਚੰਦ ਅਤੇ ਕਰਨੈਲ ਸਿੰਘ ਪਾਰਸ।

(ਹ) **ਸਥਾਨਕ ਪ੍ਰੀਤ ਕਿੱਸੇ** : ਇਸ ਕਾਲ ਦੇ ਕਿੱਸਾਕਾਰਾਂ ਨੇ ਨਿਰੋਲ ਪੁਰਾਣੀਆਂ ਪ੍ਰੀਤ ਕਥਾਵਾਂ ਨੂੰ ਹੀ ਆਪਣੇ ਕਿੱਸਿਆਂ ਦਾ ਵਿਸ਼ਾ ਨਹੀਂ ਬਣਾਇਆ, ਸਗੋਂ ਸਥਾਨਕ ਪ੍ਰੀਤ ਕਿੱਸੇ ਰਚ ਕੇ ਪੰਜਾਬੀ ਕਿੱਸਾ-ਕਾਵਿ ਵਿਚ ਵਿਸ਼ੈ ਪੱਖ ਤੋਂ ਇਕ ਨਵਾਂ ਵਾਧਾ ਕਰਨ ਦਾ ਯਤਨ ਕੀਤਾ। ਇਨ੍ਹਾਂ ਕਹਾਣੀਆਂ ਨੂੰ ਸਥਾਨਕ ਮਹੱਤਾ ਪ੍ਰਾਪਤ ਹੋਈ। ਕੁਝ ਪ੍ਰਮੁੱਖ ਕਿੱਸਾਕਾਰਾਂ, ਜਿਨ੍ਹਾਂ ਨੇ ਇਨ੍ਹਾਂ ਸਥਾਨਕ ਪ੍ਰੀਤ ਕਹਾਣੀਆਂ ਨੂੰ ਕਿੱਸਾ ਰੂਪ ਵਿਚ ਵਰਨਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ, ਉਹ ਹਨ :

1.	ਗੁਰਦਿੱਤ ਸਿੰਘ ਖੜਗ	ਕਿੱਸਾ ਪਰਤਾਪੀ ਦਾ	1912 ਈ.
2.	ਗੋਕਲ ਚੰਦ	ਕਿੱਸਾ ਵੱਡਾ ਪਰਤਾਪੀ ਦਾ	—
3.	ਨਰੈਣ ਸਿੰਘ ਤਾਜਪੁਰ	ਬੇਗੋਨਾਰ ਵੱਡੀ	—
4.	ਹਰਨਾਮ ਸਿੰਘ	ਇੰਦਰ ਬਾਣੀਆ ਤੇ ਬੇਗੋਨਾਰ	—
5.	ਦੌਲਤ ਰਾਮ	ਬੇਗੋਨਾਰ	1914 ਈ.
6.	ਪੰਡਿਤ ਕਿਸ਼ੋਰ ਚੰਦ	1. ਬੇਗੋਨਾਰ	—
		2. ਜੈਕੁਰ-ਬਿਸ਼ਨ ਸਿੰਘ	—
7.	ਪੂਰਨ ਰਾਮ ਕਿਸ਼ਨਗੜ੍ਹ	ਕਿੱਸਾ ਇੰਦਰ ਤੇ ਬੇਗੋ	1917 ਈ.
8.	ਈਸ਼ਰ ਸਿੰਘ	ਕਿੱਸਾ ਪ੍ਰਤਾਪੀ ਦਾ	1919 ਈ.
9.	ਸ਼ਾਮ ਸਿੰਘ	ਰਾਮਦਈ ਤੇ ਧਨਪਤ ਸੁਦਾਗਰ	1925 ਈ.
10.	ਵਸਾਖਾ ਸਿੰਘ	ਕਿੱਸਾ ਨੌਕਰ ਦੀ ਨਾਰ	—

ਕਿੱਸਾ ਪ੍ਰਤਾਪੀ ਦਾ ਇਕ ਸਥਾਨਕ ਪ੍ਰੀਤ ਕਹਾਣੀ ਹੈ। ਫ਼ਤੇ ਸਿੰਘ ਦਾ ਪੁੱਤਰ ਕਾਹਨ ਸਿੰਘ ਅਤੇ ਉਸ ਦਾ ਪੁੱਤਰ ਕ੍ਰਿਪਾਲ ਸਿੰਘ ਸੀ। ਉਸ ਦਾ ਪਿੰਡ ਰਪਾਲੋਂ ਦੇ ਨੇੜੇ ਲਪੋਂ ਸੀ। ਉਥੇ ਫੱਗਣ ਦੇ ਮਹੀਨੇ ਮੇਲਾ ਲੱਗਦਾ ਸੀ। ਮਰਦ ਅਤੇ ਤੀਵੀਆਂ ਇਹ ਮੇਲਾ ਵੇਖਣ ਜਾਂਦੇ ਸਨ। ਉਥੇ ਸੱਪਾਂ ਦੇ ਖੇਡਣੇ ਬਣਾਏ ਜਾਂਦੇ ਸਨ। ਮੇਲੇ ਵਿਚ ਕ੍ਰਿਪਾਲ ਸਿੰਘ ਅਤੇ ਪ੍ਰਤਾਪੀ ਸੁਨਿਆਰੀ ਦਾ ਪਿਆਰ ਹੋ ਜਾਂਦਾ ਹੈ। ਇਸ ਪ੍ਰੀਤ ਕਥਾ ਨੂੰ ਗੋਕਲ ਚੰਦ ਨੇ ਕਿੱਸੇ ਦਾ ਰੂਪ ਦਿਤਾ ਹੈ।

ਗੋਕਲ ਚੰਦ ਨੇ ਇਹ ਕਿੱਸਾ ਲਿਖ ਕੇ ਪੰਜਾਬੀ ਪ੍ਰੀਤ ਕਹਾਣੀਆਂ ਵਿਚ ਵਾਧਾ ਤਾਂ ਕੀਤਾ ਪਰ ਇਹ ਵਧੇਰੇ ਪ੍ਰਸਿਧ ਨਾ ਹੋ ਸਕੀ। ਇਸ ਦੇ ਦੋ ਕਾਰਣ ਹਨ; ਇਕ ਤਾਂ ਇਹ ਪ੍ਰੀਤ ਕਹਾਣੀ ਲੋਕਾਂ ਦੀ ਬਹੁਤੀ ਪ੍ਰਭਾਵਿਤ ਨਾ ਕਰ ਸਕੀ ਜਿੰਨੀ ਕਿ ਹੀਰ, ਸੱਸੀ ਜਾਂ ਸੋਹਣੀ ਦੀਆਂ ਕਹਾਣੀਆਂ। ਦੂਸਰੇ, ਗੋਕਲ ਚੰਦ ਵਿਚ ਕਾਵਿ-ਅਨੁਭਵ ਅਤੇ ਕਲਾ-ਕੁਸ਼ਲਤਾ ਦੀ ਘਾਟ ਹੈ। ਇਸ ਦਾ ਕਹਿਣ ਦਾ ਢੰਗ ਬਹੁਤਾ ਪ੍ਰਭਾਵਸ਼ਾਲੀ ਨਹੀਂ ਹੈ। ਨਿਰੀ ਤੁਕ-ਬੰਦੀ ਹੈ। ਸਭਿਆਚਾਰਕ ਛੋਹਾਂ ਦੀ ਘਾਟ ਹੈ। ਪ੍ਰਕ੍ਰਿਤੀ ਵਰਣਨ ਨਹੀਂ ਹੈ।

ਪੰਡਿਤ ਕਿਸ਼ੋਰ ਚੰਦ ਨੇ ਇਕ ਹੋਰ ਸਥਾਨਕ ਪ੍ਰੀਤ ਕਹਾਣੀ ਜੈਕੁਰ-ਬਿਸ਼ਨ ਸਿੰਘ ਨੂੰ ਕਿੱਸਾ-ਕਾਵਿ ਰੂਪ ਵਿਚ ਚਿਤ੍ਰਿਤ ਕੀਤਾ ਹੈ। ਭਾਨਪੁਰ ਦਾ ਸ. ਰਤਨ ਸਿੰਘ ਸੀ। ਉਸ ਦੇ ਘਰ ਕੋਈ ਔਲਾਦ ਨਹੀਂ ਸੀ। ਉਸ ਦੇ ਘਰ ਇਕ ਗੋਲੀ ਰਹਿੰਦੀ ਸੀ। ਉਸ ਨੇ ਉਸ ਨੂੰ ਘਰ ਦੀ ਮੁਖ਼ਤਾਰ ਬਣਾ ਦਿਤਾ ਅਤੇ ਉਸ ਨਾਲ ਵਿਆਹ ਕਰ ਲਿਆ। ਉਸ ਦੇ ਘਰ ਲੜਕੀ ਪੈਦਾ ਹੋਈ। ਜਿਸ ਦਾ ਨਾਂ ਜੈਕੁਰ ਰਖਿਆ ਗਿਆ। ਜਦੋਂ ਵੱਡੀ ਹੋਈ ਤਾਂ ਉਸ ਦਾ ਬਿਸ਼ਨ ਸਿੰਘ ਨਾਲ ਪਿਆਰ ਹੋ ਗਿਆ। ਪਰ ਘਰ ਵਾਲਿਆਂ ਨੇ ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਸੂਬੇਦਾਰ ਰਾਮ ਸਿੰਘ ਨਾਲ ਕਰ ਦਿਤਾ, ਜੋ [illegible] ਸੀ। ਜਦੋਂ ਉਹ ਛੁੱਟੀ ਕੱਟ ਕੇ ਜਾਂਦਾ ਤਾਂ ਜੈਕੁਰ ਬਿਸ਼ਨ ਸਿੰਘ ਨੂੰ ਪਾਸ ਬੁਲਾ ਲੈਂਦੀ ਤੇ ਮੌਜਾਂ ਮਾਣਦੇ। ਇਕ ਵਾਰ ਉਨ੍ਹਾਂ ਨੇ ਸੂਬੇਦਾਰ ਨੂੰ ਮਾਰਨ ਦੀ ਵਿਉਂਤ ਬਣਾਈ ਤੇ ਜੈਕੁਰ ਨੇ ਫ਼ੌਜ ਵਿਚੋਂ ਰਾਮ ਸਿੰਘ ਨੂੰ ਬੁਲਾ ਲਿਆ। ਜੈਕੁਰ ਨੇ ਬਿਸ਼ਨ ਸਿੰਘ ਨੂੰ ਰਾਤ ਨੂੰ ਘਰ ਵਿਚ ਛੁਪਾ ਲਿਆ। ਰਾਤ ਨੂੰ ਸੂਬੇਦਾਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਪਰ ਘਰ ਵਿਚ ਇਕ ਚੋਰ ਆ ਗਿਆ। ਉਸ ਨੇ ਬਿਸ਼ਨ ਸਿੰਘ ਨੂੰ ਮਾਰ ਦਿਤਾ। ਸੂਬੇਦਾਰ ਫੜਿਆ ਗਿਆ। ਪਰ ਬਾਅਦ ਵਿਚ ਚੋਰ ਨੇ ਆਪਣੇ ਸਿਰ ਇਲਜ਼ਾਮ ਮੰਨ ਲਿਆ ਤੇ ਸੂਬੇਦਾਰ ਨੂੰ ਛੱਡ ਦਿਤਾ ਗਿਆ।

ਪੰਡਿਤ ਕਿਸ਼ੋਰ ਚੰਦ ਨੇ ਇਸ ਕਿੱਸੇ ਦੇ ਮੰਗਲਾਚਰਣ ਵਿਚ ਦਸਾਂ ਗੁਰੂਆਂ ਦੀ ਅਰਾਧਨਾ ਕੀਤੀ ਹੈ। ਛੰਦ ਦੋਹਰਾ, ਕੋਰੜਾ, ਕਬਿੱਤ ਅਤੇ ਕੁੰਡਲੀਏ ਦੀ ਵਰਤੋਂ ਕੀਤੀ ਹੈ। ਕਿਸ਼ੋਰ ਚੰਦ ਨੇ ਅੰਗਰੇਜ਼ੀ ਰਾਜ ਦੀ ਸਰਾਹਨਾ ਕੀਤੀ ਹੈ।

ਬੇਗੋਨਾਰ ਦੀ ਪ੍ਰੀਤ ਕਹਾਣੀ ਵੀ ਅਧਿਐਨ ਕਾਲ ਦੇ ਕਿੱਸਾਕਾਰਾਂ ਨੇ ਲਿਖੀ ਹੈ। ਪੂਰਨ ਰਾਮ ਕਿਸ਼ਨਗੜ੍ਹੀਏ ਦਾ ਕਿੱਸਾ 'ਇੰਦਰ ਬਾਣੀਆ ਤੇ ਬੇਗੋਨਾਰ' ਨੂੰ ਕੁਝ ਪ੍ਰਸਿਧੀ ਮਿਲੀ ਹੈ। ਇਹ ਕਿੱਸਾ ਸਭ ਤੋਂ ਪਹਿਲਾਂ ਪੂਰਨ ਰਾਮ ਨੇ ਲਿਖਿਆ। ਇਹ ਛੋਟਾ ਜਿਹਾ ਕਿੱਸਾ ਹੈ, ਜਿਸ ਦੇ ਕੁਲ 79 ਬੰਦ ਹਨ। ਇੰਦਰ ਬਾਣੀਆ ਇਕ ਦੁਕਾਨਦਾਰ ਹੈ। ਪਿੰਡ ਦੀ ਇਕ ਕੁੜੀ ਬੇਗੋ ਬੜੀ ਬਣ-ਠਣ ਕੇ ਦੁਕਾਨ 'ਤੇ ਸੌਦਾ ਖ਼ਰੀਦਣ ਆਉਂਦੀ ਹੈ। ਇੰਦਰ ਉਸ ਦੇ ਰੂਪ 'ਤੇ ਮਸਤ ਹੋ ਜਾਂਦਾ ਹੈ। ਜਦੋਂ ਬੇਗੋ ਉਸ ਨੂੰ ਦੁਕਾਨ ਤੋਂ ਸਾਰਾ ਮਾਲ ਮੁਫ਼ਤ ਦੇਣ ਲਈ ਆਖਦੀ ਹੈ ਤਾਂ ਇੰਦਰ ਸਾਰੀਆਂ ਚੀਜ਼ਾਂ ਮੁਫ਼ਤ ਦੇ ਦਿੰਦਾ ਹੈ। ਤੀਜੀ ਵਾਰ ਉਸ ਦੇ ਕਹਿਣ 'ਤੇ ਦੁਕਾਨ ਨੂੰ ਅੱਗ ਲਗਾ ਦੇਂਦਾ ਹੈ। ਨਾਲ ਲੱਗਦੀਆਂ ਦੁਕਾਨਾਂ ਵੀ ਸੜ ਜਾਂਦੀਆਂ ਹਨ। ਉਹ ਦੁਕਾਨਦਾਰੀ ਛੱਡ ਬੇਗੋ ਦਾ ਆਸ਼ਕ ਬਣ ਜਾਂਦਾ ਹੈ। ਜਦੋਂ ਬੇਗੋ ਦੀਆਂ ਸਹੇਲੀਆਂ ਉਸ ਨੂੰ ਰਾਵੀ ਵਿਚ ਛਾਲ ਮਾਰਨ ਲਈ ਆਖਦੀਆਂ ਹਨ ਤਾਂ ਉਹ ਛਾਲ ਮਾਰ ਦੇਂਦਾ ਹੈ। ਉਸ ਦੇ ਮਗਰ ਹੀ ਬੇਗੋ ਛਾਲ ਮਾਰ ਕੇ ਮਰ ਜਾਂਦੀ ਹੈ। ਇਸ ਤਰ੍ਹਾਂ ਕਹਾਣੀ ਦਾ ਅੰਤ ਹੁੰਦਾ ਹੈ।

ਪੂਰਨ ਰਾਮ ਨੇ ਕੁੰਡਲੀਆ, ਦੰਡਕ, ਤ੍ਰਿਭੰਗੀ ਛੰਦ ਦੀ ਵਰਤੋਂ ਕੀਤੀ ਹੈ। ਕਿਧਰੇ ਕਿਧਰੇ ਸਭਿਆਚਾਰਕ ਛੋਹਾਂ ਵੀ ਦਿੱਤੀਆਂ ਹਨ। ਮਿਥਿਹਾਸਕ ਹਵਾਲੇ, ਸ਼ਮਸ ਤਬਰੇਜ਼, ਮਨਸੂਰ, ਗੌਤਮ, ਇੰਦਰ, ਸੀਤਾ, ਹਨੂੰਮਾਨ, ਹਸਨ ਹੁਸੈਨ ਦਾ ਵਰਣਨ ਹੈ।

ਭਾਵੇਂ ਇਸ ਕਾਲ ਵਿਚ ਪ੍ਰੀਤ-ਕਿੱਸੇ ਗਿਣਨਾਤਮਕ ਪੱਖ ਤੋਂ ਕਾਫ਼ੀ ਲਿਖੇ ਗਏ। ਪਰ ਕੋਈ ਵੀ ਪੁਰਾਤਨ ਜਾਂ ਸਥਾਨਕ ਪ੍ਰੀਤ ਕਹਾਣੀਆਂ ਦਾ ਕਿੱਸਾ, ਹੀਰ ਦਮੋਦਰ, ਹੀਰ ਮੁਕਬਲ ਹੀਰ ਵਾਰਿਸ, ਸੱਸੀ ਹਾਸ਼ਮ ਜਿੰਨਾ ਪ੍ਰਸਿਧ ਨਾ ਹੋ ਸਕਿਆ।

2. ਰੁਮਾਂਚਕ ਕਿੱਸੇ

ਪ੍ਰੇਮ-ਮਈ ਕਿੱਸਿਆਂ ਤੋਂ ਪਿਛੋਂ ਵਧੇਰੇ ਪ੍ਰਸਿਧੀ ਰੁਮਾਂਚਕ ਕਿੱਸਿਆਂ ਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੀਤ ਕਿੱਸਿਆਂ ਵਿਚ ਰੋਮਾਂਸ ਦਾ ਅਭਾਵ ਨਹੀਂ ਹੁੰਦਾ ਹੈ, ਪਰ ਉਥੇ ਪ੍ਰਧਾਨਤਾ ਇਸ਼ਕ ਦੀ ਹੁੰਦੀ ਹੈ ਅਤੇ ਕੁਝ ਘਟਨਾਵਾਂ ਜ਼ਰੂਰ ਰੁਮਾਂਚਕ ਹੁੰਦੀਆਂ ਹਨ। ਪੂਰਵ ਅਧਿਐਨ ਕਾਲ ਵਿਚ ਸ਼ਾਹ ਬਹਿਰਾਮ, ਕਾਮ ਲਤਾ ਅਤੇ ਸੈਫੂਲ ਮਲੂਕ ਆਦਿ ਕਿੱਸਿਆਂ ਵਿਚ ਅਤਿਕਥਨੀ, ਪਰਾਸਰੀਰਕ ਘਟਨਾਵਾਂ, ਅਦਭੁਤਤਾ ਆਦਿ ਦੀ ਬਹੁਤਾਤ ਸੀ। ਅਧਿਐਨ ਕਾਲ ਦੇ ਕ੍ਰਿੱਸਾਕਾਰਾਂ ਨੇ ਜੋ ਰੁਮਾਂਚਕ ਕਿੱਸਿਆਂ ਦੀ ਰਚਨਾ ਕੀਤੀ ਹੈ, ਉਨਾਂ ਦੀ ਪ੍ਰਿਸ਼ਟ-ਭੂਮੀ ਭਾਰਤੀ ਇਤਿਹਾਸ ਅਤੇ ਮਿਥਿਹਾਸ ਹੈ। ਸਾਮੀ ਅਤੇ ਇਸਲਾਮੀ ਪਿਛੋਕੜ ਦੀਆਂ ਰੋਮਾਂਚਕ ਕਹਾਣੀਆਂ ਵੱਲ ਉਨ੍ਹਾਂ ਦੀ ਅਰੁੱਚੀ ਰਹੀ ਹੈ। ਇਸ ਦਾ ਮੁੱਖ ਕਾਰਣ ਮੁਸਲਮਾਨ ਕਿੱਸਾਕਾਰਾਂ ਦੀ ਘਾਟ ਹੈ। ਸਾਡੇ ਅਧਿਐਨ ਕਾਲ ਵਿਚ ਬਹੁਤੀ ਪੰਜਾਬੀ ਕਿੱਸਾਕਾਰੀ ਹਿੰਦੂ ਅਤੇ ਸਿੱਖ ਕਿੱਸਾਕਾਰਾਂ ਨੇ ਕੀਤੀ ਹੈ।

ਇਨ੍ਹਾਂ ਕਿੱਸਿਆਂ ਦੀਆਂ ਜਾਸੂਸੀ ਕਹਾਣੀਆਂ, ਜਾਸੂਸੀ ਨਾਵਲਾਂ ਵਾਂਗ ਹਨ। ਇਹ ਅਦਭੁਤਤਾ, ਅਤਿਕਥਨੀ ਭਰਿਆ ਸੁੰਦਰਤਾ ਦਾ ਬਿਆਨ ਇਨ੍ਹਾਂ ਕਿੱਸਿਆਂ ਦੀ ਇਕ ਖ਼ਾਸ ਵਿਸ਼ੇਸ਼ਤਾ ਹੈ। ਜਾਨੀ ਚੋਰ ਦਾ ਕਿੱਸਾ ਏਸੇ ਵੰਨਗੀ ਦਾ ਹੈ। ਪੰਡਿਤ ਕਿਸ਼ੋਰ ਚੰਦ ਨੇ ਮੈਨੂੰ ਇਕ ਮਿਲਣੀ ਵਿਚ ਦਸਿਆ ਸੀ ਕਿ ਇਹ ਕਿੱਸਾ ਸਭ ਤੋਂ ਪਹਿਲਾ ਉਸ ਨੇ ਕਲਮਬੰਦ ਕੀਤਾ। ਪੰਡਿਤ ਕਿਸ਼ੋਰ ਚੰਦ ਨੇ ਜਾਨੀ ਚੋਰ ਦੇ ਕਿੱਸੇ ਨੂੰ ਦਸ ਭਾਗਾਂ ਵਿਚ ਲਿਖਿਆ ਹੈ। ਇਸ ਦੀ ਕਹਾਣੀ ਬੜੀ ਗੁੰਝਲਦਾਰ ਹੈ। ਕਈ ਘਟਨਾਵਾਂ ਨੂੰ ਮੁੜ ਮੁੜ ਦੁਹਰਾਇਆ ਹੈ। ਸਿਰਫ਼ ਨਾਵਾਂ ਵਿਚ ਤਬਦੀਲੀ ਕੀਤੀ ਹੈ। ਥਾਂ ਥਾਂ ਪਰਾਸਰੀਰਕ ਘਟਨਾਵਾਂ ਹਨ। ਕਾਵਿ-ਕਲਾ ਦੇ ਪੱਖੋਂ ਤਾਂ ਨਿਰੀ ਤੁਕ-ਬੰਦੀ ਹੈ। ਕਹਾਣੀ ਰਸ ਹੈ ਤਾਂ ਸਹੀ ਪਰ ਅਣ-ਲੋੜੀਂਦਾ ਵਿਸਥਾਰ ਕਹਾਣੀ ਰਸ ਨੂੰ ਵੀ ਫਿੱਕਾ ਪਾ ਦੇਂਦਾ ਹੈ। ਇਸ ਵਿਚ ਪ੍ਰਕ੍ਰਿਤੀ ਚਿਤ੍ਰਣ, ਸਭਿਆਚਾਰਕ ਛੋਹਾਂ ਆਦਿ ਦਾ ਅਭਾਵ ਹੈ।

ਇਸ ਤੋਂ ਬਿਨਾਂ ਕੁਝ ਹੋਰ ਰੁਮਾਂਚਕ ਕਿੱਸਿਆਂ ਦਾ ਵੇਰਵਾ ਅਸੀਂ ਹੇਠਾਂ ਦੇਂਦੇ ਹਾਂ ਜੋ ਇਸ ਕਾਲ ਵਿਚ ਕਲਮਬੰਦ ਕੀਤੇ ਗਏ ਹਨ :

1. ਨਰੈਣ ਸਿੰਘ ਤਾਜਪੁਰ	1. ਜਾਨੀ ਚੋਰ
	2. ਕੇਸਰਾਂ ਬਾਦਸ਼ਾਹੀ ਤੇ ਰਾਜਾ ਇੰਦਰ ਸੈਨ
2. ਦਇਆ ਸਿੰਘ ਲਹਿਰਾ ਧੂੜ ਕੋਟ	ਰਾਣੀ ਪਦਮਾਵਤੀ
3. ਦੌਲਤ ਰਾਮ ਰਾਮਗੜ੍ਹ	ਰੂਪ ਬਸੰਤ
4. ਦੌਲਤ ਰਾਮ ਅਹਿਮਦਗੜ੍ਹ	ਰੂਪ ਬਸੰਤ
5. ਦੌਲਤ ਰਾਮ ਭੈਣੀ ਬੜਿੰਗ	ਰੂਪ ਬਸੰਤ
6. ਪੰਡਿਤ ਕਿਸ਼ੋਰ ਚੰਦ	1. ਜਾਨੀ ਚੋਰ
	2. ਗੋਲ ਖੂੰਡਾ
	3. ਆਲਾ ਊਦਲ ਤੇ ਰਤਨ ਸੈਨ ਭੂਰਾ ਬਦਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

	4. ਦਹੂਦ ਬਾਦਸ਼ਾਹ	
	5. ਦਿਲਬਰ ਚੋਰ	
	6. ਰਾਜਾ ਚੰਦਰ ਹਾਂਸ	
	7. ਬੀਰ ਭਾਨ ਸੂਰਮਾ	
7. ਪੂਰਨ ਰਾਮ ਕਿਸ਼ਨਗੜ੍ਹ	1. ਰਾਜਾ ਪੂਰਨ ਚੰਦ ਤੇ ਰਾਣੀ ਇੰਦੂਵਤੀ	1921 ਈ.
	2. ਅੰਬੀ ਰਾਜਾ	
	3, ਕੇਸਰਾਂ ਬਾਦਸਾਹੀ	1929 ਈ.
	4. ਰਾਜਾ ਰਜਵੰਤ ਸਿੰਘ	1930 ਈ.
8. ਕਾਂਸ਼ੀ ਰਾਮ	ਰਾਣੀ ਭਾਨਮਤੀ	1911 ਈ.
9. ਭਾਨ ਸਿੰਘ	ਚੰਦਵਤੀ	1929 ਈ.
10. ਮੁਕੰਦ ਰਾਮ	1. ਇੰਦਰ ਸ਼ਾਹਜ਼ਾਦੀ ਤੇ ਰਾਜਾ ਰੂਪ	1929 ਈ.
	2. ਦਹੂਦ ਬਾਦਸ਼ਾਹ	
11. ਕਾਲੀ ਦਾਸ	ਰੂਪ ਬਸੰਤ	
12. ਦੇਵਾ ਰਾਮ	ਰਾਜਾ ਕਪੂਰ ਚੰਦ ਤੇ ਸਰਧਾਵਤੀ ਰਾਣੀ	1920 ਈ.
13. ਸ਼ਾਮ ਸਿੰਘ	ਢੋਲ ਬਾਦਸ਼ਾਹ ਤੇ ਰਾਣੀ ਸੰਮੀ	1931 ਈ.
14. ਕਰਨੈਲ ਸਿੰਘ ਪਾਰਸ	ਦਹੂਦ ਬਾਦਸ਼ਾਹ	
15. ਫੂਲ ਚੰਦ	ਹੁਸਨ ਬੇਗੀ	1911 ਈ.
16, ਰਾਧਾ ਲਾਲ ਮੁਸਾਫ਼ਰ	ਨੌਟੰਕੀ ਬਾਦਸ਼ਾਹ ਤੇ ਮਹਾਰਾਜਾ ਫੂਲ ਸਿੰਘ	1929 ਈ.
17. ਕਵੀ ਰੌਸ਼ਨ ਦੀਨ	1. ਦਹੂਦ ਬਾਦਸ਼ਾਹ	
	2. ਦਿਲ ਖੁਰਸ਼ੈਦ	
18. ਬਾਬੂ ਰਜਬ ਅਲੀ	ਦਹੂਦ ਬਾਦਸ਼ਾਹ	

ਅਧਿਐਨ ਕਾਲ ਦੇ ਰੁਮਾਂਚਕ ਕਿੱਸਿਆਂ ਵਿਚ ਸਭ ਤੋਂ ਵਧ ਪ੍ਰਸਿਧੀ ਜਾਨੀ ਚੋਰ ਨੂੰ ਮਿਲੀ। ਜਿਵੇਂ ਪੂਰਵ ਅਧਿਐਨ ਕਾਲ ਵਿਚ ਵਧੇਰੇ ਕਿੱਸਾਕਾਰਾਂ ਨੇ ਹੀਰ ਦਾ ਕਿੱਸਾ ਲਿਖਿਆ, ਉਸੇ ਤਰ੍ਹਾਂ ਇਸ ਕਾਲ ਵਿਚ ਜਾਨੀ ਚੋਰ ਦਾ ਕਿੱਸਾ ਬਹੁਤਾ ਲਿਖਿਆ ਗਿਆ। ਸਭ ਤੋਂ ਵਧੇਰੇ ਪ੍ਰਸਿਧੀ ਪੰਡਿਤ ਕਿਸ਼ੋਰ ਚੰਦ ਦੇ ਕਿੱਸੇ ਜਾਨੀ ਚੋਰ ਨੂੰ ਮਿਲੀ। ਦੌਲਤ ਰਾਮ ਦਾ ਰੂਪ ਬਸੰਤ, ਰੌਸ਼ਨ ਦੀਨ ਦਾ ਦਹੂਦ ਬਾਦਸ਼ਾਹ, ਆਦਿ ਲੋਕਾਂ ਵਿਚ ਵਧੇਰੇ ਪ੍ਰਚਲਿਤ ਰਹੇ ਹਨ। ਇਨ੍ਹਾਂ ਕਿੱਸਿਆਂ ਵਿਚ ਜਾਸੂਸੀ ਕਹਾਣੀ ਬਿਆਨ ਕਰਨ ਉਪਰ ਬਲ ਹੈ। ਇਨ੍ਹਾਂ ਵਿਚ ਪੰਜਾਬੀ ਜੀਵਨ ਤੇ ਸਭਿਆਚਾਰ ਦੇ ਚਿਤ੍ਰਣ ਦਾ ਅਭਾਵ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਮਾਤਾਂ, ਅਤਿਕਥਨੀ ਵਿਖਾ ਕੇ ਪਾਠਕ ਦੇ ਕਹਾਣੀ ਰਸ ਨੂੰ ਫ਼ਿੱਕਾ ਨਹੀਂ ਪੈਣ ਦਿੱਤਾ। ਇਥੇ ਅਸੀਂ ਕਾਲੀ ਦਾਸ ਅਤੇ ਦੌਲਤ ਰਾਮ ਦੇ ਕ਼ਿੱਸੇ ਰੂਪ ਬਸੰਤ, ਰੌਸ਼ਨ ਦੀਨ ਦੇ ਦਿਲ ਖ਼ੁਰਸ਼ੈਦ ਦਾ ਵਿਸ਼ਲੇਸ਼ਣ ਕਰਦੇ ਹਾਂ।

ਕਾਲੀ ਦਾਸ ਦਾ ਇਹ ਕਿੱਸਾ ਜਿਥੇ ਸਦਾਚਾਰਕ, ਸਿਖਿਆਦਾਇਕ ਹੈ, ਉਥੇ ਇਸ ਵਿਚ ਰੋਮਾਂਚਕ ਅੰਸ਼ ਦੀ ਵੀ ਬਹੁਤਾਤ ਹੈ। ਸੌਦਾਗਰ ਜਦੋਂ ਬਸੰਤ ਨੂੰ ਸਮੁੰਦਰ ਵਿਚ ਸੁੱਟ ਦੇਂਦਾ ਹੈ, ਬਸੰਤ ਉਸ ਸਮੇਂ ਬੜੇ ਕਰਾਮਾਤੀ ਢੰਗ ਨਾਲ ਬਚ ਜਾਂਦਾ ਹੈ। ਜਦੋਂ ਉਹ ਡਿੱਗਦਾ ਹੈ ਤਾਂ ਉਸ ਨੂੰ ਮਗਰਮੱਛ ਮੂੰਹ ਵਿਚ ਪਾ ਲੈਂਦਾ ਹੈ। ਫਿਰ ਇਕ ਮਛੇਰਾ ਉਸ ਨੂੰ ਪਕੜ ਲੈਂਦਾ ਹੈ। ਉਸ ਵਿਚੋਂ ਬਸੰਤ ਦਾ ਸਹੀ ਸਲਾਮਤ ਨਿਕਲਣ ਇਕ ਬੜੀ ਹੈਰਾਨੀ ਵਾਲੀ ਅਤੇ ਅਨੋਖੀ ਘਟਨਾ ਹੈ। ਪਰ ਰੋਮਾਂਚਕ ਕਿੱਸਿਆਂ ਦੀ ਇਹ ਇਕ ਖ਼ੂਬੀ ਹੈ।

ਦੌਲਤ ਰਾਮ ਦਾ ਰੂਪ ਬਸੰਤ ਦਾ ਕਿੱਸਾ ਵੀ ਇਸ ਸਮੇਂ ਬੜਾ ਪ੍ਰਸਿਧ ਹੋਇਆ। ਆਮ ਰੋਮਾਂਚਕ ਕਿੱਸਿਆਂ ਵਾਂਗ ਇਹ ਕਿੱਸਾ ਵੀ ਪਰਾਸਰੀਰਕ ਘਟਨਾਵਾਂ, ਅਤਿਕਥਨੀ ਭਰਿਆ ਸੁੰਦਰਤਾ ਦਾ ਬਿਆਨ, ਅਦਭੁਤ ਦ੍ਰਿਸ਼-ਵਰਣਨਾਂ ਨਾਲ ਭਰਿਆ ਹੋਇਆ ਹੈ। ਰਵਾਇਤੀ ਕਿੱਸਾਕਾਰਾਂ ਵਾਂਗ ਦੌਲਤ ਰਾਮ ਵੀ ਸੁੰਦਰਤਾ ਦਾ ਵਰਨਣ ਅਤਿਕਥਨੀ ਭਰਿਆ ਕਰਦਾ ਹੈ। ਇਸ ਵਿਚ ਵਰਤੇ ਬਿੰਬ, ਪ੍ਰਤੀਕ, ਅਲੰਕਾਰ ਪੁਰਾਣੇ ਹਨ।

ਕਵੀ ਰੋਸ਼ਨ ਦੀਨ ਦੇ ਕਿੱਸੇ ਦਿਲ ਖ਼ੁਰਸ਼ੈਦ ਵਿਚ ਵੀ ਬੜੇ ਭਿਆਨਕ ਅਤੇ ਡਰਾਉਣੇ ਦ੍ਰਿਸ਼ ਹਨ, ਜੋ ਰੋਮਾਂਚਕ ਕਿੱਸੇ ਦੀ ਖ਼ੂਬੀ ਹੁੰਦੇ ਹਨ। ਇਸ ਵਿਚ ਵੀ ਰਵਾਇਤੀ ਕਿੱਸਾਕਾਰਾਂ ਵਾਂਗ ਸੁੰਦਰਤਾ ਦਾ ਬਿਆਨ ਅਤਿਕਥਨੀ ਭਰਿਆ ਹੈ। ਪਰ ਉਪਮਾ, ਪ੍ਰਤੀਕ, ਬਿੰਬ ਪੁਰਾਣੇ ਹਨ।

3. ਬੀਰ ਰਸੀ ਅਤੇ ਇਤਿਹਾਸਕ ਕਿੱਸੇ

ਅਧਿਐਨ ਕਾਲ ਵਿਚ ਬੀਰ ਰਸੀ ਅਤੇ ਇਤਿਹਾਸਕ ਕਿੱਸਿਆਂ ਦੀ ਸਿਰਜਨਾ ਨਵੇਂ ਸਮੇਂ ਅਤੇ ਵਾਤਾਵਰਣ ਦੀ ਉਪਜ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕ ਬਹਾਦਰ, ਸੂਰਮੇ, ਬੀਰ ਗਤੀ ਪ੍ਰਾਪਤ ਕਰਨ ਵਾਲੇ ਉਹ ਸੂਰਬੀਰ ਯੋਧੇ ਹਨ ਜਿਨ੍ਹਾਂ ਨੂੰ ਆਪਣੀ ਜਾਨ ਨਾਲੋਂ ਦੇਸ਼ ਅਤੇ ਕੌਮ ਵੱਧ ਪਿਆਰੀ ਸੀ। ਜਿਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਇਤਿਹਾਸ ਦੀ ਸਿਰਜਨਾ ਕੀਤੀ ਹੈ। ਉਹ ਨਾਇਕ ਲੋਕਾਂ ਦੇ ਦਿਲਾਂ ਵਿਚ ਸਤਿਕਾਰ ਬਣਾਈ ਬੈਠੇ ਸਨ। ਲੋਕ ਕਵੀਆਂ ਨੇ ਉਨ੍ਹਾਂ ਨੂੰ ਆਪਣੀ ਕਲਮੀ ਛੋਹ ਨਾਲ ਅਮਰ ਕਰ ਦਿਤਾ।

ਪੰਜਾਬ ਦੇ ਅੰਗਰੇਜ਼ੀ ਸਾਮਰਾਜ ਹੇਠ ਆ ਜਾਣ ਪਿਛੋਂ ਤੇ ਇਥੋਂ ਦੇ ਲੋਕਾਂ ਦੇ ਪੂਰਨ ਭਾਂਤ ਨਿਰਸਾਹਸ ਹੋਣ ਜਾਣ ਪਿਛੋਂ ਜੇ ਕਿਧਰੇ ਕਿਸੇ ਛਵੀ ਜਾਂ ਰਾਈਫਲ ਦੀ ਵਰਤੋਂ ਕਰਨ ਵਾਲੀ ਦਲੇਰ ਰੂਹ ਦੀ ਮਿਸਾਲ ਮਿਲ ਜਾਂਦੀ ਸੀ, ਚਾਹੇ ਅਜੇਹਾ ਮਿਸਾਲੀ ਬੰਦਾ ਡਾਕੇ ਮਾਰਨ ਵਾਲਾ ਅਪਰਾਧੀ ਹੀ ਕਿਉਂ ਨਾ ਹੋਵੇ, ਲੋਕ-ਕਵੀ ਦੀ ਕਲਮ ਉਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਰਤਾ ਦੀ ਸ਼ਲਾਘਾ ਵਿਚ ਹਰਕਤ ਵਿਚ ਆ ਜਾਂਦੀ ਸੀ ।[5]

ਅੰਗਰੇਜ਼ੀ ਰਾਜ ਦੀ ਦਹਿਸ਼ਤ ਕਾਰਣ ਲੋਕ ਸਰਕਾਰ ਵਿਰੁਧ ਆਪਣੀ ਅਵਾਜ਼ ਵੀ ਨਹੀਂ ਕੱਢ ਸਕਦੇ ਸਨ । ਉਸ ਸਮੇਂ ਜਦੋਂ ਕੋਈ ਡਾਕੂ ਸਰਕਾਰ ਵਿਰੁਧ ਤਲਵਾਰ ਚੁੱਕਦਾ ਜਾਂ ਅਮੀਰਾਂ ਨੂੰ ਲੁੱਟ ਕੇ ਗਰੀਬਾਂ ਦੀ ਸਹਾਇਤਾ ਕਰਦਾ, ਤਾਂ ਗ਼ਰੀਬ ਲੋਕਾਂ ਲਈ ਉਹ ਰੱਬ ਬਣ ਜਾਂਦਾ । ਲੋਕ ਕਵੀਂ ਅਜੇਹੇ ਨਾਇਕਾਂ ਦੇ ਕਿੱਸੇ ਬਣਾਉਣ ਲੱਗ ਪਏ । ਕਿਉਂਕਿ ਲੋਕ ਇਨ੍ਹਾਂ ਨੂੰ ਦਿਲ ਲਾ ਕੇ ਪੜ੍ਹਦੇ ਅਤੇ ਸੁਆਦ ਮਾਣਦੇ ਸਨ । ਸੁੱਚਾ ਸਿੰਘ ਸੂਰਮਾ, ਜੈਮਲ ਫੱਤਾ, ਦੁੱਲਾ ਭੱਟੀ ਅਜੇਹੇ ਨਾਇਕ ਸਨ ।

ਇਤਿਹਾਸਿਕ ਬੀਰ ਰਸੀ ਕਿੱਸਿਆਂ ਵਿਚ ਇਤਿਹਾਸ ਨੂੰ ਮੁੜ ਦੁਹਰਾਇਆ ਗਿਆ । ਸਿੱਖ ਕੌਮ ਜਦੋਂ ਅੰਗਰੇਜ਼ਾਂ ਵਿਰੁਧ ਗੁਰਦੁਆਰਿਆਂ ਦੇ ਸੁਧਾਰ ਅਤੇ ਦੇਸ਼ ਦੀ ਆਜ਼ਾਦੀ ਲਈ ਲੜ ਰਹੀ ਸੀ ਤਾਂ ਉਨ੍ਹਾਂ ਵਿਚ ਜੋਸ਼ ਭਰਨ ਲਈ ਸਿੱਖ ਸ਼ਹੀਦਾਂ ਨੂੰ ਕਿੱਸਿਆਂ ਦੇ ਨਾਇਕ ਬਣਾਇਆ ਗਿਆ । 8299

ਇਨ੍ਹਾਂ ਇਤਿਹਾਸਕ ਕਿੱਸਿਆਂ ਦੀਆਂ ਵੀ ਦੋ ਕਿਸਮਾਂ ਹਨ :

1. ਜੀਵਨੀ, 2. ਪ੍ਰਸੰਗ ।

'ਜੀਵਨੀ' ਭਾਂਤ ਦੇ ਬੀਰ ਰਸੀ ਕਿੱਸਿਆਂ ਵਿਚ ਨਾਇਕ ਦਾ ਆਦਿ ਤੋਂ ਅੰਤ ਤਕ ਦਾ ਜੀਵਨ ਹੁੰਦਾ ਹੈ । ਉਸ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਨੂੰ ਬਿਆਨ ਕੀਤਾ ਜਾਂਦਾ ਹੈ । ਜਿਸ ਵਿਚ ਉਸ ਦੀ ਸੂਰਮਗਤੀ ਦੇ ਕਾਰਨਾਮੇ ਵਿਖਾਏ ਜਾਂਦੇ ਹਨ ।

ਇਸ ਕਾਲ ਦੇ ਕਿੱਸਾ ਸਾਹਿਤ ਵਿਚ ਸਿੱਖ ਇਤਿਹਾਸ ਵਿਚੋਂ ਵਧੇਰੇ ਪ੍ਰਸੰਗ ਲਿਖੇ ਗਏ ਹਨ । 'ਪ੍ਰਸੰਗ ਜੀਵਨ ਵਿਚੋਂ ਖਾਸ ਟੋਟਾ ਲਿਆ ਹੋਇਆ ਹੁੰਦਾ ਹੈ । ਬਿਆਨੀਆਂ ਕਵਿਤਾ ਵਿਚ ਲਿਖੀ ਇਤਿਹਾਸਕ ਘਟਨਾ ਜਾਂ ਘਟਨਾ-ਲੜੀ ਨੂੰ ਪ੍ਰਸੰਗ ਦਾ ਨਾਂ ਦਿਤਾ ਗਿਆ ਹੈ' ।[6] ਭਾਈ ਬਿਧੀ ਚੰਦ ਦਾ ਘੋੜੇ ਲਿਆਉਣ ਦਾ ਪ੍ਰਸੰਗ ਵੀ ਬਹੁਤ ਪ੍ਰਸਿੱਧ ਹੈ । ਇਹ ਵਾਰ ਰੂਪ ਵਿਚ ਵੀ ਮਿਲਦਾ ਹੈ ਤੇ ਢਾਡੀ ਲੋਕ ਇਸ ਨੂੰ ਗਾਉਂਦੇ ਫਿਰਦੇ ਹਨ । ਇਸ ਤਰ੍ਹਾਂ ਮਾਅਰਕੇ-ਮੁਹਿੰਮਾਂ, ਸੂਰਮਗਤੀ, ਕੁਰਬਾਨੀ ਦੇ ਬਿਰਤਾਂਤਾਂ ਨਾਲ ਭਰਪੂਰ 18ਵੀਂ ਤੇ 19ਵੀਂ ਸਦੀ ਦਾ ਸਿੱਖ ਇਤਿਹਾਸ, ਪ੍ਰਸੰਗ ਕਿਸਮ ਦੀਆਂ ਬੀਰ ਰਸੀ ਕਥਾਵਾਂ ਦਾ ਅਖੁੱਟ ਸੋਮਾ ਸੀ ।[7]

ਬੰਦਾ ਬਹਾਦਰ, ਭਾਈ ਤਾਰੂ ਸਿੰਘ, ਮਨੀ ਸਿੰਘ, ਬੋਤਾ ਸਿੰਘ, ਦੀਪ ਸਿੰਘ ਆਦਿ ਦੀਆਂ ਸ਼ਹੀਦੀਆਂ ਦੇ ਪ੍ਰਸੰਗ ਇਕ ਨਾਇਕੀ ਪ੍ਰਸੰਗ ਹਨ ।

ਅਸੀਂ ਇਥੇ ਪ੍ਰਮੁੱਖ ਕਿੱਸਾਕਾਰਾਂ ਦੇ ਬੀਰ ਰਸੀ ਅਤੇ ਇਤਿਹਾਸਿਕ ਕਿੱਸਿਆਂ ਦਾ ਵਰਨਣ ਕਰਦੇ ਹਾਂ ।

ਰੀਟਾ ਦੀਨ ਇਕ ਮਲਵਈ ਕਿੱਸਾਕਾਰ ਹੈ । ਉਸ ਦੇ ਕਿੱਸੇ ਮਾਲਵੇ ਵਿਚ ਬਹੁਤ ਪੜ੍ਹੇ ਜਾਂਦੇ ਰਹੇ ਹਨ । ਸੁੱਚਾ ਸਿੰਘ ਸੂਰਮਾ ਉਸ ਦਾ ਇਕ ਪ੍ਰਸਿਧ ਕਿੱਸਾ ਹੈ । ਸਾਡੇ ਕਿੱਸਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਦੇ ਅਧਿਐਨ-ਕਾਲ ਵਿਚ ਕੁਝ ਸੂਰਬੀਰਾਂ ਦੀਆਂ ਕਹਾਣੀਆਂ ਨੂੰ ਕਲਮਬੰਦ ਕੀਤਾ ਗਿਆ ਜੋ ਸਰਕਾਰ ਦੀ ਨਜ਼ਰ ਵਿਚ ਤਾਂ ਡਾਕੂ ਸਨ ਪਰ ਆਮ ਜਨਤਾ ਉਨ੍ਹਾਂ ਨੂੰ ਪਿਆਰ ਕਰਦੀ ਸੀ ਕਿਉਂਕਿ ਉਹ ਗਰੀਬਾਂ ਦੇ ਹਮਦਰਦ ਸਨ ਅਤੇ ਅਮੀਰਾਂ ਦੇ ਦੁਸ਼ਮਣ ਸਨ। ਲੋੜਵੰਦਾਂ ਦੀ ਸਹਾਇਤਾ ਕਰਦੇ ਸਨ। ਜੀਉਣਾ ਮੌੜ ਅਤੇ ਸੁੱਚਾ ਸਿੰਘ ਸੂਰਮਾ ਅਜੇਹੇ ਵਿਅਕਤੀ ਸਨ।

ਰੀਟਾ ਦੀਨ ਨੇ ਇਸ ਕਿੱਸੇ ਵਿਚ ਕਬਿੱਤ, ਕੋਰੜਾ, ਦੋਹਰਾ ਆਦਿ ਛੰਦ ਵਰਤੇ ਹਨ। ਰੀਟਾ ਦੀਨ ਦੇ ਇਸ ਕਿੱਸੇ ਵਿਚ ਹੋਣੀ ਦਾ ਵਰਣਨ, ਨਾਰੀ ਨਿੰਦਿਆ, ਸਦਾਚਾਰਕ ਸਿੱਖਿਆ ਆਦਿ ਰਵਾਇਤੀ ਕਿੱਸਾਕਾਰਾਂ ਵਾਂਗ ਮਿਲਦੀਆਂ ਹਨ। ਉਸ ਦੀ ਵਿਚਾਰਧਾਰਾ ਮਧਕਾਲੀ ਅਧਿਆਤਮਵਾਦੀ ਸੋਚਧਾਰਾ ਹੈ। ਉਹ ਥਾਂ ਥਾਂ ਤੇ ਹੋਣੀ ਤੇ ਕਿਸਮਤ ਦਾ ਜ਼ਿਕਰ ਕਰਦਾ ਹੈ। ਰੀਟਾ ਦੀਨ ਦਾ ਇਹ ਕਿੱਸਾ ਕਾਵਿ-ਕਲਾ ਦੇ ਪੱਖ ਤੋਂ ਕੋਈ ਬਹੁਤੀ ਮਹੱਤਾ ਨਹੀਂ ਰੱਖਦਾ ਹੈ। ਪਰ ਕਿਧਰੇ ਕਿਧਰੇ ਤਾਂ ਨਿਰੀ ਤੁਕ-ਬੰਦੀ ਹੈ। ਲੈਅ, ਰਵਾਨਗੀ ਅਤੇ ਸੰਗੀਤਕ ਅੰਸ਼ ਦੀ ਘਾਟ ਹੈ। ਜੋ ਪੂਰਵ ਅਧਿਐਨ ਕਾਲ ਦੇ ਕਿੱਸਿਆਂ ਦਾ ਇਕ ਵਿਸ਼ੇਸ਼ ਗੁਣ ਸੀ। ਇਸ ਦੀ ਕਵਿਤਾ ਨਾ ਤਾਂ ਆਧੁਨਿਕ ਖੁੱਲ੍ਹੀ ਕਵਿਤਾ ਹੈ ਅਤੇ ਨਾ ਹੀ ਪੁਰਾਤਨ ਕਵਿਤਾ ਵਾਲੀ ਸੰਗੀਤਕ ਹੂਕ ਹੈ। ਪਰ ਪੇਂਡੂ ਲੋਕਾਂ ਲਈ ਕਹਾਣੀ ਰਸੀਲੀ ਬਣਾ ਕੇ ਪੇਸ਼ ਕੀਤੀ ਗਈ ਹੈ।

ਪੂਰਨ ਰਾਮ ਨੇ ਜਿਊਣੇ ਮੌੜ ਦਾ ਕਿੱਸਾ 1911 ਈ. ਨੂੰ ਲਿਖਿਆ। ਗੁਰਦੇਵ ਸਿੰਘ ਸਿੱਧੂ ਅਨੁਸਾਰ, 'ਕਾਵਿ-ਕਲਾ ਦੀਆਂ ਵਿਸ਼ੇਸ਼ਤਾਵਾਂ ਨੂੰ ਮੁੱਖ ਰੱਖ ਕੇ ਵੇਖੀਏ ਤਾਂ ਕਿੱਸੇ ਵਿਚ ਇਕ-ਸੁਰਤਾ ਨਜ਼ਰ ਨਹੀਂ ਆਉਂਦੀ ਕਿਉਂਕਿ ਕਿਤੇ ਕਿਤੇ ਤਾਂ ਵਰਣਨ ਵਿਚ ਲੇਖਕ ਮਹਾਨ ਕਵੀਆਂ ਵਾਲੀਆਂ ਖੂਬੀਆਂ ਭਰ ਦੇਂਦਾ ਹੈ ਤੇ ਕਿਤੇ ਕਿਤੇ ਤੁਕ-ਬੰਦੀ ਕਵੀਆਂ ਦੀ ਪੱਧਰ ਤੇ ਆ ਜਾਂਦਾ ਹੈ'।[8]

ਕਰਤਾਰ ਸਿੰਘ ਕਲਾਸਵਾਲੀਆ ਸਿੱਖ ਇਤਿਹਾਸਕ ਪ੍ਰਸੰਗ ਲਿਖਣ ਵਾਲਾ ਪ੍ਰਸਿਧ ਕਿੱਸਾਕਾਰ ਹੈ। ਉਹਨੇ ਭਾਵੇਂ ਪਹਿਲਾ ਕਿੱਸਾ ਤਾਂ ਇਸ਼ਕੀਆਂ ਲਿਖਿਆ ਸੀ, ਪਰ ਉਸ ਸਮੇਂ ਚਲੀਆਂ ਪੁਨਰ ਧਾਰਮਿਕ ਜਾਗ੍ਰਤੀ ਲਹਿਰਾਂ ਕਾਰਣ ਉਹ ਸਿੱਖ ਇਤਿਹਾਸਿਕ ਪ੍ਰਸੰਗ ਲਿਖਣ ਲਈ ਪ੍ਰੇਰਿਤ ਹੋਇਆ।

ਕਰਤਾਰ ਸਿੰਘ ਦੇ 'ਬੀਰ ਸਪੁੱਤ' ਵਿਚ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਬੜਾ ਦਰਦ ਤੇ ਸੋਜ਼ ਭਰਿਆ ਹੈ। 'ਨਿਰਭੈ ਜੋਧਾ' ਉਸ ਦਾ ਇਕ ਹੋਰ ਪ੍ਰਸਿੱਧ ਕਿੱਸਾ ਹੈ। ਉਸ ਦੇ ਪਹਿਲੇ ਲਿਖੇ ਗਏ ਕਿੱਸੇ 'ਬਾਬਾ ਬੰਦਾ ਬਹਾਦਰ' ਵਾਂਗ ਹੀ ਇਸ ਕਿੱਸੇ ਵਿਚ ਬੰਦਾ ਬਹਾਦਰ ਦੇ ਜੀਵਨ-ਕਾਲ ਨੂੰ ਬਿਆਨ ਕੀਤਾ ਗਿਆ ਹੈ। ਇਸ ਵਿਚ ਨਵੇਂ ਸਿਰੇ ਤੋਂ ਕਵੀ ਨੇ ਪ੍ਰਸੰਗ ਲਿਖੇ ਹਨ। ਇਸ ਕਿੱਸੇ ਦੀ ਵੱਡੀ ਸਿਫ਼ਤ ਇਹ ਹੈ ਕਿ ਕਵੀ ਨੇ ਖੋਜੀਆਂ ਵਾਂਗ ਆਪਣੇ ਵਿਚਾਰ ਦੀ ਪੁਸ਼ਟੀ ਲਈ ਫੁਟ ਨੋਟ ਦਿਤੇ ਹਨ। ਉਸ ਨੇ ਪਹਿਲੇ ਇਤਿਹਾਸਕਾਰਾਂ ਦੇ ਹਵਾਲੇ ਵੀ ਫੁਟ ਨੋਟਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਦਿਤੇ ਹਨ। ਨਿਰੇ ਲਕੀਰ ਦੇ ਫ਼ਕੀਰ ਬਣ ਕੇ ਸਭ ਕੁਝ ਨਹੀਂ ਲਿਖਿਆ ਸਗੋਂ ਆਪਣੇ ਵਿਚਾਰ ਵੀ ਦਿਤੇ ਹਨ। ਇਸ ਵਿਚ ਬੰਦਾ ਬਹਾਦਰ ਦੇ ਅਭਿਮਾਨ, ਯਾਰਵੇਂ ਗੁਰੂ ਬਣਨ ਦੀ ਲਾਲਸਾ ਅਤੇ ਤੱਤ ਖ਼ਾਲਸੇ ਤੇ ਬੰਦਈਆਂ ਵਿਚਲੇ ਝਗੜੇ, ਲੜਾਈਆਂ ਤੋਂ ਮਗਰੋਂ ਬੰਦਈਆਂ ਦੀ ਹਾਰ ਤੇ ਬਚੇ ਖੁਚੇ ਬੰਦਈਆਂ ਦਾ ਸਿੰਘ ਸਜਣਾ, ਬਿਆਨ ਕੀਤਾ ਹੈ। ਇਹ ਕਿੱਸਾ 1923 ਈ. ਵਿਚ ਰਚਿਆ ਗਿਆ ਸੀ।

ਇਸ ਕਿੱਸੇ ਵਿਚ ਬੀਰ ਰਸ ਪ੍ਰਮੁੱਖ ਹੈ। ਪਰ ਇਸ ਦੇ ਨਾਲ ਹੀ ਇਸ ਵਿਚ ਰੌਦਰ, ਵੀਭਤਸ ਅਤੇ ਜੁਗਪਸਾ ਘਿਰਣਾ ਰਸ ਦੀ ਵੀ ਸੋਹਣੀ ਵਰਤੋਂ ਕੀਤੀ ਹੈ।

4. ਪੌਰਾਣਿਕ ਕਿੱਸੇ

ਪੂਰਵ ਅਧਿਐਨ ਕਾਲ ਵਿਚ ਵਧੇਰੇ ਕਰਕੇ ਪ੍ਰੇਮ-ਮਈ ਕਿੱਸੇ ਹੀ ਲਿਖੇ ਗਏ। ਇਨ੍ਹਾਂ ਕਿੱਸਿਆਂ ਨੂੰ ਲਿਖਣ ਵਾਲੇ ਵਧੇਰੇ ਮੁਸਲਮਾਨ ਕਿੱਸਾਕਾਰ ਸਨ। ਜਿਨ੍ਹਾਂ ਨੇ ਬਹੁਤ ਸਾਰੀਆਂ ਸਾਮੀ ਤੇ ਇਸਲਾਮੀ ਕਿੱਸਾ ਕਹਾਣੀਆਂ ਨੂੰ ਪੰਜਾਬੀ ਵਿਚ ਲਿਖਿਆ। ਉਸ ਸਮੇਂ ਹਿੰਦੂ ਅਤੇ ਸਿੱਖਾਂ ਨੇ ਪੰਜਾਬੀ ਵਲੋਂ ਬੇਰੁਖੀ ਧਾਰਨ ਕੀਤੀ ਹੋਈ ਸੀ। ਉਹ ਜੋ ਵੀ ਭਾਰਤੀ ਇਤਿਹਾਸ ਜਾਂ ਮਿਥਿਹਾਸ ਵਿਚੋਂ ਕੋਈ ਰਚਨਾ ਕਰਦੇ ਉਸ ਨੂੰ ਬ੍ਰਜ ਭਾਸ਼ਾ ਵਿਚ ਲਿਖਦੇ। ਜੋ ਆਮ ਵਿਅਕਤੀ ਦੀ ਸਮਝ ਤੋਂ ਬਹੁਤ ਦੂਰ ਦੀ ਗੱਲ ਹੁੰਦੀ। ਏਸੇ ਕਾਰਣ ਪੰਜਾਬੀ ਲੋਕ ਇਤਿਹਾਸਕ ਤੇ ਮਿਥਿਹਾਸਕ ਕਹਾਣੀਆਂ ਨਾਲ ਆਪਣੀ ਸਾਂਝ ਨਾ ਪਾ ਸਕੇ।

ਇਸ ਕਾਲ ਵਿਚ ਮੁਸਲਮਾਨ ਕਿੱਸਾਕਾਰਾਂ ਨੇ ਪੰਜਾਬੀ ਵਲੋਂ ਮੁਖ ਮੋੜ ਲਿਆ। ਉਨ੍ਹਾਂ ਦੀ ਥਾਂ ਸਿੱਖ ਅਤੇ ਹਿੰਦੂ ਕਿੱਸਾਕਾਰਾਂ ਨੇ ਲੈ ਲਈ। ਇਨ੍ਹਾਂ ਨੇ ਪੁਰਾਤਨ ਇਤਿਹਾਸ ਅਤੇ ਮਿਥਿਹਾਸ ਅਤੇ ਪੌਰਾਣਿਕ ਕਹਾਣੀਆਂ ਨੂੰ ਕਿੱਸਿਆਂ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਸਾਡੇ ਅਧਿਐਨ ਕਾਲ ਵਿਚ ਪੌਰਾਣਿਕ ਕਿੱਸੇ ਲਿਖਣ ਵਿਚ ਮਲਵਈ ਕਿੱਸਾਕਾਰਾਂ ਦੀ ਦੇਣ ਅਦੁੱਤੀ ਹੈ। ਇਸ ਦੇ ਕੁਝ ਵਿਸ਼ੇਸ਼ ਕਾਰਣ ਹਨ। 'ਮਾਲਵੇ ਵਿਚ ਪ੍ਰਚਲਿਤ ਪਰੰਪਰਾਗਤ ਡੇਰਾ-ਕੇਂਦ੍ਰਿਤ-ਸਿਖਿਆ ਨੇ ਪੌਰਾਣਿਕ ਮਿਥਿਹਾਸ ਤੇ ਇਤਿਹਾਸ ਦੀ ਸੋਝੀ ਦੇਣ ਦਾ ਨਿਰੰਤਰ ਕਾਰਜ ਕੀਤਾ ਹੈ। ਬਦੇਸ਼ੀ ਸਾਮੀ ਪ੍ਰਭਾਵ ਤੋਂ ਕਾਫ਼ੀ ਨਿਰਲੇਪ, ਮਧ ਪੰਜਾਬ ਤੇ ਹਿੰਦਵੀਂ ਰਾਜਪੂਤੀ ਪਿਛੋਕੜ ਦੀ ਮਲਵਈ ਵਸੋਂ ਨੂੰ ਪੌਰਾਣਿਕ ਸਾਹਿਤ ਨੇ ਵਧੇਰੇ ਪ੍ਰੇਰਨਾ ਦਿਤੀ ਹੈ'।[9] ਮਾਲਵੇ ਵਿਚ ਸੰਤਾਂ ਸਾਧਾ ਦੇ ਡੇਰੇ ਵੀ ਜ਼ਿਆਦਾ ਹਨ ਜਿਥੇ ਵੇਦਾਂਤ ਤੇ ਮਿਥਿਹਾਸ ਦੀ ਸਿਖਿਆ ਦਿਤੀ ਜਾਂਦੀ ਰਹੀ ਹੈ। ਇਨ੍ਹਾਂ ਪੌਰਾਣਿਕ ਕਥਾਵਾਂ ਵਿਚੋਂ ਬਹੁਤ ਸਾਰੇ ਕਿੱਸੇ, ਰਮਾਇਣ ਅਤੇ ਮਹਾਂਭਾਰਤ ਵਿਚਲੀਆਂ ਮਿਥਿਹਾਸਕ ਘਟਨਾਵਾਂ 'ਤੇ ਲਿਖੇ ਗਏ ਹਨ। ਸੀਤਾ ਦੀ ਭਾਲ, ਸੀਤਾ ਬਨਬਾਸ, ਰਾਜਾ ਮਾਨਧਾਤਾ, ਸਤੀ ਸਲੋਚਨਾਂ, ਲਛਮਣ ਮੂਰਛਾ, ਹਨੂੰਮਾਨ ਚਲਿੱਤਰ, ਸ਼ਕੁੰਤਲਾ, ਰਾਜਾ ਹਰੀ ਚੰਦ, ਚੀਰ ਹਰਨ, ਪਾਂਡਵਾਂ ਦੀ ਫੁੱਟ, ਕਿੱਸਾ ਲਵਕੁਸ਼, ਨਲ ਦਮਯੰਤੀ, ਵਰਾਣ ਪਰਬ, ਊਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਨਰੁਧ, ਅਭਿਮਨੂੰ ਦਾ ਵਿਆਹ, ਦਰੋਪਤੀ ਚੀਰ ਹਰਨ, ਜਗਦੇਵ ਪਰਮਾਰ, ਰਾਜਾ ਚੰਦਰ ਹਾਂਸ ਤੇ ਵਿਸ਼ਕਰਮਾ ਦੀ ਇੰਦਪੁਰੀ ਆਦਿ ਪੌਰਾਣਿਕ ਕਹਾਣੀਆਂ ਉਤੇ ਆਧਾਰਿਤ ਦਰਜਨਾਂ ਕਿੱਸੇ ਲਿਖੇ ਹਨ।

ਉਪਰੋਕਤ ਪੌਰਾਣਿਕ ਕਿੱਸਿਆਂ ਦਾ ਮੁੱਖ ਵਿਸ਼ਾ ਇਤਿਹਾਸ ਅਤੇ ਮਿਥਿਹਾਸ ਨੂੰ ਮੁੜ ਸੁਰਜੀਤ ਕਰਨਾ ਸੀ। ਅਧਿਐਨ ਕਾਲ ਵਿਚੋਂ ਪੰਡਿਤ ਕਿਸ਼ੋਰ ਚੰਦ ਅਤੇ ਪੂਰਨ ਰਾਮ ਕਿਸ਼ਨਗੜ੍ਹ ਨੇ ਸਭ ਤੋਂ ਵੱਧ ਪੌਰਾਣਿਕ ਕਿੱਸੇ ਲਿਖੇ ਹਨ। ਇਨ੍ਹਾਂ ਕਿੱਸਿਆਂ ਦੀ ਭਾਸ਼ਾ ਸਾਦੀ ਅਤੇ ਮਲਵਈ ਰੰਗ ਦੀ ਹੈ। ਧਨੀ ਰਾਮ ਚਾਤ੍ਰਿਕ ਦਾ ਨਲ ਦਮਯੰਤੀ, ਕਾਲੀ ਦਾਸ ਦਾ ਨਲ ਦਮਯੰਤੀ ਅਤੇ ਵਿਧਾਤਾ ਸਿੰਘ ਤੀਰ ਦਾ ਸ਼ਕੁੰਤਲਾ ਆਦਿ, ਕਿੱਸੇ ਬਹੁਤ ਪ੍ਰਸਿਧ ਹੋਏ ਹਨ। ਚਾਤ੍ਰਿਕ ਅਤੇ ਤੀਰ ਨੇ ਕੇਂਦਰੀ ਪੰਜਾਬੀ ਦੀ ਵਰਤੋਂ ਕੀਤੀ ਹੈ।

ਪਰੰਪਰਾਵਾਦੀ ਕਿੱਸਾਕਾਰਾਂ ਨੇ ਵਧੇਰੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਚਾਤ੍ਰਿਕ ਨੇ ਵੀ ਬੈਂਤ ਦੀ ਹੀ ਵਰਤੋਂ ਕੀਤੀ ਹੈ। ਪਰ ਪਾਠਕਾਂ ਦੀ ਉਤਸੁਕਤਾ ਨੂੰ ਮੁੱਖ ਰੱਖ ਕੇ, ਇਸ ਵਿਚ ਹੋਰ ਛੰਦ ਕਬਿੱਤ, ਝੂਲਣੇ, ਦਵੱਯੇ ਆਦਿ ਦੀ ਵਰਤੋਂ ਵੀ ਕੀਤੀ ਹੈ। ਰਵਾਇਤੀ ਕਿੱਸਿਆਂ ਵਾਂਗ ਇਸ ਕਿੱਸੇ ਵਿਚ ਪਰਾਸਰੀਰਕ ਅੰਸ਼ ਅਤੇ ਦੇਵੀ ਦੇਵਤੇ, ਅਨਹੋਣੀਆਂ ਕਰਾਮਾਤਾਂ ਆਦਿ ਦਾ ਵਰਨਣ ਹੈ। ਦਮਯੰਤੀ ਨੂੰ ਵਰਨ ਲਈ ਸਵੰਬਰ ਵਿਚ ਸ਼ਾਮਿਲ ਹੋਣ ਲਈ ਦੇਵਤੇ ਵੀ ਆਉਂਦੇ ਹਨ। ਉਹ ਸਾਰੇ ਨਲ ਦਾ ਰੂਪ ਧਾਰਨ ਕਰ ਲੈਂਦੇ ਹਨ। ਦਮਯੰਤੀ ਨੂੰ ਨਲ ਦੀ ਪਛਾਣ ਕਰਨੀ ਔਖੀ ਹੋ ਜਾਂਦੀ ਹੈ। ਇਸੇ ਤਰ੍ਹਾਂ ਹੰਸ ਨਾਲ ਦਮਯੰਤੀ ਦੀਆਂ ਗੱਲਾਂ ਜਾਂ ਬਿਨਾਂ ਦੇਖੇ ਕੇਵਲ ਨੌਕਰਾਂ ਨੌਕਰਾਣੀਆਂ ਜਾਂ ਪੰਛੀਆਂ ਕੋਲੋਂ ਗੱਲਾਂ ਸੁਣ ਕੇ ਇਕ ਦੂਜੇ ਦੇ ਪ੍ਰੇਮ ਜਾਲ ਵਿਚ ਫਸਣਾ, ਰਵਾਇਤੀ ਕਿੱਸਾਕਾਰਾਂ ਦਾ ਅਨੁਕਰਣ ਹੈ।

ਚਾਤ੍ਰਿਕ ਨੇ ਇਸ ਕਿੱਸੇ ਨੂੰ ਮਹਾਂ-ਕਾਵਿ ਵਾਂਗ ਖੰਡਾ ਵਿਚ ਵੰਡਿਆ ਹੈ। ਉਸ ਦੀ ਸ਼ਬਦਾਵਲੀ ਵਿਚ ਹਿੰਦੀ-ਸੰਸਕ੍ਰਿਤ ਦੇ ਸ਼ਬਦ ਵਧੇਰੇ ਹਨ। ਕਿਉਂਕਿ ਇਹ ਕਹਾਣੀ ਹਿੰਦੂ ਮਿਥਿਹਾਸ ਵਿਚੋਂ ਲਈ ਗਈ ਹੈ। ਭਾਵੇਂ ਇਹ ਕਿੱਸਾ ਇਕ ਰੁਮਾਂਟਿਕ ਕਹਾਣੀ 'ਤੇ ਆਧਾਰਿਤ ਹੈ ਪਰ ਇਸ ਵਿਚ ਕਿਧਰੇ ਵੀ ਨਗਨਤਾ ਦਾ ਪ੍ਰਚਾਰ ਨਹੀਂ ਹੈ। ਸ. ਸ. ਅਮੋਲ ਅਨੁਸਾਰ,... 'ਪਿਆਰ ਦਾ ਵਧ ਤੋਂ ਵਧ ਵਰਨਣ ਕਰਦਿਆਂ ਅਤੇ ਪਤੀ ਤੇ ਇਸਤ੍ਰੀ ਦੀਆਂ ਇਕੱਲ ਵਿਚ ਗੱਲਾਂ, ਲਿਖਦਿਆਂ ਵੀ ਭੜਕਾਊ ਲਿੰਗ ਵਾਸ਼ਨਾ ਅਤੇ ਕਾਮ-ਉਪਜਾਊ ਵਰਨਣ ਦਾ ਕੋਈ ਚਿੰਨ ਮਾਤਰ ਵੀ ਅੰਸ਼ ਨਹੀਂ ਆਉਣ ਦਿੱਤਾ। ਨਗਨਤਾ, ਅਸ਼ਲੀਲਤਾ ਅਤੇ ਭੜਕਾਹਟ ਦੀ ਥਾਂ ਮਨ ਉੱਤੇ ਜੋ ਪ੍ਰਭਾਵ ਰਹਿੰਦਾ ਹੈ ਉਹ ਕੇਵਲ ਪਿਆਰ, ਵਿਛੋੜੇ, ਸਹਿਯੋਗਤਾ ਅਤੇ ਮਨੁੱਖੀ ਸਾਹਸ ਦਾ ਹੀ ਰਹਿੰਦਾ ਹੈ। ਇਸੇ ਲਈ ਇਨ੍ਹਾਂ ਕਿੱਸਿਆਂ ਨੂੰ ਬਹੁਤ ਹੱਦ ਤਕ ਧਾਰਮਿਕ ਕਿੱਸੇ ਹੀ ਸਮਝ ਕੇ ਪੜ੍ਹਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਏਨੀ ਪ੍ਰਸਿਧਤਾ ਦਾ ਭੇਦ ਇਸੇ ਗੱਲ ਵਿਚ ਹੈ'।[10]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ਼ੋਰ ਚੰਦ ਇਸ ਕਾਲ ਦਾ ਇਕ ਪ੍ਰਸਿਧ ਕਿੱਸਾਕਾਰ ਹੈ। ਜਿਸ ਨੇ ਅਨੇਕਾਂ ਪੌਰਾਣਿਕ ਕਿੱਸੇ ਲਿਖੇ ਹਨ। 'ਸੂਰਬੀਰ ਭਗਤ ਰਾਜਾ ਮਾਨਧਾਤਾ' ਉਸ ਦੀ ਪ੍ਰਸਿਧ ਰਚਨਾ ਹੈ। ਇਸ ਵਿਚ ਪਰਾਸਰੀਰਕ ਅੰਸ਼ ਅਣਹੋਣੀਆਂ ਕਰਾਮਾਤਾਂ ਆਦਿ ਦਾ ਵਰਣਨ ਹੈ। ਕਾਵਿ-ਕਲਾ ਪੱਖੋਂ ਇਹ ਉੱਚ ਪਏ ਦੀ ਰਚਨਾ ਨਹੀਂ ਹੈ। ਪੰਜਾਬੀ ਜੀਵਨ ਤੇ ਸਭਿਆਚਾਰ ਦਾ ਚਿਤ੍ਰਣ ਨਹੀਂ ਹੈ। ਨਿਰੋਲ ਤੁਕ-ਬੰਦੀ ਹੈ। ਕਹਾਣੀ ਰਸ ਹੋਣ ਕਾਰਣ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਦੋਹਰਾ, ਕਬਿੱਤ ਕੁੰਡਲੀਆ ਛੰਦ ਦੀ ਵਰਤੋਂ ਕੀਤੀ ਹੈ।

5. ਸਦਾਚਾਰਕ ਕਿੱਸੇ

ਹਰ ਸਮਾਜ ਦੇ ਨੈਤਿਕਤਾ ਬਾਰੇ ਆਪਣੇ ਮਾਪਦੰਡ ਹੁੰਦੇ ਹਨ। ਦ੍ਰਿੜ ਨਿਸ਼ਚੇ ਵਾਲੇ ਵਿਅਕਤੀ ਸਦਾਚਾਰਕ ਕੀਮਤਾਂ ਨੂੰ ਬਹਾਲ ਰੱਖਦੇ ਹਨ। ਨਿਸ਼ਚੇ ਵਿਚ ਥੋੜ੍ਹੀ ਜੇਹੀ ਲਚਕ ਸਦਾਚਾਰਕ ਕੀਮਤਾਂ ਦੀ ਗਿਰਾਵਟ ਦਾ ਕਾਰਣ ਬਣ ਜਾਂਦੀ ਹੈ। ਇਸ ਕਾਲ ਵਿਚ ਸਦਾਚਾਰਕ ਕਿੱਸੇ ਸਮੇਂ ਦੀਆਂ ਪ੍ਰਚਲਤ ਸਦਾਚਾਰਕ ਕੀਮਤਾਂ ਨੂੰ ਸੁਰਜੀਤ ਰੱਖਣ ਲਈ ਅਤੇ ਸਦਾਚਾਰਕ ਕਦਰਾਂ ਕੀਮਤਾਂ ਵਿਚ ਆਈਆਂ ਕਮਜ਼ੋਰੀਆਂ ਨੂੰ ਦੂਰ ਕਰਨ ਵਾਸਤੇ ਰਚੇ ਗਏ। ਉੱਚੀਆਂ ਸਦਾਚਾਰਕ ਕੀਮਤਾਂ ਸਮਾਜ ਵਿਚੋਂ ਭ੍ਰਸ਼ਟਾਚਾਰ ਅਤੇ ਵਿਭਚਾਰ ਨੂੰ ਖਤਮ ਕਰਨ ਵਿਚ ਸਹਾਇਤਾ ਕਰਦੀਆਂ ਹਨ। ਭਾਵੇਂ ਇਹ ਦ੍ਰਿਸਟੀਕੋਣ ਆਦਰਸ਼ ਵਾਦੀ ਅਨੁਭਵ ਹੁੰਦਾ ਹੈ ਪਰ ਯਥਾਰਥਕ ਪ੍ਰਾਪਤੀਆਂ ਲਈ ਵੀ ਕੁਝ ਆਦਰਸ਼ ਮਿੱਥਣੇ ਪੈਂਦੇ ਹਨ। ਇਨ੍ਹਾਂ ਕਿੱਸਿਆਂ ਦਾ ਮੁੱਖ ਉਦੇਸ਼ ਜੀਵਨ ਦੇ ਕੌੜੇ ਸੱਚ ਨੂੰ ਪੇਸ਼ ਕਰਨਾ ਅਤੇ ਝੂਠ, ਫ਼ਰੇਬ ਅਤੇ ਭੈੜੇ ਸਮਾਜਿਕ ਪ੍ਰਬੰਧ ਦੇ ਕੋਹੜ ਨੂੰ ਨੰਗਾ ਕਰਨਾ ਸੀ। ਸਾਡੇ ਅਧਿਐਨ ਕਾਲ ਵਿਚ ਅਨੇਕਾਂ ਸਦਾਚਾਰਕ ਕਿੱਸੇ ਲਿਖੇ ਗਏ ਹਨ। ਏਥੇ ਅਸੀਂ ਕੁਝ ਪ੍ਰਮੁੱਖ ਕਿੱਸਾਕਾਰਾਂ ਅਤੇ ਉਨ੍ਹਾਂ ਦੇ ਕਿੱਸਿਆਂ ਦੀ ਸੰਖੇਪ ਜੇਹੀ ਸੂਚੀ ਅਤੇ ਕੁਝ ਪ੍ਰਮੁੱਖ ਕਿੱਸਿਆਂ ਦਾ ਵਿਸ਼ਲੇਸ਼ਣ ਕਰਾਂਗੇ :

1. ਨੰਦ ਸਿੰਘ ਜੇਠੂਕੇ	ਕੌਲਾਂ	1902 ਈ.
2. ਖ਼ੁਸ਼ਹਾਲ ਸਿੰਘ	ਪੂਰਨ ਭਗਤ	1903 ਈ.
3. ਕਾਨ੍ਹ ਸਿੰਘ ਕਿਸ਼ਨਗੜ੍ਹ	ਪੂਰਨ ਭਗਤ	1906 ਈ.
4. ਨਰੈਣ ਸਿੰਘ ਤਾਜਪੁਰ	1. ਕਾਤਲ ਭਰਾ	
	2. ਸ਼ਾਮੋ ਨਾਰ ਵੱਡੀ	
	3. ਸ਼ਾਮੋ ਨਾਰ ਛੋਟੀ	
5. ਧਨੀ ਰਾਮ ਚਾਤ੍ਰਿਕ	1. ਭਰਥਰੀ ਹਰੀ	
	2. ਧਰਮਬੀਰ	
6. ਮਿੱਤ ਸਿੰਘ ਮੌੜ	ਸ਼ਾਮੋ ਨਾਰ	

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਦੌਲਤ ਰਾਮ	1. ਗੋਪੀ ਚੰਦ	
	2. ਪੂਰਨ ਭਗਤ	
	3. ਰਾਜਾ ਰਸਾਲੂ	
	4. ਸਤੀ ਸਲੋਚਨਾ	
8. ਕਾਲੀ ਦਾਸ	1. ਗੋਪੀ ਚੰਦ	
	2. ਰਾਜਾ ਰਸਾਲੂ	
	3. ਪ੍ਰਹਿਲਾਦ ਭਗਤ	
9. ਪਾਲ ਸਿੰਘ ਆਰਿਫ਼	ਪੂਰਨ ਭਗਤ	
10. ਪੰਡਿਤ ਕਿਸ਼ੋਰ ਚੰਦ	1. ਕਿਹਰ ਸਿੰਘ ਦੀ ਮੌਤ	
	2. ਕਰਤਾਰੋ ਜਮੀਤਾ	
	3. ਸ਼ਾਹਣੀ ਕੌਲਾਂ	
	4. ਰਾਜਾ ਹਰੀ ਚੰਦ	
11. ਗੰਗਾ ਸਿੰਘ	ਸ਼ਾਮੋ ਨਾਰ	1909 ਈ.
12. ਜਗਣ ਸਿੰਘ	ਕਤਲ ਗਿਆਨ ਕੌਰ	1911 ਈ.
13. ਚੁਰੰਜੀ ਲਾਲ	ਰਾਜਾ ਗੋਪੀ ਚੰਦ	1915 ਈ.
14. ਚੰਨਣ ਸਿੰਘ ਠੁਲੀਵਾਲਾ	ਕਤਲ ਗਿਆਨ ਕੌਰ	1915 ਈ.
15. ਸਾਈਂ ਦਾਸ	ਕਿਹਰ ਸਿੰਘ ਦੀ ਮੌਤ	1918 ਈ.
16. ਸਾਧੂ ਸਿੰਘ ਬੇਵਤਨ	ਪੂਰਨ ਭਗਤ	
17. ਕੌਰ ਚੰਦ ਰਾਹੀ	ਪੂਰਨ ਭਗਤ	1947 ਈ.

ਉਪਰੋਕਤ ਸਦਾਚਾਰਕ ਕਿੱਸਾਕਾਰਾਂ ਵਿਚ ਕਾਲੀ ਦਾਸ, ਦੌਲਤ ਰਾਮ, ਧਨੀ ਰਾਮ ਚਾਤ੍ਰਿਕ, ਪਾਲ ਸਿੰਘ ਆਰਿਫ਼, ਮਿੱਤ ਸਿੰਘ ਅਤੇ ਕਿਸ਼ੋਰ ਚੰਦ ਦੇ ਕਿੱਸੇ ਵਧੇਰੇ ਪੜ੍ਹੇ ਗਏ ਹਨ। ਕੁਝ ਸਥਾਨਕ ਕਹਾਣੀਆਂ ਵੀ ਪ੍ਰਚਲਿਤ ਹੋਈਆਂ। ਨਰੈਣ ਸਿੰਘ ਦੀ 'ਸ਼ਾਮੋ ਨਾਰ' ਬਹੁਤ ਪ੍ਰਸਿੱਧ ਹੋਈ।

ਪੰਡਿਤ ਮਾਨ ਸਿੰਘ ਕਾਲੀ ਦਾਸ ਦੇ ਕਿੱਸਿਆਂ ਵਿਚ ਧਰਮ, ਗਿਆਨ, ਸਦਾਚਾਰ, ਕਰਾਮਾਤ, ਹੋਣੀ, ਕਿਸਮਤ ਤੇ ਇਸਤ੍ਰੀ ਨਿੰਦਾ ਪ੍ਰਤੀ ਵਿਚਾਰਾਂ ਹੁੰਦੀਆਂ ਹਨ। ਪਰ ਪ੍ਰਧਾਨਤਾ ਵੇਦਾਂਤ, ਸਦਾਚਾਰਕ ਅਤੇ ਗਿਆਨਮਈ ਵਿਚਾਰਾਂ ਦੀ ਹੁੰਦੀ ਹੈ। ਕਿੱਸਾ 'ਗੋਪੀ ਚੰਦ' ਵਿਚ ਮਨੁੱਖ ਨੂੰ ਇਸਤ੍ਰੀ ਦੇ ਵਲ-ਛਲ, ਕਾਮ-ਕਪਟ, ਹੰਕਾਰ ਆਦਿ ਤੋਂ ਬਚਣ ਲਈ ਉਪਦੇਸ਼ ਕੀਤਾ ਗਿਆ ਹੈ। ਲੇਖਕ ਦੇ ਵਿਚਾਰ ਅਨੁਸਾਰ ਮਨੁੱਖ ਨਾਸ਼ਮਾਨ ਹੈ। ਇਸ ਲਈ ਸਾਨੂੰ ਬੁਰੇ ਕਰਮਾਂ ਤੋਂ ਬਚਣਾ ਚਾਹੀਦਾ ਹੈ।

ਕਾਲੀ ਦਾਸ ਦਾ ਜੀਵਨ ਬਾਰੇ ਅਧਿਐਨ ਵਿਸ਼ਾਲ ਹੈ। ਜਦੋਂ ਵੀ ਉਹ ਮੌਤ, ਯੋਗ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ, ਪਰਮਾਤਮਾ ਸੰਬੰਧੀ ਲਿਖਦਾ ਹੈ, ਉਸ ਦੇ ਗਿਆਨ ਦੇ ਚਮਤਕਾਰ ਆਪਣੇ ਆਪ ਪਾਠਕ 'ਤੇ ਪ੍ਰਭਾਵ ਪਾਉਂਦੇ ਹਨ। ਕਾਲੀ ਦਾਸ ਨੇ ਆਪਣੇ ਕਿੱਸੇ 'ਗੋਪੀ ਚੰਦ' ਵਿਚ ਪਰਮਾਰਥ ਦੀਆਂ ਸਾਰੀਆਂ ਮੰਜ਼ਿਲਾਂ ਭਾਵ ਨੇਕ ਜੀਵਨ, ਅਮਨ-ਪਸੰਦੀ, ਵੈਰਾਗ, ਵਿਵੇਕ-ਭਜਨ; ਭਗਤੀ-ਭਾਵ ਅਤੇ ਮੁੱਕਤੀ ਦੇ ਸਭ ਸਾਧਨਾਂ ਨੂੰ ਬਿਆਨ ਕਰਕੇ ਲੋਕਾਂ ਦੇ ਸਦਾਚਾਰਕ ਪੱਖ ਨੂੰ ਉੱਚਾ ਕਰਨ ਦਾ ਉਪਰਾਲਾ ਕੀਤਾ ਹੈ। ਪਾਲ ਸਿੰਘ ਆਰਿਫ਼ ਦਾ ਕ਼ਿੱਸਾ 'ਪੂਰਨ ਭਗਤ' ਵੀ ਵੈਰਾਗ ਅਤੇ ਸਦਾਚਾਰਕ ਪੱਖ ਨੂੰ ਬਿਆਨ ਕਰਦਾ ਹੈ। ਕਵੀ ਤੇ ਸਮਕਾਲੀ ਜੀਵਨ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਡਿੱਗ ਰਹੀਆਂ ਸਦਾਚਾਰਕ ਕੀਮਤਾਂ ਆਦਿ ਦਾ ਵਰਨਣ ਵੀ ਕੀਤਾ ਹੈ।

ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਸਦਾਚਾਰਕ ਕਿੱਸਿਆਂ ਦਾ ਮੁੱਖ ਉਦੇਸ਼ ਗੰਦੇ ਅਤੇ ਭੈੜੇ ਕਿੱਸਿਆਂ ਦੇ ਪ੍ਰਚਲਨ ਦੀ ਥਾਂ ਉੱਚੀਆਂ ਸੁੱਚੀਆਂ ਕੀਮਤਾਂ ਵਾਲੇ ਕਿੱਸੇ ਲਿਖ ਕੇ ਸਮਾਜ ਵਿਚ ਗਿਰ ਰਹੀਆਂ ਸਦਾਚਾਰਕ ਕੀਮਤਾਂ ਨੂੰ ਮੁੜ ਸੁਰਜੀਤ ਕਰਨਾ ਸੀ। ਚੋਰੀ, ਕਤਲ, ਵਿਭਚਾਰ ਨੂੰ ਖ਼ਤਮ ਕਰਕੇ ਇਕ ਨਿਰੋਏ ਸਮਾਜ ਦੀ ਸਿਰਜਨਾ ਕਰਨਾ ਸੀ। ਕਿੱਸਾਕਾਰਾਂ ਨੇ ਅਜੇਹੇ ਪ੍ਰਸੰਗਾਂ ਅਤੇ ਕਹਾਣੀਆਂ ਨੂੰ ਕਿੱਸਾ ਰੂਪ ਵਿਚ ਲਿਖਿਆ, ਜੋ ਪਹਿਲਾਂ ਵੀ ਲਿਖੀਆਂ ਜਾ ਚੁੱਕੀਆਂ ਸਨ ਅਤੇ ਕੁਝ ਨਵੀਆਂ ਘਟਨਾਵਾਂ 'ਤੇ ਕਿੱਸੇ ਲਿਖੇ ਗਏ, ਜਿਵੇਂ ਸ਼ਾਮੋ ਨਾਰ, ਕਿਹਰ ਸਿੰਘ ਦੀ ਮੌਤ, ਕਰਤਾਰੋ ਜਮੀਤਾ, ਆਦਿ।

6. ਸੁਧਾਰਕ ਕਿੱਸੇ

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ ਤੋਂ ਪਿਛੋਂ ਪੰਜਾਬ ਵਿਚ ਬਹੁਤ ਸਾਰੀਆਂ ਧਾਰਮਿਕ ਅਤੇ ਸਮਾਜ ਸੁਧਾਰਕ ਲਹਿਰਾਂ ਚਲੀਆਂ। ਜਿਨ੍ਹਾਂ ਦਾ ਮੁੱਖ ਉਦੇਸ਼ ਸਮਾਜ ਵਿਚੋਂ ਵਹਿਮਾਂ-ਭਰਮਾਂ, ਗ਼ਲਤ ਰਸਮਾਂ-ਰਿਵਾਜਾਂ ਨੂੰ ਖ਼ਤਮ ਕਰਕੇ ਇਕ ਨਰੋਏ ਸਮਾਜ ਦੀ ਸਿਰਜਨਾ ਕਰਨ ਲਈ ਉਤਸੁਕਤਾ ਸੀ। ਇਸ ਕਾਲ ਦੇ ਕਿੱਸਾਕਾਰਾਂ ਨੇ ਇਨ੍ਹਾਂ ਸਮਾਜ ਸੁਧਾਰਕ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਕਿੱਸੇ ਲਿਖੇ। ਜਿਨ੍ਹਾਂ ਦੇ ਵਿਸ਼ੇ—ਵਿਧਵਾ ਵਿਆਹ, ਬਾਲ ਵਿਆਹ, ਮੁੱਲ ਦਾ ਵਿਆਹ, ਭਾਨੀਮਾਰਾਂ ਦੀ ਕਰਤੂਤ, ਛੜਿਆਂ ਦਾ ਹਾਲ, ਖ਼ਰਚੀਲੇ ਰਸਮੋ-ਰਿਵਾਜ। ਨਸ਼ਿਆਂ, ਐਬਾਂ ਆਦਿ ਸਮੱਸਿਆਵਾਂ 'ਤੇ ਕਿੱਸਾਕਾਰਾਂ ਨੇ ਛੋਟੇ ਵੱਡੇ ਬਹੁਤ ਸਾਰੇ ਕਿੱਸੇ ਲਿਖੇ। ਸ਼ੇਰ ਸਿੰਘ ਸੰਦਲ ਦਾ ਕਿੱਸਾ 'ਅਕਲ ਦਾ ਬਾਗ਼' ਆਪਣੀ ਹੀ ਕਿਸਮ ਦਾ ਇਕ ਬੇ-ਮਿਸਾਲ ਸੁਧਾਰਕ ਕਿੱਸਾ ਹੈ।

ਅੰਗਰੇਜ਼ੀ ਸਭਿਅਤਾ ਨੇ ਸਾਡੇ ਪੰਜਾਬੀ ਸਮਾਜ 'ਤੇ ਚੰਗੇ ਅਤੇ ਮਾੜੇ ਪ੍ਰਭਾਵ ਪਾਏ ਹਨ। ਸਭ ਤੋਂ ਮਾੜਾ ਪ੍ਰਭਾਵ ਇਹ ਸੀ ਕਿ ਪੰਜਾਬੀ ਫ਼ੈਸ਼ਨ-ਪ੍ਰਸਤ ਬਣ ਗਏ ਸਨ। ਕਿੱਸਾਕਾਰਾਂ ਨੇ ਕਿੱਸਾ ਲਿਖ ਦਿਤਾ 'ਫ਼ੈਸ਼ਨ ਦੇ ਕਜੀਏ'। ਇਸਤ੍ਰੀਆਂ ਗਹਿਣੇ ਪਾਉਣ ਲੱਗੀਆਂ ਤਾਂ ਕਿੱਸਾਕਾਰਾਂ ਨੇ ਗਹਿਣਿਆਂ ਦੀਆਂ ਬੁਰਾਈਆਂ ਦਾ ਕਿੱਸਾ ਲਿਖ ਮਾਰਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਪ੍ਰਸਿਧ ਅਤੇ ਸੁਧਾਰਕ ਕਿੱਸੇ ਅਤੇ ਕਿੱਸਾਕਾਰ ਹੇਠ ਲਿਖੇ ਹਨ :

1. ਕਿਸ਼ਨ ਸਿੰਘ	ਦਰਾਣੀਆਂ ਜੇਠਾਣੀਆਂ	
2. ਸੰਤ ਦਾਸ	ਸੁਲਫ਼ੇਨਾਮਾ	
3. ਪੂਰਨ ਚੰਦ ਕਿਸ਼ਨਗੜ੍ਹ	1. ਝਗੜਾ ਨੂੰਹ ਸੱਸ ਦਾ	1910 ਈ.
	2. ਰੰਡੀਆਂ ਦਾ ਹਾਲ	
4. ਗੰਗਾ ਸਿੰਘ	ਕਿੱਸਾ ਦਗੇਬਾਜ਼ਾਂ ਦਾ	
5. ਰਣ ਸਿੰਘ	1. ਘੁੰਡ ਵਾਲੀ ਨਾਰ	
	2. ਹੁੱਕੇਬਾਜ਼ਾਂ ਦਾ ਕਿੱਸਾ	
6. ਹਰੀ ਸਿੰਘ ਦਿਆਲਪੁਰੀ ਮਿਰਜ਼ੇਕਾ	ਖ਼ੂਨੀ ਵਿਆਹ	1913 ਈ.
7. ਦੌਲਤ ਰਾਮ ਭੈਣੀ ਵੜਿੰਗ	1. ਘੁੰਡ ਵਾਲੀ ਨਾਰ	1912 ਈ.
	2. ਮੂਰਖ ਦੀ ਨਾਰ	1914 ਈ.
8. ਮੰਗਲ ਸਿੰਘ	ਝਗੜਾ ਚਾਂਦੀ ਤੇ ਸੋਨਾ	1923 ਈ.
9. ਨੱਥਾ ਸਿੰਘ	ਕੱਟਵਾਂ ਪਜਾਮਾ	1925 ਈ.
10. ਤੁਲਸੀ ਰਾਮ	ਸੱਟੇ ਦੀ ਹਾਰ	1928 ਈ.
11. ਬਖ਼ਸ਼ੀ ਸਿੰਘ	ਬੁੱਢੇ ਦੀ ਨਾਰ	1935 ਈ.
12. ਈਸ਼ਰ ਦਾਸ ਲੋਹਾਰਾ	ਕੰਜੂਸਨਾਮਾ	
13. ਸੰਤ ਸਿੰਘ ਲਲਤੋਂ ਕਲਾਂ	ਇਲਮਦਾਰ ਔਰਤ	
14. ਕਾਲਾ ਸਿੰਘ	1. ਕਿੱਸਾ ਕੰਜਰਨਾਮਾ	
	2. ਅਜਕਲ ਦਾ ਜ਼ਮਾਨਾ	
15. ਕਿਸ਼ੋਰ ਚੰਦ	1. ਮੁੱਲ ਦਾ ਵਿਆਹ	
	2. ਕਲਜੁਗ ਦੇ ਬ੍ਰਾਹਮਣ	
16. ਚੰਦ ਸਿੰਘ ਮਹਿਰਾਜ	ਅਮਲੀਆਂ ਦੇ ਝਗੜੇ	
17. ਸ਼ੇਰ ਸਿੰਘ ਸੰਦਲ	ਅਕਲ ਦਾ ਬਾਗ	
18. ਰਾਮ ਸਿੰਘ ਗੋਨੇਆਣਾ	1. ਭਾਨੀਮਾਰ ਨਾਰ	
	2. ਦੁਖੀ ਨਾਰ ਦੀ ਪੁਕਾਰ	
19. ਵਰਿਆਮ ਸਿੰਘ	1. ਵਿਧਵਾ ਵਿਚਾਰੀ	
	2. ਘੁੰਡ ਵਾਲੀ ਨਾਰ	

ਇਨ੍ਹਾਂ ਸੁਧਾਰਕ ਕਿੱਸਿਆਂ ਦਾ ਅਧਿਐਨ ਸਾਨੂੰ ਇਸ ਸਮੇਂ ਦੀ ਸਮਾਜਕ, ਆਰਥਿਕ ਅਵਸਥਾ ਸਮਝਣ ਲਈ ਸ਼ੀਸ਼ੇ ਦਾ ਕੰਮ ਕਰ ਦੇਂਦਾ ਹੈ। ਸਮੇਂ ਦੀਆਂ ਕਦਰਾਂ ਕੀਮਤਾਂ ਦਾ ਵਰਣਨ ਇਨ੍ਹਾਂ ਕਿੱਸਿਆਂ ਵਿਚ ਸਹਿਜ ਸੁਭਾਅ ਕੀਤਾ ਗਿਆ ਹੈ। ਪੰਡਿਤ ਕਿਸ਼ੋਰ ਚੰਦ ਨੇ 'ਮੁੱਲ ਦਾ ਵਿਆਹ' ਕਿੱਸੇ ਵਿਚ ਕੁੜੀ-ਵੇਚ ਲੋਕਾਂ ਦੀ ਬਹੁਤ ਭੰਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਹੈ ।

7. ਉਪਦੇਸ਼ਾਤਮਕ ਕਿੱਸੇ

ਸਦਾਚਾਰਕ ਤੇ ਸੁਧਾਰਕ ਕਿੱਸਿਆਂ ਤੋਂ ਬਿਨਾਂ ਕੁਝ ਅਜਿਹੇ ਧਾਰਮਿਕ ਉਪਦੇਸ਼ ਦੇ ਗ੍ਰੰਥ ਲਿਖੇ ਅਏ ਹਨ, ਜਿਨ੍ਹਾਂ ਵਿਚ ਕਿੱਸਿਆਂ ਵਾਂਗ ਕਿਸੇ ਨਾਇਕ ਦੀ ਇਸ਼ਕੀਆ ਕਹਾਣੀ ਜਾਂ ਸੂਰਮਗਤੀ ਦੀ ਕਹਾਣੀ ਦਾ ਵਰਣਨ ਨਹੀਂ ਹੈ । ਇਹ ਆਦਰਸ਼ਵਾਦੀ ਕਿੱਸੇ ਹਨ ਜੋ ਮੌਤ ਦੀ ਅਟੱਲਤਾ ਅਤੇ ਨੇਕ ਜੀਵਨ-ਜਾਚ ਦੇ ਉਪਦੇਸ਼ ਕਰਦੇ ਹਨ । ਇਨ੍ਹਾਂ ਕਿੱਸਿਆਂ ਦੇ ਰਚਨਹਾਰੇ ਕਿੱਸਾਕਾਰਾਂ ਅਨੁਸਾਰ ਸਦਾਚਾਰਕ ਉਚੱਤਾ ਦੀ ਨੀਂਹ ਸੱਚ ਉੱਤੇ ਆਧਾਰਿਤ ਹੈ । ਕਾਰ-ਵਿਹਾਰ ਵਿਚ ਸੱਚ ਅਤੇ ਰੋਜ਼ਾਨਾ ਜੀਵਨ ਵਿਚ ਸੱਚ ਦੀ ਬਹੁਤ ਮਹਾਨਤਾ ਹੈ ।

ਪਰ ਸਾਡੀਆਂ ਪਦਾਰਥਵਾਦੀ ਲੋੜਾਂ ਨੇ ਸਮਾਜ ਵਿਚ ਭ੍ਰਸ਼ਟਾਚਾਰ ਅਤੇ ਕੂੜ ਦਾ ਪਸਾਰਾ ਕਰ ਦਿਤਾ ਹੈ । ਲੋਕ ਦੰਬੀ ਅਤੇ ਧੋਖੇਬਾਜ਼ ਬਣ ਗਏ ਹਨ । ਇਹ ਕਿੱਸਾਕਾਰ ਸਵੱਛ ਜੀਵਨ ਜੀਉਣ, ਕੂੜ ਦੇ ਪਾਸਾਰੇ ਤੋਂ ਬਚਣ ਅਤੇ ਮਨੁੱਖ ਨੂੰ ਨੇਕ ਕਰਮ ਕਰਨ ਲਈ ਪ੍ਰੇਰਦੇ ਹਨ । ਖ਼ੁਦੀ, ਹੰਕਾਰ ਅਤੇ ਵਿਅਕਤੀ ਦੇ ਪੰਜੇ ਦੁਸ਼ਮਣਾਂ ਤੋਂ ਬਚਣ ਲਈ ਸਾਵਧਾਨ ਕਰਦੇ ਹਨ । ਮਨੁੱਖ ਦੇ ਧਰਮਾਂ ਦੇ ਨਾਂ ਤੇ ਲੜਨ ਤੋਂ ਹਟਾਉਂਦੇ ਹਨ । ਧਾਰਮਿਕ ਸ਼ਹਿਨਸ਼ੀਲਤਾ ਦਾ ਪ੍ਰਚਾਰ ਕਰਦੇ ਹਨ ।

ਪੂੰਜੀਵਾਦੀ ਯੁਗ ਵਿਚ ਲੋਕਾਂ ਦੀਆਂ ਜਦੋਂ ਪਦਾਰਥਵਾਦੀ ਰੁਚੀਆਂ ਦੀ ਤ੍ਰਿਪਤੀ ਨਹੀ ਹੁੰਦੀ, ਉਸ ਸਮੇਂ ਉਨ੍ਹਾਂ ਦੀ ਆਤਮਿਕ ਤਸੱਲੀ ਲਈ ਅਜੇਹੇ ਸਾਹਿਤ ਦੀ ਲੋੜ ਪੈਂਦੀ ਹੈ । ਜੋ ਉਨ੍ਹਾਂ ਦੀ ਮਾਨਸਿਕ ਤ੍ਰਿਪਤੀ ਕਰ ਸਕੇ । ਦੂਜੀ ਪ੍ਰਕਾਰ ਦਾ ਸਾਹਿਤ ਰਾਜਨੀਤਿਕ ਚੇਤਨਾ ਪੈਦਾ ਕਰਦਾ ਹੈ । ਪਰ ਲੋਕ ਸਰਕਾਰ ਤੋਂ ਡਰਦੇ ਆਪਣੀਆਂ ਲੋੜਾਂ ਦੀ ਤ੍ਰਿਪਤੀ ਧਾਰਮਿਕ ਸ਼ਾਂਤੀ ਨਾਲ ਕਰ ਲੈਂਦੇ ਹਨ । ਸਾਡਾ ਅਧਿਐਨ ਕਾਲ ਰਾਸ਼ਟਰੀ ਚੇਤਨਾ ਦਾ ਯੁਗ ਹੈ । ਇਸ ਕਾਲ ਵਿਚ ਰਾਸ਼ਟਰਵਾਦੀ ਸਾਹਿਤ 'ਤੇ ਬਹੁਤ ਸਾਰੀਆਂ ਪਾਬੰਦੀਆਂ ਸਨ । ਧਾਰਮਿਕ ਸਾਹਿਤ 'ਤੇ ਕੋਈ ਪਾਬੰਦੀ ਨਹੀਂ ਸੀ । ਇਸ ਲਈ ਉਪਦੇਸ਼ਾਤਮਕ ਸਾਹਿਤ ਪੈਦਾ ਹੋਇਆ । ਸਾਧੂ ਦਯਾ ਸਿੰਘ ਆਰਿਫ਼, ਪਾਲ ਸਿੰਘ ਆਰਿਫ਼, ਗਿਆਨੀ ਜੋਧ ਸਿੰਘ, ਗਿਆਨੀ ਬਿਸ਼ਨ ਸਿੰਘ, ਮੁਕੰਦ ਰਾਮ ਆਦਿ ਨੇ ਅਜੇਹੇ ਸਾਹਿਤ ਦੀ ਸਿਰਜਣਾ ਕੀਤੀ ਹੈ ।

ਇਨ੍ਹਾਂ ਉਪਦੇਸ਼ਾਤਮਕ ਕਿੱਸਿਆਂ ਵਿਚ ਸਾਧੂ ਦਯਾ ਸਿੰਘ ਆਰਿਫ਼ ਦਾ ਕਿੱਸਾ ਜ਼ਿੰਦਗੀ ਬਿਲਾਸ ਸਭ ਤੋਂ ਪ੍ਰਸਿਧ ਹੋਇਆ । ਇਸ ਦੀਆਂ ਕੋਈ 70, 75 ਐਡੀਸ਼ਨਾਂ ਛਪ ਚੁੱਕੀਆਂ ਹਨ । ਸ਼ਾਇਰ ਹੀਰ ਵਾਰਿਸ ਤੋਂ ਇਲਾਵਾ ਇਹ ਪੰਜਾਬੀ ਵਿਚ ਸਭ ਤੋਂ ਵੱਧ ਵਿਕਣ ਵਾਲਾ ਕਿੱਸਾ ਹੈ ।[11] ਆਰਿਫ਼ ਨੇ ਇਸ ਕਿੱਸੇ ਵਿਚ ਜ਼ਿੰਦਗੀ ਨੂੰ ਮਨੂ ਅਨੁਸਾਰ 100 ਸਾਲ ਮੰਨਿਆ ਹੈ । ਉਸੇ ਅਨੁਸਾਰ ਉਹਨੇ ਕਿੱਸੇ ਦੀ ਵੰਡ ਕੀਤੀ ਹੈ । ਇਸ ਵਿਚ ਮਨੁੱਖ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇਕ ਕਰਮ, ਸੱਚ ਬੋਲਣ, ਚੋਰੀ ਠੱਗੀ ਛੱਡਣ, ਨਸ਼ੇ ਅਤੇ ਵਿਕਾਰਾਂ ਤੋਂ ਬਚਣ, ਖ਼ੁਦੀ ਹੰਕਾਰ ਅਤੇ ਪੰਜ ਵਿਸ਼ੇ ਤਿਆਗਣ ਦਾ ਤੇ ਧਾਰਮਿਕ ਖ਼ਿਆਲਾਂ ਦਾ ਉਪਦੇਸ਼ ਦਿਤਾ ਹੈ, ਤਾਂ ਜੋ ਮਨੁੱਖਾ ਜਨਮ ਸਫ਼ਲ ਹੋ ਸਕੇ ।

ਸਮੁੱਚੇ ਤੌਰ 'ਤੇ ਇਨ੍ਹਾਂ ਉਪਦੇਸ਼ਾਤਮਕ ਕਿੱਸਿਆਂ ਦਾ ਮਨੋਰਥ ਵੀ ਲੋਕਾਂ ਵਿਚ ਜੋ ਵਿਕਾਰ ਪੈਦਾ ਹੋ ਗਏ ਹਨ, ਉਨ੍ਹਾਂ ਨੂੰ ਦੂਰ ਕਰਨਾ ਹੈ । ਚੰਗਾ ਜੀਵਨ ਜੀਉਣ ਲਈ ਇਹ ਸਦਾਚਾਰਕ ਨਿਯਮਾਂ ਦੀ ਦੁਹਾਈ ਦੇ ਦੇ ਹਨ । ਇਨ੍ਹਾਂ ਕੋਲ ਸਮਾਜ ਨੂੰ ਬਦਲਣ ਲਈ ਹੋਰ ਕੋਈ ਨਵਾਂ ਵਿਗਿਆਨਕ ਦ੍ਰਿਸ਼ਟੀਕੋਣ ਨਹੀਂ ਹੈ ।

ਇਸ ਕਾਲ ਦੇ ਕਿੱਸਾ-ਕਾਵਿ ਦੇ ਸਰਵੇਖਣ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਕਾਲ ਵਿਚ ਵੀ ਬਹੁਤ ਸਾਰੇ ਕਿੱਸੇ ਗਿਣਨਾਤਮਕ ਪੱਖ ਤੋਂ ਰਚੇ ਗਏ ਹਨ । ਇਨ੍ਹਾਂ ਕਿੱਸਿਆਂ ਦੀ ਬਣਤਰ ਪੁਰਾਤਨ ਕਿੱਸਿਆਂ ਵਾਂਗ ਹੈ । ਪਹਿਲਾਂ ਰੱਬ ਜਾਂ ਦੇਵੀ-ਦੇਵਤੇ ਦੀ ਉਸਤਤੀ ਕੀਤੀ ਜਾਂਦੀ ਹੈ । ਕਿੱਸੇ ਯਾਰਾਂ ਦੋਸਤਾਂ ਦੀ ਫ਼ਰਮਾਇਸ਼ 'ਤੇ ਲਿਖੇ ਜਾਂਦੇ ਹਨ । ਕਿੱਸਿਆਂ ਦੀ ਗੋਂਦ ਵੀ ਪੁਰਾਣੀ ਕਿਸਮ ਦੀ ਹੈ । ਪਰ ਵਿਸ਼ੇ ਪੱਖ ਤੋਂ ਨਵੀਆਂ ਕਹਾਣੀਆਂ ਨੂੰ ਕਿੱਸਿਆਂ ਵਿਚ ਕਲਮਬੰਦ ਕੀਤਾ ਗਿਆ ਹੈ । ਇਸ਼ਕੀਆ ਕਿੱਸਿਆਂ ਦੀ ਥਾਂ ਧਾਰਮਿਕ ਤੇ ਦਾਰਸ਼ਨਿਕ ਕਿੱਸੇ ਵੀ ਲਿਖੇ ਹਨ । ਫ਼ਾਰਸੀ ਬੋਲੀ ਦੀ ਥਾਂ ਹਿੰਦੀ, ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਵਿਚੋਂ ਸ਼ਬਦ ਲਏ ਹਨ । ਇਨ੍ਹਾਂ ਕਿੱਸਾਕਾਰਾਂ ਨੇ ਸਥਾਨਕ ਉਪ-ਭਾਸ਼ਾ ਮਲਵਈ ਦੀ ਵਰਤੋਂ ਕੀਤੀ ਹੈ । ਇਕ ਛੰਦ ਦੀ ਥਾਂ ਕਿੱਸੇ ਵਿਚ ਭਿੰਨ ਭਿੰਨ ਛੰਦਾਂ ਦੀ ਵਰਤੋਂ ਕੀਤੀ ਹੈ । ਪਰ ਇਨ੍ਹਾਂ ਵਿਚੋਂ ਕੋਈ ਕਿੱਸਾਕਾਰ ਦੀ ਦਮੋਦਰ, ਵਾਰਿਸ, ਹਾਸ਼ਮ ਵਾਂਗ ਪ੍ਰਸਿੱਧੀ ਹਾਸਲ ਨਹੀਂ ਕਰ ਸਕਿਆ ।

ਹਵਾਲੇ ਅਤੇ ਟਿੱਪਣੀਆਂ

1. (ੳ) ਰਾਂਝੇ ਉਠ ਕੇ ਆਖਿਆ, 'ਵਾਹ ਸੱਜਨ !' ਹੀਰ ਹੱਸ ਕੇ ਤੇ ਮਿਹਰਬਾਨ ਹੋਈ ।
—'ਹੀਰ ਵਾਰਿਸ ਸ਼ਾਹ', ਪੰਨਾ 18.
(ਅ) ਰਾਂਝੇ ਹੱਸ ਕੇ ਆਖਿਆ ਵਾਹ ਸੱਜਨ, ਹੀਰ ਵੇਂਹਦਿਆਂ ਹੀ ਸ਼ਰਮਸਾਰ ਹੋਈ ।
—'ਹੀਰ ਕੁਸ਼ਤਾ', ਪੰਨਾ 42.
2. (ੳ) ਪਕੜ ਲਏ ਝਬੇਲ ਤੇ ਬੰਨ੍ਹ ਮੁਸ਼ਕਾਂ, ਮਾਰ ਛੰਮਕਾਂ ਲਹੂ ਲੁਹਾਨ ਕੀਤੇ ।
ਆਣ ਪਲੰਘ 'ਤੇ ਕੌਣ ਸੁਵਾਲਿਆ ਜੇ, ਮੇਰੇ ਵੈਰ ਦੇ ਤੁਸਾਂ ਸਾਮਾਨ ਕੀਤੇ ।
—'ਹੀਰ ਵਾਰਿਸ ਸ਼ਾਹ', ਪੰਨਾ 17
(ਅ) ਮਾਰੇ ਹੀਰ ਛੰਮਕਾਂ ਨਾਲੇ ਸਭ ਸਈਆ ਲੁਡਨ ਮੇਂਦਾ ਚੰਮ ਉਧੇੜਿਆ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੇਰੀ ਸੇਜ ਉਤੇ ਅੱਜ ਸੌਣ ਵਾਲਾ ਦੱਸ ਲੁਡਨਾ ਕੌਣ ਸਹੇੜਿਆ ਏ ।

—'ਹੀਰ ਲਾਹੌਰੀ', ਪੰਨਾ 6.

3. 'ਸੋਹਣੀ ਬਾਗ ਸਿੰਘ : ਲੋਕ ਸਭਿਆਚਾਰ ਦੇ ਪਰਿਪੇਖ ਵਿਚ', 'ਖੋਜ ਦਰਪਣ', ਜੁਲਾਈ 1976. ਪੰਨਾ 55.
4. 'ਚੋਣਵੇਂ ਕਿੱਸੇ ਕ੍ਰਿਤ ਕਵੀ ਪੂਰਨ ਰਾਮ', ਪਿਆਰ ਸਿੰਘ, ਧਰਮ ਸਿੰਘ (ਸੰਪਾ.), ਪੰਨਾ 22.
5. ਗੁਰਚਰਨ ਸਿੰਘ, 'ਕਿੱਸਿਆਂ ਦੇ ਭੇਤ ਤੇ ਕਿੱਸਾਕਾਰ ਦੀ ਕਲਾ', ਪੰਜਾਬੀ 'ਦੁਨੀਆ', ਕਿੱਸਾ-ਕਾਵਿ ਅੰਕ, ਜੁਲਾਈ-ਅਗਸਤ 1956, ਪੰਨਾ 8.
6. ਉਹੀ, ਪੰਨਾ 9.
7. ਉਹੀ, ਸਥਾਨ ।
8. 'ਚੋਣਵੇਂ ਕਿੱਸੇ ਕ੍ਰਿਤ ਕਵੀ ਪੂਰਨ ਰਾਮ', ਪਿਆਰ ਸਿੰਘ, ਧਰਮ ਸਿੰਘ (ਸੰਪਾ.), ਪੰਨਾ 28.
9. ਆਤਮ ਹਮਰਾਹੀ, 'ਮਾਲਵੇ ਦਾ ਕਿੱਸਾ ਸਾਹਿਤ', 'ਪੰਜਾਬੀ ਦੁਨੀਆ', ਜਨਵਰੀ 1977, ਪੰਨਾ 55.
10. 'ਚਾਤ੍ਰਿਕ ਰਚਨਾਵਲੀ', ਸ. ਸ. ਅਮੋਲ (ਸੰਪਾ.), ਪੰਨਾ 62.
11. ਆਤਮ ਹਮਰਾਹੀ, 'ਸਾਧੂ ਦਯਾ ਸਿੰਘ ਆਰਿਫ਼', ਪੰਨਾ 29.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਗ ਦੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਅਧਿਆਇ

ਕਿੱਸਾ ਕਾਵਿ ਦਾ ਸਾਹਿਤ-ਇਤਿਹਾਸਕ ਅਧਿਐਨ

ਪੰਜਾਬੀ ਕਿੱਸਿਆਂ ਵਿਚ ਆਦਰਸ਼ਕ ਕਦਰਾਂ-ਕੀਮਤਾਂ, ਧਾਰਮਿਕ ਵਿਸ਼ਵਾਸਾਂ, ਸਭਿਆਚਾਰਕ ਰੁਚੀਆਂ ਅਤੇ ਅਧਿਆਤਮਕ ਵਿਚਾਰਧਾਰਾ ਆਦਿ ਦਾ ਵਰਣਨ ਮਿਲਦਾ ਹੈ। ਕਿੱਸਾ-ਕਾਵਿ ਵਿਚ ਜਿਥੇ ਇਸ਼ਕ ਦੀਆਂ ਰੰਗੀਨੀਆਂ ਹਨ, ਸੂਫ਼ੀਆਂ ਦੇ ਮਸਤ ਕਲਾਮ ਹਨ, ਧਾਰਮਿਕ ਸ਼ਬਦ ਹਨ, ਉਥੇ ਕਵੀਆਂ ਵਲੋਂ ਪ੍ਰਗਟਾਏ 'ਕਵਿਓਵਾਚ' ਰਾਹੀਂ ਆਦਰਸ਼ਕ ਅਟੱਲ ਬਚਨ ਵੀ ਮਿਲਦੇ ਹਨ। ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਵੰਨ-ਸੁਵੰਨੇ ਵਿਸ਼ੈ ਵਸਤੂ ਦੁਆਰਾ ਆਪਣੀ ਵਿਸ਼ਾਲ ਜਾਣਕਾਰੀ ਦਾ ਸਬੂਤ ਦਿੱਤਾ ਹੈ। ਕਿੱਸਾਕਾਰਾਂ ਨੇ ਇਤਿਹਾਸਕ ਤੇ ਮਿਥਿਹਾਸਕ ਸੰਕੇਤ, ਹੋਣੀ ਦਾ ਸਰੂਪ ਤੇ ਪਰਾਸਰੀਰਕ ਤੱਤ ਪ੍ਰਸਤੁਤ ਕਰ ਕੇ ਕਿੱਸਾ-ਕਾਵਿ ਦੀ ਪਰੰਪਰਾ ਨੂੰ ਜੀਵੰਤ ਰੱਖਿਆ। ਜਿਥੇ ਕਿੱਸਾਕਾਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਉਥੇ ਨਾਲ ਨਾਲ ਸਮੇਂ ਦੇ ਲੋਕਾਂ ਦੀ ਆਤਮਾ, ਵਿਚਾਰਾਂ, ਕਦਰਾਂ-ਕੀਮਤਾਂ, ਰਵਾਇਤਾਂ ਤੇ ਸਮਾਜਕ ਪਰਿਸਥਿਤੀਆਂ ਦਾ ਚਿਤ੍ਰਣ ਵੀ ਕੀਤਾ।

1. ਇਤਿਹਾਸਕ ਦ੍ਰਿਸ਼ਟੀ

ਕਿੱਸਾ ਸਾਹਿਤ ਸਮਾਜਕ ਚੇਤਨਾ, ਰੀਤਾਂ-ਰਸਮਾਂ, ਧਾਰਮਿਕ ਸਭਿਆਚਾਰਕ ਪ੍ਰਭਾਵਾਂ ਦੇ ਪਿਛੋਕੜ ਵਿਚ ਰਚੇ ਅਜੇਹੇ ਪ੍ਰੇਮ-ਕਾਵਿ ਹਨ, ਜਿਹੜੇ ਸਮੇਂ ਦੀਆਂ ਰੂੜ੍ਹ ਕੀਮਤਾਂ ਦਾ ਵਿਰੋਧ ਕਰਦੇ ਕਰਦੇ ਜੀਵਨ ਬਤੀਤ ਕਰ ਜਾਂਦੇ ਹਨ। ਚੇਤਨਾ ਇਕ ਧਾਰਾ ਹੈ ਜੋ ਹਰ ਸਮੇਂ ਚਲਦੀ ਰਹਿੰਦੀ ਹੈ। ਚੇਤਨਾ ਸਮਾਜਕ ਚਿੰਤਨ ਨਾਲ ਸੰਬੰਧਿਤ ਹੈ। ਇਸ ਦਾ ਪੱਧਰ ਸਮਾਜੀ ਵਿਚਾਰਧਾਰਾ ਤੋਂ ਉੱਚਾ ਨਹੀਂ ਹੋ ਸਕਦਾ। ਕਿੱਸਾ ਸਾਹਿਤ ਚੂੰਕਿ ਸਮਾਜਕ ਵਿਚਾਰਧਾਰਾ ਦਾ ਇਕ ਵਿਸ਼ਾਲ ਰੰਗ-ਮੰਚ ਹੈ, ਇਸ ਲਈ ਤਤਕਾਲੀ ਚਿੰਤਨ ਪੱਧਰ ਅਨੁਸਾਰ ਚੇਤਨਾ ਨੂੰ ਕਵੀਆਂ ਨੇ ਆਪਣੇ ਕਿੱਸਿਆਂ ਵਿਚ ਚਿਤਰਿਆ ਹੈ।[1]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਸੀ ਸਥਿਤੀ

ਪਹਿਲੇ ਕਾਲ ਦੇ ਕਿੱਸਾਕਾਰਾਂ ਨੇ ਰਾਜਸੀ ਸਥਿਤੀ ਦਾ ਚਿਤ੍ਰਣ ਕਰਨ ਵਲ ਕੁਝ ਧਿਆਨ ਦਿੱਤਾ ਹੈ। ਮਿਸਾਲ ਵਜੋਂ ਵਾਰਿਸ ਦੀ ਹੀਰ ਵਿਚ ਉਸ ਸਮੇਂ ਦੀ ਰਾਜਸੀ ਉੱਥਲ ਪੁੱਥਲ ਦਾ ਵਰਣਨ ਮਿਲਦਾ ਹੈ। ਉਹ ਖ਼ਾਲਸੇ ਦੀਆਂ ਜਿੱਤਾਂ ਅਤੇ ਅਬਦਾਲੀ ਦੇ ਹਮਲੇ ਦਾ ਵਰਣਨ ਕਰਦਾ ਹੈ।

ਨੱਲ ਨੀਲ ਤੇ ਹਨੂ ਨੇ ਲੰਕ ਫੂਕੀ, ਫਿਰਨ ਲੱਗੀਆਂ ਰਾਮ ਦੁਹਾਈਆਂ ਨੀ।
ਜਿਵੇਂ ਮਾਰ ਕਸੂਰ ਤੇ ਖੰਡ ਜੈਨਾ, ਅੱਗਾਂ ਖ਼ਾਲਸੇ ਫੂਕ ਵਿਖਾਈਆਂ ਨੀ।
ਘੱਟਾ ਦਲਾਂ ਦੀਆਂ ਸਾਫ਼ ਕਰ ਚੱਠਿਆਂ ਨੂੰ, ਜੀਕੂੰ ਸੈਦਪੁਰ ਮਾਰ ਕੇ ਧਾਈਆਂ ਨੀ।
ਫ਼ੌਜਾਂ ਸ਼ਾਹ ਦੀਆਂ ਵਾਰਿਸਾ ਮਾਰ ਮਥਰਾ, ਦੌੜ ਫੇਰ ਲਾਹੌਰ ਨੂੰ ਆਈਆਂ ਨੀ।

(ਪੰਨਾ 49)

ਇਸ ਕਾਲ ਦੇ ਕਿੱਸਾਕਾਰਾਂ ਵਿਚ ਸਮੇਂ ਦੇ ਹਾਕਮਾਂ ਦੀ ਕੋਈ ਬਹੁਤੀ ਉਸਤਤੀ ਵੀ ਨਹੀਂ ਮਿਲਦੀ। ਪਿਛਲੇਰੇ ਕਾਲ ਦੇ ਕਿੱਸਾਕਾਰਾਂ ਵਿਚ ਰਾਸ਼ਟਰੀ ਜਾਗ੍ਰਤੀ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਮਿਲਦਾ। ਉਨ੍ਹਾਂ ਨੇ ਪੰਜਾਬ ਵਿਚ ਚੱਲ ਰਹੇ ਰਾਜਸੀ ਆਜ਼ਾਦੀ ਦੇ ਘੋਲ ਨਾਲ ਕੋਈ ਹਮਦਰਦੀ ਪ੍ਰਗਟ ਨਹੀਂ ਕੀਤੀ। ਉਨ੍ਹਾਂ ਨੂੰ ਕਵੀ ਚੇਤਨਾ ਨੇ ਪ੍ਰਭਾਵਤ ਨਹੀਂ ਕੀਤਾ ਇਸ ਤੋਂ ਉਲਟ ਬਹੁਤ ਸਾਰੇ ਕਿੱਸਾਕਾਰ, ਜਿਵੇਂ ਪੰਡਿਤ ਕਿਸ਼ੋਰ ਚੰਦ, ਨਰੈਣ ਸਿੰਘ ਦਰਜ਼ੀ, ਬਾਗ ਸਿੰਘ ਭੇਖਾ, ਰੀਟਾ ਦੀਨ, ਗੰਗਾ ਸਿੰਘ ਆਦਿ ਕਿੱਸਾਕਾਰ ਅੰਗਰੇਜ਼ੀ ਰਾਜ ਦੇ ਸੋਹਿਲੇ ਗਾਉਂਦੇ ਹਨ। ਉਹ ਅੰਗਰੇਜ਼ ਦੇ ਰਾਜ ਨੂੰ ਰੱਬ ਦਾ ਰਾਜ ਆਖਦੇ ਹਨ। ਸ਼ਹਿਨਸ਼ਾਹ ਦੇ ਰਾਜ ਦੀ ਲੰਮੀ ਉਮਰ ਦੀ ਮੰਗ ਕਰਦੇ ਹਨ। ਰੀਟਾ ਦੀਨ 'ਸੁੱਚਾ ਸਿੰਘ ਸੂਰਮਾ' ਵਿਚ ਅੰਗਰੇਜ਼ੀ ਰਾਜ ਦੀ ਉਸਤਤੀ ਕਰਦਾ ਹੈ :

ਧੰਨ ਅੰਗਰੇਜ਼ ਹੈ ਭਾੜ ਜੈਸੇ ਤੇਜਨ ਕੋ ਨਾਕੋ ਤਾਰ ਭੇਜਕ ਫਰਸ਼ ਸੀਸ ਲਾਵਣਾ।

.. ..

ਵਾਰੇ ਵਾਰੇ ਜਾਈਏ ਗੋਰਿਆਂ ਦੀ ਖੇਲ ਦੇ। (ਪੰਨਾ 19)

ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੂਰਵ ਅਧਿਐਨ ਕਾਲ ਦੇ ਕਿੱਸਾਕਾਰ ਕਹਾਣੀ ਦਾ ਬਿਆਨ ਕਰਦੇ ਹੋਏ ਰਾਜਸੀ ਪਰਿਸਥਿਤੀਆਂ ਦੇ ਸੰਕੇਤ ਮਾਤ੍ਰ ਵਰਣਨ ਕਰ ਜਾਂਦੇ ਹਨ। ਪਰ ਪਿਛਲੇਰੇ ਕਾਲ ਦੇ ਕਿੱਸਾਕਾਰ ਇਕ ਪਾਸੇ ਰਾਸ਼ਟਰੀ ਚੇਤਨਾ ਤੋਂ ਤਾਂ ਕੋਰੇ ਹਨ, ਦੂਜੇ ਪਾਸੇ ਉਹ ਲੋਕ ਚੇਤਨਾ ਦੇ ਉਲਟ ਸਮੇਂ ਦੇ ਹਾਕਮਾਂ ਦੀ ਤਾਰੀਫ਼ ਕਰਨ ਵਿਚ ਲੱਗ ਜਾਂਦੇ ਹਨ। ਜੋ ਅੰਗਰੇਜ਼ ਭਾਰਤੀ ਦੇਸ਼-ਭਗਤਾਂ ਉਪਰ ਅੰਧਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੁੰਦ ਜ਼ੁਲਮ ਕਰ ਰਹੇ ਸਨ, ਸਾਡੇ ਕਿੱਸਾਕਾਰ ਉਨ੍ਹਾਂ ਦੇ ਰਾਜ ਨੂੰ ਰੱਬੀ ਦਰਜਾ ਦੇ ਰਹੇ ਸਨ। ਇਹ ਠੀਕ ਹੈ ਕਿ ਹੁਣ ਤਕ ਦੀ ਪਰੰਪਰਾ ਵਿਚ ਕਿੱਸਾਕਾਰ ਸਮੇਂ ਦੇ ਰਾਜ-ਵਰਗ ਨਾਲ ਜੁੜੇ ਰਹੇ ਹਨ ਪਰ ਉਸ ਪ੍ਰਬੰਧ ਵਿਚ ਦੇਸ਼ ਗ਼ੁਲਾਮ ਨਹੀਂ ਸੀ। ਹੁਣ ਗ਼ੁਲਾਮ ਦੇਸ ਦੀ ਲੋਕ-ਭਾਵਨਾ ਦੇ ਵਿਰੁਧ ਸਮੇਂ ਦੀ ਸਰਕਾਰ ਦੀ ਵਡਿਆਈ ਨੂੰ ਕਿਵੇਂ ਲੋਕ-ਪ੍ਰਵਾਨਗੀ ਮਿਲ ਸਕਦੀ ਸੀ। ਸੋ ਲੋਕਾਂ ਵਿਚ ਇਨ੍ਹਾਂ ਰਚਨਾਵਾਂ ਦਾ ਕੋਈ ਵੀ ਯੋਗ ਪ੍ਰਭਾਵ ਨਾ ਪੈ ਸਕਿਆ।

ਆਰਥਿਕ ਸਥਿਤੀ

ਪਹਿਲੇ ਕਾਲ ਦੇ ਕਿੱਸਾਕਾਰਾਂ ਨੇ ਆਪਣੇ ਸਮੇਂ ਦੀ ਲੋੜ ਅਨੁਸਾਰ ਆਰਥਿਕ ਪ੍ਰਬੰਧ ਦੀ ਝਲਕ ਵੀ ਪੇਸ਼ ਕੀਤੀ ਹੈ। ਉਸ ਸਮੇਂ ਦੇ ਸਮਾਜ ਵਿਚ ਰਾਜਿਆਂ ਮਹਾਰਾਜਿਆਂ ਦੇ ਅਧੀਨ ਮੁੱਖ ਸਥਾਨ ਭੂਮੀਪਤੀਆਂ ਨੂੰ ਪ੍ਰਾਪਤ ਸੀ। ਇਹ ਭੂਮੀਪਤੀ ਜ਼ਿਮੀਂਦਾਰ ਅਤੇ ਸਰਦਾਰ ਅਖਵਾਉਂਦੇ ਸਨ। ਇਨ੍ਹਾਂ ਦਾ ਮੁੱਖ ਕਿੱਤਾ ਖੇਤੀ-ਬਾੜੀ ਅਤੇ ਪਸ਼ੂ ਪਾਲਣ ਸੀ।

ਵਿਆਹ ਆਦਿ ਸਮੇਂ ਆਰਥਿਕ ਹਾਲਾਤ ਬੜਾ ਵੱਡਾ ਰੋਲ ਅਦਾ ਕਰਦੇ ਸਨ। ਅਮੀਰ ਲੋਕ ਗ਼ਰੀਬ ਲੋਕਾਂ ਨਾਲ ਰਿਸ਼ਤੇ ਨਹੀਂ ਕਰਦੇ ਸਨ। ਹੀਰ ਅਤੇ ਰਾਂਝੇ ਦਾ ਵਿਆਹ ਨਾ ਹੋਣ ਦਾ ਇਕ ਕਾਰਣ ਇਹ ਵੀ ਸੀ ਕਿ ਰਾਂਝਾ ਗ਼ਰੀਬ ਪਰਿਵਾਰ ਨਾਲ ਸੰਬੰਧਿਤ ਸੀ ਅਤੇ ਹੀਰ ਵੱਡੇ ਜਾਗੀਰਦਾਰ ਦੀ ਧੀ ਸੀ। ਕਿੱਸਾਕਾਰਾਂ ਨੇ ਸਮਾਜ ਵਿਚ ਇਸ ਆਰਥਿਕ ਨਾ-ਬਰਾਬਰੀ ਦਾ ਵਰਣਨ ਕੀਤਾ ਹੈ।

ਪਿਛਲੇਰੇ ਕਾਲ ਦੇ ਕਿੱਸਾਕਾਰਾਂ ਨੇ ਆਰਥਿਕ ਸਥਿਤੀ ਸੰਬੰਧੀ ਕੋਈ ਸੰਕੇਤ ਨਹੀਂ ਕੀਤਾ ਹੈ। ਇਸ ਦਾ ਮੁੱਖ ਕਾਰਣ ਇਹ ਸੀ ਕਿ ਪੰਜਾਬ ਵਿਚ ਅੰਗਰੇਜ਼ੀ ਰਾਜ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕਾ ਸੀ। ਪੰਜਾਬ ਦੇ ਲੋਕ ਆਰਥਿਕ ਮੁਸ਼ਕਲਾਂ ਵਿਚ ਸਨ। ਕਿਰਸਾਨਾਂ ਦੀ ਹਾਲਤ ਅਤਿ ਭੈੜੀ ਅਤੇ ਨਿਰਾਸ਼ਾਜਨਕ ਸੀ। ਇਹ ਸਮਾਂ ਭਰਪੂਰ ਆਰਥਿਕ ਚੇਤਨਾ ਦਾ ਸਮਾਂ ਹੈ। ਸਮੁੱਚੇ ਵਿਸ਼ਵ ਵਿਚ ਆਰਥਿਕ ਪ੍ਰਬੰਧ ਤੇ ਆਰਥਿਕਤਾ ਦੀ ਸੂਝ ਬਾਰੇ ਭਰਪੂਰ ਚੇਤਨਾ ਜਾਗ ਚੁੱਕੀ ਸੀ। ਲੋਕ ਜਾਣ ਗਏ ਸਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਅਸਲ ਸਮਾਧਾਨ ਯੋਗ ਆਰਥਿਕ ਪ੍ਰਬੰਧ ਵਿਚ ਹੀ ਹੋ ਸਕਦਾ ਹੈ। ਪਰ ਕਿੱਸਾਕਾਰਾਂ ਨੇ ਇਸ ਦਸ਼ਾ ਦਾ ਕੋਈ ਚਿਤ੍ਰਣ ਨਹੀਂ ਕੀਤਾ। ਕਿਉਂਕਿ ਆਰਥਿਕ ਚੇਤਨਾ ਦੀ ਗੱਲ ਕਰਕੇ ਉਹ ਸਮੇਂ ਦੇ ਹਾਕਮਾ ਦੀ ਵਿਰੋਧਤਾ ਨਹੀਂ ਕਰਨੀ ਚਾਹੁੰਦੇ ਸਨ। 'ਕੁਝ ਚੇਤਨ ਕਿੱਸਾਕਾਰਾਂ ਨੇ ਨਿਰੋਲ ਧਾਰਮਿਕ ਕਿੱਸਿਆਂ ਦੀ ਰਚਨਾ ਕੀਤੀ। ਸਾਧੂ ਦਯਾ ਸਿੰਘ ਆਰਿਫ਼ ਨੇ ਸਦਾਚਾਰਕ ਕੀਮਤਾਂ ਦਾ ਤਾਂ ਵਰਣਨ ਕੀਤਾ ਹੈ ਪਰ ਆਰਥਿਕ ਪੱਖ ਨੂੰ ਬਿਲਕੁਲ ਛੋਹਿਆ ਨਹੀਂ ਹੈ। ਪੰਡਿਤ ਕਿਸ਼ੋਰ ਚੰਦ ਜਿਸ ਨੇ ਸਭ ਤੋਂ ਵੱਧ ਕਿੱਸੇ ਲਿਖੇ ਹਨ, ਉਹ ਵੀ ਆਪਣੇ ਕਿੱਸਿਆਂ ਵਿਚ ਆਰਥਿਕ ਪ੍ਰਬੰਧ ਸੰਬੰਧੀ ਕੋਈ ਗੱਲ ਨਹੀਂ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਾਰਮਿਕ ਸਥਿਤੀ

ਪਹਿਲੇ ਕਾਲ ਦੇ ਕਿੱਸਾਕਾਰਾਂ ਨੇ 'ਧਾਰਮਿਕ ਪਖੰਡ' ਦੀ ਸਖ਼ਤ ਆਲੋਚਨਾ ਕੀਤੀ ਹੈ। ਕਿੱਸਾਕਾਰਾਂ ਨੇ ਕਾਜ਼ੀ ਅਤੇ ਸ਼ਰ੍ਹਾ ਦੇ ਕਰੜੇ ਨਿਯਮਾਂ ਦੀ ਵਿਰੋਧਤਾ ਕੀਤੀ ਹੈ। ਝੂਠੀ ਧਾਰਮਿਕ ਪਖੰਡਬਾਜ਼ੀ ਤੋਂ ਪਰਦਾ ਉਠਾਇਆ ਹੈ। ਪਹਿਲੇ ਕਾਲ ਦੇ ਵਧੇਰੇ ਕਿੱਸਾਕਾਰ ਮੁਸਲਮਾਨ ਸਨ। ਉਨ੍ਹਾਂ ਦੇ ਕਿੱਸਿਆਂ ਵਿਚ ਇਸਲਾਮੀ ਧਰਮ ਤੇ ਸਭਿਆਚਾਰ ਦਾ ਵਰਣਨ ਕੁਝ ਵਧੇਰੇ ਹੈ।

ਪਿਛਲੇਰੇ ਕਿੱਸਾਕਾਰਾਂ ਵਿਚ ਧਾਰਮਿਕ ਤੰਗਦਿਲੀ ਨਹੀਂ ਹੈ। ਉਹ ਸਭ ਧਰਮਾਂ ਨੂੰ ਬਰਾਬਰ ਸਮਝਦੇ ਹਨ। ਅੰਗਰੇਜ਼ਾਂ ਨੇ ਆਪਣੇ ਰਾਜਸੀ ਮਨੋਰਥਾਂ ਨੂੰ ਪੂਰਾ ਕਰਨ ਲਈ ਹਰ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਖੁੱਲ੍ਹ ਦਿੱਤੀ। ਉਨ੍ਹਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਉਤੇ ਚਲਦਿਆਂ ਇਕ ਗਿਣੀ ਮਿਥੀ ਵਿਉਂਤ ਅਧੀਨ ਭਾਰਤ ਦੀਆਂ ਵੱਖ ਵੱਖ ਸੰਪਰਦਾਵਾਂ ਨੂੰ ਉਤਸ਼ਾਹਿਤ ਕੀਤਾ। ਹਰ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਨੂੰ ਸਰਬੋਤਮ ਦੱਸਣ ਅਤੇ ਦੂਜੇ ਦੇ ਔਗੁਣਾਂ ਨੂੰ ਨਸ਼ਰ ਕਰਨ ਦੀ ਪ੍ਰੇਰਨਾ ਦੇ ਮੌਕੇ ਜਾਣ ਬੁੱਝ ਕੇ ਦਿੱਤੇ ਗਏ। ਮਾਯੂਸ ਭਾਰਤੀ ਲੀਡਰਾਂ ਨੇ ਆਤਮਿਕ ਅਤੇ ਧਾਰਮਿਕ ਸੁਤੰਤਰਤਾ ਦੇ ਕਾਰਜਾਂ ਵਿਚ ਆਪਣੀ ਲੀਡਰੀ ਦੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ। ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ, ਆਰੀਆ ਸਮਾਜ, ਈਸਾਈ ਮਿਸ਼ਨਰੀਆਂ ਆਦਿ ਨੇ ਆਪਣੇ ਆਪਣੇ ਧਰਮ ਨੂੰ ਸਰਬ-ਉੱਤਮ ਦਰਸਾਉਣ ਦੇ ਯਤਨ ਕੀਤੇ ਜਿਸ ਨਾਲ ਫ਼ਿਰਕੂ ਭਾਵਨਾ ਨੂੰ ਉਤਪੰਨ ਹੋਈ। ਇਨ੍ਹਾਂ ਧਾਰਮਿਕ ਲਹਿਰਾਂ ਤੋਂ ਕਿੱਸਾਕਾਰ ਵੀ ਸਿੱਧੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ। ਕਿੱਸਾਕਾਰਾਂ ਨੇ ਧਾਰਮਿਕ ਏਕਤਾ ਉੱਪਰ ਜ਼ੋਰ ਦਿੱਤਾ। ਸਾਧੂ ਦਯਾ ਸਿੰਘ ਆਰਿਫ਼, ਕਾਲੀ ਦਾਸ, ਨੰਦ ਸਿੰਘ, ਪੰਡਿਤ ਕਿਸ਼ੋਰ ਚੰਦ ਆਦਿ ਨੇ ਆਪਣੇ ਕਿੱਸਿਆਂ ਵਿਚ ਧਾਰਮਿਕ ਏਕਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਕ ਰੱਬ ਦੀ ਪੂਜਾ ਦਾ ਸੰਦੇਸ਼ ਦਿਤਾ। ਆਰਿਫ਼ 'ਫ਼ਨਾਹ ਦਾ ਮਕਾਮ' ਵਿਚ ਲਿਖਦਾ ਹੈ :

ਅਸੀਂ ਵਾਂਗ ਪ੍ਰਦੇਸੀਆਂ ਦੇ ਸੈਰ ਕਰਦੇ, ਏਸ ਜਗ ਨੂੰ ਸਮਝਿਆ ਸ਼ਹਿਰ ਯਾਰੋ।
ਨਹੀਂ ਹਿੰਦੂਆਂ ਨਾਲ ਮਿਲਾਪ ਸਾਡਾ, ਮੁਸਲਮਾਨ ਦੇ ਨਾਲ ਨਾ ਵੈਰ ਯਾਰੋ।
ਮੰਦਾ ਅਸੀਂ ਨਾ ਕਿਸੇ ਨੂੰ ਸਮਝਣਾ ਈ, ਆਪੇ ਮਰੂ ਜੋ ਖ਼ਾਤਮਾ ਜ਼ਹਿਰ ਯਾਰੋ।
ਦਯਾ ਸਿੰਘ ਹੈ ਸਭੀ ਇਨਸਾਨ ਚੰਗੇ, ਅਸੀਂ ਆਪ ਨੂੰ ਸਮਝਦੇ ਗੈਰ ਯਾਰੋ।

(ਪੰਨਾ 38)

ਪੱਛਮੀ ਪ੍ਰਭਾਵ ਨਾਲ ਸਾਡੇ ਧਾਰਮਿਕ ਜੀਵਨ ਵਿਚੋਂ ਵਹਿਮ, ਭਰਮ, ਫੋਕੇ ਰਸਮ-ਰਿਵਾਜ਼, ਕਰਮ-ਕਾਂਡ ਆਦਿ ਦਾ ਪ੍ਰਭਾਵ ਘਟਣ ਲੱਗਾ। ਭਾਵੇਂ ਪਹਿਲੇ ਕਾਲ ਵਿਚ ਕਿੱਸਾਕਾਰਾਂ ਅਤੇ ਭਗਤ ਕਵੀਆਂ ਨੇ ਇਨ੍ਹਾਂ ਦੀ ਨਿੰਦਾ ਕੀਤੀ ਹੈ। ਪਰ ਇਹ ਵਿਸ਼ਵਾਸ ਲੋਕਾਂ ਵਿਚ ਅਜੇ ਵੀ ਉਸੇ ਤਰ੍ਹਾਂ ਰੂਪਮਾਨ ਸਨ। ਪਿਛਲੇਰੇ ਕਾਲ ਦੇ ਕਿੱਸਾਕਾਰਾਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਮ-ਕਾਂਡ, ਵਿਖਾਵੇ ਦੀ ਪੂਜਾ, ਤੀਰਥ ਯਾਤਰਾ, ਮੜ੍ਹੀ-ਮਸਾਣਾਂ ਦੀ ਮਾਨਤਾ, ਪੂਰਵਜਾਂ ਦੇ ਸ਼ਰਾਧਾਂ, ਵਿਖਾਵੇ ਦੀ ਭਗਤੀ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਪੰਡਿਤ ਕਾਲੀ ਦਾਸ ਇਸ ਧਾਰਮਿਕ ਗਿਰਾਵਟ ਦਾ ਵਰਣਨ 'ਰੂਪ ਬਸੰਤ' ਵਿਚ ਕਰਦੇ ਹਨ :

ਮੁਸਲਮਾਨ ਅੱਲਾ ਨੂੰ ਆਖੇ ਹਿੰਦੂ ਰਾਮ ਪੁਕਾਰੇ।
ਤੋਬਾ ਕਰਨ ਗੁਨਾਹਾਂ ਕੋਲੋਂ ਵਾਂਗ ਨਸੂਹੇ ਸਾਰੇ।
ਕੋਈ ਆਖੇ ਰਲ ਮਿਲ ਸਭੋ ਛੇਤੀ ਹਵਨ ਕਰਾਓ।
ਸੁਧ ਹੋਵੇਗੀ ਪੌਣ ਸ਼ਤਾਬੀ ਗੱਲ ਤੁਸੀਂ ਅਜ਼ਮਾਓ।
ਕੋਈ ਕਹੇ ਅਖੰਡ ਪਾਠ ਨੂੰ ਘਰਦੇ ਵਿਚ ਧਰਾਈਏ।
ਦਸ ਅਵਤਾਰ ਸਹਾਈ ਹੋਵਨ ਭਾਈ ਸਦ ਬਹਾਈਏ।
ਕੋਈ ਕਹੇ ਬ੍ਰਾਹਮਣ ਸੱਦੋ ਖ਼ੂਬ ਖਵਾਉ ਖੀਰਾਂ।
ਮੌਤ ਨਾ ਛਡਦੀ ਪਿਛਾ ਯਾਰੋ ਕਰਨ ਕਈ ਤਦਬੀਰਾਂ।

(ਪੰਨੇ 24-25)

ਧਾਰਮਿਕ ਸੁਧਾਰਕ ਸਮਝਦੇ ਸਨ ਕਿ ਉਨ੍ਹਾਂ ਦੀਆਂ ਸਮਾਜਕ ਬੁਰਿਆਈਆਂ ਦਾ ਕਾਰਣ ਉਨ੍ਹਾਂ ਦਾ ਆਪਣੇ ਧਰਮਾਂ ਦੇ ਮੁੱਢਲੇ ਪਵਿੱਤਰ ਨਿਯਮਾਂ ਤੇ ਉਦੇਸ਼ ਤੋਂ ਵਿਮੁੱਖ ਹੋ ਜਾਣਾ ਸੀ। ਲੋਕ ਆਪਣੇ ਧਰਮ ਨੂੰ ਛੱਡ ਕੇ ਇਸਾਈ ਧਰਮ ਨੂੰ ਕਬੂਲ ਕਰ ਰਹੇ ਸਨ। ਮਾਝੇ ਮਾਲਵੇ ਦੇ ਕੁਝ ਅਛੂਤ ਲੋਕ ਵੀ ਇਸਾਈ ਧਰਮ ਨੂੰ ਗ੍ਰਹਿਣ ਕਰ ਰਹੇ ਸਨ। ਪੰਡਿਤ ਕਾਲੀ ਦਾਸ ਇਸ ਧਾਰਮਿਕ ਗਿਰਾਵਟ ਦਾ ਚਿਤ੍ਰਣ ਕਿੱਸਾ 'ਰੂਪ ਬਸੰਤ' ਵਿਚ ਕਰਦਾ ਹੈ :

ਕਈ ਸੈਂਕੜੇ ਧਰਮ ਤੋਂ ਪਤਿਤ ਹੋਈਆਂ ਬੇਵਾ ਔਰਤਾਂ ਸ਼ਕਲ ਜਵਾਨ ਵੇਖੋ।
... ...
ਕਈ ਦੀਨ ਇਸਲਾਮ ਦੇ ਵਿਚ ਵੜੀਆਂ ਪਈਆਂ ਪੜ੍ਹਦੀਆਂ ਹਿਫ਼ਜ਼ ਕੁਰਾਨ ਵੇਖੋ।
ਕਈ ਹੋ ਈਸਾਇਣਾਂ ਨਿਕਲ ਗਈਆਂ ਯਸੂਹ ਮਸੀਹ ਦੇ ਵਿਚ ਈਮਾਨ ਵੇਖੋ।

(ਪੰਨੇ 13-14)

ਪਹਿਲੇ ਕਾਲ ਅਤੇ ਪਿਛਲੇਰੇ ਕਾਲ ਦੇ ਕਿੱਸਾਕਾਰਾਂ ਦੀਆਂ ਧਾਰਮਿਕ ਬਿਰਤੀਆਂ ਦੇ ਅਧਿਐਨ ਤੋਂ ਇਹ ਪ੍ਰਗਟ ਹੁੰਦਾ ਹੈ ਜਿਥੇ ਪਹਿਲੇ ਕਿੱਸਾਕਾਰਾਂ ਨੇ ਧਾਰਮਿਕ ਕੱਚੜਤਾ ਦੀ ਆਲੋਚਨਾ ਕੀਤੀ ਹੈ ਉਥੇ 'ਪਿਛਲੇਰੇ ਕਾਲ ਦੇ ਕਿੱਸਾਕਾਰਾਂ ਨੇ ਵੀ ਧਾਰਮਿਕ ਪਖੰਡ ਤੋਂ ਪਰਦਾ ਪਾਸ਼ ਕੀਤਾ ਹੈ। ਸਾਡੇ ਅਧਿਐਨ ਕਾਲ ਵਿਚ ਭਾਵੇਂ ਪੱਛਮੀ ਪ੍ਰਭਾਵਾਂ ਨਾਲ ਧਾਰਮਿਕ ਉਦਾਰਤਾ ਦਾ ਯੁਗ ਸ਼ੁਰੂ ਹੁੰਦਾ ਹੈ ਅਤੇ ਪੁਰਾਣੇ ਵਹਿਮਾਂ ਭਰਮਾਂ 'ਤੇ ਸੱਟ ਵੱਜਦੀ ਹੈ। ਪਰ ਵਾਰਿਸ ਨੇ ਜੋ ਧਰਮ ਅਤੇ ਸਮਾਜ ਦੀ ਕੱਟੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਲੋਚਨਾ ਕੀਤੀ ਹੈ[2], ਉਹ ਸਾਡੇ ਪਿਛਲੇਰੇ ਕਾਲ ਦਾ ਕੋਈ ਕਿੱਸਾਕਾਰ ਨਹੀਂ ਕਰ ਸਕਿਆ ਹੈ। ਉਸ ਨੇ ਥਾਂ-ਥਾਂ ਧਰਮ ਅਤੇ ਸਮਾਜ 'ਤੇ ਟਿੱਪਣੀਆਂ ਕੀਤੀਆਂ ਹਨ। ਉਸ ਨੂੰ ਜੀਵਨ ਦਾ ਵਿਸ਼ਾਲ ਅਨੁਭਵ ਸੀ। ਇਹੋ ਕਾਰਣ ਹੈ ਕਿ ਧਾਰਮਿਕ ਪਾਪੰਡ ਨੂੰ ਕੋਈ ਕਿੱਸਾ-ਕਾਰ ਉਸ ਦੀ ਪੱਧਰ 'ਤੇ ਨਹੀਂ ਚਿਤ੍ਰ ਸਕਿਆ।

ਸਭਿਆਚਾਰਕ ਚਿਤ੍ਰਣ

ਪਹਿਲੇ ਕਾਲ ਦੇ ਕਿੱਸਾਕਾਰਾਂ ਨੇ ਸਮੁੱਚੇ ਪੰਜਾਬੀ ਜੀਵਨ ਅਤੇ ਸਭਿਆਚਾਰ ਦਾ ਚਿਤ੍ਰਣ ਕੀਤਾ ਹੈ। ਦਮੋਦਰ, ਮੁਕਬਲ, ਵਾਰਿਸ, ਹਾਸ਼ਮ ਆਦਿ ਦੇ ਕਿੱਸਿਆਂ ਵਿਚ ਸਭਿਆਚਾਰਕ ਪਕੜ ਬੜੀ ਗਹਿਰੀ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਦੇ ਕਿੱਸਿਆਂ ਨੂੰ ਪੰਜਾਬੀ ਲੋਕ ਅੱਜ ਤਕ ਬੜੇ ਸ਼ੌਕ ਨਾਲ ਪੜ੍ਹਦੇ ਹਨ। ਉਨ੍ਹਾਂ ਨੇ ਲੋਕਾਂ ਦੇ ਜੀਵਨ ਨਾਲ ਇਕਮਿਕਤਾ ਬਣਾਈ ਰੱਖੀ। ਉਨ੍ਹਾਂ ਦੇ ਵਿਸ਼ਵਾਸ, ਧਾਰਮਿਕ ਭਾਵਨਾਵਾਂ, ਪ੍ਰਚਲਿਤ ਰਸਮਾਂ-ਰਿਵਾਜਾਂ ਦਾ ਵਰਣਨ ਕਰ ਕੇ ਉਨ੍ਹਾਂ ਨਾਲ ਆਪਣੀ ਸਾਂਝ ਕਾਇਮ ਰੱਖੀ।

ਪੱਛਮੀ ਪ੍ਰਭਾਵ ਨਾਲ ਅਸੀਂ ਆਪਣੇ ਸਭਿਆਚਾਰਕ ਵਿਰਸੇ ਨਾਲੋਂ ਟੁੱਟਣਾ ਸ਼ੁਰੂ ਹੋ ਗਏ। ਬਦੇਸ਼ੀ ਸਭਿਆਚਾਰ ਦਾ ਅਨੁਕਰਣ ਕਰਨ ਲੱਗੇ ਅਤੇ ਆਪਣੇ ਸਭਿਆਚਾਰ ਨੂੰ ਘਟੀਆ ਤੇ ਨਿਕੰਮਾ ਸਮਝਣ ਲੱਗ ਪਏ। ਪਿਛਲੇਰੇ ਕਿੱਸਾਕਾਰ ਨਵੇਂ ਸਭਿਆਚਾਰ ਨੂੰ ਪ੍ਰਸਤੁਤ ਨਾ ਕਰ ਸਕੇ। ਉਹ ਪੁਰਾਣੇ ਪੰਜਾਬੀ ਸਭਿਆਚਾਰ ਦਾ ਚਿਤ੍ਰਣ ਵੀ ਬਹੁਤ ਘੱਟ ਕਰਦੇ ਹਨ। ਇਸ ਕਾਲ ਦੇ ਕਿੱਸਾਕਾਰਾਂ ਨੇ ਪੰਜਾਬੀ ਜੀਵਨ ਅਤੇ ਸਭਿਆਚਾਰ ਨੂੰ ਪੇਸ਼ ਕਰਨ ਦੀ ਥਾਂ ਸਿਰਫ਼ ਕਿੱਸੇ ਵਿਚਲੀ ਕਹਾਣੀ ਨੂੰ ਵਧੇਰੇ ਰੌਚਕ ਬਣਾਉਣ ਲਈ ਜਾਸੂਸੀ ਰੰਗਣ ਦਿੱਤੀ ਹੈ। ਕਿੱਸਾਕਾਰ ਬਾਗ ਸਿੰਘ ਭੇਖਾ ਦੀ 'ਸੋਹਣੀ' ਵਿਚ ਸਭਿਆਚਾਰਕ ਚਿਤ੍ਰਣ ਹੈ। ਪੰਡਿਤ ਕਿਸ਼ੋਰ ਚੰਦ, ਕਾਲੀ ਦਾਸ, ਦੌਲਤ ਰਾਮ ਆਦਿ ਰੁਮਾਂਚਕ ਕਿੱਸਾ ਕਹਾਣੀਆਂ ਲਿਖਦੇ ਰਹੇ। ਇਨ੍ਹਾਂ ਕਿੱਸਿਆਂ ਦੇ ਘੱਟ ਪ੍ਰਚਲਨ ਦਾ ਇਕ ਕਾਰਣ ਇਹ ਵੀ ਹੈ ਕਿ ਇਹ ਲੋਕਾਂ ਨਾਲ ਆਪਣੀ ਸਭਿਆਚਾਰਕ ਸਾਂਝ ਕਾਇਮ ਨਾ ਕਰ ਸਕੇ।

ਪਿਛਲੇਰੇ ਕਾਲ ਦੇ ਕਿੱਸਾਕਾਰ ਸਾਡੇ ਪੁਰਾਣੇ ਲੋਕ ਵਿਸ਼ਵਾਸ, ਰਸਮ-ਰਿਵਾਜ, ਵਹਿਮ, ਭਰਮ ਆਦਿ ਦਾ ਹੀ ਵਰਣਨ ਕਰਦੇ ਹਨ। ਪਰ ਸਾਡੇ ਅਧਿਐਨ-ਕਾਲ ਦਾ ਸਭਿਆਚਾਰ ਬਦਲ ਰਿਹਾ ਸੀ। ਨਵੇਂ ਸਭਿਆਚਾਰਕ ਰੂਪਾਂਤਰਣ ਦਾ ਚਿਤ੍ਰਣ ਇਹ ਕਿੱਸਾਕਾਰ ਨਹੀਂ ਕਰਦੇ ਹਨ। ਸਾਡੇ ਸਭਿਆਚਾਰ 'ਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਪੈ ਰਿਹਾ ਸੀ, ਜਿਸ ਨਾਲ ਸਾਡੇ ਵਿਸ਼ਵਾਸ, ਰਸਮ-ਰਿਵਾਜ਼, ਪਹਿਰਾਵਾ, ਖਾਣ-ਪੀਣ, ਸਭ ਕੁਝ ਬਦਲ ਰਿਹਾ ਸੀ। ਪਰ ਕਿੱਸਾਕਾਰ ਲਕੀਰ ਦੇ ਫ਼ਕੀਰ ਬਣੀ ਬੈਠੇ ਸਨ। ਲੋਕ ਜੀਵਨ ਦਾ ਯਥਾਰਥਕ ਚਿਤ੍ਰਣ ਨਹੀਂ ਹੋ ਰਿਹਾ ਸੀ। ਸਗੋਂ ਇਹ ਪਾਠਕਾਂ ਅਤੇ ਸਰੋਤਿਆਂ ਨੂੰ ਆਕਾਸ਼ੀ ਮੰਡਲ ਦੀਆਂ ਉਡਾਰੀਆਂ ਲਗਾਉਂਦੇ ਰਹੇ।[3] ਇਹ ਯਥਾਰਥਕ ਜੀਵਨ ਤੋਂ ਪਰ੍ਹੇ ਦੀਆਂ ਗੱਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਹਨ ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜੋ ਪੰਜਾਬੀ ਜੀਵਨ ਅਤੇ ਸਭਿਆਚਾਰ ਦਾ ਚਿਤ੍ਰਣ ਹੀਰ ਵਾਰਿਸ ਵਿਚ ਹੈ ਉਹੋ ਜੇਹਾ ਵਰਣਨ ਪਿਛਲੇਰੇ ਕਾਲ ਦਾ ਕੋਈ ਕਿੱਸਾਕਾਰ ਨਹੀਂ ਕਰ ਸਕਿਆ। ਵਾਰਿਸ ਵਿਚ ਜਿਥੇ ਵਿਸ਼ਾਲ ਜੀਵਨ ਅਨੁਭਵ ਅਤੇ ਕਲਾ-ਕੌਸ਼ਲਤਾ ਸੀ, ਉਥੇ ਪਿਛਲੇਰੇ ਕਾਲ ਦੇ ਕਿੱਸਾਕਾਰ ਅਨੁਭਵਹੀਣ ਅਤੇ ਕਲਾ-ਕੌਸ਼ਲਤਾ ਤੋਂ ਸੱਖਣੇ ਸਨ । ਇਹੋ ਕਾਰਣ ਹੈ ਕਿ ਸਾਡੇ ਅਧਿਐਨ ਕਾਲ ਦੇ ਕਿੱਸਾ-ਕਾਵਿ ਵਿਚ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਤਸਵੀਰ ਕੋਈ ਬਹੁਤ ਉੱਘੜਵੀਂ ਨਹੀਂ ਹੈ ।

ਇਸਤ੍ਰੀ ਦਾ ਸਥਾਨ

ਕਿੱਸਾਕਾਰਾਂ ਦੇ ਕਾਵਿ ਵਿਚ ਇਸਤ੍ਰੀ ਕੇਂਦਰੀ ਬਿੰਦੂ ਰਹੀ ਹੈ । ਪ੍ਰੇਮ-ਮਈ, ਪੌਰਾਣਿਕ, ਧਾਰਮਿਕ ਅਤੇ ਸਦਾਚਾਰਕ ਕਿੱਸਿਆਂ ਦੀਆਂ ਕਹਾਣੀਆਂ ਇਸਤ੍ਰੀ ਉਦਾਲੇ ਘੁੰਮਦੀਆਂ ਰਹੀਆਂ ਹਨ । ਇਨ੍ਹਾਂ ਵਿਚੋਂ ਹੀਰ, ਸੋਹਣੀ, ਸੱਸੀ, ਲੈਲਾ, ਜ਼ੁਲੈਖਾਂ, ਲੂਣਾਂ, ਇੱਛਰਾਂ, ਕੋਕਲਾਂ, ਸ਼ਾਮੋ ਨਾਰ, ਚੰਦਵਤੀ ਆਦਿ ਨਾਇਕਾਵਾਂ ਕਿੱਸਾ-ਕਾਵਿ ਦੀਆਂ ਮੁੱਖ ਨਾਇਕਾਂ ਰਹੀਆਂ ਹਨ । ਕਿੱਸਾਕਾਰਾਂ ਨੇ ਇਸਤ੍ਰੀ ਦੀ ਨਿੰਦਾ ਵਧੇਰੇ ਅਤੇ ਉਸਤਤ ਘੱਟ ਕੀਤੀ ਹੈ । ਦੋਹਾਂ ਕਾਲਾਂ ਦੇ ਕਿੱਸਾਕਾਰਾਂ ਦਾ ਇਸਤ੍ਰੀ ਪ੍ਰਤਿ ਦ੍ਰਿਸ਼ਟੀਕੋਣ ਲਗਭਗ ਇਕੋ ਜੇਹਾ ਹੀ ਰਿਹਾ ਹੈ । ਕਿੱਸਾਕਾਰਾਂ ਉੱਪਰ ਨਵੀਂ ਰੌਸ਼ਨੀ ਦਾ ਕੋਈ ਪ੍ਰਭਾਵ ਨਹੀਂ, ਜਿਸ ਸਦਕਾ ਇਸਤ੍ਰੀ ਨੂੰ ਯੋਗ ਸਥਾਨ ਨਹੀਂ ਦਿੱਤਾ ਗਿਆ ।

ਪਹਿਲੇ ਕਿੱਸਾਕਾਰਾਂ ਨੇ ਜੋ ਇਸ਼ਕੀਆ ਕਿੱਸੇ ਲਿਖੇ ਹਨ, ਉਨ੍ਹਾਂ ਵਿਚ ਇਕ ਪਾਸੇ ਤਾਂ ਉਹ ਸੁਤੰਤਰ ਪਿਆਰ ਲਈ ਸੰਘਰਸ਼ ਕਰ ਰਹੇ ਪਾਤਰਾਂ ਦਾ ਚਿਤ੍ਰਣ ਕਰਦੇ ਹਨ । ਇਸ ਲਈ ਪਾਠਕ ਦੀ ਹਮਦਰਦੀ ਉਨ੍ਹਾਂ ਨਾਲ ਹੋ ਜਾਂਦੀ ਹੈ । ਪਰ ਕਿੱਸਾਕਾਰ ਨਾਲ ਹੀ ਇਸਤ੍ਰੀ ਜਾਤੀ 'ਤੇ ਚੋਟਾਂ ਮਾਰੀ ਜਾਂਦੇ ਹਨ । ਉਹਦੀ ਥਾਂ ਪੁਰ ਥਾਂ ਨਿੰਦਾ ਕਰਦੇ ਹਨ । ਉਸ ਨੂੰ ਬੇਰਫ਼ਾ, ਬਦਚਲਨ ਆਦਿ ਦੇ ਸ਼ਬਦਾਂ ਨਾਲ ਨਿੰਦਦੇ ਹਨ । ਰਤਨ ਸਿੰਘ ਜੱਗੀ ਅਨੁਸਾਰ :

> ਕਿੱਸਿਆਂ ਵਿਚ ਇਸਤ੍ਰੀ ਨਿੰਦਿਆ ਪ੍ਰਤੱਖ ਤੇ ਅਪ੍ਰਤੱਖ ਦੋਹਾਂ ਰੂਪਾਂ ਵਿਚ ਚਿਤਰਿਤ ਹੋਈ ਹੈ । ਕਿੱਸੇ ਚੂੰਕਿ ਜਾਗੀਰਦਾਰੀ ਸਮਾਜ ਦੀਆਂ ਮਨੋ-ਵਿਰਤੀਆਂ ਦੀ ਪੁਸ਼ਟੀ ਕਰਦੇ ਹਨ । ਇਸ ਲਈ ਇਨ੍ਹਾਂ ਵਿਚ ਇਕ ਸਮਾਜ ਦੀਆਂ ਮਾਰੀਆਂ ਭੈੜੀਆਂ ਪਰੰਪਰਾਵਾਂ ਦਾ ਦਰਸ਼ਨ ਹੋ ਜਾਣਾ ਸੁਭਾਵਿਕ ਹੈ । ਉਸ ਵੇਲੇ ਸਮਾਜ ਵਿਚ ਇਸਤ੍ਰੀ ਸੰਪਤੀ ਜਾਂ ਜਾਇਦਾਦ ਦੇ ਸਾਮਾਨ ਸਮਝੀ ਜਾਂਦੀ ਸੀ । ਉਸ ਦੀਆਂ ਭਾਵਨਾਵਾਂ ਸੁਤੰਤਰ ਨਾ ਹੋ ਕੇ ਪੁਰਸ਼ ਦੀ ਹਉਮੈਂ ਅਤੇ ਵਾਸ਼ਨਾ ਦੀ ਸੰਤੁਸ਼ਟੀ ਕਰਨ ਵਿਚ ਕੇਂਦਰੀ ਭੂਤ ਹੁੰਦੀਆਂ ਸਨ । ਇਸ ਰੁੱਚੀ ਦੇ ਦਰਸ਼ਨ ਭਗਤੀ ਕਾਵਿ ਵਿਚ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹੋ ਜਾਂਦੇ ਹਨ, ਪਰ ਕਿੱਸਾ-ਕਾਵਿ ਵਿਚ ਇਹ ਦ੍ਰਿਸ਼ਟੀਕੋਣ ਅਧਿਕ ਮੁਖਰ ਅਤੇ ਨਿਸ਼ਚਿਤ ਢੰਗ ਨਾਲ ਪੇਸ਼ ਹੋਇਆ ਹੈ।[4]

ਪੀਲੂ ਪਹਿਲਾ ਕਿੱਸਾਕਾਰ ਹੈ ਜਿਸ ਨੇ ਕਿੱਸਾ-ਕਾਵਿ ਵਿਚ ਨਾਰੀ ਨਿੰਦਾ ਦੀ ਪ੍ਰਥਾ ਚਲਾਈ। ਉਹ ਸਾਹਿਬਾਂ ਨੂੰ ਬੇਵਫ਼ਾ ਆਖਦਾ ਹੈ। ਉਸ ਤੋਂ ਪਿਛੋਂ ਹਾਫ਼ਿਜ਼ ਬਰਖ਼ੁਰਦਾਰ, ਮੁਕਬਲ, ਵਾਰਿਸ, ਭਗਵਾਨ ਸਿੰਘ ਆਦਿ ਕਿੱਸਾਕਾਰਾਂ ਨੇ ਥਾਂ ਥਾਂ ਨਾਰੀ ਨਿੰਦਾ ਕੀਤੀ ਹੈ। ਹੀਰ ਵਿਚ ਵਾਰਿਸ ਸ਼ਾਹ ਇਸਤ੍ਰੀ ਪ੍ਰਤਿ ਦੋਵੇਂ ਦ੍ਰਿਸ਼ਟੀਕੋਣ ਪ੍ਰਸਤੁਤ ਕਰਦਾ ਹੈ। ਉਹ ਮਰਦਾਂ ਨੂੰ ਨੇਕੀਆਂ ਦੇ ਪੁੰਜ ਆਖਦਾ ਹੈ ਅਤੇ ਇਸਤ੍ਰੀਆਂ ਨੂੰ ਬੁਰੀਆਂ ਆਖਦਾ ਹੈ :

ਮਰਦ ਹੈਨ ਜਹਾਜ਼ ਜੋ ਨੇਕੀਆਂ ਦੇ,
ਰੰਨਾਂ ਬੇੜੀਆਂ ਹੈਨ ਬੁਰਾਈਆਂ ਦੀਆਂ।
ਮਾਊਂ ਬਾਪ ਦਾ ਨਾਉਂ ਨਾਮੂਸ ਡੋਬਣ,
ਪੱਤਾਂ ਲਾਹ ਸੁੱਟਣ ਭਲਿਆਂ ਭਾਈਆਂ ਦੀਆਂ।

(ਪੰਨਾ 119)

ਵਾਰਿਸ ਨੇ ਸਿਰਫ਼ ਇਸਤ੍ਰੀ ਨਿੰਦਾ ਹੀ ਨਹੀਂ ਕੀਤੀ ਸਗੋਂ ਇਸ ਦੇ ਚੰਗੇ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ। ਸਾਰੇ ਸੰਸਾਰ ਦੀ ਉਤਪਤੀ ਕਰਨ ਵਾਲੀ ਇਸਤ੍ਰੀ ਹੈ। ਜੇ ਇਸਤ੍ਰੀ ਨਹੀਂ ਤਾਂ ਜੱਗ ਦੀ ਹੋਂਦ ਅਸੰਭਵ ਹੈ। ਇਸਤ੍ਰੀ ਬਹੁਤ ਹੱਠ ਵਾਲੀ ਹੈ। ਇਸਤ੍ਰੀ ਨਾਲ ਹੀ ਘਰ-ਬਾਰ ਬਣਦੇ ਹਨ :

ਮੀਆਂ ਤ੍ਰੀਮਤਾਂ ਨਾਲ ਵਿਆਹ ਸੋਹਨ, ਅਤੇ ਮਰਨ ਦੇ ਸੋਂਹਦੇ ਵੈਣ ਮੀਆਂ।
ਘਰ ਬਾਰ ਦੀ ਜ਼ੇਬ ਤੇ ਹੈਨ ਜ਼ੀਨਤ, ਨਾਲ ਤ੍ਰੀਮਤਾਂ ਸਾਕ ਤੇ ਸੈਣ ਮੀਆਂ।

(ਪੰਨਾ 168)

ਪਿਛਲੇਰੇ ਕਾਲ ਦੇ ਕਿੱਸਾਕਾਰਾਂ ਦਾ ਦ੍ਰਿਸ਼ਟੀਕੋਣ ਇਸਤ੍ਰੀ ਪ੍ਰਤਿ ਵਧੇਰੇ ਪਹਿਲੇ ਕਿੱਸਾਕਾਰਾਂ ਵਾਲਾ ਰਿਹਾ ਹੈ, ਕਿਉਂਕਿ ਕਿੱਸਾਕਾਰੀ ਪਰੰਪਰਾਗਤ ਰੂਪ ਨੂੰ ਅਪਣਾ ਰਹੀ ਹੈ। ਹੁਣ ਭਾਵੇਂ ਜਾਗੀਰਦਾਰੀ ਨਿਜ਼ਾਮ ਦੀ ਥਾਂ ਪੂੰਜੀਵਾਦੀ ਨਿਜ਼ਾਮ ਦੀ ਸਥਾਪਤੀ ਹੋ ਚੁੱਕੀ ਸੀ ਪਰ ਇਸਤ੍ਰੀ ਪ੍ਰਤਿ ਕਿੱਸਾਕਾਰ ਨੇ ਪਹਿਲੇ ਜੇਹਾ ਵਤੀਰਾ ਅਪਣਾਇਆ ਹੋਇਆ ਹੈ। ਕਾਲੀ ਦਾਸ, ਪਾਲ ਸਿੰਘ ਆਰਿਫ਼. ਦੌਲਤ ਰਾਮ, ਬਾਗ ਸਿੰਘ ਭੇਖਾ, ਸਦਾ ਰਾਮ, ਰੀਟਾ ਦੀਨ, ਪੰਡਿਤ ਕਿਸ਼ੋਰ ਚੰਦ ਦੇ ਕਿੱਸਿਆਂ ਵਿਚ ਅਨੇਕਾਂ ਥਾਂ ਨਾਰੀ ਪ੍ਰਤਿ ਅਪਮਾਨ-ਜਨਕ ਸ਼ਬਦ ਵਰਤੇ ਗਏ ਹਨ। ਇਨ੍ਹਾਂ ਕਿੱਸਾਕਾਰਾਂ ਨੇ ਇਸਤ੍ਰੀ ਨਿੰਦਾ ਲਈ ਜੋ ਪ੍ਰਤੀਕ ਵਰਤੇ ਹਨ ਉਹ ਵੀ ਪਹਿਲੇ ਕਿੱਸਾਕਾਰਾਂ ਵਰਗੇ ਹਨ। ਤਲਵਾਰ, ਸੱਪ, ਫ਼ਕੀਰ ਵਾਂਗ ਔਰਤ ਨੂੰ ਵੀ ਖ਼ਤਰਨਾਕ ਸਮਝਿਆ ਹੈ। ਪਾਲ ਸਿੰਘ ਆਰਿਫ਼ 'ਕਿੱਸਾ ਪੂਰਨ ਭਗਤ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਸਤ੍ਰੀ ਨਿੰਦਾ ਕਰਦਾ ਹੈ :

ਜੋਕਾਂ ਵਾਂਗ ਚੂਪਨ ਰੱਤ ਆਦਮੀ ਦੀ,
ਜਿਗਰ ਚੀਰ ਖਾਵਨ ਵਾਂਗ ਆਰੀਆਂ ਨੀ ।
ਭੋਗ ਭੋਗ ਕੇ ਕਰਦੀਆਂ ਫੋਗ ਮਰਦਾਂ,
ਖਿਚਨ ਅੱਤ੍ਰ ਸਭ ਵਾਂਗ ਅਤਾਰੀਆਂ ਨੀ ।
ਡੈਨਾਂ ਵਾਂਗ ਕਲੇਜੜੇ ਕੱਢ ਖਾਵਨ,
ਮੰਤ੍ਰ ਹੁਸਨ ਸੇਤੀ ਟੂਣੇ ਹਾਰੀਆਂ ਨੀ ।
ਪਲਕਾਂ ਪਲਕ ਅੰਦ੍ਰ ਕਰਨ ਨਫਸ ਲੱਖਾਂ,
ਨੈਨ ਬਰਸਦੇ ਤੇਜ਼ ਕਟਾਰੀਆਂ ਨੀ ।

(ਪੰਨਾ 58)

ਕਿੱਸਾਕਾਰ ਪਾਲ ਸਿੰਘ ਆਰਿਫ ਇਸਤ੍ਰੀ ਨਿੰਦਾ ਵੀ ਕਰਦਾ ਹੈ ਪਰ ਨਾਲ ਨਾਲ ਉਸ ਉੱਪਰ ਸਮਾਜ ਵਲੋਂ ਹੋ ਰਹੇ ਜ਼ੁਲਮ ਦਾ ਵੀ ਚਿਤ੍ਰਣ ਕਰਦਾ ਹੈ। ਉਥੇ ਉਹ ਇਸਤ੍ਰੀ ਪ੍ਰਤਿ ਹਮਦਰਦੀ ਪ੍ਰਗਟ ਕਰਦਾ ਹੈ । 'ਕਿੱਸਾ ਪੂਰਨ ਭਗਤ' ਵਿਚ ਆਰਿਫ਼ ਨੇ ਲੂਣਾ ਦੇ ਬਦਚਲਣ ਹੋਣ ਦੀ ਜ਼ਿੰਮੇਵਾਰੀ ਉਸ ਦੇ ਮਾਪਿਆਂ ਦੀ ਆਖੀ ਹੈ, ਕਿਉਂਕਿ ਉਨ੍ਹਾਂ ਨੇ ਬੁੱਢੇ ਸਲਵਾਨ ਨਾਲ ਲੂਣਾ ਦਾ ਵਿਆਹ ਕੀਤਾ ਹੈ। ਅਜੇਹੇ ਮਾਪੇ ਜਿਹੜੇ ਅਨਜੋੜ ਵਿਆਹ ਕਰਦੇ ਹਨ ਅਤੇ ਫਿਰ ਕੁੜੀਆਂ ਵਿਚ ਕਸੂਰ ਕੱਢਦੇ ਹਨ, ਆਰਿਫ਼ ਅਜੇਹੇ ਮਾਪਿਆਂ ਦੀ ਨਿੰਦਾ ਕਰਦਾ ਹੈ :

ਇਕ ਹੋਨ ਬੁਢੇ ਸੱਤਰ ਬਰਸ ਦੇ ਜੀ,
ਬਾਰਾਂ ਬਰਸ ਦੀ ਕੁੜੀ ਵਿਆਹੁੰਦੇ ਨੇ ।
ਨਹੀਂ ਸ਼ਰਮ ਬੇਸ਼ਰਮੀਆਂ ਕਾਮੀਆਂ ਨੂੰ
ਦੇਖੋ ਏਹ ਕੀ ਜ਼ੁਲਮ ਕਮਾਉਂਦੇ ਨੇ ।

(ਪੰਨਾ 43)

ਕਿੱਸਾਕਾਰਾਂ ਦਾ ਇਸਤ੍ਰੀ ਪ੍ਰਤਿ ਨਾਂਹ-ਪੱਖੀ ਵਿਚਾਰ ਰਿਹਾ ਹੈ। ਭਾਵੇਂ ਵਿਰਲੇ ਵਿਰਲੇ ਕਿੱਸਾਕਾਰਾਂ ਨੇ ਇਸਤ੍ਰੀ ਪ੍ਰਤਿ ਹਮਦਰਦੀ ਦਿਖਾਈ ਹੈ ਅਤੇ ਉਸ ਦੀ ਉਸਤਤੀ ਕੀਤੀ ਹੈ ਪਰ ਸਮੁੱਚੇ ਤੌਰ 'ਤੇ ਕਿੱਸਾਕਾਰਾਂ ਨੇ ਇਸਤ੍ਰੀ ਨੂੰ ਸਮਾਜ ਵਿਚ ਯੋਗ ਅਸਥਾਨ ਦਿਵਾਉਣ ਅਤੇ ਉਸ ਉੱਪਰ ਹੋ ਰਹੇ ਜ਼ੁਲਮ ਦਾ ਚਿਤ੍ਰਣ ਨਹੀਂ ਕੀਤਾ ਹੈ। ਭਾਵੇਂ ਆਧੁਨਿਕ ਕਾਲ ਵਿਚ ਇਸਤ੍ਰੀ ਆਪਣੇ ਹੱਕਾਂ ਲਈ ਕਾਫ਼ੀ ਜਾਗਰੂਕ ਹੋ ਗਈ ਹੈ। ਇਸਤ੍ਰੀ ਨੂੰ ਸਮਾਜ ਵਿਚ ਬਰਾਬਰ ਅਧਿਕਾਰ ਦਿਵਾਉਣ ਦੀ ਗੱਲ ਚਲਦੀ ਹੈ ਪਰ ਕਿੱਸਾਕਾਰਾਂ ਨੇ ਆਪਣੇ ਦ੍ਰਿਸ਼ਟੀਕੋਣ ਵਿਚ ਕੋਈ ਪ੍ਰਤਿਕਰਮ ਨਹੀਂ ਵਿਖਾਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸਾਹਿਤਿਕ ਦ੍ਰਿਸ਼ਟੀ

ਇਸ਼ਕ ਦਾ ਸੰਕਲਪ

ਇਸ਼ਕ ਸਾਹਿਤਿਕ ਵਿਸ਼ਿਆਂ ਦਾ ਸਿਰਤਾਜ ਹੈ। ਮਨੁੱਖੀ ਜਜ਼ਬਿਆਂ ਵਿਚੋਂ ਇਹੋ ਹੀ ਸ਼ਿਰੋਮਣੀ ਹੈ। ਮਨੁੱਖੀ ਆਦਰਸ਼ਵਾਦ ਵਿਚ ਏਸੇ ਦੀ ਪ੍ਰਧਾਨਤਾ ਹੈ।[5] ਪੰਜਾਬੀ ਕਿੱਸਾ-ਕਾਵਿ ਦਾ ਆਰੰਭ ਵੀ ਦਮੋਦਰ ਦੇ ਇਸ਼ਕੀਆ ਕਿੱਸੇ ਹੀਰ ਤੋਂ ਹੁੰਦਾ ਹੈ। ਕਿੱਸਾ ਕਾਵਿ ਵਿਚ ਇਸ਼ਕ ਦਾ ਅਨੁਭਵ ਸ਼ਿਰੋਮਣੀ ਤੱਤ ਹੈ। ਇਸ ਅਨੁਭਵ ਰਾਹੀਂ ਕਿੱਸਾਕਾਰ ਆਪਣਾ ਜੀਵਨ ਦਰਸ਼ਨ ਵੀ ਪੇਸ਼ ਕਰ ਜਾਂਦਾ ਹੈ।

ਦਮੋਦਰ ਦੀ ਹੀਰ ਵਿਚ ਇਸ਼ਕ ਦਾ ਅਨੁਭਵ ਭਾਰਤੀ ਤੇ ਸੂਫ਼ੀ ਦ੍ਰਿਸ਼ਟੀਕੋਣ ਦੀ ਉਪਜ ਹੈ। ਉਸ ਦੀ ਆਦਰਸ਼ਕ ਪ੍ਰੀਤ ਦਾ ਸੰਕਲਪ ਅਤੇ ਨਿਭਾ ਇਨ੍ਹਾਂ ਦੋਹਾਂ ਦ੍ਰਿਸ਼ਟੀ-ਕੋਣਾਂ ਦਾ ਸੁਮੇਲ ਹੈ। ਕਵੀ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਤੱਕ ਲੈ ਜਾਂਦਾ ਹੈ। 'ਹੀਰ ਤੇ ਰਾਂਝੇ ਦਾ ਪ੍ਰੇਮ ਕੋਈ ਨੱਕ ਚਾੜ੍ਹਕੇ ਪਰ੍ਹੇ ਸਟਵੀਂ ਗੱਲ ਨਹੀਂ, ਸਗੋਂ ਉਹ ਪਯਾਰ ਚਾਹੇ ਕਿਵੇਂ ਲੱਗਾ, ਪਰ ਲੱਗ ਕੇ ਫੇਰ ਅਨਿੰਨ ਸੀ ਤੇ ਦ੍ਰਿੜ੍ਹ ਸੀ, ਜਿਸ ਨੂੰ ਜਾਇਜ਼ ਮੰਨ ਕੇ ਅਖੀਰ ਅਦਾਲਤ ਨੇ ਹੀਰ ਰਾਂਝੇ ਨੂੰ ਦਿੱਤੀ। ਇਹ ਪ੍ਰੀਤ ਸੱਚੀ ਤੇ ਨਿਰਲੋਭ ਸੀ।'[6]

ਪੀਲੂ ਦਾ ਇਸ਼ਕ ਅਨੁਭਵ ਦਮੋਦਰ ਤੋਂ ਭਿੰਨ ਹੈ। ਉਸ ਨੇ ਸਮਾਜਕ ਪਿਛੋਕੜ ਨੂੰ ਅਣਡਿੱਠ ਕਰ ਕੇ ਇਸ਼ਕ ਦੀ ਖੇਡ ਨੂੰ ਕੁਦਰਤੀ ਪੱਧਰ 'ਤੇ ਪੇਸ਼ ਕੀਤਾ। ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਇਸ਼ਕ ਵਿਚ ਦੁਖਾਂਤ ਅਤੇ ਹੋਣੀ ਕੁਦਰਤੀ ਹਨ। ਪਰ ਪੀਲੂ ਦੇ ਯਥਾਰਥਕ ਵਿਚਾਰ ਅਨੁਸਾਰ ਦੁਖਾਂਤ ਅਤੇ ਹੋਣੀ ਮਨੁੱਖੀ ਚਰਿਤ੍ਰ ਦੀ ਦੇਣ ਹਨ। ਪੀਲੂ ਨੇ ਇਸ਼ਕ ਵਿਚ ਸਰੀਰਕ ਸੁੰਦਰਤਾ ਨੂੰ ਮੁੱਖ ਦਿਖਾਇਆ ਹੈ।

ਹਾਫ਼ਿਜ਼ ਬਰਖ਼ੁਰਦਾਰ ਨਾਲ ਪੰਜਾਬੀ ਕਿੱਸਾਕਾਰੀ ਵਿਚ ਇਸ਼ਕ ਦਾ ਫ਼ਾਰਸੀ ਸਰੂਪ ਪੇਸ਼ ਹੋਇਆ। ਇਸ਼ਕ ਵਿਚ ਰੁਮਾਂਸ ਅਤੇ ਦਰਸ਼ਨ ਦੋ ਨਵੀਆਂ ਪ੍ਰਵਿਰਤੀਆਂ ਆਈਆਂ। ਉਸ ਦੇ ਵਿਚਾਰ ਅਨੁਸਾਰ ਇਸ਼ਕ ਦਾ ਦੂਸਰਾ ਨਾਮ ਹੋਣੀ ਹੈ। ਚਾਹੇ ਇਸ਼ਕ ਮਜਾਜ਼ੀ ਹੋਵੇ ਜਾਂ ਇਸ਼ਕ ਹਕੀਕੀ, ਦੋਹਾਂ ਦਾ ਅੰਤ ਦੁਖਾਂਤਕ ਹੁੰਦਾ ਹੈ। ਇਸ਼ਕ-ਤੀਬਰਤਾ ਨੂੰ ਹੁਸਨ ਤੇਜ਼ੀ ਬਖ਼ਸ਼ਦਾ ਹੈ। ਏਸੇ ਲਈ ਪੀਲੂ ਦੇ ਕਿੱਸਿਆਂ ਵਿਚ ਹੁਸਨ ਵਰਣਨ ਸਭ ਤੋਂ ਵੱਧ ਹੈ। ਸੁੰਦਰਤਾ ਆਤਮਕ ਨਹੀਂ ਸਰੀਰਕ ਹੈ। ਅਹਿਮਦਯਾਰ ਨੇ ਇਸ਼ਕ ਦੇ ਸੰਸਾਰਕ ਪੱਖ ਨੂੰ ਉਜਾਗਰ ਕੀਤਾ ਹੈ। ਉਸ ਦਾ ਦ੍ਰਿਸ਼ਟੀਕੋਣ ਯਥਾਰਥਕ ਹੈ। ਉਸ ਦਾ ਇਸ਼ਕ ਵਰਣਨ ਸਮਾਜਕ ਪਿਛੋਕੜ ਦੇ ਸੰਦਰਭ ਵਿਚ ਹੈ। ਮੁਕਬਲ ਨੇ ਵੀ ਇਸ਼ਕ ਹਕੀਕੀ ਦਾ ਵਰਣਨ ਕੀਤਾ ਹੈ।

ਹੀਰ ਵਾਰਿਸ ਅਨੁਸਾਰ ਹੀਰ ਅਤੇ ਰਾਂਝਾ ਆਦਰਸ਼ਵਾਦੀ ਪ੍ਰੇਮੀ ਹਨ ਜੋ ਪਿਆਰ ਨੂੰ ਜੀਵਨ ਦੀ ਸਭ ਤੋਂ ਵੱਡੀ ਜਿੱਤ ਸਮਝਦੇ ਹਨ। ਜੀਤ ਸਿੰਘ ਸੀਤਲ ਅਨੁਸਾਰ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ ਵਾਰਿਸ ਵਿਚ ਇਸ਼ਕ ਦਾ ਸੰਕਲਪ ਸੱਚੇ ਸੁੱਚੇ ਪਿਆਰ ਵਾਲਾ ਹੈ। ਇਹ ਅਧਿਆਤਮਕ ਸੰਬੰਧ ਹੈ। ਇਹ ਸਰੀਰਾਂ ਦਾ ਸੰਬੰਧ ਨਹੀਂ। ਆਤਮਾ ਅਤੇ ਪਰਮਾਤਮਾ ਦਾ ਪਾਕ ਪਵਿੱਤਰ ਰਿਸ਼ਤਾ ਹੈ। ਸੰਸਾਰੀ ਪ੍ਰੀਤ ਕੇਵਲ ਸੱਚੀ ਪ੍ਰੀਤ ਤਕ ਪੁੱਜਣ ਦਾ ਇਕ ਸਾਧਨ ਹੈ। ਇਹ ਇਸ਼ਕ ਸਾਬਤੀ ਤੇ ਸਿਦਕ ਵਾਲਾ ਪਿਆਰ ਹੈ। ਇਸ ਸੰਸਾਰ ਵਿਚ ਵੀ ਆਸ਼ਕ ਪਾਕ ਦਾਮਨ ਰਹਿੰਦਾ ਹੈ ਤੇ ਅਗਲੇ ਜਹਾਨ ਵਿਚ ਵੀ ਸੁਰਖਰੂ ਹੋ ਜਾਂਦਾ ਹੈ।[7]

ਵਾਰਿਸ ਦਾ ਇਸ਼ਕ ਵਰਣਨ ਮਿਜਾਜ਼ੀ ਤੋਂ ਸ਼ੁਰੂ ਹੋ ਕੇ ਇਸ਼ਕ ਹਕੀਕੀ ਵਲ ਤੁਰਦਾ ਹੈ। ਹਕੀਕੀ ਇਸ਼ਕ ਲਈ ਇਸ਼ਕ ਮਜਾਜ਼ੀ ਜ਼ਰੂਰੀ ਹੈ। ਹਾਸ਼ਮ ਨੇ ਆਪਣੇ ਕਿੱਸਿਆਂ ਵਿਚ ਆਏ ਸੰਸਾਰਕ ਇਸ਼ਕ ਨੂੰ ਇਸ਼ਕ ਹਕੀਕੀ ਦੀ ਪਹਿਲੀ ਮੰਜ਼ਲ ਸਮਝ ਕੇ ਚਿਤਰਿਆ ਹੈ। ਉਸ ਦੇ ਪਾਤਰ ਜੋ ਇਸ਼ਕ ਮਜਾਜ਼ੀ ਕਰਦੇ ਹਨ, ਉਹ ਰੱਬੀ ਰੰਗ ਵਿਚ ਰੰਗੇ ਹੁੰਦੇ ਹਨ। ਕਿੱਸਾਕਾਰਾਂ ਨੇ ਵੀ ਸਮਾਜਕ ਪਰਵਾਨਗੀ ਪ੍ਰਾਪਤ ਕਰਨ ਲਈ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਸਾਡੇ ਪਿਛਲੇਰੇ ਕਿੱਸਾਕਾਰਾਂ ਦੇ ਪ੍ਰੇਮ-ਮਈ ਕਿੱਸੇ ਰਵਾਇਤੀ ਕਿੱਸਾਕਾਰਾਂ ਵਰਗੇ ਹਨ। ਉਨ੍ਹਾਂ ਵਿਚ ਵੀ ਇਸ਼ਕ ਦਾ ਸੰਕਲਪ ਉਹੋ ਜੇਹਾ ਹੈ। ਭਾਵੇਂ ਆਧੁਨਿਕ ਕਾਲ ਵਿਚ ਯੁਗ ਚੇਤਨਾ ਬਦਲ ਰਹੀ ਸੀ ਪਰ ਕਿੱਸਾਕਾਰੀ ਆਪਣੇ ਪਰੰਪਰਾਗਤ ਰੂਪ ਵਿਚ ਹੀ ਵਿਕਸਿਤ ਹੋ ਰਹੀ ਸੀ। ਆਧੁਨਿਕ ਕਾਲ ਦੇ ਪ੍ਰਮੁੱਖ ਕਿੱਸਾਕਾਰ ਸਦਾ ਰਾਮ, ਮਨੀ ਰਾਮ, ਪੰਡਿਤ ਕਿਸ਼ੋਰ ਚੰਦ, ਲਾਹੌਰਾ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਆਦਿ ਦੇ ਪ੍ਰੇਮ ਮਈ ਕਿੱਸਿਆਂ ਵਿਚ ਇਹੋ ਇਸ਼ਕ ਦਾ ਰੰਗ ਸੀ।

ਇਨ੍ਹਾਂ ਕਿੱਸਾਕਾਰਾਂ ਦੇ ਵਿਚਾਰ ਅਨੁਸਾਰ ਇਸ਼ਕ ਕਾਮ ਨਹੀਂ ਹੈ। ਕਾਮ ਦਾ ਸ਼ਾਂਤ ਹੋਣਾ ਹੈ। ਇਸ਼ਕ ਕਮਾਉਣਾ ਸਭ ਤੋਂ ਔਖਾ ਹੈ। ਇਸ਼ਕ ਦੀ ਸਾਧਨਾ ਕਠਨ ਹੈ ਅਤੇ ਇਹ ਪਰਮਾਨੰਦ ਹੈ। ਆਸ਼ਕੀ ਅਤੇ ਫ਼ਕੀਰੀ ਦੁੱਖ ਪਾ ਕੇ ਮਿਲਦੀ ਹੈ। ਆਸ਼ਕਾਂ ਨੂੰ ਡਰ ਤੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਪਰ ਆਸ਼ਕ ਧਮਕੀਆਂ ਤੋਂ ਨਹੀਂ ਡਰਦੇ ਹਨ।

ਆਧੁਨਿਕ ਕਾਲ ਵਿਚ ਇਸ਼ਕ ਮਜਾਜ਼ੀ ਦੇ ਕਿੱਸੇ ਘੱਟ ਲਿਖੇ ਗਏ ਹਨ ਅਤੇ ਜੋ ਲਿਖੇ ਵੀ ਗਏ ਹਨ ਉਨ੍ਹਾਂ ਵਿਚ ਪ੍ਰਧਾਨਤਾ ਹਕੀਕੀ ਰੰਗਣ ਦੀ ਰਹੀ ਹੈ। ਇਸ ਪਰਿਵਰ-ਤਨ ਦਾ ਮੁੱਖ ਕਾਰਣ ਧਾਰਮਿਕ ਪੁਨਰ ਜਾਗ੍ਰਤੀ ਹੈ। ਇਸ ਕਾਲ ਵਿਚ ਚਲੀਆਂ ਧਾਰਮਿਕ ਲਹਿਰਾਂ ਨੇ ਇਨ੍ਹਾਂ ਇਸ਼ਕ ਮਜਾਜ਼ੀ ਕਿੱਸਿਆਂ ਦੀ ਨਿੰਦਾ ਕਰਨੀ ਆਰੰਭ ਕਰ ਦਿੱਤੀ ਸੀ। ਪੰਡਿਤ ਮਾਨ ਸਿੰਘ ਕਾਲੀ ਦਾਸ, ਲਾਲਾ ਗਿਆਨ ਚੰਦ ਧੌਣ, ਕਰਤਾਰ ਸਿੰਘ ਕਲਾਸਵਾਲੀਆ ਅਜੇਹੇ ਗੰਦੇ ਕਿੱਸਿਆਂ ਦੇ ਪ੍ਰਚਲਨ ਨੂੰ ਰੋਕਣਾ ਚਾਹੁੰਦੇ ਸਨ। ਕਰਤਾਰ ਸਿੰਘ ਕਲਾਸਵਾਲੀਆ 'ਕਿੱਸਾ ਰਾਜ ਖ਼ਾਲਸਾ' ਵਿਚ ਇਨ੍ਹਾਂ ਕਿੱਸਿਆਂ 'ਤੇ ਟਿੱਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ :

ਸੱਸੀ, ਹੀਰ, ਪ੍ਰਤਾਪੀ ਦੇ ਗਾਉਨ ਲੱਛੀ,
ਚਾਲਚਲਨ ਔਲਾਦ ਗਵਾਉਨ ਭਾਈ।
ਕਿੱਸੇ ਇਸ਼ਕ ਮਜਾਜ਼ੀ ਦੇ ਪੜ੍ਹਨ ਸਦਾ,
ਦਿਲ ਕਰ ਖਰਾਬ ਡੁਲਾਉਣ ਭਾਈ।
.. ..
ਏਹੋ ਵੇਖ ਘਾਟਾ ਖਾਧਾ ਜੋਸ਼ ਦਿਲ ਨੇ,
ਲੱਗਾ ਬੈਠ ਦਲੀਲ ਦੁੜਾਉਣ ਭਾਈ।
ਗ੍ਰੰਥ ਠੇਠ ਪੰਜਾਬੀ ਦੇ ਵਿਚ ਲਿਖਾਂ,
ਨੇਕ ਰਾਸਤਾ ਜੋ ਚਲਾਉਣ ਭਾਈ।

(ਪੰਨਾ 259)

ਇਸ ਧਾਰਮਿਕ ਪੁਨਰ ਜਾਗ੍ਰਤੀ ਕਾਰਣ ਕਿੱਸਿਆਂ ਵਿਚ ਮਜਾਜ਼ੀ ਰੰਗ ਘੱਟਣ ਲੱਗਾ। ਪਹਿਲੇ ਕਾਲ ਦੇ ਕਿੱਸਾਕਾਰਾਂ ਦੇ ਇਸ਼ਕ ਵਰਣਨ ਵਿਚ ਸੂਫ਼ੀ ਵਿਚਾਰਧਾਰਾ ਅਤੇ ਫ਼ਾਰਸੀਦਾਨੀ ਦਾ ਅਸਰ ਹੈ। ਪਰ ਆਧੁਨਿਕ ਕਾਲ ਦੇ ਕਿੱਸਾਕਾਰਾਂ 'ਤੇ ਵੇਦਾਂਤ ਅਤੇ ਗੁਰਮਤਿ ਦਾ ਪ੍ਰਭਾਵ ਹੈ। ਇਹੋ ਕਾਰਣ ਇਨ੍ਹਾਂ ਦੇ ਇਸ਼ਕ ਸੰਕਲਪ ਵਿਚ ਵੱਖਰੇਪਣ ਦਾ ਹੈ।

ਦੁਖਾਂਤ ਅਤੇ ਹੋਣੀ

ਇਸ਼ਕ ਦੀ ਪ੍ਰਕ੍ਰਿਤੀ ਵਿਚ ਦੁਖਾਂਤ ਤੱਤ ਸਮਾਇਆ ਹੋਇਆ ਹੈ। ਇਸ਼ਕ ਵਿਚ ਦੁਖਾਂਤ ਦਾ ਹੋਣਾ ਆਵੱਸ਼ਕ ਹੈ, ਕਿਉਂਕਿ ਇਸ਼ਕ ਸਚਾਈ ਮੂਲ ਰੂਪ ਵਿਚ ਦੁਖਾਂਤਕ ਹੈ। 'ਦੁਖਾਤ ਹੀ ਇਸ਼ਕ ਦੇ ਕਿੱਸੇ ਦਾ ਸਿੱਟਾ ਤੇ ਫ਼ਲ ਹੁੰਦਾ ਹੈ। ਇਸ ਸੂਫ਼ੀ ਸਿਧਾਂਤ ਦਾ ਹੀ ਦੂਜਾ ਨਾਮ ਹੈ। ਇਹ ਮਨੁੱਖ ਦਾ ਪਰਮਾਤਮਾ ਵਿਚ ਫ਼ਨ੍ਹਾ ਹੋਣਾ ਹੈ।'[8] ਇਸ਼ਕ ਦੀ ਅਗਨੀ ਬਹੁਤ ਤੇਜ਼ ਹੈ। ਜੋ ਇਸ ਅਗਨੀ ਵਿਚ ਪੈਂਦਾ ਹੈ, ਉਸ ਨੂੰ ਇਸ਼ਕ ਸਾੜ ਕੇ ਸੁਆਹ ਕਰ ਦਿੰਦਾ ਹੈ। ਇਹੀ ਕਾਰਣ ਹੈ ਕਿ ਇਸ਼ਕੀਆ ਕਿੱਸਿਆਂ ਦਾ ਅੰਤ ਦੁਖਾਂਤਕ ਹੈ। 'ਇਸ਼ਕ ਦੀ ਡੂੰਘਿਆਈ ਭੁਚਾਲ ਵਾਂਗ ਹੈ, ਜੋ ਧਰਤੀ ਦੀਆਂ ਆਂਦਰਾਂ ਵਿਚੋਂ ਸੂਲ ਵਾਂਗ ਉਠਦਾ ਅਤੇ ਹਲਾਵੇ ਦੇਂਦਾ ਹੈ।'[9] ਸੱਜੀ ਪੁੰਨੂੰ, ਸ਼ੀਰੀਂ ਫ਼ਰਿਹਾਦ, ਲੈਲਾ ਮਜਨੂੰ ਆਦਿ ਦਾ ਅੰਤ ਇਸ ਤੇਜ਼ ਅਗਨੀ ਕਾਰਣ ਹੋਇਆ। ਇਸ਼ਕ ਕੁਰਬਾਨੀ ਮੰਗਦਾ ਹੈ। ਮਹੀਂਵਾਲ ਭਾਂਡਿਆਂ ਦੀ ਦੁਕਾਨ ਕਰਦਾ ਹੈ, ਫ਼ਰਿਹਾਦ ਪਹਾੜਾਂ ਨਾਲ ਟੱਕਰਾਂ ਮਾਰਦਾ ਹੈ। ਸੱਸੀ ਮਾਰੂਥਲਾਂ ਵਿਚ ਤੜਫ਼ਦੀ ਹੈ. ਅੰਤ ਇਹ ਇਸ਼ਕ ਸੱਸੀ ਨੂੰ ਮਾਰੂਥਲ ਵਿਚ ਮਾਰ ਮੁਕਾਂਦਾ ਹੈ। ਪੰਜਾਬੀ ਕਿੱਸਾ-ਕਾਵਿ ਵਿਚ ਇਸ਼ਕ ਨੂੰ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹੋ ਇਸ਼ਕੀਆ ਕਿੱਸਿਆਂ ਦੇ ਦੁਖਾਂਤਕ ਅੰਤ ਦਾ ਕਾਰਣ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ-ਕਾਵਿ ਜਾਗੀਰਦਾਰੀ ਸਮਾਜ ਦੀ ਦੇਣ ਸੀ। ਪਿਆਰ ਇਕ ਵਿਅਕਤੀਗਤ ਸਮੱਸਿਆ ਸੀ। ਇਸਤ੍ਰੀ, ਪੁਰਸ਼ ਦੀ ਗੁਲਾਮ ਸੀ: ਇਸਤ੍ਰੀਆਂ ਨੂੰ ਭੇਡਾਂ ਬੱਕਰੀਆਂ ਵਾਂਗ ਰਖਿਆ ਜਾਂਦਾ ਸੀ। ਜਦੋਂ ਕੋਈ ਵਿਅਕਤੀਗਤ ਪਿਆਰ ਦੀ ਸੁਤੰਤਰਤਾ ਮੰਗਦਾ ਤਾਂ ਉਸ ਨੂੰ ਸਮਾਜ ਨਾਲ ਟੱਕਰ ਲੈਣੀ ਪੈਂਦੀ ਸੀ। ਉਹ ਵਿਅਕਤੀਗਤ ਰੂਪ ਵਿਚ ਸਮੁੱਚੇ ਸਮਾਜ ਦਾ ਟਾਕਰਾ ਕਰਨ ਤੋਂ ਅਸਮਰਥ ਹੁੰਦਾ ਸੀ। ਜਿਸ ਕਰਕੇ ਉਸ ਦਾ ਪਿਆਰ ਦੁਖਾਂਤਕ ਹੁੰਦਾ ਸੀ। ਹੀਰ ਤੇ ਰਾਂਝੇ ਦਾ ਪਿਆਰ ਦਮੋਦਰ ਤੋਂ ਸਿਵਾਏ ਪਹਿਲੇ ਕਾਲ ਦੇ ਕਿੱਸਾਕਾਰਾਂ ਨੇ ਦੁਖਾਂਤਕ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਮਧਕਾਲੀਨ ਕਿੱਸਾਕਾਰਾਂ ਨੇ ਦੁਖਾਂਤ ਦਾ ਕਾਰਣ ਸਮਾਜਕ ਅਤੇ ਆਰਥਿਕ ਪਿਛੋਕੜ ਨੂੰ ਨਹੀਂ ਰੱਖਿਆ ਹੈ। ਉਨ੍ਹਾਂ ਨੇ ਦੁਖਾਂਤ ਦਾ ਕਾਰਣ ਹੋਣੀ ਅਤੇ ਕਿਸਮਤ ਉੱਪਰ ਸੁੱਟ ਦਿੱਤਾ ਹੈ। ਅਤਰ ਸਿੰਘ ਅਨੁਸਾਰ:

> ਮੱਧਕਾਲ ਵਿਚ ਮਨੁੱਖੀ ਗਿਆਨ ਦਾ ਧੁਰਾ ਵਾਸਤਵਿਕਤਾ ਉਤੇ ਨਹੀਂ, ਸਗੋਂ ਅਧਿਆਤਮਕ ਆਦਰਸ਼ਵਾਦ ਹੀ ਉਸ ਦਾ ਆਧਾਰ ਹੁੰਦਾ ਹੈ। ਕਿਸੇ ਸਰਬ ਸ਼ਕਤੀਮਾਨ ਕਰਨ ਕਾਰਨ ਸਮਰੱਥ ਸ਼ਕਤੀ ਦੇ ਸੰਕਲਪ ਨੂੰ ਅਜੇਹੇ ਗਿਆਨ ਵਿਚ ਮੁੱਢਲੀ ਤੇ ਪ੍ਰਮੁੱਖ ਥਾਂ ਪ੍ਰਾਪਤ ਹੁੰਦੀ ਹੈ। ਇਸੇ ਲਈ ਪਰਾਪਤ ਅਸਲੀਅਤ ਦੇ ਕਾਰਣ ਲੱਭਣ ਲੱਗਿਆਂ, ਉਸ ਦੀ ਤਹਿ ਥੱਲੇ ਜਾ ਕੇ, ਉਸ ਹੇਠਾਂ ਕੰਮ ਕਰ ਰਹੀਆਂ ਸ਼ਕਤੀਆਂ, ਸਮਾਜਕ ਤੇ ਆਰਥਿਕ ਸ਼ਕਤੀਆਂ, ਦਾ ਪਾਜ ਉਘਾੜਨ ਦੀ ਥਾਂ ਮਨੁੱਖ ਇਕ ਅਦਿੱਖ ਹੋਣੀ ਦੀ ਮਨਮਰਜ਼ੀ ਉੱਤੇ ਇਸ ਦੀ ਜ਼ਿੰਮੇਵਾਰੀ ਦਾ ਭਾਰ ਲੱਦ ਕੇ ਸੰਤੁਸ਼ਟ ਹੋ ਜਾਦਾ ਹੈ।[10]

ਪੰਜਾਬੀ ਕਿੱਸਾ-ਕਾਵਿ ਵਿਚ ਹੋਣੀ ਦਾ ਬੜਾ ਪ੍ਰਬਲ ਹੱਥ ਹੈ। ਪੀਲੂ, ਹਾਫ਼ਿਜ਼ ਬਰਖ਼ੁਰਦਾਰ, ਅਹਿਮਦ ਗੁਜਰ, ਵਾਰਿਸ, ਕਾਦਰਯਾਰ, ਹਾਸ਼ਮ, ਅਗਰਾ ਆਦਿ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਹੋਣੀ ਵਿਸ਼ੇਸ਼ ਰੂਪ ਵਿਚ ਵਰਣਨ ਕੀਤੀ ਗਈ ਹੈ। ਹਾਸ਼ਮ ਦੇ ਕਿੱਸਿਆਂ ਵਿਚ ਤਾਂ ਇਸ ਹੋਣੀ ਦਾ ਥਾਂ ਪਰ ਥਾਂ ਜ਼ਿਕਰ ਹੈ। ਪਰ ਚੰਗੇ ਦੁਖਾਂਤਕ ਕਿੱਸੇ ਵਿਚ ਹੋਣੀ ਦਾ ਜ਼ਿਕਰ ਘੱਟ ਹੋਣਾ ਚਾਹੀਦਾ ਹੈ। ਸਫ਼ਲ ਦੁਖਾਂਤ ਮਨ ਦੀਆਂ ਕਮਜ਼ੋਰੀਆਂ ਦੀ ਵਾਸਤਵਿਕਤਾ ਨਾਲ ਟੱਕਰ ਵਿਚੋਂ ਜਾਂ ਵਿਅਕਤੀ ਤੇ ਸਮਾਜਕ ਸ਼ਕਤੀਆਂ ਦੀ ਟੱਕਰ ਵਿਚੋਂ ਉਪਜਦਾ ਹੈ। ਅਜੇਹੀ ਸਥਿਤੀ ਵਿਚੋਂ ਪੈਦਾ ਹੋਏ ਦੁਖਾਂਤ ਨੂੰ ਉੱਤਮ ਆਖਿਆ ਜਾ ਸਕਦਾ ਹੈ। ਅਹਿਮਦਯਾਰ ਮਨ ਦੀ ਕਮਜ਼ੋਰੀ ਨੂੰ ਤਾਂ ਦੁਖਾਂਤ ਦਾ ਇਕ ਕਾਰਣ ਬਣਾ ਲੈਂਦਾ ਹੈ, ਪਰ ਉਸ ਵਿਚ ਹੋਣੀ ਨੂੰ ਲੈ ਆਉਂਦਾ ਹੈ। ਜਦੋਂ ਨਾਇਕ ਨਾਇਕਾ ਆਪਣੇ ਪਿਆਰ ਸੰਘਰਸ਼ ਵਿਚ ਅਸਫਲ ਹੁੰਦੇ ਦਿਸਦੇ ਹਨ ਤਾਂ ਕਿੱਸਾਕਾਰ ਕਿੱਸੇ ਵਿਚ ਹੋਣੀ ਜਾਂ ਪਰਾਸਰੀਰਕ ਅੰਸ਼ ਲਿਆ ਕੇ ਸਾਰੀ ਜ਼ਿੰਮੇਵਾਰੀ ਸਮਾਜ ਜਾਂ ਆਰਥਿਕ ਪਰਿਸਥਿਤੀਆਂ ਦੀ ਥਾਂ ਹੋਣੀ ਦੇ ਸਿਰ ਮੜ੍ਹ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਿਆਂ ਵਿਚ ਹੋਣੀ ਦਾ ਸੰਕਲਪ ਵਧੇਰੇ ਪ੍ਰਬਲ ਤੇ ਪ੍ਰਭਾਵਸ਼ਾਲੀ ਸੀ ਕਿਉਂਕਿ ਇਸ਼ਕ ਦਾ ਅਨੁਭਵ ਵਿਅਕਤੀਗਤ ਹੋਣ ਕਰਕੇ ਪ੍ਰੇਮੀ ਜੀਊੜਿਆਂ ਦੇ ਘੋਲ ਨੂੰ ਕੋਈ ਸਮਾਜਕ ਅਰਥ ਨਹੀਂ ਦਿੱਤੇ ਜਾਂਦੇ। ਇਸੇ ਲਈ ਨਾ ਤਾਂ ਉਹ ਆਪਣੇ ਵਰਗੇ ਹੋਰ ਪਿਆਰ ਦੇ ਜੂਏ ਵਿਚ ਹਾਰੇ ਹੋਏ ਮਨੁੱਖ ਦੀ ਪ੍ਰਤਿਨਿਧਤਾ ਕਰਦੇ ਜਾਪਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਵਿਰੁਧ ਲੜ ਰਹੇ ਮਨੁੱਖ ਸਮਾਜਕ ਸ਼ਕਤੀਆਂ ਦੇ ਪ੍ਰਤੀਕ ਹੁੰਦੇ ਹਨ।[11] ਪੂਰਵ (1901–47 ਈ.) ਕਾਲ ਕਿੱਸਾ-ਕਾਵਿ ਵਿਚ ਵਧੇਰੇ ਦੁਖਾਂਤ ਤੇ ਚਰਿਤ੍ਰ ਹਨ। ਅਹਿਮਦ, ਮੁਕਬਲ, ਭਗਵਾਨ ਸਿੰਘ ਆਦਿ ਨੇ ਰਾਂਝੇ ਦੇ ਚਰਿਤ੍ਰ ਨੂੰ ਦੁਖਾਂਤ ਦਾ ਕਾਰਣ ਬਣਾਇਆ ਹੈ। ਪਰ 'ਅਸਲੋਂ ਮਨੋਵਿਗਿਆਕ ਨੁਕਤੇ ਤੋਂ ਦੁਖਾਂਤ ਉਹੀ ਰਚਨਾ ਅਖਵਾ ਸਕਦੀ ਹੈ, ਜਿਹੜੀ ਮਨੁੱਖੀ ਸੁਭਾ ਦੀ ਕਿਸੇ ਜਾਣੂ ਕਮਜ਼ੋਰੀ ਜਾਂ ਸਮਾਜੀ ਹਾਲਤ ਵਿਚੋਂ ਉਪਜੇ, ਨਾ ਕਿ ਹੋਣੀ ਦੀ ਪ੍ਰੇਰਨਾ ਨਾਲ ਜਾਂ ਕਿਸੇ ਅਨਜਾਣਤਾ ਵਿਚ ਕੁਝ ਕਰ ਬੈਠਣ ਨਾਲ। ਅਸਲ ਵਿਚ ਦੁਖਾਂਤ ਉਹ ਹੀ ਹੁੰਦਾ ਹੈ ਜਦ ਮਨ ਇਕ ਗੱਲ ਕਰਨੀ ਚਾਹੁੰਦਾ ਹੈ ਪਰ ਕਰ ਨਹੀਂ ਸਕਦਾ। ਉਸ ਦੇ ਮਨ ਦੀ ਕੋਈ ਵਿਚਲੀ ਕਮਜ਼ੋਰੀ ਜਾਂ ਸਮਾਜ ਦੀ ਉਹ ਪ੍ਰਬਲ ਵਿਰੋਧਤਾ ਜਿਸ ਤੋਂ ਪਾਤਰ ਅਨਜਾਣ ਨਹੀਂ, ਦੁਖਾਂਤ ਨਾਇਕ ਜਾਂ ਨਾਇਕਾ ਦੇ ਆਦਰਸ਼ ਨੂੰ ਪੂਰਾ ਨਹੀਂ ਹੋਣ ਦਿੰਦੀ।'[12] ਇਹੋ ਕਾਰਣ ਹੈ ਕਿ ਕਿੱਸਾਕਾਰ ਯੂਨਾਨੀ ਜਾਂ ਪੱਛਮੀ ਸਾਹਿਤਿਕ ਪੱਧਰ ਦਾ ਕੋਈ ਦੁਖਾਂਤ ਪੇਸ਼ ਨਹੀਂ ਕਰ ਸਕੇ।

ਵੀਹਵੀਂ ਸਦੀ (1901–1947 ਈ.) ਦੇ ਕਿੱਸਾਕਾਰ ਭਾਰਤੀ ਚਿੰਤਨ ਤੇ ਸੰਸਕ੍ਰਿਤੀ ਤੋਂ ਪ੍ਰਭਾਵਿਤ ਹਨ। ਉਨ੍ਹਾਂ ਦੇ ਕਿੱਸਿਆਂ ਵਿਚੋਂ ਬਹੁਤ ਘੱਟ ਦਾ ਅੰਤ ਦੁਖਾਂਤਕ ਹੈ। ਸੋਹਣੀ, ਸੱਸੀ, ਹੀਰ ਰਾਂਝੇ ਦੇ ਕਿੱਸੇ ਦੁਖਾਂਤਕ ਹਨ। ਪਰ ਇਸ ਕਾਲ ਵਿਚ ਬਹੁਤੇ ਕਿੱਸੇ ਧਾਰਮਿਕ ਅਤੇ ਸਦਾਚਾਰਕ ਹਨ। ਇਨ੍ਹਾਂ ਵਿਚ ਵੀ ਰੁਮਾਂਸ ਤੇ ਹੋਣੀ ਦੀ ਬਹੁਲਤਾ ਹੈ, ਪਰ ਕਿੱਸਿਆਂ ਦਾ ਅੰਤ ਸੁਖਾਂਤਕ ਹੈ। ਕਾਲੀ ਦਾਸ, ਦੌਲਤ ਰਾਮ, ਪੰਡਿਤ ਕਿਸ਼ੋਰ ਚੰਦ, ਆਦਿ ਦੇ ਕਿੱਸੇ 'ਰੂਪ ਬਸੰਤ', 'ਪੂਰਨ ਭਗਤ', 'ਭਰਥਰੀ ਹਰੀ', 'ਪ੍ਰਹਿਲਾਦ ਭਗਤ', 'ਸ਼ਕੁੰਤਲਾ', 'ਨਲ ਦਮਯੰਤੀ', ਆਦਿ ਵਿਚ ਦੁਖਾਂਤ ਦਾ ਅਭਾਵ ਹੈ।

ਇਨ੍ਹਾਂ ਕਿੱਸਾਕਾਰਾਂ ਨੇ ਜੋ ਕਿੱਸੇ ਦੁਖਾਂਤਕ ਲਿਖੇ ਹਨ, ਉਨ੍ਹਾਂ ਵਿਚ ਵੀ ਹੋਣੀ ਅਤੇ ਕਿਸਮਤ ਪ੍ਰਬਲ ਹਨ। ਇਹ ਕਿੱਸਾਕਾਰ ਵੀ ਦੁਖਾਂਤ ਦਾ ਕਾਰਣ ਸਮਾਜਕ ਜਾਂ ਆਰਥਿਕ ਪਿਛੋਕੜ ਨੂੰ ਨਹੀਂ ਚਿਤ੍ਰਦੇ। ਇਨ੍ਹਾਂ ਕਿੱਸਾਕਾਰਾਂ ਲਈ ਦੁਖਾਂਤ ਸ਼ਬਦ ਕੋਈ ਅਰਥ ਨਹੀਂ ਰੱਖਦਾ ਪਰ ਪੂਰਵ (1901–47 ਈ.) ਕਾਲ ਦੇ ਇਸ਼ਕੀਆ ਕਿੱਸੇ ਮਨੁੱਖੀ ਹੋਂਦ ਦੇ ਅਤਿਅੰਤ ਦੁਖਦਾਈ ਹੋਣ ਦਾ ਪ੍ਰਭਾਵ ਮਨ 'ਤੇ ਉਲੀਕ ਦੇਂਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪ੍ਰੀਤ ਕਿੱਸਿਆਂ ਵਿਚ ਇਸ਼ਕ ਅਤੇ ਦੁਖਾਂਤ ਤੱਤ ਪ੍ਰਬਲ ਰੂਪ ਵਿਚ ਸਨ।

ਪਰਾਸਰੀਰਕ ਤੱਤ

ਹਰ ਕਲਾਕਾਰ ਉੱਪਰ ਆਪਣੇ ਸਮੇਂ ਦੇ ਸਮਾਜ ਦੀ ਮੋਹਰ ਲੱਗੀ ਹੁੰਦੀ ਹੈ। ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਚੇਤਨਾ 'ਤੇ ਉਸ ਯੁੱਗ ਦੇ ਵਾਤਾਵਰਣ ਦੀ ਛਾਪ ਹੁੰਦੀ ਹੈ। ਕਲਾਕਾਰ ਆਪਣੀ ਕਿਰਤ ਵਿਚਲੇ ਵਾਤਾਵਰਣ ਦਾ ਵੀ ਧਿਆਨ ਰਖਦਾ ਹੈ। ਪੂਰਵ ਕਾਲ (1901-1947 ਈ.) ਦੇ ਲੋਕਾਂ ਵਿਚ ਪਰਾਸਰੀਰਕ ਸ਼ਕਤੀਆਂ ਵਿਚ ਬਹੁਤ ਸ਼ਰਧਾ ਸੀ। ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ ਜੋ ਕੰਮ ਵਿਅਕਤੀ ਆਪ ਨਹੀਂ ਕਰ ਸਕਦਾ, ਉਸ ਨੂੰ ਕੋਈ ਪਰਾਸਰੀਰਕ ਸ਼ਕਤੀ ਹੀ ਨੇਪਰੇ ਚਾੜ੍ਹ ਸਕਦੀ ਹੈ। ਏਸੇ ਕਾਰਣ ਪੰਜਾਬੀ ਕਿੱਸਾ-ਕਾਵਿ ਵਿਚ ਰੁਮਾਂਚਿਕ ਅੰਸ਼ ਵਧੇਰੇ ਹੈ। ਕੋਈ ਕਿੱਸਾ ਭਾਵੇਂ ਇਸ਼ਕੀਆ, ਪੌਰਾਣਿਕ, ਬੀਰ ਰਸੀ, ਸਦਾਚਾਰਕ ਜਾਂ ਧਾਰਮਿਕ ਸੀ, ਉਸ ਵਿਚ ਪਰਾਸਰੀਰਕ ਸ਼ਕਤੀਆਂ ਦਾ ਥਾਂ ਥਾਂ ਵਰਣਨ ਹੈ। ਦਮੋਦਰ, ਵਾਰਿਸ, ਹਾਸ਼ਮ ਸ਼ਾਹ, ਫ਼ਜ਼ਲ ਸ਼ਾਹ, ਭਗਵਾਨ ਸਿੰਘ ਆਦਿ ਦੇ ਕਿੱਸਿਆਂ ਵਿਚ ਇਸ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ।

ਵੀਹਵੀਂ ਸਦੀ ਭਾਵੇਂ ਵਿਗਿਆਨ ਦੀ ਸਦੀ ਹੈ ਪਰ ਇਸ ਕਾਲ ਦੇ ਕਿੱਸਿਆਂ ਵਿਚ ਪਰਾਸਰੀਰਕ ਸ਼ਕਤੀਆਂ ਦਾ ਵਰਣਨ ਉਸੇ ਤਰ੍ਹਾਂ ਹੀ ਹੈ ਜਿਵੇਂ ਪੂਰਵ (1901-47 ਈ.) ਕਾਲ ਦੇ ਕਿੱਸਿਆਂ ਵਿਚ ਸੀ। ਪੰਡਿਤ ਮਾਨ ਸਿੰਘ ਕਾਲੀ ਦਾਸ, ਦੌਲਤ ਰਾਮ, ਪੰਡਿਤ ਕਿਸ਼ੋਰ ਚੰਦ ਅਤੇ ਸਦਾ ਰਾਮ ਆਦਿ ਦੇ ਕਿੱਸਿਆਂ 'ਪੂਰਨ ਭਗਤ', 'ਭਰਥਰੀ ਹਰੀ', 'ਗੋਪੀ ਚੰਦ', 'ਰੂਪ ਬਸੰਤ', 'ਪ੍ਰਹਿਲਾਦ'. 'ਜਾਨੀ ਜੋਰ', 'ਗੋਲ ਖੂੰਡਾ' ਆਦਿ ਵਿਚ ਪਰਾਸਰੀਰਕ ਸ਼ਕਤੀਆਂ ਦਾ ਚਿਤ੍ਰਣ ਹੈ। ਇਨ੍ਹਾਂ ਕਿੱਸਾਕਾਰਾਂ ਉੱਪਰ ਵਿਗਿਆਨਕ ਯੁੱਗ ਦਾ ਕੋਈ ਬਹੁਤਾ ਅਸਰ ਨਹੀਂ ਹੈ।

(ਪੂਰਵ 1900 ਈ. ਤਕ) ਅਤੇ (1901-47 ਈ.) ਕਾਲ ਦੇ ਕਿੱਸਾ-ਕਾਵਿ ਦੇ ਵਿਵੇਚਨ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਦੋਹਾਂ ਕਾਲਾਂ ਦੇ ਕਿੱਸਾਕਾਰਾਂ ਨੇ ਪਰਾਸਰੀਰਕ ਸ਼ਕਤੀਆਂ ਦਾ ਵਰਣਨ ਕੀਤਾ ਹੈ। ਪਹਿਲੇ ਕਾਲ ਦੇ ਕਿੱਸਾਕਾਰਾਂ ਅਤੇ ਲੋਕਾਂ ਦੀ ਸੋਚ ਵਿਗਿਆਨਕ ਨਹੀਂ ਸੀ। ਉਨ੍ਹਾਂ ਦਾ ਕਰਾਮਾਤੀ ਸ਼ਕਤੀਆਂ ਵਿਚ ਵਿਕਾਸ ਹੋਣਾ ਕੁਦਰਤੀ ਸੀ। ਅਨੇਕਾਂ ਪਰਾਸਰੀਰਕ ਸ਼ਕਤੀਆਂ ਦਾ ਵਰਣਨ ਸਾਡੀਆਂ ਲੋਕ-ਕਥਾਵਾਂ ਵਿਚ ਆਮ ਮਿਲਦਾ ਹੈ। ਭਾਵੇਂ ਇਨ੍ਹਾਂ ਪਰਾਸਰੀਰਕ ਸ਼ਕਤੀਆਂ ਦਾ ਮਨੁੱਖੀ ਜੀਵਨ ਦੇ ਯਥਾਰਥ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੈ ਪਰ ਫਿਰ ਵੀ ਇਹ ਲੋਕ ਵਿਸ਼ਵਾਸਾਂ ਦਾ ਅੰਗ ਬਣ ਚੁੱਕੀਆਂ ਸਨ। ਲੋਕ ਵਿਸ਼ਵਾਂਸਾਂ ਨੂੰ ਕਿੱਸਾਕਾਰਾਂ ਨੇ ਕਿੱਸਿਆਂ ਵਿਚ ਵਰਣਨ ਕੀਤਾ ਹੈ। ਪਰਾਸਰੀਰਕ ਘਟਨਾਵਾਂ ਨੂੰ ਕਿੱਸਿਆਂ ਵਿਚ ਚਿਤ੍ਰਤ ਕਰਕੇ ਇਨ੍ਹਾਂ ਨੂੰ ਵਧੇਰੇ ਰੌਚਿਕ ਬਣਾਇਆ ਗਿਆ।

ਵੀਹਵੀ ਸਦੀ (1901-47 ਈ.) ਵਿਚ ਮਨੁੱਖੀ ਸੋਚ ਵਿਗਿਆਨਕ ਹੋ ਗਈ ਹੈ। ਵਿਗਿਆਨ ਨੇ ਬਹੁਤ ਸਾਰੀਆਂ ਹੈਰਾਨ ਕਰਨ ਵਾਲੀਆਂ ਕਾਢਾਂ ਕੱਢ ਲਈਆਂ ਹਨ। ਪੱਛਮੀ ਪ੍ਰਭਾਵ ਨਾਲ ਇਨ੍ਹਾਂ ਵਿਗਿਆਨਕ ਕਾਢਾਂ ਦਾ ਪੰਜਾਬੀ ਜੀਵਨ 'ਤੇ ਵੀ ਪ੍ਰਭਾਵ ਪਿਆ। ਲੋਕਾਂ ਦਾ ਪਰਾਸਰੀਰਕ ਸ਼ਕਤੀਆਂ ਵਿਚ ਵਿਸ਼ਵਾਸ ਘੱਟਣ ਲੱਗਾ। ਪੜ੍ਹੀ ਲਿਖੀ ਪਾਠਕ ਸ਼੍ਰੇਣੀ ਨੇ ਇਨ੍ਹਾਂ ਉੱਪਰ ਕਿੰਤੂ ਕਰਨਾ ਸ਼ੁਰੂ ਕਰ ਦਿੱਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰ ਇਸ ਕਾਲ ਦੇ ਕਿੱਸਾਕਾਰਾਂ ਉੱਪਰ ਵਿਗਿਆਨ ਦਾ ਕੋਈ ਅਸਰ ਨਹੀਂ ਹੈ। ਇਸ ਲਈ ਉਨ੍ਹਾਂ ਨੇ ਪਹਿਲੇ ਕਿੱਸਾਕਾਰਾਂ ਦੀਆਂ ਲੀਹਾਂ 'ਤੇ ਚਲਦੇ ਹੋਏ ਪਰਾਸਰੀਰਕ ਸ਼ਕਤੀਆਂ ਦਾ ਚਿਤ੍ਰਣ ਕੀਤਾ ਹੈ। ਭਾਵੇਂ ਸਾਡੇ ਨਿੱਜੀ ਜੀਵਨ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ ਪਰ ਫਿਰ ਵੀ ਕਿੱਸਿਆਂ ਵਿਚ ਇਸ ਦੀ ਬਹੁਤਾਤ ਹੈ।

ਕਵਿਉਵਾਚ ਤੇ ਸਦਾਚਾਰਕ ਅੰਸ਼

ਸਦਾਚਾਰ ਮਨੁੱਖ ਦੀ ਆਤਮਾ ਹੈ। ਇਹ ਮਨੁੱਖਤਾ ਦੀ ਚੇਤਨਾ ਦਾ ਭਾਗ ਹੈ। ਸਦਾਚਾਰ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਰਿਹਾ ਹੈ। ਕਿੱਸਾਕਾਰ ਨੇ ਕਿੱਸਿਆਂ ਵਿਚ ਕਵਿਉਵਾਚ ਰਾਹੀਂ ਸਦਾਚਾਰਕ ਸਿੱਖਿਆ ਦਿੱਤੀ ਹੈ। ਕਿੱਸੇ ਭਾਵੇਂ ਪ੍ਰੇਮ-ਮਈ ਸਨ ਜਾਂ ਸਦਾਚਾਰਕ ਜਾਂ ਧਾਰਮਿਕ, ਉਨ੍ਹਾਂ ਨੇ ਸਦਾਚਾਰਕ ਪੱਖ ਦਾ ਚਿਤ੍ਰਣ ਕੀਤਾ ਹੈ। ਕਈ ਵਾਕਾਂ ਵਿਚ ਅਟੱਲ ਸਚਾਈਆਂ ਦਾ ਵਰਣਨ ਹੈ ਜੋ ਜੁਗੋ ਜੁਗ ਅਟੱਲ ਵਾਕ ਹਨ। ਦਮੋਦਰ, ਮੁਕਬਲ, ਵਾਰਿਸ, ਹਾਸ਼ਮ, ਭਗਵਾਨ ਸਿੰਘ ਆਦਿ ਦੇ ਕਿੱਸਿਆਂ ਵਿਚ ਕਵਿਉਵਾਚ ਰਾਹੀਂ ਅਨੇਕਾਂ ਸਦਾਚਾਰਕ ਅਤੇ ਅਟੱਲ ਸਚਾਈਆਂ ਦਾ ਵਰਣਨ ਹੈ। ਵਾਰਿਸ ਦੀਆਂ ਕੁਝ ਪੰਗਤੀਆਂ ਵੇਖੋ :

> ਵਾਰਿਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ
> ਜ਼ਫ਼ਰ ਜਾਲ ਕੀ ਖੱਟਿਆ ਵੱਟਿਆ ਸੂ।

(ਪੰਨਾ 103)

ਪਹਿਲੇ ਕਿੱਸਾਕਾਰਾਂ ਨਾਲੋਂ ਪਿਛਲੇਰੇ ਕਿੱਸਾਕਾਰਾਂ ਨੇ ਵਧੇਰੇ ਸਦਾਚਾਰਕ ਕਦਰਾਂ ਕੀਮਤਾਂ ਦਾ ਵਰਣਨ ਕੀਤਾ ਹੈ। ਇਸ ਸਮੇਂ ਧਾਰਮਿਕ ਪੁਨਰ ਜਾਗ੍ਰਤੀ ਦੀਆਂ ਲਹਿਰਾਂ ਦਾ ਜ਼ੋਰ ਹੈ। ਜਦੋਂ ਅੰਗਰੇਜ਼ਾਂ ਨੇ ਭਾਰਤ 'ਤੇ ਪੂਰੀ ਤਰ੍ਹਾਂ ਨਿਅੰਤਰਣ ਕਰ ਲਿਆ ਅਤੇ ਰਾਜਸੀ ਸ਼ਕਤੀ ਆਪਣੇ ਹੱਥਾਂ ਵਿਚ ਲੈ ਲਈ, ਤਾਂ ਲੋਕੀਂ ਰਾਜਸੀ ਸ਼ਕਤੀ ਗੁਆ ਕੇ ਨਿਰਾਸ਼ਾਵਾਦੀ ਬਣ ਗਏ। ਉਨ੍ਹਾਂ ਨੇ ਧਰਮ ਤੇ ਸਦਾਚਾਰ ਦੀ ਸ਼ਰਨ ਲਈ। ਜੋ ਲੋਕ ਅੰਗਰੇਜ਼ਾਂ ਦੀ ਰਾਜਨੀਤਿਕ ਤਾਕਤ ਦਾ ਦਾਬਾ ਮੰਨਣ 'ਤੇ ਮਜ਼ਬੂਰ ਹੋ ਗਏ ਸਨ, ਉਹ ਹੁਣ ਆਮ ਲੋਕਾਂ ਅੱਗੇ ਆਪਣੇ ਧਰਮ ਨੂੰ ਈਸਾਈ ਧਰਮ ਨਾਲੋਂ ਸ਼੍ਰੇਸਟ ਸਿੱਧ ਕਰਨਾ ਚਾਹੁੰਦੇ ਸਨ। ਸਿੰਘ ਸਭਾ, ਆਰੀਆ ਸਮਾਜ ਲਹਿਰਾਂ ਆਦਿ ਈਸਾਈ ਧਰਮ ਦੇ ਪ੍ਰਚਾਰ ਨੂੰ ਰੋਕਣ ਲਈ ਯਤਨਸ਼ੀਲ ਹੋਈਆਂ।

ਸਾਧੂ ਦਯਾ ਸਿੰਘ ਆਰਿਫ਼, ਪੰਡਿਤ ਕਾਲੀ ਦਾਸ, ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ ਆਦਿ ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਕਿੱਸਾਕਾਰ ਹਨ। ਇਨ੍ਹਾਂ ਨੇ ਮਨੁੱਖੀ ਆਦਰਸ਼ ਨੂੰ ਉਚਿਆਣ ਤੇ ਉਹਦੇ ਸਦਾਚਾਰਕ ਪੱਖ ਨੂੰ ਮਜ਼ਬੂਤ ਕਰਨ ਲਈ ਕਿੱਸਿਆਂ ਵਿਚ ਥਾਂ ਥਾਂ ਸਦਾਚਾਰਕ ਉਪਦੇਸ਼ ਕੀਤੇ ਹਨ। ਸਦਾਚਾਰਕ ਉੱਚਤਾ ਦੀ ਨੀਂਹ ਸੱਚ ਉੱਤੇ ਆਧਾਰਿਤ ਹੈ। ਕਾਰ-ਵਿਹਾਰ ਵਿਚ ਸੱਚ, ਗੱਲ-ਕਥ ਵਿਚ ਸੱਚ ਅਤੇ ਦੈਨਿਕ ਵਿਚਰਣ ਵਿਚ ਸੱਚ ਦੀ ਬਹੁਤ ਆਵੱਸ਼ਕਤਾ ਹੈ। ਇਨ੍ਹਾਂ ਕਿੱਸਾਕਾਰਾਂ ਨੇ ਕੂੜੀ ਵੇਚਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿੰਦਾ ਅਦੇ ਹੋਰ ਅਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ ਹਨ । ਉਨ੍ਹਾਂ ਨੇ ਲੋਕਾਂ ਨੂੰ ਭੇੜੀਆਂ ਵਾਦੀਆਂ ਛੱਡ ਕੇ ਨੇਕ ਕਰਮ ਕਰਨ ਲਈ ਆਖਿਆ ।

ਵੀਹਵੀਂ ਸਦੀ (1901–47 ਈ.) ਦੇ ਕਿੱਸੇ 'ਭਰਥਰੀ ਹਰੀ', 'ਗੋਪੀ ਚੰਦ', 'ਰਾਜਾ ਰਸਾਲੂ', 'ਕਿਹਰ ਸਿੰਘ ਦੀ ਮੌਤ', 'ਕਰਤਾਰੋਜ ਮੀਤਾ', 'ਸ਼ਾਮੋ ਨਾਰ', 'ਰੂਪ ਬਸੰਤ', 'ਜ਼ਿੰਦਗੀ ਬਿਲਾਸ', 'ਸਪੁੱਤਰ ਬਿਲਾਸ' ਵਿਚ ਸਦਾਚਾਰਕ ਕਦਰਾਂ-ਕੀਮਤਾਂ ਦਾ ਵਰਣਨ ਹੈ । ਮਨੁੱਖ ਨੂੰ ਨੇਕ ਅਮਲ ਕਰਨ ਅਤੇ ਖ਼ੁਦੀ ਹੰਕਾਰ ਨੂੰ ਮਰਨ ਲਈ ਕਿਹਾ ਗਿਆ ਹੈ । 'ਕਵੀ ਜਿਥੇ ਸਵੈ ਆਤਮਾ ਨੂੰ ਚਿਤਰਦਾ ਹੈ ਉਥੇ ਉਸ ਦੀ ਅਨਾਮਤਾ ਦਾ ਕਾਵਿ ਸਿਰਜਨ ਵੀ ਕਰਦਾ ਹੈ । ਉਸ ਦੀ ਕਲਪਨਾ, ਮਨੋਭਾਵ ਤੇ ਅਨੁਭਵ ਉਸ ਦੀ ਕਾਵਿ ਕਿਰਤ ਨੂੰ ਸਾਰਥਿਕ ਬਣਾਉਂਦੇ ਰਹਿੰਦੇ ਹਨ । ਅਜੇਹੀ ਕਾਵਿ-ਕਿਰਤ ਵਿਚ ਸਥਾਨਕ ਮੁੱਲ ਤੇ ਪਰੰਪਰਾਗਤ ਤੱਤ ਸ਼ਾਮਲ ਹੋ ਜਾਂਦੇ ਹਨ । ਜੋ ਨਿਰੰਤਰ ਲੋਕਾਂ ਲਈ ਵਿਸ਼ਵਾਸ ਅਤੇ ਮੁੱਲ-ਵਿਧਾਨ ਦਾ ਕਾਰਜ ਕਰਦੇ ਰਹਿੰਦੇ ਹਨ । ਕਵਿਤਾ ਵਿਚ ਸਹਿਜੇ ਹੀ ਅਮਰ ਤੁੱਕਾਂ ਤੇ ਅਟੱਲ ਸਚਾਈਆਂ ਵਿਦਵਾਨ ਹੋ ਜਾਂਦੀਆਂ ਹਨ । ਚਿਰੰਜੀਵ ਅਨੁਭਵ ਦਿਲ 'ਤੇ ਅਮਿੱਟ ਛਾਪ ਛੱਡ ਜਾਂਦੇ ਹਨ ! ਇਹ ਵਿਚਾਰ ਲੋਕਾਂ ਦੇ ਮਨੋਭਾਵਾਂ ਦੀ ਤਰਜਮਾਨੀ ਕਰਦੇ ਹਨ ।'[13]

ਛੰਦ ਵਿਧਾਨ

ਪੰਜਾਬੀ ਕਿੱਸਾ-ਕਾਵਿ ਛੰਦ ਵਿਧਾਨ ਦੀ ਦ੍ਰਿਸ਼ਟੀ ਤੋਂ ਬੜਾ ਅਮੀਰ ਹੈ । ਇਸ ਵਿਚ ਕਈ ਪ੍ਰਕਾਰ ਦੇ ਛੰਦ ਵਰਤੇ ਗਏ ਹਨ । ਕਿੱਸਾਕਾਰਾਂ ਨੇ ਪੰਜਾਬੀ ਛੰਦਾਂ ਅਤੇ ਸ਼ਾਸਤਰੀ ਛੰਦਾਂ ਦੀ ਵਰਤੋਂ ਕੀਤੀ ਹੈ । ਸਮੇਂ ਸਮੇਂ ਬਦਲਤੀਆਂ ਪਰਿਸਥਿਤੀਆਂ ਅਤੇ ਪ੍ਰਵਿਰਤੀਆਂ ਨਾਲ ਹਰ ਸਮੇਂ ਵੱਖੋ ਵੱਖਰੇ ਛੰਦ ਪ੍ਰਚਲਿਤ ਰਹੇ ਹਨ । ਪੂਰਵ 1901–47 ਈ. ਕਾਲ ਵਿਚ ਬੈਂਤ ਛੰਦ ਸਭ ਤੋਂ ਵੱਧ ਵਰਤਿਆ ਗਿਆ । 1901–47 ਈ. ਕਾਲ ਵਿਚ ਕਬਿੱਤ ਅਤੇ ਕੋਰੜੇ ਛੰਦ ਦੀ ਵਰਤੋਂ ਹੋਈ ਹੈ । ਪਹਿਲੇ ਕਾਲ ਵਿਚ ਕਿੱਸੇ ਦੀ ਰਚਨਾ ਇਕੋ ਛੰਦ ਵਿਚ ਕੀਤੀ ਗਈ ਹੈ । ਦਮੋਦਰ ਦੀ ਹੀਰ ਦਵਈਆ ਛੰਦ ਵਿਚ ਹੈ । ਹਾਫ਼ਿਜ਼ ਬਰਖ਼ੁਰਦਾਰ, ਵਾਰਿਸ, ਅਹਿਮਦਯਾਰ ਆਦਿ ਕਿੱਸਾਕਾਰਾਂ ਨੇ ਬੈਂਤ ਛੰਦ ਵਿਚ ਕਿੱਸੇ ਦੀ ਰਚਨਾ ਕੀਤੀ ਹੈ ।

ਪਰ ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਕਿੱਜਾਕਾਰਾਂ ਨੇ ਇਕ ਕਿੱਸੇ ਵਿਚ ਵੱਖੋ ਵੱਖ ਛੰਦ ਵਰਤੇ ਹਨ । ਇਸ ਦਾ ਮੁੱਖ ਕਾਰਣ ਇਹ ਹੈ ਕਿ 1901–47 ਈ. ਵਿਚ ਕਿੱਜਾਕਾਰ ਅਤੇ ਕਵੀਸ਼ਰੀ ਆਪਸ ਵਿਚ ਰਲ ਮਿਲ ਗਈਆਂ ਹਨ । ਇਨ੍ਹਾਂ ਕਿੱਸਿਆਂ ਨੂੰ ਅਖਾੜਿਆਂ ਵਿਚ ਉੱਚੀ ਆਵਾਜ਼ ਵਿਚ ਗਾਇਆ ਜਾਂਦਾ ਸੀ । ਸਰੋਤੇ ਇਕੋ ਛੰਦ ਨੂੰ ਸੁਣ ਕੇ ਉਕਤਾ ਜਾਂਦੇ ਸਨ । ਉਨ੍ਹਾਂ ਦੇ ਸੁਹਜ ਸੁਆਦ ਅਤੇ ਰੌਚਕਤਾ ਲਈ ਭਿੰਨ ਭਿੰਨ ਛੰਦ ਵਰਤੇ ਜਾਂਦੇ ਸਨ ਤਾਂ ਜੋ ਉਹ ਕਿੱਸੇ ਦਾ ਆਨੰਦ ਲਗਾਤਾਰ ਮਾਣਦੇ ਰਹਿ ਸਕਣ । ਕਾਲੀ ਦਾਸ, ਦੌਲਤ ਰਾਮ, ਪੰਡਿਤ ਕਿਸ਼ੋਰ ਚੰਦ, ਪੂਰਨ ਰਾਮ ਕਿਸ਼ਨਗੜ੍ਹੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੀਟਾ ਦੀਨ ਆਦਿ ਕਿੱਸਾਕਾਰਾਂ ਨੇ ਭਿੰਨ ਭਿੰਨ ਛੰਦਾਂ ਦੀ ਵਰਤੋਂ ਕੀਤੀ ਹੈ। ਰੀਟਾ ਦੀਨ 'ਸੁੱਚਾ ਸਿੰਘ ਸੂਰਮਾ' ਵਿਚ ਦੋਹਿਰਾ, ਕਬਿੱਤ, ਦੋ ਭਾਗ ਛੰਦ ਆਦਿ ਦੀ ਵਰਤੋਂ ਕਰਦਾ ਹੈ।

ਕਿੱਸਾਕਾਰਾਂ ਨੇ ਵਰਣਕ ਅਤੇ ਮਾਤ੍ਰਿਕ ਦੋਹਾਂ ਪ੍ਰਕਾਰਾਂ ਦੇ ਛੰਦਾਂ ਦੀ ਵਰਤੋਂ ਕੀਤੀ ਹੈ। ਬੈਂਤ ਇਕ ਅਜੇਹਾ ਛੰਦ ਹੈ ਜਿਸ ਦੀ ਸਭ ਤੋਂ ਜ਼ਿਆਦਾ ਕਿੱਸਿਆਂ ਵਿਚ ਵਰਤੋਂ ਕੀਤੀ ਗਈ ਹੈ। ਕਥਾ-ਕਾਵਿ ਲਈ ਬੈਂਤ ਬਹੁਤ ਉਪਯੋਗੀ ਸਿੱਧ ਹੋਇਆ ਹੈ। ਪੰਜਾਬੀ ਕਿੱਸਾ-ਕਾਵਿ ਵਿਚ ਸਭ ਤੋਂ ਪਹਿਲਾਂ ਅਹਿਮਦ ਗੁਜਰ ਨੇ ਬੈਂਤ ਛੰਦ ਦੀ ਵਰਤੋਂ ਕੀਤੀ। ਉਸ ਦੇ ਬੈਂਤ ਛੰਦ ਵਿਚ ਜੋ ਤਰੁੱਟੀਆਂ ਰਹਿ ਗਈਆਂ ਸਨ, ਉਨ੍ਹਾਂ ਨੂੰ ਮੁਕਬਲ ਅਤੇ ਵਾਰਿਸ ਨੇ ਦੂਰ ਕੀਤਾ। ਪਰ ਬੈਂਤ ਛੰਦ ਵਿਚ ਸਭ ਤੋਂ ਵੱਧ ਸਫਲਤਾ ਵਾਰਿਸ ਨੂੰ ਪ੍ਰਾਪਤ ਹੋਈ। ਬਨਾਰਸੀ ਦਾਸ ਜੈਨ ਅਨੁਸਾਰ :

> ਹੀਰ ਵਾਰਿਸ ਦੇ ਸੁਆਦਲੀ ਤੇ ਹਰਮਨ ਪਿਆਰੀ ਹੋਣ ਦਾ ਦੂਜਾ ਸਬੱਬ ਇਹ ਪਈ ਇਹ ਬੈਂਤਾਂ ਵਿਚ ਬਣਾਈ ਗਈ ਹੈ। ਹਰ ਇਕ ਬੈਂਤ ਦੀਆਂ ਦੋ ਤੁੱਕਾਂ ਜਾਂ ਮਿਸਰੇ ਹਨ। ਹਰ ਇਕ ਮਿਸਰੇ ਵਿਚ ਮਾਤਰਾ ਦੀ ਗਿਣਤੀ ਚਾਲ੍ਹੀ ਹੈ ਜੋ ਵੀਹ ਵੀਹ ਮਾਤਰਾਂ ਦੇ ਦੋ ਟੁਕੜਿਆਂ ਵਿਚ ਵੰਡਿਆ ਹੋਇਆ ਹੈ। ਹਰ ਇਕ ਟੁਕੜੇ ਦੀਆਂ ਅਖ਼ੀਰਲੀਆਂ ਸਭ ਮਾਤਰਾਂ ਦੇ ਚਾਰ ਅੱਖਰ, ਗੁਰੁ, ਲਘੂ, ਗੁਰੂ, ਗੁਰੂ, ਹੁੰਦੇ ਹਨ। ਬੈਂਤ ਦੇ ਦੋਵੇਂ ਮਿਸਰੇ ਅਤੇ ਟੁਕੜੇ ਤੁਕਾਂਤ-ਮਿਲਵੇਂ ਹੁੰਦੇ ਹਨ ਅਤੇ ਅਖ਼ੀਰੀ ਦੋ ਤਿੰਨ ਹਰਫ਼ ਉਹੋ ਰਹਿੰਦੇ ਹਨ। ਆਪਣੇ ਅਖੀਰੀ ਚਾਰ ਅੱਖਰਾਂ ਸਦਕੇ ਹਰ ਇਕ ਮਿਸਰਾ ਅਤੇ ਟੁਕੜਾ ਖ਼ੂਬ ਲਮਕਾਇਆ ਜਾ ਸਕਦਾ ਹੈ।[14]

ਪੰਡਿਤ ਕਿਸ਼ੋਰ ਚੰਦ, ਵਿਧਾਤਾ ਸਿੰ ਤੀਰਥ, ਪੂਰਨ ਰਾਮ ਆਦਿ ਨੇ ਬੈਂਤ ਛੰਦ ਵਰਤਿਆ ਹੈ। ਪਰ ਉਨ੍ਹਾਂ ਦੇ ਬੈਂਤ ਛੰਦ ਵਿਚ ਉਹ ਲੈਅ ਅਤੇ ਰਵਾਨਗੀ ਨਹੀਂ ਹੈ ਜੋ ਵਾਰਿਸ ਦੇ ਬੈਂਤ ਵਿਚ ਹੈ। ਇਸ ਦਾ ਕਾਰਣ ਵਾਰਿਸ ਦਾ ਸ਼ਬਦ-ਚਿਤ੍ਰਣ ਅਤੇ ਸ਼ਬਦਾਂ ਦੀ ਜੜ੍ਹਤ ਠੀਕ ਥਾਂ ਕਰਨੀ ਹੈ। ਪਿਛਲੇਰੇ ਕਿੱਸਾਕਾਰਾਂ ਨੇ ਬੈਂਤ ਛੰਦ ਦੇ ਹੋਰ ਵੀ ਨਾਂ ਰੱਖੇ ਹਨ ਜਿਵੇਂ ਬੰਸੀਵਾਲਾ ਇਸ਼ ਨੂੰ 'ਝੂਲਨਾ ਛੰਦ' ਆਖਦਾ ਹੈ। ਮਾਨ ਸਿੰਘ 'ਬਿਜੈ ਦੰਡਕ ਛੰਦ', ਜਗਤ ਸਿੰਘ ਇਸ ਨੂੰ 'ਪੁਕਾਰ ਛੰਦ' ਆਖਦਾ ਹੈ। ਬੈਂਤ ਦਾ ਉਹੋ ਨਾਂ ਇਨ੍ਹਾਂ ਕਿੱਸਾਕਾਰਾਂ ਨੇ ਰੱਖ ਦਿਤਾ ਜਿਸ ਤਰ੍ਹਾਂ ਦੀ ਚਾਲ ਦਾ ਵਰਣਨ ਇਨ੍ਹਾਂ ਨੇ ਕਰਨਾ ਹੁੰਦਾ ਹੈ, ਜੇ ਉਨ੍ਹਾਂ ਪੰਗਤੀਆਂ ਵਿਚ ਪ੍ਰਾਰਥਨਾ ਕੀਤੀ ਹੁੰਦੀ ਤਾਂ 'ਪੁਕਾਰ ਛੰਦ' ਆਖ ਦਿੱਤਾ।

ਪਹਿਲੇ ਕਾਲ ਦੇ ਕਿੱਸਾਕਾਰਾਂ ਨੇ ਦਵੱਯਾ ਛੰਦ ਦੀ ਵਰਤੋਂ ਵੀ ਕੀਤੀ ਹੈ। ਦਮੋਦਰ ਨੇ ਹੀਰ ਦਵੱਯਾ ਛੰਦ ਵਿਚ ਲਿਖੀ ਸੀ। ਪਿਛਲੇਰੇ ਕਿੱਸਾਕਾਰਾਂ ਨੇ ਇਸ ਛੰਦ ਦੀ ਵਰਤੋਂ ਕੀਤੀ ਹੈ ਪਰ ਉਨ੍ਹਾਂ ਨੇ ਇਸ ਦੇ ਭਿੰਨ ਭਿੰਨ ਨਾਂ ਰੱਖ ਲਏ, ਜਿਵੇਂ ਮਿੱਤ ਸਿੰਘ ਇਸ ਨੂੰ 'ਦੱਵੀਆ' ਛੰਦ' ਆਖਦਾ ਹੈ। ਨੰਦ ਸਿੰਘ 'ਲਲਿਤ ਪਦ ਛੰਦ' ਆਖਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਵਾਨ ਸਿੰਘ ਨੇ ਕਬਿੱਤ ਦੀ ਵਰਤੋਂ ਕੀਤੀ ਹੈ। ਉਸ ਦੇ ਕਬਿੱਤ ਮਾਲਵੇ ਵਿਚ ਹੀਰ ਵਾਰਿਸ ਦੇ ਬੈਂਤਾਂ ਵਾਂਗ ਪ੍ਰਸਿੱਧ ਹੋਏ ਹਨ। ਕਿੱਸਾਕਾਰ ਕਾਲੀ ਦਾਸ, ਕਿਸ਼ੋਰ ਚੰਦ, ਪੂਰਨ ਰਾਮ, ਰਾਮ ਸਿੰਘ ਆਦਿ ਨੇ ਕਬਿੱਤ ਛੰਦ ਦਾ ਪ੍ਰਯੋਗ ਕੀਤਾ ਹੈ ਪਰ ਉਨ੍ਹਾਂ ਦੇ ਕਬਿੱਤ ਭਗਵਾਨ ਸਿੰਘ ਜਿੰਨੇ ਹਰਮਨ ਪਿਆਰੇ ਨਾ ਹੋ ਸਕੇ। ਕਿੱਸਾਕਾਰਾਂ ਨੇ ਕਬਿੱਤ ਦੇ ਹੋਰ ਨਾਮ ਵੀ ਰਖ ਹਨ, ਜਿਵੇਂ 'ਰੇਖਤਾ ਛੰਦ', 'ਤ੍ਰੈਪਦੀ ਛੰਦ', 'ਮਿਰਗ ਚਾਲ ਛੰਦ', 'ਪਿਛਾਂਹ ਝਾਕਣਾ ਕਬਿੱਤ', 'ਲੋਟਨ ਚੋਰ ਛੰਦ', 'ਸ਼ਿੰਗਾਰ ਆਵਲੋਕਨ ਕਬਿੱਤ' ਆਦਿ।

ਕਿੱਸਾਕਾਰਾਂ ਅਤੇ ਕਵੀਸ਼ਰਾਂ ਦਾ ਕੋਰੜਾ ਛੰਦ ਹਰਮਨ ਪਿਆਰਾ ਸੀ। ਕਵੀਸ਼ਰਾਂ ਨੂੰ ਕੋਰੜਾ ਛੰਦ ਗਾਉਣ ਲਈ ਵਧੇਰੇ ਠੀਕ ਬੈਠਦਾ ਸੀ। ਕਿੱਸਾਕਾਰਾਂ ਨੇ ਹੋਰ ਬਹੁਤ ਸਾਰੇ ਛੰਦ ਵੀ ਵਰਤੇ ਹਨ। ਜਿਵੇਂ ਦੋਤਾਰਾ ਛੰਦ, ਚੌਪਈ, ਕੁੰਡਲੀਆ ਛੰਦ, ਸੱਦ, ਪਉੜੀ ਛੰਦ, ਕਾਫ਼ੀਆਂ, ਚਿਤਰਕਲਾ ਛੰਦ, ਦੋਫਿਰਨੀ ਛੰਦ, ਕਮਾਣੀ ਛੰਦ, ਔੜਾ ਛੰਦ, ਝੋਕ ਛੰਦ, ਬਹੱਤਰ ਕਲਾ ਛੰਦ, ਬਿਲਾਸ ਛੰਦ, ਮਨੋਉਕਤ ਛੰਦ ਆਦਿ ਅਨੇਕਾਂ ਛੰਦਾਂ ਦਾ ਕਿੱਸਿਆਂ ਵਿਚ ਪ੍ਰਯੋਗ ਕੀਤਾ ਹੈ।

ਭਾਵੇਂ ਕਿੱਸਾਕਾਰਾਂ ਨੇ ਕਈ ਛੰਦ ਵਰਤੇ ਹਨ ਪਰ ਕਿੱਸਾ-ਕਾਵਿ ਦੀ ਜੋ ਪ੍ਰਸਿੱਧੀ ਬੈਂਤ ਛੰਦ ਦੇ ਹਰਮਨ ਪਿਆਰੇ ਹੋਣ ਕਾਰਣ ਹੋਈ ਹੈ, ਹੋਰ ਕਿਸੇ ਛੰਦ ਕਾਰਣ ਨਹੀਂ ਹੋਈ ਹੈ। ਬਹੁਤ ਸਾਰੇ ਕਿੱਸਾਕਾਰਾਂ ਨੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ ਪਰ ਬੈਂਤ ਛੰਦ ਵਿਚ ਉਹ ਰਵਾਨਗੀ ਨਹੀਂ ਲਿਆ ਸਕੇ ਜੋ ਵਾਰਿਸ ਦੇ ਬੈਂਤਾਂ ਵਿਚ ਹੈ। ਵਾਰਿਸ ਨੇ ਭਾਸ਼ਾ ਸੂਖਮ ਅਤੇ ਸਰਲ ਵਰਤੀ, ਜੋ ਸੋਤਿਆਂ ਅਤੇ ਪਾਠਕਾਂ ਨੂੰ ਕੀਲ ਲੈਂਦੀ ਹੈ। ਬੈਂਤ ਵਿਚ ਉਹ ਵਹਾਉ ਹੈ ਜੋ ਆਪਣੇ ਆਪ ਸ੍ਰੋਤੇ ਨੂੰ ਪ੍ਰਭਾਵਿਤ ਕਰਦਾ ਹੈ। ਸ਼ਬਦਾਂ ਦੀ ਸੂਖਮਤਾ ਕਾਰਣ ਗਾਇਨ ਕਰਨ ਵਾਲਾ, ਸੌਖੀ ਤਰ੍ਹਾਂ ਰਸ ਮਾਣ ਸਕਦਾ ਹੈ। ਇਹੋ ਕਾਰਣ ਹੈ ਕਿ ਵਾਰਿਸ ਦਾ ਕਿੱਸਾ ਲੋਕੀਂ ਘੱਟਿਆਂ ਬੱਧੀ ਸੁਣਦੇ ਰਹਿੰਦੇ ਸਨ।

ਪਿਛਲੇਰੇ ਕਾਲ ਦੇ ਕਿੱਸਾਕਾਰਾਂ ਨੇ ਇਕੋ ਕਿੱਸੇ ਵਿਚ ਭਿੰਨ ਭਿੰਨ ਛੰਦ ਵਰਤਣ ਦਾ ਪ੍ਰਯੋਗ ਕੀਤਾ, ਪਰ ਇਹ ਭਿੰਨ ਭਿੰਨ ਛੰਦ ਵੀ ਸ੍ਰੋਤਿਆਂ ਦੀ ਸੰਤੁਸ਼ਟੀ ਉਸ ਤਰ੍ਹਾਂ ਨਾ ਕਰ ਸਕੇ ਜਿਸ ਤਰ੍ਹਾਂ ਮੁਕਬਲ ਜਾਂ ਵਾਰਿਸ ਦਾ ਬੈਂਤ ਛੰਦ ਕਰਦਾ ਸੀ। ਪਰ ਕਿੱਸਾਕਾਰਾਂ ਦੁਆਰਾਂ ਛੰਦਾਂ ਵਿਚ ਕੀਤੇ ਪ੍ਰਯੋਗ ਵੀ ਕਿੱਸਾ-ਕਾਵਿ ਦੀ ਢਹਿੰਦੀ ਕਲਾ ਨੂੰ ਰੋਕ ਨਾ ਸਕੇ। ਭਾਵੇਂ ਇਨ੍ਹਾਂ ਕਿੱਸਾਕਾਰਾਂ ਨੇ ਭਿੰਨ ਭਿੰਨ ਛੰਦ ਪ੍ਰਯੋਗ ਕਰਨ ਦੇ ਪ੍ਰਯੋਗ ਕੀਤੇ ਪਰ ਇਨ੍ਹਾਂ ਨੂੰ ਪ੍ਰਵੀਨਤਾ ਕਿਸੇ ਇਕ ਛੰਦ ਵਿਚ ਵੀ ਨਾ ਮਿਲ ਸਕੀ। ਕਿੱਸਾ-ਕਾਵਿ ਵਿਚ ਜਿੰਨਾ ਬੈਂਤ ਛੰਦ ਮਕਬੂਲ ਹੋਇਆ ਓਨੀ ਪ੍ਰਧਾਨਤਾ ਹੋਰ ਕੋਈ ਛੰਦ ਨਾ ਲੈ ਸਕਿਆ।

ਅਲੰਕਾਰ ਵਿਧਾਨ

ਅਲੰਕਾਰ ਕਵਿਤਾ ਦੀ ਜਿੰਦ-ਜਾਨ ਹੁੰਦੇ ਹਨ। ਜਜ਼ਬਾ, ਕਲਪਨਾ ਨੂੰ ਹਲੂਣਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤਾਂ ਕਲਪਨਾ ਢੁਕਵੇਂ ਚਿੱਤਰ ਤੇ ਬਿੰਬ ਇਮੇਜ ਸੁਝਾਂਦੀ ਹੈ ਜਿਨ੍ਹਾਂ ਦੇ ਪ੍ਰਗਟਾ ਨਾਲ ਕਵੀ ਦੇ ਭਾਵ ਮੂਰਤੀਮਾਨ ਹੁੰਦੇ ਹਨ।[15] ਜਿਹੜੇ ਮਨੁੱਖੀ ਅਨੁਭਵ ਕਲਮ ਜਾਂ ਵਿਚਾਰ ਦੀ ਬੁੱਧੀ ਦੀ ਪਕੜ ਵਿਚ ਨਹੀਂ ਆ ਸਕਦੇ, ਕਵਿਤਾ ਉਨ੍ਹਾਂ ਦੇ ਪ੍ਰਗਟਾਉ ਦਾ ਮਾਧਿਅਮ ਹੈ।[16] ਕਵੀ ਕਵਿਤਾ ਦੀ ਰਚਨਾ ਕਰਨ ਸਮੇਂ ਆਪਣੇ ਮਨੋਭਾਵ ਆਪਣੀ ਹੀ ਸ਼ੈਲੀ ਰਾਹੀਂ, ਨਵੇਂ ਤੋਂ ਨਵੇਂ ਢੰਗ ਰਾਹੀਂ ਅਦਭੁਤ ਬਣਾ ਕੇ ਪੇਸ਼ ਕਰਦਾ ਹੈ। ਕਵਿਤਾ ਅੱਖਰਾਂ ਤੋਂ ਬਣੇ ਸ਼ਬਦ ਤੇ, ਸ਼ਬਦਾਂ ਦੀ ਵਿਉਂਤਬੰਦੀ, ਉਨ੍ਹਾਂ ਦੀ ਚੋਣ, ਧੁਨੀ ਤੁਲਨਾ, ਅਰਥ ਤੇ ਭਾਵ ਅਜੇਹੇ ਸੰਗਠਨ ਰੂਪ ਵਿਚ, ਰਚਨਾ ਹੋ ਨਿਬੜਦੀ ਹੈ ਜਿਸ ਨੂੰ ਪੜ੍ਹ ਕੇ ਪਾਠਕਾਂ ਦਾ ਦਿਲ ਦਿਮਾਗ਼ ਅਨੰਦ ਪ੍ਰਾਪਤ ਕਰਦਾ ਹੈ। ਕਵਿਤਾ ਵਿਚ ਇਹ ਆਨੰਦ ਕਾਵਿ ਅਲੰਕਾਰਾਂ ਕਾਰਣ ਹੁੰਦਾ ਹੈ। ਕਵਿਤਾ ਕੁਝ ਅਲੰਕਾਰਾਂ ਦਾ ਸੰਗ੍ਰਹਿ ਮਾਤਰ ਹੀ ਨਹੀਂ, ਅਲੰਕਾਰ ਤਾਂ ਕਵਿਤਾ ਦੇ ਗੁਣਾਂ, ਭਾਵਾਂ ਤੇ ਅਰਥਾਂ ਨੂੰ ਉਜਾਗਰ ਕਰਦੇ ਹਨ। ਜੇ ਕਵਿਤਾ ਵਿਚ ਕਾਵਿ ਗੁਣ ਹੀ ਨਾ ਹੋਣ ਤਾਂ ਅਲੰਕਾਰ ਕਿਸ ਅਰਥ ਹਨ। ਅਲੰਕਾਰ ਨੂੰ ਸਾਹਿਤ ਦਾ ਸਭ ਕੁਝ ਮੰਨ ਲੈਣਾ ਸੀਮਿਤ ਗਿਆਨ ਦੀ ਨਿਸ਼ਾਨੀ ਹੈ। ਇਹ ਸਾਹਿਤ ਦਾ ਇਕ ਪਰਮ ਤੱਤ ਜ਼ਰੂਰ ਹੈ, ਸਭ ਕੁਝ ਨਹੀਂ।[17]

ਅਲੰਕਾਰ ਸਿਰਜਨਾ ਅਤੇ ਬਿੰਬਾਵਲੀ ਦੇ ਪੱਖ ਤੋਂ ਸਾਡੇ ਕਿੱਸਾਕਾਰ ਕਾਫ਼ੀ ਸੁਚੇਤ ਰਹੇ ਹਨ ਕਿਉਂਕਿ ਜਦੋਂ ਇਨ੍ਹਾਂ ਨੇ ਕਿੱਸੇ ਦੀ ਰਚਨਾ ਸ਼ੁਰੂ ਕੀਤੀ ਉਦੋਂ ਤਕ ਪੰਜਾਬੀ ਕਵਿਤਾ ਇਕ ਅਮੀਰ ਪਰੰਪਰਾ ਨੂੰ ਮਾਣ ਚੁੱਕੀ ਸੀ। ਸਾਡੀ ਅਲੰਕਾਰ ਪਰੰਪਰਾ ਚੋਖੀ ਮਾਣ ਕਰਨ ਯੋਗ ਹੈ। ਕਿੱਸਾਕਾਰਾਂ ਨੇ ਸਹਿਜ ਸੁਭਾ ਹੀ ਅਲੰਕਾਰਾਂ ਨੂੰ ਜਨਮ ਦਿੱਤਾ ਹੈ, ਸਿਰਫ਼ ਆਪਣੀ ਵਿਦਵਤਾ ਦਾ ਚਮਤਕਾਰ ਵਿਖਾਉਣ ਲਈ ਅਲੰਕਾਰ ਨਹੀਂ ਵਰਤੇ, ਸਗੋਂ ਇਹ ਤਾਂ ਕਿੱਸੇ ਦੇ ਸਾਹਿਤਕ ਪ੍ਰਭਾਵ ਨੂੰ ਦਰਸਾਉਂਦੇ ਹਨ।

ਕਿੱਸਾਕਾਰਾਂ ਨੇ ਬਹੁਤ ਸਾਰੇ ਅਲੰਕਾਰਾਂ ਦੀ ਸੁਚੱਜੀ ਵਰਤੋਂ ਕਰ ਕੇ ਆਪਣੇ ਕਿੱਸਿਆਂ ਦੇ ਸਾਹਿਤਕ ਪੱਖ ਨੂੰ ਵਧੇਰੇ ਉਜਾਗਰ ਕੀਤਾ ਹੈ। ਉਨ੍ਹਾਂ ਨੇ ਰੂਪਕ ਅਤੇ ਅਲੰਕਾਰ ਜਨ-ਜੀਵਨ ਵਿਚੋਂ ਲਏ ਹਨ। ਹਾਫ਼ਿਜ਼ ਬਰਖ਼ੁਰਦਾਰ, ਵਾਰਿਸ, ਹਾਸ਼ਮ, ਫ਼ਜ਼ਲ ਸ਼ਾਹ ਆਦਿ ਉੱਪਰ ਫ਼ਾਰਸੀ ਦਾ ਵਧੇਰੇ ਪ੍ਰਭਾਵ ਹੈ। ਉਨ੍ਹਾਂ ਫ਼ਾਰਸੀ ਤਸ਼ਬੀਹਾਂ ਵਰਤੀਆਂ ਹਨ। ਵਾਰਿਸ ਨੇ ਤਾਂ ਆਪਣੇ ਗਿਆਨ 'ਤੇ ਵਿਦਵਤਾ ਦੀ ਮੋਹਰ ਲਾਉਣ ਲਈ ਅਨੇਕਾਂ ਅਲੰਕਾਰ ਤੇ ਦ੍ਰਿਸ਼ਟਾਂਤ ਫ਼ਾਰਸੀ ਵਿਚੋਂ ਲਏ ਹਨ। ਇਨ੍ਹਾਂ ਨੂੰ ਸਮਝਣ ਲਈ ਪਾਠਕ ਨੂੰ ਕਾਫ਼ੀ ਮੁਸ਼ਕਲ ਆਉਂਦੀ ਹੈ, ਪਰ ਵਾਰਿਸ ਦੀ ਹੀਰ ਵਿਚ ਸੰਗੀਤਕ ਹੂਕ ਕਾਰਣ ਪਾਠਕ/ਸ੍ਰੋਤਾ ਇਸ ਦਾ ਆਨੰਦ ਮਾਣਦਾ ਹੈ।

ਮੁਕਬਲ ਨੇ ਪੰਜਾਬੀ ਕਿੱਸਾ-ਕਾਵਿ ਵਿਚ ਫ਼ਾਰਸੀ ਰੰਗ ਨੂੰ ਸਥਾਨਕ ਰੰਗਣ ਦੇ ਕੇ ਆਪਣੀ ਮੌਲਿਕਤਾ ਦੀ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਉਸ ਨੇ ਅਲੰਕਾਰ ਜੀਵਨ ਚੌਗਿਰਦੇ ਤੇ ਕੁਦਰਤ ਵਿਚੋਂ ਲਏ ਹਨ। ਕਈ ਤਾਂ ਪੁਰਾਣੇ ਤੇ ਫ਼ਾਰਸੀ ਵਲੋਂ ਲਏ ਹਨ ਤੇ ਕਈਆਂ ਵਿਚ ਮੌਲਿਕਤਾ ਵੀ ਵਿਖਾਈ ਦੇਂਦੀ ਹੈ। ਮੁਕਬਲ ਵਾਰਿਸ ਵਾਂਗੂੰ ਅਲੰਕਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਹੱਦ ਤੋਂ ਵਧ ਵਰਤੋਂ ਨਹੀਂ ਕਰਦਾ, ਸਿਰਫ਼ ਲੋੜ ਸਮੇਂ ਤੇ ਭਾਵਾਂ ਨੂੰ ਸਪੱਸ਼ਟ ਕਰਨ ਲਈ ਉਹ ਅਲੰਕਾਰ ਲਿਆਉਂਦਾ ਹੈ।[18]

ਵਾਰਿਸ ਦੀ ਰਚਨਾ ਵਿਚ ਅਲੰਕਾਰਾਂ ਦੀ ਨਿੱਕੀ ਨਿੱਕੀ ਫੁਹਾਰ ਵਰ੍ਹਦੀ ਹੈ। ਉਸ ਨੇ ਕਿੱਸੇ ਦੇ ਸਾਰੇ ਪਾਤਰਾਂ ਨੂੰ ਵਿਚਾਰਾਂ ਦੇ ਪ੍ਰਤੀਕ ਬਣਾ ਕੇ ਕਿੱਸਾਕਾਰੀ ਦੇ ਖੇਤਰ ਵਿਚ ਇਕ ਨਵੀਂ ਉਲਾਂਘ ਭਰੀ। ਚਿੰਨ੍ਹਵਾਦ ਅਲੰਕਾਰਾਂ ਦਾ ਹੀ ਸ੍ਰੇਸ਼ਟ ਰੂਪ ਹੈ। ਅਜੇਹੇ ਚਿੰਨ੍ਹਵਾਦ ਨੂੰ ਗੁਰੂ ਤੇ ਸੂਫ਼ੀ ਕਵੀ ਪਹਿਲਾਂ ਹੀ ਜਨਮ ਦੇ ਚੁੱਕੇ ਸਨ। ਵਾਰਿਸ ਇਕ ਸੁਚੇਤ ਕਲਾਕਾਰ ਸੀ। ਜਿਥੇ ਉਸ ਦੇ ਬਿੰਬ ਉਸ ਦੀ ਸਹਿਜ ਸੁਭਾਵੀ ਕਾਵਿ-ਕਲਾ ਦੇ ਲਖਾਇਕ ਹਨ, ਉਥੇ ਉਸ ਦੇ ਯਤਨ ਨਾਲ ਸਿਰਜੇ ਬਿੰਬ ਉਸ ਦੀ ਵਿਦਵਤਾ, ਬਹੁਪੱਖੀ ਵਾਕਫ਼ੀਅਤ ਤੇ ਡੂੰਘੀ ਨੀਝ ਦਾ ਪਤਾ ਵੀ ਦੇਂਦੇ ਹਨ।[19] ਫ਼ਜ਼ਲ ਸ਼ਾਹ ਨੇ ਉਪਮਾ, ਰੂਪਕ, ਅਤਿਕਥਨੀ ਅਲੰਕਾਰ ਫ਼ਾਰਸੀ ਰੰਗਤ ਦੇ ਵਰਤੇ ਹਨ।

ਕਿੱਸਾਕਾਰਾਂ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਹਰ ਪ੍ਰਕਾਰ ਦੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਕਿੱਸਿਆਂ ਵਿਚ ਅਲੰਕਾਰ ਭਿੰਨਤਾ ਹੈ। ਕਿੱਸਾਕਾਰ ਸ਼ਬਦ-ਅਲੰਕਾਰ ਵਿਚੋਂ ਅਨੁਪ੍ਰਾਸ, ਯਮਕ ਅਲੰਕਾਰ, ਵੀਪਾਸ ਅਲੰਕਾਰ ਦੀ ਉਹ ਵਰਤੋਂ ਕਰਦੇ ਹਨ। ਉਨ੍ਹਾਂ ਵਿਚੋਂ ਕਾਲੀ ਦਾਸ, ਦੌਲਤ ਰਾਮ, ਪਾਲ ਸਿੰਘ ਆਰਿਫ਼, ਕੌਰ ਚੰਦ ਰਾਹੀ, ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਅਲੰਕਾਰਾਂ ਤੋਂ ਬਿਨਾਂ ਅਰਥ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ, ਅਤਿਕਥਨੀ ਅਲੰਕਾਰ, ਅਵਗਿਆ ਅਲੰਕਾਰ, ਲਕੋਕਤੀ ਅਲੰਕਾਰ ਦੀ ਵਰਤੋਂ ਵੀ ਕੀਤੀ ਹੋਈ ਵੇਖੀ ਜਾ ਸਕਦੀ ਹੈ। 1901-47 ਈ. ਦੇ ਕਿੱਸਾਕਾਰਾਂ ਦੇ ਅਲੰਕਾਰ ਵਿਧਾਨ ਵਿਚ ਪਰੰਪਰਾ ਦੀ ਛਾਪ ਹੈ ਪਰ ਇਸ ਵਿਚ ਫ਼ਾਰਸੀ ਰੰਗਤ ਘੱਟ ਗਈ ਹੈ। ਕਿੱਸਾਕਾਰਾਂ ਨੇ ਕੁਝ ਮੌਲਿਕ ਅਲੰਕਾਰਾਂ ਦੀ ਸਿਰਜਨਾ ਵੀ ਕੀਤੀ ਹੈ। ਕਿੱਸਾਕਾਰ ਪਾਲ ਸਿੰਘ ਆਰਿਫ਼ ਆਪਣੇ ਕਿੱਸੇ 'ਪੂਰਨ ਭਗਤ' ਵਿਚ ਪਰੰਪਰਾਗਤ ਅਲੰਕਾਰਾਂ ਦੀ ਵਰਤੋਂ ਕਰਦਾ ਹੈ।

ਮੱਥਾ ਚੌਦਵੀਂ ਰਾਤ ਦੇ ਚੰਦ ਵਾਂਗੂੰ,
ਨੱਕ ਤੇਜ ਖੰਡਾ ਧਾਰ ਸਾਨ ਦੀ ਸੀ।
ਨਸਰ ਤੀਰ ਤਿੱਖੇ ਲਗਨ ਆਸ਼ਕਾਂ ਨੂੰ,
ਭਵਾਂ ਟੇਢੀਆਂ ਮਿਸਾਲ ਕਮਾਨ ਦੀ ਸੀ।

(ਪੰਨਾ 23)

ਸਾਧੂ ਦਯਾ ਸਿੰਘ ਆਰਿਫ਼ ਨੇ ਰਚਨਾ ਵਿਚ ਕਾਵਿਕ ਸੁਹਜ-ਸੁਆਦ ਦੀ ਤ੍ਰਿਪਤੀ ਲਈ ਅਲੰਕਾਰ ਵੱਡੀ ਗਿਣਤੀ ਵਿਚ ਵਰਤੇ ਹਨ। ਅਲੰਕਾਰ ਉਸ ਨੇ ਆਪਣੇ ਭਾਵ ਅਰਥ ਸਪਸ਼ਟ ਕਰਨ ਵਾਸਤੇ ਵਰਤੇ ਹਨ। ਉਸ ਨੇ ਕਿਧਰੇ ਵੀ ਵਾਰਿਸ ਸ਼ਾਹ ਵਾਂਗ ਆਪਣੀ ਸੇਧ ਤੋਂ ਪਾਸੇ ਜਾ ਕੇ ਆਪਣੀ ਕਲਪਨਾ ਦੇ ਚਮਤਕਾਰ ਵਿਖਾਉਣ ਦਾ ਯਤਨ ਨਹੀਂ ਕੀਤਾ ਹੈ। ਉਸ ਦੀ ਕਵਿਤਾ ਆਪ-ਮੁਹਾਰੀ, ਉਸ ਦੇ ਆਦਰਸ਼ ਦੀ ਸੇਧ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਾਂ-ਰਵੀਂ ਤੁਰੀ ਜਾਂਦੀ ਹੈ। ਉਸ ਨੇ ਕਹਾਣੀ ਰਸ ਦੀ ਅਣਹੋਂਦ ਨੂੰ ਦ੍ਰਿਸ਼ਟਾਂਤਾਂ ਅਤੇ ਅਲੰਕਾਰਾਂ ਦੇ ਕਾਵਿ ਗੁਣਾਂ ਨਾਲ ਪੂਰਿਆ ਕੀਤਾ ਹੈ।

ਪਿਛਲੇਰੇ ਕਾਲ ਦੇ ਕਿੱਸਾਕਾਰਾਂ ਦੇ ਅਲੰਕਾਰਾਂ ਵਿਚ ਫ਼ਾਰਸੀ ਤਸ਼ਬੀਹਾਂ ਦੀ ਭਰਮਾਰ ਨਹੀਂ ਹੈ। ਉਨ੍ਹਾਂ ਦੇ ਅਲੰਕਾਰਾਂ ਨੂੰ ਸਮਝਣ ਲਈ ਕਿਸੇ ਟੀਕੇ ਜਾਂ ਅਰਥ ਸ਼ਾਸਤਰ ਦੀ ਲੋੜ ਵੀ ਨਹੀਂ ਹੈ। ਪਾਠਕ/ਸਰੋਤਾ ਸਹਿਜ-ਸੁਭਾਅ ਉਨ੍ਹਾਂ ਨੂੰ ਸਮਝ ਸਕਦਾ ਹੈ। ਅਲੰਕਾਰ ਵੀ ਸਾਧਾਰਨ ਜੀਵਨ ਵਿਚੋਂ ਲਏ ਹਨ। ਕੁਝ ਅਲੰਕਾਰ ਪਰੰਪਰਾਗਤ ਹਨ ਅਤੇ ਕੁਝ ਦੀ ਮੌਲਿਕ ਰਚਨਾ ਕੀਤੀ ਗਈ ਹੈ। ਅਲੰਕਾਰਾਂ ਦੇ ਪ੍ਰਯੋਗ ਸਮੇਂ ਉਨ੍ਹਾਂ ਵਿਚ ਆਪਣੀ ਵਿਦਵਤਾ ਦਾ ਰੋਅਬ ਨਹੀਂ ਪਾਇਆ ਗਿਆ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਦੇ ਹੋਣ ਦੇ ਬਾਵਜੂਦ ਵੀ ਇਹ ਅਲੰਕਾਰ ਲੋਕਾਂ ਦੇ ਸੁਹਜ-ਸੁਆਦ ਨੂੰ ਬਹੁਤਾ ਪ੍ਰਭਾਵਿਤ ਨਾ ਕਰ ਕਰ ਸਕੇ। ਇਸ ਦਾ ਮੁੱਖ ਕਾਰਣ ਇਹ ਸੀ ਕਿ ਇਨ੍ਹਾਂ ਕਿੱਸਾਕਾਰਾਂ ਦੇ ਵਿਸ਼ੈ ਉਹੋ ਪੁਰਾਣੇ ਸਨ। ਹੀਰ, ਸੱਸੀ, ਸੋਹਣੀ ਆਦਿ ਦੇ ਕਿੱਸੇ ਪਹਿਲਾਂ ਵੀ ਲਿਖੇ ਜਾ ਚੁੱਕੇ ਸਨ। ਇਨ੍ਹਾਂ ਕੋਲ ਕੋਈ ਨਵੀਂ ਗੱਲ ਕਹਿਣ ਲਈ ਨਹੀਂ ਸੀ ਅਤੇ ਨਾ ਹੀ ਇਹ ਪੁਰਾਣੀ ਗੱਲ ਨੂੰ ਨਵੇਂ ਢੰਗ ਵਿਚ ਪੇਸ਼ ਕਰ ਸਕੇ। ਦਮੋਦਰ, ਵਾਰਿਸ ਆਦਿ ਸਮੇਂ ਕਿੱਸਾ ਰੂਪ ਨਵਾਂ ਸੀ। ਭਾਵੇਂ ਇਨ੍ਹਾਂ ਨੇ ਫ਼ਾਰਸੀ ਤਸ਼ਬੀਹਾਂ ਵਰਤੀਆਂ ਹਨ, ਪਰ ਇਹ ਤਸ਼ਬੀਹਾਂ ਲੋਕਾਂ ਦੇ ਮਨਾਂ ਵਿਚ ਰਚਮਿਚ ਗਈਆਂ ਸਨ। ਫ਼ਾਰਸੀ ਰਾਜ ਦਰਬਾਰ ਦੀ ਬੋਲੀ ਸੀ। ਪਿਛਲੇਰੇ ਕਿੱਸਾਕਾਰਾਂ ਦੇ ਬਹੁਤੇ ਅਲੰਕਾਰ ਪੁਰਾਣੇ ਸਨ। ਵੀਹਵੀਂ ਸਦੀ (1901-1947 ਈ.) ਵਿਚ ਕਿੱਸਾ ਰੂਪ ਪੁਰਾਣਾ ਹੋ ਚੁੱਕਾ ਸੀ। ਕੋਈ ਬੁੱਢੀ ਔਰਤ ਭਾਵੇਂ ਕਿੰਨੇ ਮਰਜ਼ੀ ਹਾਰ ਸ਼ਿੰਗਾਰ ਲਾ ਲਵੇ, ਉਹ ਉਸ ਦੀ ਸੁੰਦਰਤਾ ਵਧਾਉਣ ਦੀ ਥਾਂ ਉਸ ਦੇ ਕੋਹਜ ਨੂੰ ਜ਼ਿਆਦਾ ਉਘਾੜਦਾ ਹੈ। ਕਿੱਸਾ ਰੂਪ ਪੁਰਾਣਾ ਹੋ ਚੁੱਕਾ ਸੀ, ਇਸ ਕਰਕੇ ਪਿਛਲੇਰੇ ਕਿੱਸਾਕਾਰਾਂ ਵਲੋਂ ਭਾਵੇਂ ਅਲੰਕਾਰ ਵਰਤੇ ਗਏ ਪਰ ਉਹ ਇਸ ਰੂਪ ਵਿਚ ਨਵੀਂ ਜ਼ਿੰਦ ਜਾਨ ਨਾ ਭਰ ਸਕੇ।

ਪ੍ਰਕ੍ਰਿਤੀ ਚਿਤ੍ਰਣ

ਪੰਜਾਬੀ ਕਿੱਸਾ-ਕਾਵਿ ਵਿਚ ਪ੍ਰਕ੍ਰਿਤੀ ਦਾ ਚਿਤ੍ਰਣ ਸੁਤੰਤਰ ਰੂਪ ਵਿਚ ਨਹੀਂ ਕੀਤਾ ਗਿਆ। ਹਰ ਵਿਸ਼ੇ 'ਤੇ ਕੋਈ ਕਿੱਸਾਕਾਰ ਕਿੱਸਾ ਲਿਖ ਸਕਦਾ ਹੈ ਪਰ ਹਰ ਕੋਈ ਪ੍ਰਕ੍ਰਿਤੀ ਚਿਤ੍ਰਣ ਨਹੀਂ ਕਰ ਸਕਦਾ ਹੈ। ਕਿੱਸਾ-ਕਾਵਿ ਵਿਚ ਪ੍ਰਕ੍ਰਿਤੀ ਨੂੰ ਉਪਮਾਨ ਜਾਂ ਰੂਪਕ ਦੇ ਤੌਰ 'ਤੇ ਚਿਤ੍ਰਿਤ ਕੀਤਾ ਗਿਆ ਹੈ। ਤਾਰਨ ਸਿੰਘ ਅਨੁਸਾਰ :

> ਕਿੱਸਾਕਾਰਾਂ ਨੇ ਮਨੁੱਖੀ ਸੁੰਦਰਤਾ ਨੂੰ ਕੁਦਰਤ (ਪ੍ਰਕ੍ਰਿਤੀ) ਦੀਆਂ ਸੁੰਦਰ ਚੀਜ਼ਾਂ ਨਾਲ ਉਪਮਾਇਆ ਹੈ...ਇਹ ਅਲੰਕਾਰ ਹੁਸਨ ਦਰਸਾਣ, ਪਿਆਰ ਦੀ ਤੀਬਰਤਾ ਪ੍ਰਗਟਾਣ ਜਾਂ ਵਿਛੋੜੇ (ਵਿਜੋਗ) ਦੀ ਤੜਪ ਸੁਨਾਉਣ ਲਈ ਵਰਤੇ ਗਏ ਹਨ। ਇਨ੍ਹਾਂ ਸਾਰਿਆਂ ਅਲੰਕਾਰਾਂ ਵਿਚ ਕੁਦਰਤ ਦੇ ਕਿਸੇ ਨਾ ਕਿਸੇ ਪੱਖ ਦਾ ਸੁੱਤੇ ਸਿੱਧ ਝਾਵਲਾ ਪੈਂਦਾ ਹੈ। ਕੋਈ ਚਾਹੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਨੂੰ ਫ਼ਿਲਾਸਫ਼ੀ ਵੀ ਬਣਾ ਲਏ ।[20]

ਕਿੱਸਾਕਾਰਾਂ ਦਾ ਮੁੱਖ ਉਦੇਸ਼ ਕਹਾਣੀ ਸੁਣਾਉਣਾ ਅਤੇ ਕਹਾਣੀ ਰਸ ਪੈਦਾ ਕਰਨਾ ਸੀ। ਇਸ ਲਈ ਉਹ ਸਿੱਧੇ ਤੌਰ 'ਤੇ ਪ੍ਰਕ੍ਰਿਤੀ ਚਿਤ੍ਰਣ ਨਹੀਂ ਕਰਦੇ ਸਨ। ਯੂਸਫ਼ ਜ਼ੁਲੈਖਾਂ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਆਦਿ ਕਿੱਸਿਆਂ ਵਿਚ ਵੀ ਪ੍ਰਕ੍ਰਿਤੀ ਕੇਵਲ ਨਾਇਕ ਜਾਂ ਨਾਇਕਾ ਦੇ ਸੁੱਖ ਦੁੱਖ ਦੇ ਪ੍ਰਸੰਗ ਅਨੁਕੂਲ ਆਈ ਹੈ। ਉਸ ਦਾ ਵੱਖਰਾ ਰੂਪ ਕਿਧਰੇ ਸਨਮੁਖ ਤੌਰ 'ਤੇ ਨਹੀਂ ਦਸਿਆ ਗਿਆ।[21] ਕਿੱਸਾਕਾਰਾਂ ਨੇ ਪ੍ਰਕ੍ਰਿਤੀ ਚਿਤ੍ਰਣ ਸੰਜੋਗ ਵਿਯੋਗ, ਹੁਸਨ ਵਰਣਨ, ਬਿਰਹਾ ਪੀੜ ਨੂੰ ਸਾਕਾਰ ਕਰਨ ਲਈ ਚਿਤਰਿਆ ਹੈ।

ਕਿੱਸਾਕਾਰਾਂ ਨੇ ਪ੍ਰਕ੍ਰਿਤੀ ਚਿਤ੍ਰਣ ਮੌਕੇ ਦੇ ਦ੍ਰਿਸ਼ ਅਨੁਸਾਰ ਕੀਤਾ ਹੈ। ਪ੍ਰਕ੍ਰਿਤੀ ਮਨੁੱਖ ਦੀ ਸਾਥਣ ਹੈ। ਮਨੁੱਖ ਪ੍ਰਕ੍ਰਿਤੀ ਵਿਚ ਵਿਚਰਦਾ ਹੈ। ਉਸ ਉੱਪਰ ਪ੍ਰਕ੍ਰਿਤੀ ਦਾ ਬਹੁਤ ਪ੍ਰਭਾਵ ਪੈਂਦਾ ਹੈ। ਕਵੀ ਆਪਣੀ ਕਵਿਤਾ ਵਿਚ ਪ੍ਰਕ੍ਰਿਤੀ ਦਾ ਵਰਣਨ ਕਰਦਾ ਹੈ। ਉਹ ਉਸ ਮੌਕੇ ਅਤੇ ਦ੍ਰਿਸ਼ ਅਨੁਸਾਰ ਹੋਣਾ ਚਾਹੀਦਾ ਹੈ। ਜਦੋਂ ਹੀਰ ਝੰਗ ਤੋਂ ਸਹੁਰਿਆਂ ਨੂੰ ਜਾਣ ਲੱਗਦੀ ਹੈ ਤਾਂ ਸਾਰੇ ਝੰਗ ਦਾ ਸੋਗਮਈ ਵਾਤਾਵਰਣ ਹੈ। ਦਮੋਦਰ ਨੇ ਨੇ ਸਾਰੀ ਪ੍ਰਕ੍ਰਿਤੀ ਹੀਰ ਦੇ ਵਿਯੋਗ ਵਿਚ ਰੋਂਦੀ ਵਿਖਾਈ ਹੈ :

ਰੋਂਦੇ ਆਤਣ ਰੋਂਦੇ ਵਿਹੜੇ ਜਿਉਂ ਜਿਉਂ ਵਿਦਾ ਕਰੇਂਦੀ।
ਰੋਵਣ ਬਿਰਖ ਬੰਬੂਲ ਪੰਖੇਰੂ ਸਹੀਆਂ ਵਾਰੇ ਦੇਂਦੀ।

(ਪੰਨਾ 149)

ਕਿੱਸਾਕਾਰਾਂ ਨੇ ਹਰ ਘਟਨਾ ਦੇ ਪ੍ਰਭਾਵ ਨੂੰ ਤੇਜ਼ ਕਰਨ ਲਈ ਢੁਕਵੇਂ ਦ੍ਰਿਸ਼ ਦਿੱਤੇ ਹਨ। ਵਾਰਿਸ ਸਵੇਰ ਦਾ ਦ੍ਰਿਸ਼ ਕਿੰਨਾ ਸੁੰਦਰ ਪ੍ਰਗਟ ਕਰਦਾ ਹੈ :

ਚਿੜੀ ਚੂਹਕਦੀ ਨਾਲ ਜਾਂ ਤੁਰੇ ਪਾਂਧੀ,
ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ।

(ਪੰਨਾ 12)

ਵਾਰਿਸ ਦੀ ਤਸਵੀਰਕਸ਼ੀ ਦੀ ਉਪਮਾ ਕਰਦੇ ਹੋਏ ਮੋਹਣ ਸਿੰਘ ਲਿਖਦੇ ਹਨ, 'ਛੇਵੀਂ ਖ਼ੂਬੀ ਤਸਵੀਰਕਸ਼ੀ ਤੇ ਮਜ਼ਮੂਨੀ ਇਰਤਕਾ (ਵਿਕਾਸ) ਦੀ ਹੈ। ਸੱਯਦ ਸਾਹਿਬ ਦੇ ਹੱਥ ਕਲਮ ਨਹੀਂ ਸੀ, ਬੁਰਸ਼ ਸੀ ਤੇ ਉਹ ਸ਼ਾਇਰੀ ਨਹੀਂ ਕਰ ਰਹੇ ਮੂਰਤੀਕਾਰੀ ਕਰ ਰਹੇ ਸਨ। ਹੌਲੇ ਹੌਲੇ ਪਰਦੇ ਚੁੱਕ ਰਹੇ ਸਨ'।[22]

ਹਾਸ਼ਮ ਨੇ ਸੱਸੀ ਦੇ ਥਲ ਵਿਚ ਰੁਲ ਕੇ ਮਰਨ ਸਮੇਂ ਅਤੇ ਫ਼ਜ਼ਲ ਸ਼ਾਹ ਨੇ ਸੋਹਣੀ ਦੇ ਦਰਿਆ ਵਿਚ ਡੁੱਬਣ ਸਮੇਂ ਕੀਤੇ ਪ੍ਰਕ੍ਰਿਤੀ ਚਿਤ੍ਰਣ ਵਿਚ ਆਲੇ-ਦੁਆਲੇ ਦੇ ਪ੍ਰਕ੍ਰਿਤੀ ਪ੍ਰਭਾਵਾਂ ਨੂੰ ਉਜਾਗਰ ਕੀਤਾ ਹੈ। ਕਿੱਸਾਕਾਰ ਸਦਾ ਰਾਮ, ਕਿਸ਼ੋਰ ਚੰਦ, ਕਾਲੀ ਦਾਸ ਆਦਿ ਦੇ ਕਿੱਸਿਆਂ ਵਿਚ ਪ੍ਰਕ੍ਰਿਤੀ ਚਿਤ੍ਰਣ ਤਾਂ ਹੈ ਪਰ ਇਹ ਮੌਕੇ ਦੀ ਸਥਿਤੀ ਅਨੁਸਾਰ ਪ੍ਰਕ੍ਰਿਤੀ ਨੂੰ ਉਹੋ ਜਿਹਾ ਦਿਖਾਉਣ ਤੋਂ ਅਸਮਰੱਥ ਹਨ। ਰਾਜਿਆਂ ਸੰਬੰਧੀ ਕਿੱਸਿਆਂ ਵਿਚ ਸਾਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਕ੍ਰਿਤੀ ਕਿਸੇ ਵਿਲਖਣ ਰੂਪ ਵਿਚ ਨਹੀਂ ਸਗੋਂ ਆਪਣੇ ਪਰੰਪਰਾਮਈ ਪ੍ਰਯੋਗ ਰੂਪ ਵਿਚ ਹੀ ਮਿਲਦੀ ਹੈ। ਹਰ ਪ੍ਰੀਤ ਜੋੜੀ ਦੇ ਕਿੱਸੇ ਪ੍ਰਕ੍ਰਿਤੀ ਨੂੰ ਅਲੰਕਾਰ ਰੂਪ ਤੋਂ ਛੁਟ ਆਲੰਬਨ ਦੇ ਉਦੀਪਨ ਰੂਪ ਵਿਚ ਵੀ ਪ੍ਰਯੁਕਤ ਕਰਦੇ ਹਨ। ਪਰਮ ਤੱਤ ਵੀ ਦਾਰਸ਼ਨਿਕ ਰੰਗਣ ਫੜ ਗਿਆ ਹੈ।

ਪ੍ਰਕ੍ਰਿਤੀ ਚਿਤ੍ਰਣ ਸਮੇਂ ਅਜੇਹੇ ਦ੍ਰਿਸ਼ ਹੀ ਪੇਸ਼ ਕਰਨੇ ਚਾਹੀਦੇ ਹਨ ਜਿਨ੍ਹਾਂ ਦਾ ਜੀਵਨ ਨਾਲ ਜੀਵੰਤ ਸੰਬੰਧ ਹੋਵੇ। ਉਹ ਦਿਸ਼ ਕਿੱਸੇ ਦੀ ਸਾਹਿਤਿਕ ਕੀਮਤ ਨੂੰ ਵਧਾਉਂਦੇ ਹਨ। ਪਹਿਲੇ ਕਿੱਸਾਕਰ ਇਸ ਗੱਲੋਂ ਚੇਤੰਨ ਰਹੇ ਜਦੋਂ ਕਿ ਪਿਛਲੇਰੇ ਕਾਲ ਦੇ ਕਿੱਸਾਕਾਰ ਇਸ ਗੱਲੋਂ ਅਵੇਸਲੇ ਰਹੇ। ਜਿਸ ਕਾਰਣ ਉਸ ਸਮੇਂ ਦੀ ਸਥਿਤੀ ਅਨੁਸਾਰ ਪ੍ਰਕ੍ਰਿਤੀ ਚਿਤ੍ਰਣ ਕਰਨ ਤੋਂ ਅਸਫਲ ਰਹੇ।

ਭਾਸ਼ਾ ਪਰਿਵਰਤਨ

ਪੰਜਾਬੀ ਕਿੱਸਾ-ਕਾਵਿ ਪੰਜਾਬੀ ਸਾਹਿਤ ਦਾ ਇਕ ਅੰਗ ਹੈ ਜਿਸ ਨੇ ਪੰਜਾਬੀ ਸਾਹਿਤ ਦੇ ਸਾਂਝੇ ਖ਼ਜ਼ਾਨੇ ਨੂੰ ਭਰਪੂਰ ਕੀਤਾ। ਪੂਰਵ 1901-47 ਈ. ਕਾਲ ਦੇ ਕਿੱਸਾਕਾਰ ਭਾਵੇਂ ਮੁਸਲਮਾਨ ਸਨ ਅਤੇ ਅਰਬੀ-ਫ਼ਾਰਸੀ ਦੇ ਉੱਘੇ ਵਿਦਵਾਨ ਤੇ ਕਵੀ ਸਨ, ਪਰ ਦੇਸ਼-ਵਾਸੀ ਸਮਕਾਲੀ ਹਿੰਦੂ ਕਵੀਆਂ ਨਾਲੋਂ ਵੀ ਇਨ੍ਹਾਂ ਦੇ ਕਿੱਸਿਆਂ ਵਿਚ ਪੰਜਾਬੀ ਰੰਗ ਵਧੇਰੇ ਨਿਖਰੇ ਹੋਏ ਸਰੂਪ ਵਿਚ ਮਿਲਦਾ ਹੈ। ਸਮਕਾਲੀ ਹਿੰਦੂਆਂ ਤੇ ਸਿੱਖ ਲਿਖਾਰੀਆਂ ਦੀਆਂ ਰਚਨਾਵਾਂ ਵਿਚ ਬ੍ਰਜ ਭਾਸ਼ਾ ਅਤੇ ਹਿੰਦੀ ਦੀ ਵਧੇਰੇ ਵਰਤੋਂ ਕੀਤੀ ਹੈ। ਪਰ ਕਿੱਸਾਕਾਰਾਂ ਨੇ ਪ੍ਰਚਲਿਤ ਬੋਲੀ ਨੂੰ ਅਪਣਾਇਆ, ਫ਼ਾਰਸੀ ਅਤੇ ਅਰਬੀ ਸ਼ਬਦਾਂ ਦੇ ਮੇਲ ਨਾਲ ਪੰਜਾਬੀ ਬੋਲੀ ਦਾ ਇਕ ਨਵਾਂ ਨਰੋਇਆ ਰੂਪ ਬਣਾਇਆ। ਇਨ੍ਹਾਂ ਨੂੰ ਪੰਜਾਬੀ ਨੂੰ ਲੋਕ-ਬੋਲੀ ਦੇ ਨਾਤੇ ਸਾਹਿਤ-ਬੋਲੀ ਬਣਾਉਣ ਵਿਚ ਪਹਿਲ ਕੀਤੀ। ਭਾਵੇਂ ਕਿੱਸਾਕਾਰਾਂ ਦੀ ਭਾਸ਼ਾ ਫ਼ਾਰਸੀ ਪ੍ਰਧਾਨ ਪੰਜਾਬੀ ਸੀ, ਪਰ ਇਹ ਆਮ ਜਨਤਾ ਦੇ ਨੇੜੇ ਤੇ ਹਰਮਨ ਪਿਆਰੀ ਸੀ। ਇਹ ਭਾਸ਼ਾ ਸ਼ਹਿਰਾਂ, ਪਿੰਡਾਂ, ਸ਼ਾਹੀ ਦਰਬਾਰਾਂ, ਪੜ੍ਹਿਆਂ ਲਿਖਿਆਂ ਅਤੇ ਪੇਂਡੂਆਂ ਵਿਚ ਸਮਝੀ ਤੇ ਤੇ ਬੋਲੀ ਜਾਂਦੀ ਸੀ। ਕਾਲਾ ਸਿੰਘ ਬੇਦੀ ਅਨੁਸਾਰ :

> ਬੋਲੀ ਨੂੰ ਮੁਕਬਲ, ਵਾਰਿਸ ਸ਼ਾਹ, ਅਹਿਮਦਯਾਰ ਅਤੇ ਹਾਸ਼ਮ ਆਦਿ ਨੇ ਇਸ ਨੂੰ ਅਪਣਾ ਕੇ ਹੋਰ ਅਧਿਕ ਮਾਂਜਿਆਂ ਤੇ ਸੁਆਰਿਆ, ਫਰਸ਼ੋਂ ਚੁੱਕ ਕੇ ਅਰਸ਼ਾਂ 'ਤੇ ਪੁਚਾ ਦਿੱਤਾ, ਜਿਥੇ ਇਹ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਦੀ ਕਤਾਰ ਵਿਚ ਖੜੀ ਹੋਣ ਦੇ ਕਾਬਲ ਬਣਾ ਦਿੱਤੀ ਗਈ।[23]

ਪੰਜਾਬੀ ਭਾਸ਼ਾ ਦਾ ਜੋ ਟਕਸਾਲੀ ਰੂਪ ਅੱਜ ਅਸੀਂ ਵੇਖ ਰਹੇ ਹਾਂ, ਇਹ ਸਭ ਕੁਝ ਕਿੱਸਾਕਾਰਾਂ ਅਤੇ ਸੂਫ਼ੀ ਫ਼ਕੀਰਾਂ ਦੀ ਦੇਣ ਹੈ। ਇਨ੍ਹਾਂ ਨੇ ਭਾਸ਼ਾ ਦੇ ਕੇਂਦਰੀਕਰਣ ਵੱਲ ਉਪਰਾਲੇ ਕੀਤੇ। ਅਹਿਮਦ ਗੁੱਜਰ ਨੇ ਪੰਜਾਬੀ ਦਾ ਕੇਂਦਰੀ ਰੂਪ ਸਥਾਪਿਤ ਕਰਨ ਵਿਚ ਸ਼ਲਾਘਾ-ਯੋਗ ਜਤਨ ਕੀਤੇ। ਉਸ ਤੋਂ ਪਿਛੋਂ ਪੀਲੂ ਅਤੇ ਹਾਫ਼ਿਜ਼ ਬਰਖ਼ੁਰਦਾਰ ਨੇ ਕੇਂਦਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਸ਼ਾ ਨੂੰ ਅਪਣਾਇਆ। ਮੁਕਬਲ ਨੇ ਲਹਿੰਦੀ ਦੀ ਸ਼ਬਦਾਵਲੀ ਬਹੁਤ ਘੱਟ ਵਰਤੀ ਹੈ। ਵਾਰਿਸ ਸ਼ਾਹ ਨੇ ਲਹਿੰਦੀ ਦੀ ਸ਼ਬਦਾਵਲੀ ਨੂੰ ਸਹਾਇਕ ਰੂਪ ਵਿਚ ਇੰਜ ਵਰਤਿਆ ਹੈ ਕਿ ਉਹ ਬਿਲਕੁਲ ਟਕਸਾਲੀ ਪੰਜਾਬੀ ਜਾਪਣ ਲੱਗੀ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਕਿੱਸਾਕਾਰਾਂ ਨੇ ਪੰਜਾਬੀ ਦਾ ਕੇਂਦਰੀ ਰੂਪ ਸਥਾਪਿਤ ਕਰਨ ਵਿਚ ਵਧੇਰੇ ਯੋਗਦਾਨ ਦਿੱਤਾ ਹੈ।

ਕਿੱਸਾਕਾਰਾਂ ਦੀ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਉਣ ਵਿਚ ਸਰਬਪੱਖੀ ਦੇਣ ਹੈ। ਪੰਜਾਬੀ ਦੇ ਮੁਹਾਵਰਿਆਂ, ਅਖਾਣਾਂ, ਸ਼ਬਦਾਵਲੀ ਦਾ ਜੇਕਰ ਸੰਗ੍ਰਹਿ ਕਰਨਾ ਹੋਵੇ ਤਾਂ ਸਾਨੂੰ ਸਭ ਤੋਂ ਵੱਧ ਸਹਾਇਤਾ ਇਨ੍ਹਾਂ ਕਿੱਸਾਕਾਰਾਂ ਤੋਂ ਮਿਲ ਸਕਦੀ ਹੈ। ਅਰਬੀ-ਫ਼ਾਰਸੀ ਦੇ ਅਨੇਕਾਂ ਸ਼ਬਦਾਂ ਨੂੰ ਤਦਭਵ ਅਤੇ ਤਤਸਮ ਰੂਪ ਵਿਚ ਇੰਜ ਵਰਤਿਆ ਹੈ ਕਿ ਉਹ ਪੰਜਾਬੀ ਦੇ ਮੂਲ ਸ਼ਬਦ ਜਾਪਦੇ ਹਨ। ਲੋਕੀਂ ਉਨ੍ਹਾਂ ਦੇ ਉਚਾਰਣ ਉਸੇ ਤਰ੍ਹਾਂ ਸਹਿਜ ਸੁਭਾਅ ਕਰਦੇ ਹਨ ਜਿਵੇਂ ਉਹ ਪੰਜਾਬੀ ਦੇ ਮੌਲਿਕ ਸ਼ਬਦਾਂ ਦਾ ਕਰਦੇ ਹਨ। ਵਾਰਿਸ ਦੀ ਭਾਸ਼ਾ ਉੱਤੇ ਫ਼ਾਰਸੀ ਦਾ ਪ੍ਰਭਾਵ ਚੋਖਾ ਹੈ, ਪਰ ਉਸ ਦਾ ਕਮਾਲ ਇਹ ਹੈ ਕਿ ਉਹ ਸ਼ਬਦਾਂ ਦੀ ਵਰਤੋਂ ਅਜੇਹੇ ਜਾਦੂਗਰੀ ਢੰਗ ਨਾਲ ਕਰਦਾ ਹੈ ਕਿ ਸਾਧਾਰਣ ਪਾਠਕ/ਸਰੋਤਾ ਵੀ ਉਸ ਦੀ ਹੀਰ ਦਾ ਆਨੰਦ ਮਾਣਦਾ ਹੈ। ਉਹ ਔਖੇ ਤੋਂ ਔਖੇ ਸ਼ਬਦ ਵਿਚ ਵੀ ਅਜੇਹੀ ਸਰੋਦੀ ਹੂਕ ਭਰ ਦੇਂਦਾ ਹੈ ਕਿ ਸਾਧਾਰਣ ਪਾਠਕ ਉਹਨੂੰ ਸਮਝੇ ਬਗੈਰ ਝੂਮ ਉੱਠਦਾ ਹੈ। ਮੋਹਣ ਸਿੰਘ ਅਨੁਸਾਰ, 'ਸਭ ਤੋਂ ਪਹਿਲੀ ਖ਼ੂਬੀ ਜ਼ਬਾਨ ਦੀ ਹੈ—ਮੁਹਾਹਰੇਦਾਰ ਜ਼ਬਾਨ—ਕਿਉਂਕਿ ਆਪ ਨੇ ਗੱਲਬਾਤੀ ਲਿਖਣ ਢੰਗ ਵਰਤਿਆ ਹੈ, ਜ਼ਬਾਨ ਵਿਚ ਅਖੌਤਾਂ ਤੇ ਅਖਾਣ ਆ ਗਏ ਹਨ'।[24] ਹਾਸ਼ਮ ਸ਼ਾਹ ਦੇ ਕਿੱਸਿਆਂ ਵਿਚ ਫ਼ਾਰਸੀ ਭਾਸ਼ਾ ਦਾ ਪ੍ਰਭਾਵ ਵਾਰਿਸ ਸ਼ਾਹ ਨਾਲੋਂ ਵੀ ਵਧੇਰੇ ਹੈ, ਪਰ ਬੋਲੀ ਦੀ ਠੇਠਤਾ ਵਿਚ ਕੋਈ ਫ਼ਰਕ ਨਹੀਂ ਆਇਆ ਹੈ। ਪੰਜਾਬੀ ਰੰਗ ਆਪਣੇ ਆਪ ਉੱਘੜਦਾ ਹੈ।

1901-47 ਈ. ਦੇ ਕਿੱਸਾਕਾਰਾਂ ਦੀ ਬੋਲੀ ਵਿਚ ਫ਼ਾਰਸੀ ਰੰਗਣ ਘੱਟਣ ਲੱਗੀ, ਕਿਉਂਕਿ ਇਸ ਕਾਲ ਵਿਚ ਮੁਸਲਮਾਨ ਕਿੱਸਾਕਾਰਾਂ ਦੀ ਥਾਂ ਵਧੇਰੇ ਗਿਣਤੀ ਹਿੰਦੂ ਅਤੇ ਸਿੱਖ ਕਿੱਸਾਕਾਰਾਂ ਦੀ ਸੀ। ਉਹ ਭਾਰਤੀ ਇਤਿਹਾਸ ਅਤੇ ਮਿਥਿਹਾਸ ਤੋਂ ਵਧੇਰੇ ਪ੍ਰਭਾਵਿਤ ਸਨ, ਇਸੇ ਲਈ ਉਨ੍ਹਾਂ ਦਾ ਵਧੇਰੇ ਝੁਕਾ ਹਿੰਦੀ ਅਤੇ ਸੰਸਕ੍ਰਿਤ ਵੱਲ ਸੀ। ਇਸ ਕਾਲ ਵਿਚ ਵਧੇਰੇ ਕਿੱਸਾਕਾਰਾਂ ਨੇ ਉਪ-ਭਾਸ਼ਾ ਵਿਚ ਕਿੱਸੇ ਲਿਖੇ ਹਨ। ਇਸ ਕਾਲ ਵਿਚ ਵਧੇਰੇ ਗਿਣਤੀ ਮਲਵਈ ਕਿੱਸਾਕਾਰਾਂ ਦੀ ਹੈ ਜਿਨ੍ਹਾਂ ਨੇ ਮਲਵਈ ਉਪ-ਭਾਸ਼ਾ ਵਿਚ ਕਿੱਸੇ ਲਿਖੇ ਹਨ। ਪੰਡਿਤ ਕਿਸ਼ੋਰ ਚੰਦ, ਪੂਰਨ ਰਾਮ, ਬਾਗ ਸਿੰਘ ਭੇਖਾ, ਦੌਲਤ ਰਾਮ ਆਦਿ ਅਨੇਕਾਂ ਕਿੱਸਾਕਾਰ ਹਨ, ਜਿਨ੍ਹਾਂ ਦੀ ਬੋਲੀ ਵਿਚ ਸਰਲਤਾ ਅਤੇ ਸਪਸ਼ਟਤਾ ਤਾਂ ਹੈ ਪਰ ਸਥਾਨਕ ਰੰਗ ਘਟ ਗਿਆ। ਇਹੋ ਕਾਰਣ ਹੈ ਕਿ ਇਨ੍ਹਾਂ ਕਿੱਸਾਕਾਰਾਂ ਦੇ ਕਿੱਸਿਆਂ ਵਿਚ ਪਹਿਲੋਂ ਜੇਹੀ ਰਵਾਨਗੀ ਅਦੇ ਰਾਗਾਤਮਕਤਾ ਦੀ ਘਾਟ ਮਹਿਸੂਸ ਹੁੰਦੀ ਹੈ। ਕਈ ਥਾਵਾਂ 'ਤੇ ਤਾਂ ਇਹ ਨਿਰੀ ਤੁਕਬੰਦੀ।[25] ਕੁਝ ਕਿੱਸਾਕਾਰ, ਜਿਵੇਂ ਕਿ ਕਾਲੀ ਦਾਸ, ਧਨੀ ਰਾਮ ਚਾਤ੍ਰਿਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧਾਤਾ ਸਿੰਘ ਤੀਰ, ਨੇ ਕੇਂਦਰੀ ਪੰਜਾਬੀ ਦੀ ਵਰਤੋਂ ਕੀਤੀ ਹੈ। ਇਨ੍ਹਾਂ ਦੀ ਬੋਲੀ ਠੇਠ ਤੇ ਸਰਲ ਹੈ। ਪਰ ਸਮੁੱਚੇ ਤੌਰ 'ਤੇ ਇਸ ਕਾਲ ਦੇ ਕਿੱਸਾਕਾਰਾਂ ਅਤੇ ਪੂਰਵ 1901-47 ਈ. ਕਾਲ ਦੇ ਕਿੱਸੇਕਾਰਾਂ ਦੀ ਭਾਸ਼ਾ ਵਿਚ ਇਹ ਫ਼ਰਕ ਹੈ ਕਿ ਪਹਿਲੇ ਫ਼ਾਰਸੀ ਪ੍ਰਭਾਵ ਵਾਲੀ ਸਾਹਿਤਿਕ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਸਨ। 1901-47 ਈ. ਕਾਲ ਦੇ ਕਿੱਸਾਕਾਰਾਂ ਨੇ ਸਰਲ ਤੇ ਪੇਂਡੂ ਬੋਲੀ ਦੀ ਵਰਤੋਂ ਤਾਂ ਕੀਤੀ ਪਰ ਉਸ ਵਿਚ ਸਾਹਿਤਕ ਭਾਸ਼ਾ ਵਾਲੇ ਗੁਣ ਨਹੀਂ ਸਨ। ਪੰਜਾਬੀ ਸ਼ਬਦ-ਭੰਡਾਰ ਅਤੇ ਪੰਜਾਬੀ ਬੋਲੀ ਦਾ ਠੁਕ ਬੰਨ੍ਹਣ ਵਿਚ ਜੋ ਦੇਣ ਪੂਰਵ 1901-47 ਈ: ਕਾਲ ਦੇ ਕਿੱਸਾਕਾਰਾਂ ਦੀ ਹੈ, ਉਹ ਪਿਛਲੇਰੇ ਕਿੱਸਾਕਾਰਾਂ ਦੀ ਨਹੀਂ ਹੈ।

ਕਿੱਸਾਕਾਰ ਦਮੋਦਰ, ਵਾਰਿਸ ਆਦਿ ਸਮੇਂ ਦੀ ਚੇਤਨਾ ਦਾ ਅਸਰ ਕਬੂਲ ਕਰਦੇ ਹਨ। ਉਨ੍ਹਾਂ ਨੇ ਸਮਕਾਲੀ ਰਾਜਸੀ, ਸਮਾਜਕ, ਧਾਰਮਿਕ ਅਤੇ ਆਰਥਿਕ ਪਰਿਸਥਿਤੀਆਂ ਦਾ ਚਿਤ੍ਰਣ ਅਤੇ ਸਮੇਂ ਦੇ ਭੈੜੇ ਪ੍ਰਬੰਧ ਦੀ ਆਲੋਚਨਾ ਵੀ ਕੀਤੀ ਹੈ। ਪਰ ਇਨ੍ਹਾਂ ਨੇ ਸਮੇਂ ਦੇ ਹਾਕਮਾਂ ਦੀ ਉਸਤਤ ਨਹੀਂ ਕੀਤੀ ਹੈ। ਨਾ ਹੀ ਉਨ੍ਹਾਂ ਨੇ ਇਨ੍ਹਾਂ ਦੀ ਆਵਾਜ਼ ਨਾਲ ਆਪਣੀ ਆਵਾਜ਼ ਮਿਲਾਈ। ਉਨ੍ਹਾਂ ਦੀਆ ਕ੍ਰਿਤੀਆਂ ਵਿਚ ਲੋਕ ਆਵਾਜ਼, ਲੋਕ ਚੇਤਨਾ ਅਤੇ ਲੋਕ ਹਮਦਰਦੀ ਸੀ। ਪਰ ਪਿਛਲੇਰੇ ਕਾਲ ਦੇ ਕਿੱਸਾਕਾਰਾਂ ਵਿਚ ਇਹ ਚੇਤਨਾ ਨਹੀਂ ਹੈ। ਰਾਜਸੀ ਖੇਤਰ ਵਿਚ ਹੋ ਰਹੇ ਜ਼ੁਲਮ ਦੀ ਥਾਂ ਉਨ੍ਹਾਂ ਨੇ ਸਮੇਂ ਦੇ ਹਾਕਮਾਂ ਦੀ ਉਸਤਤੀ ਕੀਤੀ ਹੈ। ਉਨ੍ਹਾਂ ਦੇ ਕਿੱਸੇ ਲੋਕ ਆਵਾਜ਼, ਲੋਕ ਚੇਤਨਾ ਅਤੇ ਲੋਕ ਹਮਦਰਦੀ ਤੋਂ ਕੋਰੇ ਹਨ। ਸਮੁੱਚੇ ਤੌਰ 'ਤੇ ਆਖਿਆ ਜਾ ਸਕਦਾ ਹੈ ਕਿ ਪੂਰਵ 1901-47 ਈ. ਕਾਲ ਦੇ ਕਿੱਸਾਕਾਰਾਂ ਵਿਚ ਜੋ ਲੋਕ ਚੇਤਨਾ ਅਤੇ ਹਮਦਰਦੀ ਹੈ ਉਹ ਪਿਛਲੇਰੇ ਕਿੱਸਾਕਾਰਾਂ ਵਿਚ ਨਹੀਂ ਹੈ।

ਸਾਹਿਤਕ ਪੱਖ ਤੋਂ ਵੀ ਪੂਰਵ 1901-47 ਈ. ਕਾਲ ਦਾ ਕਿੱਸਾ-ਕਾਵਿ 1901-47 ਈ. ਕਾਲ ਦੇ ਕਿੱਸਾ-ਕਾਵਿ ਨਾਲੋਂ ਵਧੇਰੇ ਸਾਹਿਤਕ ਗੁਣਾਂ ਦਾ ਧਾਰਨੀ ਹੈ। ਪਹਿਲੇ ਕਿੱਸਾਕਾਰਾਂ ਨੇ ਲੋਕ ਭਾਸ਼ਾ ਅਤੇ ਸਾਹਿਤਿਕ ਭਾਸ਼ਾ ਦਾ ਸੁੰਦਰ ਸੁਮੇਲ ਕੀਤਾ ਹੈ। ਇਨ੍ਹਾਂ ਕਿੱਸਾਕਾਰਾਂ ਨੇ ਲੋਕ ਭਾਸ਼ਾ ਨੂੰ ਵਰਤ ਕੇ ਲੋਕ ਰੁਚੀਆਂ ਨੂੰ ਤ੍ਰਿਪਤ ਕੀਤਾ ਪਰ ਨਾਲ ਹੀ ਸਾਹਿਤਕ ਭਾਸ਼ਾ ਵਰਤ ਕੇ ਆਪਣੀਆਂ ਰਚਨਾਵਾਂ ਨੂੰ ਸਾਹਿਤਕ ਸਦੀਵਤਾ ਪ੍ਰਧਾਨ ਕੀਤੀ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਨੂੰ ਕੇਵਲ ਵਕਤੀ ਪ੍ਰਸਿੱਧੀ ਪ੍ਰਾਪਤ ਨਹੀਂ ਹੋਈ ਸਗੋਂ ਉਨ੍ਹਾਂ ਦੀਆਂ ਕ੍ਰਿਤੀਆਂ ਅੱਜ ਵੀ ਉਚੇਰੀ ਪੱਧਰ ਦੀਆਂ ਸਾਹਿਤਕ ਕ੍ਰਿਤਾਂ ਹਨ। ਉਨ੍ਹਾਂ ਨੇ ਕੇਂਦਰੀ ਸਾਹਿਤਕ ਭਾਸ਼ਾ ਦੀ ਵਰਤੋਂ ਕੀਤੀ ਹੈ। ਪਰ 1901-47 ਈ. ਕਾਲ ਦੇ ਕਿੱਸਾਕਾਰਾਂ ਨੇ ਕਈ ਥਾਵਾਂ 'ਤੇ ਤਾਂ ਨਿਰੀ ਤੁਕਬੰਦੀ ਹੀ ਕੀਤੀ ਹੈ। ਉਨ੍ਹਾਂ ਦੇ ਕਿੱਸਿਆਂ ਨੂੰ ਕਵੀਸ਼ਰੀ ਅਖਾੜਿਆਂ ਵਿਚ ਵਕਤੀ ਸ਼ੋਹਰਤ ਤਾਂ ਮਿਲੀ ਹੋਵੇਗੀ ਪਰ ਉਨ੍ਹਾਂ ਦੀਆਂ ਕ੍ਰਿਤਾਂ ਸਦੀਵੀ ਸਾਹਿਤਕ ਰਚਨਾਵਾਂ ਹੋਣ ਦਾ ਮਾਣ ਪ੍ਰਾਪਤ ਨਾ ਕਰ ਸਕੀਆਂ। ਸਦੀਵੀ ਸਾਹਿਤ ਲਈ ਲੋਕ ਭਾਸ਼ਾ ਅਤੇ ਸਾਹਿਤਕ ਭਾਸ਼ਾ ਦਾ ਸੁਮੇਲ ਜ਼ਰੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ।

ਕਿੱਸਾਕਾਰ ਵਾਰਿਸ, ਅਹਿਮਦਯਾਰ ਨੇ ਵਿਸਤ੍ਰਿਤ ਸ਼ੈਲੀ ਨੂੰ ਅਪਣਾਇਆ। ਘਟਨਾਵਾਂ ਨੂੰ ਬਾਰੀਕੀ ਨਾਲ ਚਿਤਰਿਆ। ਪ੍ਰਕ੍ਰਿਤੀ ਚਿਤ੍ਰਣ, ਵਾਰਤਾਲਾਪ ਆਦਿ ਨਾਲ ਕਹਾਣੀ ਨੂੰ ਵਿਸਥਾਰ ਦਿੱਤਾ। ਹਾਸ਼ਮ ਸੁਧਾਰਕ ਸ਼ੈਲੀ ਦਾ ਪ੍ਰਤਿਨਿਧ ਹੈ। ਉਸ ਦੀ ਸ਼ੈਲੀ ਸੰਜਮ ਭਰਪੂਰ ਤੇ ਦਰਦ ਭਰੀ ਹੈ। ਕਰੁਣਾ ਰਸ ਸਿੱਖਰ 'ਤੇ ਹੈ। ਪਰ ਵੀਹਵੀਂ ਸਦੀ ਦੇ ਕਵੀਸ਼ਰਾਂ ਨੇ ਜੋ ਕਿੱਸੇ ਲਿਖੇ ਉਹ ਸਾਰੇ ਲੋਕ ਸ਼ੈਲੀ ਵਿਚ ਹਨ। ਉਨ੍ਹਾਂ ਵਿਚ ਇਹ ਘਾਟ ਹੈ ਕਿ ਉਨ੍ਹਾਂ ਨੇ ਲੋਕ ਸ਼ੈਲੀ ਵਿਚ ਸਾਹਿਤਕ ਸ਼ੈਲੀ ਦੇ ਗੁਣਾਂ ਨੂੰ ਨਹੀਂ ਅਪਣਾਇਆ, ਜਿਸ ਕਾਰਣ ਉਹ ਲੋਕ ਸ਼ੈਲੀ ਵਿਚ ਲਿਖੇ ਹੋਣ ਦੇ ਬਾਵਜੂਦ ਵੀ ਵਧੇਰੇ ਹਰਮਨ ਪਿਆਰੇ ਨਾ ਹੋ ਸਕੇ।

ਹਵਾਲੇ ਤੇ ਟਿੱਪਣੀਆਂ

1. ਈਸ਼ਰ ਸਿੰਘ ਤਾਂਘ, 'ਪੰਜਾਬੀ ਸਾਹਿਤ ਦਾ ਇਤਿਹਾਸ' (ਪੁਨਰ ਮੁਲੰਕਣ), ਪੰਨਾ 166.
2. —ਰਲੇ ਦਿਲਾਂ ਪਕੜਿ ਵਿਛੋੜ ਦੇਣਾ,
   ਬੁਰੀ ਬਾਣ ਹੈ ਇਨ੍ਹਾਂ ਹਤਿਆਰਿਆਂ ਨੂੰ।
   ਨਿਤ ਸ਼ਹਿਰ ਦੀ ਫ਼ਿਕਰ ਗਲਤਾਨ ਰਹਿਣਾ,
   ਏਹ ਸ਼ਾਮਤਾਂ ਰੱਬ ਦਿਆਂ ਮਾਰਿਆਂ ਨੂੰ।

   —'ਹੀਰ ਵਾਰਿਸ', ਸ. ਸ. ਅਸ਼ੋਕ (ਸੰਪਾ.), ਪੰਨਾ 67.
3. —ਜੇ ਤੂੰ ਮੱਥਾ ਦੇਖਲੇਂ ਸੁੰਦਰ ਹੀਰ ਦਾ,
   ਰੋਸ਼ਨ ਜਿਉਂ ਪੂਰਾ ਬਦਰੇ ਮੁਨੀਰ ਦਾ।
   ਨੈਨਾਂ ਦੀ ਦੋਨਾਲੀ ਕਾਲਜੇ ਨੂੰ ਫੂਕਦੀ'
   ਕਰਾਂ ਕੀ ਸਿਫ਼ਤ ਸੁੰਦਰ ਮਸ਼ੂਕ ਦੀ।
   ਨੇਤਰਾਂ ਦਾ ਤੀਰ ਕਾਲਜੇ ਮੇਂ ਗਡਦੀ,
   ਸਾੜ ਸਾੜ ਗੋਲੀ ਮਾਰਦੀ ਬੰਦੂਕ ਦੀ।

   —'ਹੀਰ ਕਿਸ਼ੋਰ ਚੰਦ', ਪੰਨਾ 16.
4. ਵਿਚਾਰਧਾਰਾ, ਪੰਨਾ 204.
5. ਦੀਵਾਨ ਸਿੰਘ, "ਹਾਸ਼ਿਮ ਦੀ ਕਾਵਿ ਕਲਾ", 'ਕਿੱਸਾ ਸੱਸੀ ਪੁੰਨੂੰ ਹਾਸ਼ਮ ਸ਼ਾਹ', ਪੰਨਾ 55.
6. 'ਹੀਰ ਦਮੋਦਰ', ਬਾਵਾ ਗੰਗਾ ਸਿੰਘ ਬੇਦੀ (ਸੰਪਾ.), ਪੰਨਾ 19.
7. "ਹੀਰ ਵਾਰਿਸ ਵਿਚ ਇਸ਼ਕ ਦਾ ਸੰਕਲਪ', 'ਵਾਰਿਸ ਦਾ ਕਾਵਿ-ਲੋਕ', ਦੀਵਾਨ ਸਿੰਘ ਤੇ ਬਿਕਰਮ ਸਿੰਘ ਘੁੰਮਣ (ਸੰਪਾ.), ਪੰਨਾ 120.
8. ਉਹੀ, ਪੰਨਾ 121.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਬਿਕਰਮ ਸਿੰਘ ਘੁੰਮਣ, "ਪੰਜਾਬੀ ਕਿੱਸਾ-ਕਾਵਿ ਵਿਚ ਦੁਖਾਂਤ ਤੱਤ", 'ਪੰਜਾਬੀ ਦੁਨੀਆ', ਮਾਰਚ 1978, ਪੰਨਾ 53.
10. "ਪੰਜਾਬੀ ਕਿੱਸਿਆਂ ਵਿਚ ਦੁਖਾਂਤ ਤੇ ਹੋਣੀ", 'ਵਾਰਿਸ—ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨੇ 24-25.
11. ਉਹੀ, ਪੰਨਾ 27.
12. ਬਿਕਰਮ ਸਿੰਘ ਘੁੰਮਣ, "ਪੰਜਾਬੀ ਕਿੱਸਾ-ਕਾਵਿ ਵਿਚ ਦੁਖਾਂਤ ਤੱਤ", 'ਪੰਜਾਬੀ ਦੁਨੀਆ', ਮਾਰਚ 1978, ਪੰਨਾ 56.
13. ਅਮਰ ਕੋਮਲ, 'ਕਿੱਸਾ ਪੂਰਨ ਭਗਤ ਕੌਰ ਚੰਦ 'ਰਾਹੀ'—ਇਕ ਆਲੋਚਨਾਤਮਿਕ ਅਧਿਐਨ', ਪੰਨਾ 75.
14. "ਹੀਰ ਵਾਰਿਸ ਦੀਆਂ ਖ਼ੂਬੀਆਂ", 'ਵਾਰਿਸ—ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ 81.
15. ਦੀਵਾਨ ਸਿੰਘ, "ਹਾਸ਼ਿਮ ਦੀ ਕਾਵਿ ਕਲਾ", 'ਸੱਸੀ ਪੁੰਨੂੰ ਹਾਸ਼ਮ', ਪੰਨਾ 67.
16. ਸੰਤ ਸਿੰਘ ਸੇਖੋਂ, 'ਸਾਹਿਤਿਆਰਥ', ਪੰਨਾ 135.
17. ਕੁਲਬੀਰ ਸਿੰਘ ਕਾਂਗ, 'ਸੱਯਦ ਵਾਰਿਸ ਸ਼ਾਹ : ਇਤਿਹਾਸਕ ਤੇ ਕਾਵਿ ਮੁਲੰਕਣ', ਪੰਨੇ 136-37.
18. 'ਹੀਰ ਮੁਕਬਲ', ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 11.
19. 'ਉਹੀ ਰਚਨਾ', ਪੰਨੇ 150-44.
20. "ਪ੍ਰਾਚੀਨ ਪੰਜਾਬੀ ਕਾਵਿ ਵਿਚ ਪ੍ਰਕਿਰਤੀ ਚਿਤਰਣ", 'ਪੰਜਾਬੀ ਦੁਨੀਆ', ਅਕਤੂਬਰ-ਨਵੰਬਰ 1956, ਪੰਨੇ 66-67.
21. ਸੀਤਾ ਰਾਮ ਬਾਹਰੀ, "ਪ੍ਰਕਿਰਤੀ ਚਿਤ੍ਰਣ ਕਾਵਿ ਧਾਰਾ", 'ਪੰਜਾਬੀ ਦੁਨੀਆ', ਅਕਤੂਬਰ-ਨਵੰਬਰ 1956, ਪੰਨਾ 111.
22. "ਵਾਰਿਸ ਦੀ ਹੀਰ ਦੀਆਂ ਸ਼ਾਇਰਾਨਾ ਖ਼ੂਬੀਆਂ", 'ਵਾਰਿਸ—ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ 74.
23. "ਪੰਜਾਬੀ ਸੂਫ਼ੀ ਕਵੀਆਂ ਦੀ ਭਾਸ਼ਾ', 'ਪੰਜਾਬੀ ਦੁਨੀਆ", ਦਸੰਬਰ 1964, ਪੰਨਾ 154.
24. "ਵਾਰਿਸ ਦੀ ਹੀਰ ਦੀਆਂ ਸ਼ਾਇਰਾਨਾਂ ਖ਼ੂਬੀਆਂ", 'ਵਾਰਿਸ—ਜੀਵਨ ਤੇ ਰਚਨਾ', ਜੀਤ ਸਿੰਘ ਸੀਤਲ (ਸੰਪਾ.), ਪੰਨਾ 73.
25. —ਦੇਖਣਾ ਮਿੰਟ ਨਹੀਂ ਜਾਸਤੀ ਸਕਿੰਟ ਕਹਿੰਦੇ ਹੋ
ਜੇ ਲੇਟ ਜਾਣੇ ਝੰਡੀ ਨੂੰ ਹਲਾਵਣਾ,
ਬਜਾਈ ਸੀਟੀ ਗਾਡ ਗੱਡੀ ਜੋ ਗਾਰਡ ਸੁਣਾਇਆ
ਅਗੇ ਆਡਰ ਤੇ ਕਲਾ ਨੂੰ ਭਵਾਵਣਾ।
—ਰੀਟਾ ਦੀਨ, 'ਸੁੱਚਾ ਸਿੰਘ ਸੂਰਮਾ', ਪੰਨਾ 19.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ਼ਕੀਆ ਕਿੱਸਿਆਂ ਵਿਚ ਪਿਆਰ ਅਤੇ ਮੌਤ ਦਾ ਸੰਕਲਪ

ਪੰਜਾਬੀ ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਦੋ ਪ੍ਰਮੁੱਖ ਕਾਵਿ ਧਾਰਾਵਾਂ ਹਨ। ਸੂਫ਼ੀਆਂ ਨੇ ਜਿਥੇ ਪੰਜਾਬ ਦੇ ਲੋਕ ਜੀਵਨ ਨੂੰ ਅਧਿਆਤਮਕ ਅਤੇ ਰਹੱਸਵਾਦੀ ਖੇਤਰ ਵਿਚ ਪ੍ਰਭਾਵਿਤ ਕਰਨਾ ਆਰੰਭ ਕੀਤਾ ਉਥੇ ਕਿੱਸਾ ਕਾਵਿ ਵਿਚ ਇਹਲੌਕਿਕਤਾ ਦੀ ਗੱਲ ਕੀਤੀ ਗਈ। ਸੂਫ਼ੀ ਕਵੀ ਅਤੇ ਪੰਜਾਬੀ ਕਿੱਸਾਕਾਰ ਪ੍ਰਮੁੱਖ ਤੌਰ ਤੇ ਇਸਲਾਮ ਧਰਮ ਦੇ ਅਨੁਯਾਈ ਸਨ। ਵਿਚਾਰਧਾਰਕ ਤੌਰ ਤੇ ਉਹ ਇਕ ਦੂਜੇ ਦੇ ਬਹੁਤ ਨੇੜੇ ਵਿਚਰਦੇ ਹਨ। ਇਸ਼ਕ ਸੂਫ਼ੀ ਮਤ ਦਾ ਬੁਨਿਆਦੀ ਆਧਾਰ ਹੈ। ਸੂਫ਼ੀ ਅਨੁਭਵ ਵਿਚ ਮਿਜਾਜ਼ੀ ਅਤੇ ਹਕੀਕੀ ਇਸ਼ਕ ਇਕੋ ਜਿਹਾ ਦਰਜਾ ਰੱਖਦੇ ਹਨ। ਪੰਜਾਬੀ ਕਾਵਿ ਪਰੰਪਰਾ ਆਪਣੇ ਆਰੰਭ ਤੋਂ ਹੀ ਅਧਿਆਤਮਕ ਰੰਗ ਲੋੜ ਤੋਂ ਜ਼ਿਆਦਾ ਚੜ੍ਹਾ ਚੁੱਕੀ ਸੀ। ਸੂਫ਼ੀ ਮੱਤ ਦੀ ਸਥਾਪਤੀ ਨਾਲ ਇਸ਼ਕ ਮਜਾਜ਼ੀ ਲਈ ਰਾਹ ਖੁਲ੍ਹਿਆ। ਸੂਫ਼ੀ ਚਿੰਤਨ ਵਿਚ ਇਸ਼ਕ ਦੇ ਮਾਰਗ ਨੂੰ ਅਤਿ ਕਠਨ ਦਰਸਾਇਆ ਗਿਆ ਹੈ। ਰੱਬੀ ਇਸ਼ਕ ਜਾਨ ਤਲੀ ਉਪਰ ਧਰ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪੰਜਾਬੀ ਕਿੱਸਾ ਕਾਵਿ ਵਿਚ ਇਸ਼ਕ ਦਾ ਵਰਣਨ ਵੀ ਇਸੇ ਸੰਦਰਭ ਵਿਚ ਕੀਤਾ ਗਿਆ ਹੈ।

ਇਸ਼ਕ ਸਾਹਿਤਕ ਵਿਸ਼ਿਆਂ ਦਾ ਸਿਰਤਾਜ ਹੈ। ਮਨੁੱਖੀ ਜਜ਼ਬਿਆਂ ਵਿਚੋਂ ਇਹੋ ਹੀ ਸ਼ਿਰੋਮਣੀ ਹੈ। ਮਨੁੱਖੀ ਆਦਰਸ਼ਵਾਦ ਵਿਚ ਏਸੇ ਦੀ ਪ੍ਰਧਾਨਤਾ ਹੈ।[1] ਪੰਜਾਬੀ ਕਿੱਸਾ ਕਾਵਿ ਦਾ ਆਰੰਭ ਵੀ ਦਮੋਦਰ ਦੇ ਇਸ਼ਕੀਆ ਕਿੱਸੇ ਹੀਰ ਤੋਂ ਹੁੰਦਾ ਹੈ। ਕਿੱਸਾ ਕਾਵਿ ਵਿਚ ਇਸ਼ਕ ਦਾ ਅਨੁਭਵ ਸ਼ਿਰੋਮਣੀ ਤੱਤ ਹੈ। ਇਸ ਅਨੁਭਵ ਰਾਹੀਂ ਕਿੱਸਾਕਾਰ ਆਪਣਾ ਜੀਵਨ ਦਰਸ਼ਨ ਵੀ ਪੇਸ਼ ਕਰਦਾ ਜਾਂਦਾ ਹੈ।

ਦਮੋਦਰ ਦੀ ਹੀਰ ਵਿਚ ਇਸ਼ਕ ਦਾ ਅਨੁਭਵ ਭਾਰਤੀ ਤੇ ਸੂਫ਼ੀ ਦ੍ਰਿਸ਼ਟੀਕੋਣ ਦੀ ਉਪਜ ਹੈ। ਉਸਦੀ ਆਦਰਸ਼ਕ ਪ੍ਰੀਤ ਦਾ ਸੰਕਲਪ ਅਤੇ ਨਿਭਾਅ ਇਨ੍ਹਾਂ ਦੋਹਾਂ ਦ੍ਰਿਸ਼ਟੀਕੋਣਾਂ ਦਾ ਸੁਮੇਲ ਹੈ। ਕਵੀ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਤਕ ਲੈ ਜਾਂਦਾ ਹੈ। ਭਾਰਤੀ ਪਰੰਪਰਾ ਵਿਚ ਆਦਰਸ਼ਕ ਪਿਆਰ ਦੀਆਂ ਅਨੇਕਾਂ ਮਿਸਾਲਾਂ ਹਨ। ਇਸ ਵਿਚ ਸਰੀਰਕ ਪਿਆਰ ਹੁੰਦਿਆਂ ਵੀ ਵਾਸ਼ਨਾਵਾਦੀ ਅਤੇ ਕਾਮ ਦਾ ਅੰਸ਼ ਬਿਲਕੁਲ ਅਲੋਪ ਹੈ। ਗੁਰਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਸ ਅਭੇਦਤਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ :

ਜਿਉ ਜਲਿ ਮੈ ਜਲ ਆਇ ਖਟਾਨਾ ਤਿਉ ਜੋਤੀ ਸੰਗ ਜੋਤ ਸਮਾਣਾ ।

ਦਮੋਦਰ ਨੇ ਵੀ ਇਸੇ ਤਰ੍ਹਾਂ ਦਾ ਵਰਣਨ ਕੀਤਾ ਹੈ :

ਪਾਣੀ ਢੂਲ ਮਿਲਿਆ ਪਾਣੀ ਨੂੰ ਬਾਕੀ ਰਹੀ ਨਾ ਕਾਈ ।

ਹੀਰ ਅਤੇ ਰਾਂਝੇ ਦਾ ਪਿਆਰ ਵੀ ਸਰੀਰਕ ਨਾਲੋਂ ਵਧੇਰੇ ਆਤਮਕ ਹੈ । "ਮੈਂ ਤੇ ਰਾਂਝੇ ਦਾ ਨੇਹੁ ਚਿਰੋਕਾ ਜਾਂ ਸਾਹਿਬ ਖਲਕਤ ਸਾਜੀ" । ਇਸ ਤਰ੍ਹਾਂ ਇਹ ਪਿਆਰ ਸਰੀਰਕ ਖਿੱਚ ਤੋਂ ਉਚੀ ਉਠ ਕੇ ਨਿਰੋਲ ਆਤਮਕ ਹੈ । ਇਸ ਲਈ ਬਾਵਾ ਬੁੱਧ ਸਿੰਘ ਨੇ ਕਿਹਾ ਹੈ ।" ਹੀਰ ਤੇ ਰਾਂਝੇ ਦਾ ਪ੍ਰੇਮ ਕੋਈ ਨੱਕ ਚਾੜ੍ਹਕੇ ਪਰ੍ਹੇ ਸੱਟਵੀਂ ਗੱਲ ਨਹੀਂ ਸਗੋਂ ਉਹ ਪਿਆਰ ਚਾਹੇ ਕਿਵੇਂ ਲੱਗਾ, ਪਰ ਲਗ ਕੇ ਫੇਰ ਅਨਿੰਨ ਸੀ ਤੇ ਦ੍ਰਿੜ ਸੀ, ਜਿਸ ਨੂੰ ਜਾਇਜ਼ ਮੰਨ ਕੇ ਅਖੀਰ ਅਦਾਲਤ ਨੇ ਹੀਰ ਰਾਂਝੇ ਨੂੰ ਦਿੱਤੀ । ਇਹ ਪ੍ਰੀਤ ਸੱਚੀ ਤੇ ਨਿਰਲੋਭ ਸੀ ।[2] ਇਹ ਨਿਕਾਹ ਧਰਮ ਦੀਆਂ ਅੱਖਾਂ ਸਾਹਮਣੇ ਠੀਕ ਲੱਗੇ ਜਾਂ ਨਾ ਪਰ ਇਹ ਧੁਰੋਂ ਪ੍ਰਵਾਨ ਹੋ ਚੁੱਕਾ ਹੈ :

ਰੱਬ ਨਿਕਾਹ ਦਿਲਾਂ ਤੇ ਬੱਧੇ ਤੂੰ ਕੇ ਬੰਨ੍ਹਸੀ ਕਾਜੀ ।

ਰੱਬੀ ਭਗਤੀ ਵਾਂਗ ਪਿਆਰ ਦੇ ਰਸਤੇ ਵਿਚ ਅਨੇਕਾਂ ਔਕੜਾਂ ਆਉਂਦੀਆਂ ਹਨ । ਪਰ ਪ੍ਰੇਮੀ ਸੰਸਾਰਕ ਰੁਕਾਵਟ ਨੂੰ ਤੁੱਛ ਜਾਣਕੇ ਪਿਆਰ ਵਿਚ ਪੂਰੇ ਉਤਰਦੇ ਹਨ ਤੇ ਫਿਰ ਹੀ ਉਨ੍ਹਾਂ ਦੀ ਪ੍ਰਸਿੱਧਤਾ ਹੁੰਦੀ ਹੈ :

ਇੰਨ ਬਾਝ ਤੂੰ ਸੁਣ ਹੀਰੇ, ਰੋਸ਼ਨ ਹੁੰਦੇ ਨਾਹੇ ।

ਪੀਲੂ ਦਾ ਇਸ਼ਕ ਦਮੋਦਰ ਤੋਂ ਭਿੰਨ ਹੈ । ਉਸਨੇ ਸਮਾਜਕ ਪਿਛੋਕੜ ਨੂੰ ਅਣਡਿੱਠ ਕਰਕੇ ਇਸ਼ਕ ਦੀ ਖੇਡ ਨੂੰ ਕੁਦਰਤੀ ਪੱਧਰ ਤੇ ਪੇਸ਼ ਕੀਤਾ । ਉਸਦੇ ਕਿੱਸੇ ਵਿਚ ਆਇਆ ਹਰ ਤੱਤ ਯਥਾਰਥਕ ਦ੍ਰਿਸ਼ਟੀਕੋਣ ਦਾ ਸੂਚਕ ਹੈ । ਇਸ ਦ੍ਰਿਸ਼ਟੀਕੋਣ ਦਾ ਪ੍ਰਵੇਸ਼ ਇਸਲਾਮੀ ਪ੍ਰਭਾਵ ਦਾ ਫ਼ਲ ਹੈ । ਇਸਤ੍ਰੀ ਪ੍ਰਤੀ ਨਫ਼ਰਸ਼ ਨਾਲ ਆਦਰਸ਼ਕ ਰੰਗ ਘੱਟ ਗਿਆ ਅਤੇ ਯਥਾਰਥਕ ਰੰਗਣ ਵਧ ਗਈ । ਆਦਰਸ਼ਵਾਦੀ ਦ੍ਰਿਸ਼ਟੀਕੋਣ ਅਨੁਸਾਰ ਇਸ਼ਕ ਵਿਚ ਦੁਖਾਂਤ ਅਤੇ ਹੋਣੀ ਕੁਦਰਤੀ ਹਨ । ਪਰ ਪੀਲੂ ਦੇ ਯਥਾਰਥਕ ਵਿਚਾਰ ਅਨੁਸਾਰ ਦੁਖਾਂਤ ਅਤੇ ਹੋਣੀ ਮਨੁੱਖੀ ਚਰਿੱਤਰ ਦੀ ਦੇਣ ਹਨ । ਉਹ ਹੁਸਨ ਵਰਣਨ ਅਤੇ ਇਸ਼ਕ ਦੇ ਹਕੀਕੀ ਰੰਗ ਵਲ ਨਾ ਪੈ ਕੇ ਇਸ਼ਕ ਨੂੰ ਰੋਮਾਂਸ ਦੀ ਰੰਗਣ ਦਿੰਦਾ ਹੈ । ਉਸਦਾ ਰੁਮਾਂਸ ਭਾਵੁਕ ਤੀਬਰਤਾ, ਚਰਿਤਰ ਗੌਰਵ ਅਤੇ ਘਟਨਾਵਾਂ ਵਿਚੋਂ ਉਪਜਿਆ ਹੈ । ਇਸਦਾ ਆਧਾਰ ਵੀ ਯਥਾਰਥ ਤੇ ਹੈ । ਉਸਨੇ ਇਸ਼ਕ ਵਿਚ ਸਰੀਰਕ ਸੁੰਦਰਤਾ ਨੂੰ ਮੁੱਖ ਦਰਸਾਇਆ ਹੈ । ਮਿਰਜ਼ਾ ਸਾਹਿਬਾਂ ਦੇ ਹੁਸਨ ਦਾ ਵਿੰਨ੍ਹਿਆ ਹੋਇਆ ਹੈ । ਇਸੇ ਤਰ੍ਹਾਂ ਸਾਹਿਬਾਂ ਇਸ਼ਕ ਦੀ

 CC-0. In Public Domain. Gurukul Kangri Collection, Haridwar

ਨਪੀੜੀ ਹੋਈ ਹੈ। ਇਸ ਸਰੀਰਕ ਖਿੱਚ ਨੂੰ ਪੀਲੂ ਨੇ ਇਸ਼ਕ ਦਾ ਆਧਾਰ ਬਣਾਇਆ ਹੈ। ਇਹ ਉਸਦੇ ਆਦਰਸ਼ਕ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਦੀ ਹੈ। ਜਿਵੇਂ :

Digitized by Arya Samaj Foundation Chennai and eGangotri

ਨਾ ਮਾਰ ਕਾਜੀ ਛਮਕਾਂ, ਨਾ ਉਹ ਭੱਠੀ ਨੂੰ ਤਾਇ।
ਪੜ੍ਹਨਾ ਸਾਡਾ ਰਹਿ ਗਿਆ, ਲੈ ਆਏ ਇਸ਼ਕ ਲਿਖਾਏ।...

ਗਜ਼ ਗਜ਼ ਲੰਮੀਆਂ ਮੀਢੀਆਂ, ਰੰਗ ਜੋ ਗੋਰਾ ਸੀ।
ਜਿ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜਿ ਮਾਰੇ ਬਰਛੀ ਕੱਸ ਕੇ, ਮਿਰਜ਼ਾ ਕਦੀ ਨਾ ਕਰਦਾ ਸੀ।
ਆਪਣੀ ਮੌਤ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ।

ਪੀਲੂ ਵੀ ਇਸ਼ਕ ਨੂੰ ਇਕ ਅਸਮਾਜਿਕ ਘਟਨਾ ਦਰਸਾਉਂਦਾ ਹੈ ਪਰ ਉਸਦਾ ਦ੍ਰਿਸ਼ਟੀਕੋਣ ਦਮੋਦਰ ਤੋਂ ਭਿੰਨ ਹੈ। ਇਹ ਅਸਮਾਜਿਕਤਾ ਹੀ ਇਸਤਰੀ ਦਾ ਇਸ਼ਕ ਵਿਚ ਕਿਰਦਾਰ ਹੈ। ਇਸਤਰੀ ਦੀ ਕਮਜ਼ੋਰੀ, ਬੇਵਫ਼ਾਈ ਅਤੇ ਉਸਦੇ ਨਿਰਬਲ ਹੋਣ ਕਾਰਨ ਹੀ ਇਸ਼ਕ ਵਿਚ ਸਫ਼ਲਤਾ ਪ੍ਰਾਪਤ ਨਹੀਂ ਹੁੰਦੀ। ਇਹ ਯਥਾਰਥਕ ਰੰਗਣ ਹੈ, ਜਿਵੇਂ :

1. ਬੁਰੀਆਂ ਸਿਆਲਾਂ ਦੀਆਂ ਔਰਤਾਂ ਜਾਦੂ ਲੈਂਦੀਆਂ ਪਾ।

2. ਮੰਦਾ ਕੀਤਾ ਸਾਹਿਬਾਂ ਤੂੰ ਰਲ ਗਈਂ ਏ ਸਿਆਲਾਂ ਦੇ ਨਾਲ।

ਹਾਫ਼ਿਜ਼ ਬਰਖੁਰਦਾਰ ਨਾਲ ਪੰਜਾਬੀ ਕਿੱਸਾਕਾਰਾਂ ਵਿਚ ਇਸ਼ਕ ਦਾ ਫ਼ਾਰਸੀ ਸਰੂਪ ਪੇਸ਼ ਹੋਇਆ। ਇਸ਼ਕ ਵਿਚ ਰੋਮਾਂਸ ਅਤੇ ਦਰਸ਼ਨ ਦੋ ਨਵੀਆਂ ਪ੍ਰਵਿਰਤੀਆਂ ਆਈਆਂ। ਇਸ਼ਕ ਨੂੰ ਦਾਰਸ਼ਨਿਕ ਰੰਗ ਦੇਣ ਵਿਚ ਉਸਨੇ ਕਮਾਲ ਕਰ ਦਿੱਤੀ ਹੈ। ਉਹ ਕਿੱਸੇ ਦਾ ਆਰੰਭ ਹੀ ਇਸੇ ਰੰਗ ਵਿਚ ਕਰਦਾ ਹੈ। ਉਸਦੇ ਵਿਚਾਰ ਅਨੁਸਾਰ ਇਸ਼ਕ ਦਾ ਦੂਸਰਾ ਨਾਮ ਹੋਣੀ ਹੈ। ਚਾਹੇ ਇਸ਼ਕ ਮਜ਼ਾਜੀ ਹੋਵੇ ਜਾਂ ਇਸ਼ਕ ਹਕੀਕੀ, ਦੋਹਾਂ ਦਾ ਅੰਤ ਦੁਖਾਂਤਕ ਹੁੰਦਾ ਹੈ। ਇਸ਼ਕ ਤੀਬਰਤਾ ਨੂੰ ਹੁਸਨ ਤੇਜ਼ੀ ਬਖ਼ਸ਼ਦਾ ਹੈ। ਇਸੇ ਲਈ ਉਸਦੇ ਕਿੱਸਿਆਂ ਵਿਚ ਹੁਸਨ ਵਰਣਨ ਸਭ ਤੋਂ ਵੱਧ ਹੈ। ਸੁੰਦਰਤਾ ਆਤਮਕ ਨਹੀਂ ਸਰੀਰਕ ਹੈ। ਇਹ ਖੇਡ ਚਾਰ ਅੱਖਾਂ ਦਾ ਮੇਲ ਹੈ। ਇਹ ਮੇਲ ਏਨਾ ਤਾਕਤਵਰ ਹੈ ਕਿ ਇਸ ਪਕੜ ਤੋਂ ਨਾਇਕ ਅਤੇ ਨਾਇਕਾ ਵੀ ਬਚ ਨਹੀਂ ਸਕੇ। ਹਾਫ਼ਿਜ਼ ਨੇ ਹੁਸਨ ਅਤੇ ਇਸ਼ਕ ਨੂੰ ਅੰਤਰ ਨਿਰਭਰ ਦਰਸਾ ਕੇ ਦਾ ਇਸ਼ਕ ਦੇ ਰੁਮਾਂਸ ਅਤੇ ਦਰਸ਼ਨ ਨੂੰ ਸਮਰੂਪ ਕਰ ਦਿੱਤਾ ਹੈ। ਉਹ ਇਸ਼ਕ ਦਾ ਸਰੂਪ ਇਸ ਤਰ੍ਹਾਂ ਪੇਸ਼ ਕਰਦਾ ਹੈ :

ਜੀ ਇਸ਼ਕ ਭਲੇਰਾ ਪਾਤਣੀ ਕਿਸੇ ਨਾ ਚਾੜੇ ਪਾਰ
ਭਰ ਭਰ ਬੇੜੇ ਡੋਬਦਾ ਅਧ ਘੜੀ ਵਿਚਕਾਰ।...

ਉਹ ਦੀਆਂ ਸੁਰਖ ਲਬਾਂ ਦੰਦ ਉਜਲੇ ਜਿਉਂ ਮੋਤੀ ਲਾਲ ਭਖੰਨ
ਜਾਂ ਗੱਲ ਕਰੇਂਦੀ ਹੱਸਕੇ ਮੁਖਹੁ ਫੁਲ ਝੜੰਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਹਿਮਦਯਾਰ ਨੇ ਇਸ਼ਕ ਦੇ ਸੰਸਾਰਕ ਪੱਖ ਨੂੰ ਉਜਾਗਰ ਕੀਤਾ ਹੈ। ਉਸਦਾ ਦ੍ਰਿਸ਼ਟੀਕੋਣ ਯਥਾਰਥਕ ਹੈ। ਉਸਦਾ ਇਸ਼ਕ ਵਰਣਨ ਸਮਾਜਕ ਪਿਛੋਕੜ ਦੇ ਸੰਦਰਭ ਵਿਚ ਹੈ। ਨਾਟਕੀ ਰੰਗ ਉਸਦੇ ਕਿੱਸੇ ਦੀ ਰੂਹ ਹੈ। ਉਹ ਨਾਇਕ ਅਤੇ ਨਾਇਕਾ ਦੇ ਇਸ਼ਕ ਅਧਿਕਾਰ ਅਤੇ ਸੰਸਾਰ ਪ੍ਰਤੀ ਵਿਵਹਾਰ ਵਿਚ ਨਾਟਕੀ ਰੰਗ ਓਤਪੋਤ ਕਰਦਾ ਹੈ। ਉਸਨੇ ਨਾਇਕ ਦੀ ਮਹੱਤਾ ਨੂੰ ਸਥਾਪਿਤ ਕੀਤਾ ਹੈ। ਕਿੱਸਾ ਕਾਵਿ ਵਿਚ ਇਹ ਰੰਗ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੋਇਆ। ਮੁਕਬਲ ਨੇ ਵੀ ਇਸ਼ਕ ਹਕੀਕੀ ਦਾ ਵਰਣਨ ਕੀਤਾ ਹੈ। ਹੀਰ ਵਾਰਿਸ ਅਨੁਸਾਰ ਹੀਰ ਅਤੇ ਰਾਂਝਾ ਆਦਰਸ਼ਵਾਦੀ ਪ੍ਰੇਮੀ ਹਨ ਜੋ ਪਿਆਰ ਨੂੰ ਜੀਵਨ ਦੀ ਸਭ ਤੋਂ ਵੱਡੀ ਜਿੱਤ ਸਮਝਦੇ ਹਨ। ਡਾ. ਜੀਤ ਸਿੰਘ ਸੀਤਲ ਅਨੁਸਾਰ, "ਹੀਰ ਵਾਰਿਸ ਵਿਚ ਇਸ਼ਕ ਦਾ ਸੰਕਲਪ ਸੱਚੇ ਸੁੱਚੇ ਪਿਆਰ ਵਾਲਾ ਹੈ। ਇਹ ਅਧਿਆਤਮਕ ਸੰਬੰਧ ਹੈ। ਇਹ ਸਰੀਰਾਂ ਦਾ ਸੰਬੰਧ ਨਹੀਂ। ਆਤਮਾ ਅਤੇ ਪਰਮਾਤਮਾ ਦਾ ਪਾਕ ਪਵਿੱਤਰ ਰਿਸ਼ਤਾ ਹੈ। ਸੰਸਾਰੀ ਪੀੜ ਕੇਵਲ ਸੱਚੀ ਪ੍ਰੀਤ ਤਕ ਪੁੱਜਣ ਦਾ ਇਕ ਸਾਧਨ ਹੈ। ਇਹ ਇਸ਼ਕ ਸਾਬਤੀ ਤੇ ਸਿਦਕ ਵਾਲਾ ਪਿਆਰ ਹੈ। ਇਸ ਸੰਸਾਰ ਵਿਚ ਵੀ ਆਸ਼ਕ ਪਾਕ ਦਾਮਨ ਰਹਿੰਦਾ ਹੈ ਤੇ ਅਗਲੇ ਜਹਾਨ ਵਿਚ ਵੀ ਸੁਰਖਰੂ ਹੋ ਜਾਂਦਾ ਹੈ।"[3]

ਵਾਰਿਸ ਨੇ ਹੀਰ ਰਾਂਝੇ ਦੇ ਇਸ਼ਕ ਨੂੰ ਮਨੋਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ। ਦਰਦ, ਸੋਜ਼, ਤੜਪ, ਵਿਲਕਣੀ ਜੋ ਵਾਰਿਸ ਦੀ ਕਵਿਤਾ ਵਿਚ ਹੈ ਉਹ 'ਹੀਰ' ਦੇ ਕਿਸੇ ਹੋਰ ਕਵੀ ਦੇ ਹਿੱਸੇ ਨਹੀਂ ਆਈ। ਇਸ਼ਕ ਦੇ ਪ੍ਰਬਲ ਜਜ਼ਬੇ ਨੂੰ ਹਨੇਰੀ, ਮੀਂਹ, ਤੂਫਾਨ ਤੇ ਹੜ੍ਹ ਨਹੀਂ ਰੋਕ ਸਕਦੇ।

ਵਾਰਿਸ ਦਾ ਇਸ਼ਕ ਵਰਣਨ ਮਜਾਜ਼ੀ ਤੋਂ ਸ਼ੁਰੂ ਹੋ ਕੇ ਇਸ਼ਕ ਹਕੀਕੀ ਵਲ ਤੁਰਦਾ ਹੈ। ਹਕੀਕੀ ਇਸ਼ਕ ਲਈ ਇਸ਼ਕ ਮਜਾਜ਼ੀ ਜ਼ਰੂਰੀ ਹੈ। ਹਾਸ਼ਮ ਨੇ ਆਪਣੇ ਕਿੱਸਿਆਂ ਵਿਚ ਆਏ ਸੰਸਾਰਿਕ ਇਸ਼ਕ ਨੂੰ ਇਸ਼ਕ ਹਕੀਕੀ ਦੀ ਪਹਿਲੀ ਮੰਜ਼ਲ ਸਮਝ ਕੇ ਚਿਤਰਿਆ ਹੈ। ਉਸਦੇ ਪਾਤਰ ਜੋ ਇਸ਼ਕ ਮਜਾਜ਼ੀ ਕਰਦੇ ਹਨ, ਉਹ ਰੱਬੀ ਰੰਗ ਵਿਚ ਰੰਗੇ ਹੁੰਦੇ ਹਨ। ਹਾਸ਼ਮ ਨੇ ਇਸ਼ਕ ਦੇ ਸੋਜ਼ ਦਰਦ ਅਤੇ ਬਿਰਹਾ ਪੀੜ ਨੂੰ ਭਲੀ ਭਾਂਤ ਅਨੁਭਵ ਕਰਕੇ ਆਪਣੀ ਕਵਿਤਾ ਵਿਚ ਅੰਕਿਤ ਕੀਤਾ ਹੈ। ਉਸਨੇ ਇਸ਼ਕ ਦੇ ਸੋਜ਼ ਤੇ ਦਰਦ ਨੂੰ ਅਜੇਹੀ ਵਲਵਲੇ ਭਲੀ ਬੋਲੀ ਵਿਚ ਪ੍ਰਗਟ ਕੀਤਾ ਹੈ ਕਿ ਹਰ ਤੁਕ ਪਿਆਰ ਪੀੜਾ ਦਾ ਰਾਗ ਬਣ ਗਈ।

ਸੋਹਣੀ ਫ਼ਜ਼ਲ ਸ਼ਾਹ ਦੇ ਕਿੱਸੇ ਦਾ ਆਰੰਭ ਵੀ ਸਥਾਪਿਤ ਪਰੰਪਰਾ ਅਨੁਸਾਰ ਸ਼ੁਰੂ ਹੁੰਦਾ ਹੈ ਅਤੇ ਪਿਆਰ/ਇਸ਼ਕ ਨੂੰ ਉੱਤਮ ਦਰਜਾ ਦਿੱਤਾ ਹੈ:

ਲੋਹ ਕਲਮ ਚੌਦਾ ਤਬਕ ਅਰਸ਼ ਕਰਨੀ
ਸਭ ਇਸ਼ਕ ਸੇਤੀ ਨਿਗਾਹਬਾਨ ਕੀਤਾ।
ਹੋਇਆ ਫ਼ਜ਼ਲ ਖ਼ੁਦਾਇ ਦਾ ਆਸ਼ਕਾਂ ਤੇ
ਜਦੋਂ ਇਸ਼ਕ ਨੇ ਆਨ ਮਦਾਨ ਕੀਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਇਸ਼ਕ ਦਾ ਜੋ ਸੰਕਲਪ ਪੇਸ਼ ਕੀਤਾ ਗਿਆ ਉਸ ਇਸ਼ਕ ਦਾ ਅੰਤ ਦੁਖਾਂਤਕ ਹੁੰਦਾ ਹੈ ਜਾਂ ਉਸ ਵਿਚ ਨਾਇਕ ਨਾਇਕਾ ਦੀ ਮੌਤ ਹੁੰਦੀ ਹੈ। ਇਸ਼ਕ ਦੀ ਪ੍ਰਕਿਰਤੀ ਵਿਚ ਦੁਖਾਂਤ ਤੱਤ ਸਮਾਇਆ ਹੋਇਆ ਹੈ। ਇਸ਼ਕ ਵਿਚ ਦੁਖਾਂਤ ਦਾ ਹੋਣਾ ਆਵਸ਼ਕ ਹੈ ਕਿਉਂਕਿ ਇਸ਼ਕ ਸਚਾਈ ਮੂਲ ਰੂਪ ਵਿਚ ਦੁਖਾਂਤਕ ਹੈ। ਦੁਖਾਂਤ ਹੀ ਇਸ਼ਕ ਦੇ ਕਿੱਸੇ ਦਾ ਸਿੱਟਾ ਤੇ ਫ਼ਲ ਹੁੰਦਾ ਹੈ। ਇਹ ਸੂਫ਼ੀ ਸਿਧਾਂਤ ਦਾ ਹੀ ਦੂਜਾ ਨਾਮ ਹੈ। ਇਹ ਮਨੁੱਖ ਦਾ ਪਰਮਾਤਮਾ ਵਿਚ ਫਨ੍ਹਾ ਹੋਣਾ ਹੈ।[4] ਇਸ਼ਕ ਦੀ ਅਗਨੀ ਬਹੁਤ ਤੇਜ਼ ਹੈ ਜੋ ਇਸ ਅਗਨੀ ਵਿਚ ਪੈਂਦਾ ਹੈ ਉਸ ਨੂੰ ਇਸ਼ਕ ਸਾੜ ਕੇ ਸੁਆਹ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਇਸ਼ਕੀਆ ਕਿੱਸਿਆਂ ਵਿਚ ਅੰਤ ਵਿਚ ਮੌਤ ਹੁੰਦੀ ਹੈ ਭਾਵ ਅੰਤ ਦੁਖਾਂਤਕ ਹੁੰਦਾ ਹੈ। "ਇਸ਼ਕ ਦੀ ਡੂੰਘਿਆਈ ਭੁਚਾਲ ਵਾਂਗ ਹੈ ਜੋ ਧਰਤੀ ਦੀਆਂ ਆਂਦਰਾਂ ਵਿਚ ਸੂਲ ਵਾਂਗ ਉਠਦਾ ਹੈ ਅਤੇ ਹਲਾਵੇ ਦੇਂਦਾ ਹੈ।"[5] ਸੱਸੀ ਪੁਨੂੰ, ਸ਼ੀਰੀ ਫਰਿਹਾਦ, ਲੈਲਾ ਮਜਨੂੰ ਆਦਿ ਦਾ ਅੰਤ ਇਸ ਤੇਜ਼ ਅਗਨੀ ਕਾਰਨ ਹੋਇਆ। ਹਾਸ਼ਮ ਅਨੁਸਾਰ ਇਸ਼ਕ ਜਿਸ ਵੀ ਵਿਹੜੇ ਵਿਚ ਚਲਾ ਜਾਂਦਾ ਹੈ ਉਸ ਦਾ ਸਭ ਜੜ ਮੂਲ ਗਵਾ ਦੇਂਦਾ ਹੈ :

ਭੁੱਲਾ ਇਸ਼ਕ ਗਿਆ ਜਿਸ ਵਿਹੜੇ, ਉਹਦੀ ਸਭ ਜੜ ਮੂਲ ਗਵਾਵੇ।
ਜਿਉਂ ਬਾਗਬਨ ਸੁੱਟੇ ਕੱਟ ਬੂਟਾ, ਅਤੇ ਭੀ ਸਿਰ ਵਾਰ ਲਗਾਵੇ।
ਕਿਸਮਤ ਨਾਲ ਮੁੜ ਹੋਵੇ ਹਰਿਆ, ਨਹੀਂ ਮੂਲ ਸੁੱਕੇ ਸੜ ਜਾਵੇ।

ਇਸ਼ਕ ਕੁਰਬਾਨੀ ਮੰਗਦਾ ਹੈ। ਮਹੀਂਵਾਲ ਭਾਂਡਿਆਂ ਦੀ ਦੁਕਾਨ ਕਰਦਾ ਹੈ। ਫਰਿਹਾਦ ਪਹਾੜਾਂ ਨਾਲ ਟੱਕਰਾਂ ਮਾਰਦਾ ਹੈ। ਸੱਸੀ ਮਾਰੂਥਲ ਵਿਚ ਤੜਫਦੀ ਹੈ, ਅੰਤ ਇਹ ਇਸ਼ਕ ਉਸਨੂੰ ਮਾਰੂਥਲ ਵਿਚ ਮਾਰ ਮੁਕਾਂਦਾ ਹੈ। ਹੀਰ ਜਾਂ ਸੋਹਣੀ ਦੇ ਆਸ਼ਕ ਮਹੀਂਵਾਲ ਬਣਨਾ ਪ੍ਰਵਾਨ ਕਰਦੇ ਹਨ ਤੇ ਉਹ ਆਪਣੀ ਜਵਾਨੀ ਨੂੰ ਇਸ਼ਕ ਲਈ ਸਮਰਪਣ ਕਰਕੇ ਇਕ ਵੱਡੀ ਕੁਰਬਾਨੀ ਕਰਦੇ ਹਨ। ਨਾਇਕਾਵਾਂ ਵੀ ਕੁਰਬਾਨੀ ਕਰਦੀਆਂ ਹਨ। ਹਾਸ਼ਮ 'ਸੋਹਣੀ ਮਹੀਂਵਾਲ' ਵਿਚ ਇਸ਼ਕ ਪਿੱਛੇ ਮਰਨ ਨੂੰ ਹੀ ਕਾਮਯਾਬੀ ਮਿਥਦਾ ਹੈ। ਉਹ ਇਸ਼ਕ ਦਾ ਪਰਿਣਾਮ ਦੁਖਾਂਤ ਪ੍ਰਗਟ ਕਰਦਾ ਹੈ :

1. ਹਾਸ਼ਮ ਮਿਲਣ ਮੁਹਾਲ ਸੱਜਣ ਨੂੰ, ਜੋ ਮਿਲਿਆ ਸੋ ਮਰ ਕੇ।
(ਸੋਹਣੀ ਮਹੀਂਵਾਲ)

2. ਦਿਲ ਦਾ ਖੂਨ ਅੱਖੀਂ ਫੁੱਟ ਆਇਆ, ਜ਼ਾਲਮ ਇਸ਼ਕ ਅਜੇਹਾ।
ਹਾਸ਼ਮ ਮਾਰ ਰੁਲਾਵੇ ਗਲੀਆਂ ਬਾਣ ਇਸ਼ਕ ਦੀ ਏਹਾ।
(ਸੱਸੀ ਪੁਨੂੰ)

3. ਖਾਤਰ ਇਸ਼ਕ ਗਏ ਰਲ ਮਾਟੀ, ਸੂਰਤ ਹੁਸਨ ਜੁਆਨੀ। (ਸੱਸੀ ਪੁੰਨੂੰ)

ਇਸ਼ਕ ਕਰਨਾ ਜੀਵਨ ਦੀ ਬਾਜ਼ੀ ਖੇਡਣਾ ਹੈ। ਹਾਫਿਜ਼ 'ਮਿਰਜ਼ਾ ਸਾਹਿਬਾਂ' ਵਿਚ ਇਸ਼ਕ

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਜੀ ਇਸ਼ਕ ਭਲੇਰਾ ਪਾਤਣੀ, ਕਿਸੇ ਨਾ ਚਾੜ੍ਹੇ ਪਾਰ,
ਭਰ ਭਰ ਬੇੜੇ ਡੋਬਦਾ, ਅੱਧ ਘੜੀ ਵਿਚਕਾਰ।
ਰੱਬਾ ! ਰਖੀਂ ਇਸ਼ਕ ਮਿਜਾਜ਼ੀਓ ਖ਼ੂਨੀ ਘੱਤਣ ਮਾਰ।

ਅਹਿਮਦ ਗੁੱਜਰ ਇਸ਼ਕ ਨੂੰ ਜ਼ਹਿਰ ਦਾ ਪਿਆਲਾ ਕਹਿੰਦਾ ਹੈ :

ਗਈ ਸਹੁਰੇ ਪੇਕਿਆਂ ਵਿਆਹ ਦਿੱਤੀ,
ਇਸ਼ਕ ਜ਼ਹਿਰ ਪਿਆਲੜਾ ਚਾੜ੍ਹਿਆ ਸੂ।

ਨਾਇਕ ਨਾਇਕਾਵਾਂ ਦਾ ਆਪਸੀ ਪਿਆਰ ਇਨਾ ਪ੍ਰਬਲ ਹੁੰਦਾ ਹੈ ਕਿ ਉਹ ਆਪਣੀ ਪ੍ਰੇਮਿਕਾ ਜਾਂ ਪ੍ਰੇਮੀ ਤੋਂ ਬਿਨਾਂ ਕਿਸੇ ਹੋਰ ਇਸਤਰੀ ਪੁਰਸ਼ ਦੀ ਕਲਪਨਾ ਕਰਨੀ ਈ ਪਾਪ ਸਮਝਦੇ ਹਨ। ਹੀਰ ਵਾਰਿਸ ਵਿਚ ਹੀਰ ਇਸ਼ਕ ਦੀ ਬਾਜ਼ੀ ਦਾ ਵਰਣਨ ਕਰਦੀ ਹੋਈ ਆਪਣੇ ਭਰਾ ਨੂੰ ਕਹਿੰਦੀ ਹੈ :

ਅੱਖੀਂ ਲਗੀਆਂ ਮੁੜਕੇ ਨਾ ਵੀਰ ਮੇਰੇ,
ਬੀਬੀ ਵਾਰ ਘਤੀ ਬਲਿਹਾਰੀ ਆਵੇ।

ਕਿੱਸਾ-ਕਾਵਿ ਜਾਗੀਰਦਾਰੀ ਸਮਾਜ ਦੀ ਦੇਣ ਹੈ। ਪਿਆਰ ਇਕ ਵਿਅਕਤੀਗਤ ਸਸੱਸਿਆ ਸੀ। ਇਸਤਰੀ ਪੁਰਸ਼ ਦੀ ਗੁਲਾਮ ਸੀ। ਉਸ ਨੂੰ ਆਰਥਿਕ ਤੌਰ ਤੇ ਮਨੁੱਖ ਉਪਰ ਨਿਰਭਰ ਕਰਨਾ ਪੈਂਦਾ ਸੀ। ਉਸ ਨੂੰ ਭੇਡਾਂ ਬੱਕਰੀਆਂ ਵਾਂਗ ਰੱਖਿਆ ਜਾਂਦਾ ਸੀ ਜਦੋਂ ਕੋਈ ਵਿਅਕਤੀਗਤ ਪਿਆਰ ਦੀ ਸੁਤੰਤਰਤਾ ਮੰਗਦਾ ਤਾਂ ਉਸ ਨੂੰ ਸਮਾਜ ਨਾਲ ਟੱਕਰ ਲੈਣੀ ਪੈਂਦੀ ਸੀ। ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਸ਼ੀਰੀ ਫ਼ਰਿਹਾਦ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਸਾਰੇ ਕਿੱਸਿਆਂ ਦੇ ਦੁਖਾਂਤ/ਮੌਤ ਦਾ ਕਾਰਨ ਸਮਾਜੀ ਵਿਰੋਧ ਸੀ। ਸੋਹਣੀ ਦੀ ਮੌਤ ਦਾ ਕਾਰਨ ਉਸਦੀ ਨਣਦ ਬਣਦੀ ਹੈ ਜੋ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਉਸਦੀ ਭਰਜਾਈ ਚੋਰੀ ਪਰਾਏ ਮਰਦ ਨੂੰ ਮਿਲਣ ਜਾਵੇ। ਇਹ ਪ੍ਰੇਮੀ ਚੋਰੀ ਪਿਆਰ ਕਰਦੇ ਹਨ। ਇਹ ਚੋਰੀ ਦਾ ਪ੍ਰੇਮ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣਦਾ ਹੈ। ਚੋਰੀ ਦੇ ਪਿਆਰ ਨੂੰ ਸਿਧਾਂਤਕ ਤੌਰ ਤੇ ਮਾਪੇ ਤੇ ਸਮਾਜ ਨਹੀਂ ਮੰਨਦੇ। ਇਸ ਲਈ ਮਾਪੇ ਇਸ ਦੀ ਆਗਿਆ ਨਹੀਂ ਦਿੰਦੇ ਹਨ ਕਿਉਂਕਿ ਇਸ ਵਿਚ ਉਹ ਆਪਣਾ ਅਪਮਾਨ ਸਮਝਦੇ ਹਨ। ਸੋਹਣੀ ਦੀ ਮਾਂ ਕੋਸਦੀ ਹੈ :

ਨੀ ਤੂੰ ਤਾਂ ਲੱਜ ਅਸਾਡੜੀ ਲਾਹ ਸੁੱਟੀ, ਚੰਗਾ ਕੀਤੋ ਈ ਹੱਕ ਅਦਾ ਧੀਆ।
ਹੁਣ ਵਕਤ ਨ ਆਂਵਦਾ ਹੱਥ ਮੇਰੇ, ਦੇਂਦੇ ਜੰਮਦਿਆਂ ਜ਼ਹਿਰ ਪਿਲਾ ਧੀਆ।

ਨਾਇਕ/ਨਾਇਕਾਵਾਂ ਵਿਅਕਤੀਗਤ ਰੂਪ ਵਿਚ ਸਮਾਜ, ਧਰਮ ਆਦਿ ਦਾ ਵਿਰੋਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕਰ ਸਕਦੇ ਸਨ। ਇਸ਼ਕ ਦੇ ਕਿੱਸਿਆਂ ਵਿਚ ਦੁਖਾਂਤ ਦਾ ਇਕ ਕਾਰਨ ਉਨ੍ਹਾਂ ਦਾ ਵਿਅਕਤੀਗਤ ਚਰਿਤਰ ਵੀ ਹੈ। ਜਿਵੇਂ ਸੱਸੀ, ਸੋਹਣੀ ਆਪਣੇ ਪਿਆਰ ਵਿਚ ਏਨੀਆਂ ਪਰਪੱਕ ਹਨ ਕਿ ਉਹ ਮਰਨ ਤੋਂ ਨਹੀਂ ਡਰਦੀਆਂ ਹਨ ਜਦੋਂ ਕਿ ਮੌਤ ਉਨ੍ਹਾਂ ਨੂੰ ਸਾਹਮਣੇ ਸਪੱਸ਼ਟ ਦਿਸ ਰਹੀ ਹੈ।

ਪਰ ਕਿੱਸਾਕਾਰਾਂ ਨੇ ਇਸ਼ਕ ਦੇ ਕਿੱਸਿਆਂ ਦੇ ਦੁਖਾਂਤ ਦਾ ਕਾਰਨ ਸਮਾਜਕ ਅਤੇ ਆਰਥਿਕ ਪਿਛੋਕੜ ਨੂੰ ਨਹੀਂ ਰੱਖਿਆ ਹੈ। ਉਨ੍ਹਾਂ ਨੇ ਮੌਤ ਦਾ ਕਾਰਨ ਹੋਣੀ ਅਤੇ ਕਿਸਮਤ ਉਪਰ ਸੁੱਟ ਦਿੱਤਾ ਹੈ। ਇਸ ਦਾ ਮੁੱਖ ਕਾਰਨ ਉਸ ਸਮੇਂ ਦੇ ਲੋਕਾਂ ਦੀ ਵਧੇਰੇ ਸੋਚ ਹੀ ਇਸੇ ਤਰ੍ਹਾਂ ਦੀ ਸੀ ਕਿ ਜੋ ਕੁਝ ਵੀ ਹੁੰਦਾ ਹੈ ਇਹ ਸਭ ਹੋਣੀ ਅਤੇ ਕਿਸਮਤ ਕਾਰਨ ਹੁੰਦਾ ਹੈ ਨਾ ਕਿ ਸਮਾਜਕ ਵਿਰੋਧ ਕਾਰਨ। ਜਦੋਂ ਕਿਸਮਤ ਸਾਥ ਨਹੀਂ ਦੇਂਦੀ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਇਸ ਦਾ ਕਾਰਨ ਦਸਦੇ ਹੋਏ ਡਾ. ਅਤਰ ਸਿੰਘ ਜੀ ਲਿਖਦੇ ਹਨ, "ਮੱਧਕਾਲ ਵਿਚ ਮਨੁੱਖੀ ਗਿਆਨ ਦਾ ਧੁਰਾ ਵਾਸਤਵਿਕਤਾ ਉਤੇ ਨਹੀਂ ਸਗੋਂ ਅਧਿਆਤਮਕ ਆਦਰਸ਼ਵਾਦ ਹੀ ਉਸ ਦਾ ਆਧਾਰ ਹੁੰਦਾ ਹੈ। ਕਿਸੇ ਸਰਬ ਸ਼ਕਤੀਮਾਨ ਕਰਨ ਕਾਰਨ ਸਮਰੱਥ ਸ਼ਕਤੀ ਦੇ ਸੰਕਲਪ ਨੂੰ ਅਜੇਹੇ ਗਿਆਨ ਵਿਚ ਮੁੱਢਲੀ ਤੇ ਪ੍ਰਮੁੱਖ ਥਾਂ ਪ੍ਰਾਪਤ ਹੁੰਦੀ ਹੈ। ਇਸੇ ਲਈ ਪਰਾਪਤ ਅਸਲੀਅਤ ਦਾ ਕਾਰਨ ਲੱਭਣ ਲੱਗਿਆਂ, ਉਸ ਦੀ ਤਹਿ ਥੱਲੇ ਜਾ ਏ, ਉਸ ਹੇਠਾਂ ਕੰਮ ਕਰ ਰਹੀਆਂ ਸ਼ਕਤੀਆਂ ਸਮਾਜਕ ਤੇ ਆਰਥਿਕ ਸ਼ਕਤੀਆਂ ਦਾ ਪਾਜ ਉਘਾੜਨ ਦੀ ਥਾਂ ਮਨੁੱਖ ਇਕ ਅਦਿਖ ਹੋਣੀ ਦੀ ਮਨ-ਮਰਜ਼ੀ ਉੱਤੇ ਇਸ ਦੀ ਜਿੰਮੇਵਾਰੀ ਦਾ ਭਾਰ ਲੱਦ ਕੇ ਸੰਤੁਸ਼ਟ ਹੋ ਜਾਂਦਾ ਹੈ।"[6]

ਪੰਜਾਬੀ ਕਿੱਸਾ ਕਾਵਿ ਵਿਚ ਹੋਣੀ ਦਾ ਬੜਾ ਪ੍ਰਬਲ ਹੱਥ ਹੈ। ਪੀਲੂ, ਹਾਫ਼ਿਜ਼, ਬਰਖੁਰਦਾਰ, ਅਹਿਮਦ ਗੁਜਰ, ਵਾਰਿਸ, ਕਾਦਰਯਾਰ, ਹਾਸ਼ਮ, ਅਗਰਾ ਆਦਿ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਹੋਣੀ ਵਿਸ਼ੇਸ਼ ਰੂਪ ਵਿਚ ਵਰਣਨ ਕੀਤੀ ਗਈ ਹੈ। ਹਾਸ਼ਮ ਦੇ ਕਿੱਸਿਆਂ ਵਿਚ ਤਾਂ ਇਸ ਹੋਣੀ ਦਾ ਥਾਂ ਪਰ ਥਾਂ ਜ਼ਿਕਰ ਹੈ। ਪਰ ਚੰਗੇ ਦੁਖਾਂਤਕ ਕਿੱਸੇ ਵਿਚ ਹੋਣੀ ਦਾ ਜ਼ਿਕਰ ਘੱਟ ਹੋਣਾ ਚਾਹੀਦਾ ਹੈ, ਸਫ਼ਲ ਦੁਖਾਂਤ ਮਨ ਦੀਆਂ ਕਮਜ਼ੋਰੀਆਂ ਦੀ ਵਾਸਤਵਿਕਤਾ ਨਾਲ ਟੱਕਰ ਵਿਚੋਂ ਉਪਜਦਾ ਹੈ। ਅਜੇਹੀ ਸਥਿਤੀ ਵਿਚੋਂ ਪੈਦਾ ਹੋਏ ਇਹਖਾਂਤ ਨੂੰ ਉਤਮ ਆਖਿਆ ਜਾ ਸਕਦਾ ਹੈ। ਅਹਿਮਦਯਾਰ ਮਨ ਦੀ ਮਜ਼ੋਰੀ ਨੂੰ ਦੁਖਾਂਤ 'ਕਿੱਸ ਇਕ ਕਾਰਨ ਬਣਾ ਦੇਂਦਾ ਹੈ। ਪਰ ਉਸ ਵਿਚ ਹੋਣੀ ਨੂੰ ਲੈ ਆਉਂਦਾ ਹੈ। ਜਦੋਂ ਇਹ ਇਕ ਨਾਇਕਾ ਆਪਣੇ ਸੰਘਰਸ਼ ਵਿਚ ਅਸਫ਼ਲ ਹੁੰਦੇ ਦਿਸਦੇ ਹਨ ਤਾਂ ਕਿੱਸਾਕਾਰ ਤੇ ਕਿੱਸੇ ਵਿਚ ਹੋਣੀ ਜਾਂ ਪਰਾਸਰੀਰਕ ਅੰਸ਼ ਲਿਆ ਕੇ ਸਾਰੀ ਜ਼ਿੰਮੇਵਾਰੀ ਸਮਾਜ ਜਾਂ ਆਰਥਿਕ ਪਰਿਸਥਿਤੀਆਂ ਦੀ ਥਾਂ ਹੋਣੀ ਦੇ ਸਿਰ ਮੜ੍ਹ ਦੇਂਦਾ ਹੈ।

ਕਿੱਸਿਆਂ ਵਿਚ ਹੋਣੀ ਦਾ ਸੰਕਲਪ ਵਧੇਰੇ ਪ੍ਰਬਲ ਤੇ ਪ੍ਰਭਾਵਸ਼ਾਲੀ ਸੀ ਕਿਉਂਕਿ ਇਸ਼ਕ ਦਾ ਅਨੁਭਵ ਵਿਅਕਤੀਗਤ ਹੋਣ ਕਰਕੇ ਪ੍ਰੇਮੀ ਜੋੜਿਆਂ ਦੇ ਘੋਲ ਨੂੰ ਕੋਈ ਸਮਾਜਕ, ਅਰਥ ਨਹੀਂ ਦਿੱਤੇ ਜਾਂਦੇ। ਇਸੇ ਲਈ ਨਾ ਤਾਂ ਉਹ ਆਪਣੇ ਵਰਗੇ ਹੋਰ ਪਿਆਰ ਦੇ

CC-0. In Public Domain. Gurukul Kangri Collection, Haridwar

ਜੂਏ ਵਿਚ ਹਾਰੇ ਹੋਏ ਮਨੁੱਖ ਦੀ ਪ੍ਰਤਿਨਿਧਤਾ ਕਰਦੇ ਜਪਦੇ ਹਨ ਅਤੇ ਨਾ ਹੀ ਉਨ੍ਹਾਂ ਦੇ
Digitized by Arya Samaj Foundation Chennai and eGangotri
ਵਿਰੁੱਧ ਲੜ ਰਹੇ ਮਨੁੱਖ ਸਮਾਜਿਕ ਸ਼ਕਤੀਆਂ ਦੇ ਪ੍ਰਤੀਕ ਹੁੰਦੇ ਹਨ।"

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਕਿੱਸਿਆ ਵਿਚ ਪਿਆਰ ਦਾ ਸੰਕਲਪ ਵਧੇਰੇ ਰੁਮਾਂਟਿਕ ਆਦਰਸ਼ਵਾਦੀ ਹੈ ਅਤੇ ਯਥਾਰਥਕ ਘੱਟ। ਇਸ ਵਿਚ ਮੌਤ ਦਾ ਕਾਰਨ ਸਮਾਜਕ ਪਰਿਸਥਿਤੀਆਂ ਨੂੰ ਨਹੀਂ ਸਗੋਂ ਹੋਣੀ ਅਤੇ ਕਿਸਮਤ ਨੂੰ ਮੰਨਿਆ ਗਿਆ ਹੈ।

ਹਵਾਲੇ ਤੇ ਟਿੱਪਣੀਆਂ

1. ਦੀਵਾਨ ਸਿੰਘ, "ਹਾਸ਼ਿਮ ਦੀ ਕਾਵਿ ਕਲਾ", 'ਕਿੱਸਾ ਸੱਸੀ ਪੁੰਨੂੰ ਹਾਸ਼ਮ', ਪੰਨਾ 54
2. 'ਹੀਰ ਦਮੋਦਰ', ਬਾਵਾ ਗੰਗਾ ਸਿੰਘ ਬੇਦੀ (ਸੰਪਾ.), ਪੰਨਾ 19
3. "ਹੀਰ ਵਾਰਿਸ ਵਿਚ ਇਸ਼ਕ ਦਾ ਸੰਕਲਪ", 'ਵਾਰਿਸ ਦਾ ਕਾਵਿ ਲੋਕ', ਦੀਵਾਨ ਸਿੰਘ ਤੇ ਬਿਕਰਮ ਸਿੰਘ ਘੁੰਮਣ (ਸੰਪਾ.), ਪੰਨਾ 120
4. ਉਹੀ, ਪੰਨਾ 121
5. ਡਾ. ਬਿਕਰਮ ਸਿੰਘ ਘੁੰਮਣ, "ਪੰਜਾਬੀ ਕਿੱਸਾ ਕਾਵਿ ਵਿਚ ਦੁਖਾਂਤ ਤੱਤ", 'ਪੰਜਾਬੀ ਦੁਨੀਆਂ', ਮਾਰਚ 1983, ਪੰਨਾ 53
6. "ਪੰਜਾਬੀ ਕਿੱਸਿਆਂ ਵਿਚ ਦੁਖਾਂਤ ਤੇ ਹੋਣੀ", 'ਵਾਰਿਸ ਦੀ ਜੀਵਨ ਤੇ ਰਚਨਾ', ਡਾ. ਜੀਤ ਸਿੰਘ ਸੀਤਲ (ਸੰਪਾ.) ਪੰਨੇ 24-25
7. ਉਹੀ, ਪੰਨਾ 27

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ-ਕਾਵਿ : ਪਰਿਭਾਸ਼ਾ, ਸਰੂਪ ਤੇ ਵਰਗੀਕਰਣ

ਕਿੱਸਾ-ਕਾਵਿ ਦੀ ਪਰਿਭਾਸ਼ਾ

ਕਿੱਸਾ ਸ਼ਬਦ ਦੀ ਧਾਤੂ 'ਕੱਸ' ਹੈ, ਜੋ ਅਰਬੀ ਮੂਲਕ ਸ਼ਬਦ ਹੈ। ਇਹ ਸ਼ਬਦ ਮੁਸਲਮਾਨ ਧਰਮ ਦੀ ਪਵਿੱਤਰ ਪੁਸਤਕ 'ਕੁਰਾਨ ਸ਼ਰੀਫ਼' ਵਿਚ "ਸੂਰਤੇ ਯੂਸਫ਼" ਵਿਚ 'ਕੱਸ' ਦੇ ਬਹੁ-ਬਚਨ ਅਰਥਾਤ 'ਕੱਸਿਸ' ਸ਼ਬਦ ਦੇ ਪ੍ਰਸੰਗ ਵਿਚ ਮਿਲਦਾ ਹੈ ਜਿਸ ਦਾ ਅਰਥ ਸਰਗੁਜ਼ਸ਼ਤਾਂ ਅਰਥਾਤ ਕਹਾਣੀਆਂ ਹੈ।[1] ਡਾ. ਮੋਹਨ ਸਿੰਘ ਦਾ ਕਥਨ ਹੈ ਕਿ ਪੰਜਾਬੀ ਵਿਚ ਆਮ ਤੌਰ ਤੇ ਕਿੱਸੇ ਦੇ ਅਰਥ ਕਲਪਿਤ ਜਾਂ ਅਰਧ ਕਲਪੀ ਵਾਰਤਾ ਲਿਆ ਜਾਂਦਾ ਹੈ।[2] ਡਾ, ਦੀਵਾਨ ਸਿੰਘ ਲਿਖਦਾ ਹੈ "ਕ਼ਿੱਸਾ" ਅਰਬੀ ਜ਼ਬਾਨ ਦਾ ਲਫ਼ਜ਼ ਹੈ, ਜਿਸ ਦਾ ਅਰਥ ਹੈ : ਅਫ਼ਸਾਨਾ, ਕਹਾਣੀ, ਗੱਲ, ਜ਼ਕਾਦਿਤ, ਸਰਗੁਜ਼ਸ਼ਤ, ਆਦਿ ਤੋਂ ਅੰਤ ਦਾ ਹਾਲ ਖੋਲ੍ਹ ਕੇ ਬਿਆਨ ਕਰਨਾ ਹੈ।[3] ਲੁਗਾਤੇ ਫ਼ਾਰਸੀ ਵਿਚ 'ਕਿੱਸਾ' ਸ਼ਬਦ ਦੇ ਅਰਥ ਕਹਾਣੀ, ਬਿਆਨ, ਅਫ਼ਸਾਨਾ, ਮੁਕੱਦਮਾ, ਝਗੜਾ, ਦਿੱਤ ਹਨ।[4] 'ਲੁਗਾਤੇ ਫੀਰੋਜ਼ੀ' ਵਿਚ 'ਕਿੱਸੇ' ਦੇ ਅਰਥ—ਕਹਾਣੀ, ਬਿਆਨ, ਕਿਸੇ ਸ਼ੈ ਦਾ ਹਾਲ, ਖ਼ਬਰ ਜਾਂ ਸਰਗੁਜ਼ਸ਼ਤ ਦਿੱਤੇ ਹਨ।[5] ਭਾਈ ਕਾਨ੍ਹ ਸਿੰਘ ਨਾਭਾ ਮੁਤਾਬਿਕ ਕਿੱਸੇ ਦੇ ਅਰਥ—ਸੰਗਯਾ, ਕਥਾ, ਕਹਾਣੀ ਅਖਯਾਨ ਹੈ।[6]

ਉਕਤ ਵਿਦਵਾਨਾਂ ਦੇ ਵਿਚਾਰ ਤੇ ਕੋਸ਼ਾਂ ਵਿਚ ਦਿਤੇ ਅਰਥ, ਮਾਮੂਲੀ ਭਿੰਨਤਾ ਤੋਂ ਇਲਾਵਾ ਆਪਸ ਵਿਚ ਮਿਲਦੇ ਹਨ। ਇਸ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ—ਕਹਾਣੀ, ਕਥਾ ਜਾਂ ਬ੍ਰਿਤਾਂਤ ਹੈ। ਇਹ ਕਹਾਣੀ ਜਾਂ ਕਥਾ ਭਾਵੇਂ ਵਾਰਤਕ ਜਾਂ ਕਵਿਤਾ ਵਿਚ ਹੋਵੇ। ਅਰਬੀ, ਫ਼ਾਰਸੀ ਤੇ ਉਰਦੂ ਸਾਹਿਤ ਵਿਚ 'ਕਿੱਸਾ' ਸ਼ਬਦ ਵਾਰਤਕ ਵਿਚ ਲਿਖੀ ਕਹਾਣੀ ਲਈ ਵਰਤਿਆ ਜਾਂਦਾ ਰਿਹਾ ਹੈ। ਜਿਵੇਂ ਕਿੱਸਾ 'ਅਲਫ਼ ਲੈਲਾ', ਕਿੱਸਾ 'ਬਹਾਰ-ਏ-ਦਾਨਸ਼' ਆਦਿ।[7] ਜਦੋਂ ਮੁਸਲਮਾਨ ਹਮਲਾਵਰ, ਪੰਜਾਬ ਵਿਚ ਹਮੇਸ਼ਾਂ ਲਈ ਸਥਾਪਤ ਹੋ ਗਏ ਤਾਂ, ਉਨ੍ਹਾਂ ਦੀ ਭਾਸ਼ਾ ਤੇ ਸਾਹਿਤ ਦਾ ਪ੍ਰਭਾਵ ਵੀ ਪੰਜਾਬੀ ਭਾਸ਼ਾ ਤੇ ਸਾਹਿਤ ਉੱਤੇ ਪਿਆ। 'ਕਿੱਸਾ' ਸ਼ਬਦ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਭਾਸ਼ਾ ਵਿਚ ਅਨੇਕਾਂ ਅਰਬੀ ਫ਼ਾਰਸੀ ਦੇ ਸ਼ਬਦਾਂ ਵਾਂਗ, ਅਜੇਹਾ ਰਚ ਮਿਚ ਗਿਆ ਕਿ ਅੱਜ ਇਹ ਲਫ਼ਜ਼ ਪੰਜਾਬੀ ਜਗਤ ਵਿਚੋਂ ਕੱਢਿਆ ਨਹੀਂ ਜਾ ਸਕਦਾ।

ਭਾਰਤੀ ਸਾਹਿਤ (ਸੰਸਕ੍ਰਿਤ ਤੇ ਹਿੰਦੀ) ਵਿਚ 'ਕਥਾ' ਜਾਂ ਕਹਾਣੀ' ਲਈ ਆਖਯਾਨ (आख्यान) ਸ਼ਬਦ ਮਿਲਦਾ ਹੈ। ਆਚਾਰਯ ਰਾਮ ਚੰਦਰ ਸ਼ੁਕਲ ਦੇ ਕਥਨ ਅਨੁਸਾਰ 'ਆਖਯਾਨ' ਦੇ ਅਰਥ ਬ੍ਰਿਤਾਂਤ, ਕਥਾ, ਗਾਥਾ, ਵਰਣਨ, ਬਿਆਨ, ਕਹਾਣੀ, ਕਿੱਸਾ, ਉਪਨਿਆਸ ਦੇ ਨੌਂ ਭੇਦਾਂ ਵਿਚੋਂ ਇਕ ਹੈ।[8] ਡਾ. ਧੀਰੇਂਦ੍ਰ ਵਰਮਾ ਦੇ ਮੁਤਾਬਿਕ 'ਆਖਯਾਨ' ਦੇ ਅਰਥ—ਕਥਨ, ਨਿਵੇਦਨ, ਕਥਾ, ਕਹਾਣੀ, ਪਰਵਚਨ, ਉੱਤਰ ਹੈ।[9] ਗੱਲ ਕੀ, ਭਾਰਤੀ ਸਾਹਿਤ ਵਿਚ ਕਥਾ ਜਾਂ ਕਹਾਣੀ ਲਈ 'ਕਿੱਸੇ' ਦਾ ਸਮਾਨਰਥ ਸ਼ਬਦ 'ਆਖਾ-ਯਾਨ' ਪ੍ਰਯੁਕਤ ਹੁੰਦਾ ਰਿਹਾ ਹੈ। ਇਸੇ ਲਈ ਭਾਰਤੀ ਸਾਹਿਤ ਵਿਚ ਪ੍ਰੇਮ ਮਈ ਕਥਾ ਨੂੰ 'ਪ੍ਰੇਮਾਖਿਆਨ' ਕਿਹਾ ਜਾਂਦਾ ਹੈ ਪਰ ਡਾ. ਗੋਪਾਲ ਸਿੰਘ ਦਰਦੀ, ਕਿੱਸਾ-ਕਾਵਿ ਤੇ ਕਥਾ-ਕਾਵਿ ਨੂੰ ਵੱਖ ਵੱਖ ਮੰਨਦਾ ਹੈ।[10] ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪੇ ਗਏ 'ਪੰਜਾਬੀ ਸਾਹਿਤ ਕੋਸ਼' ਵਿਚ ਵੀ 'ਕਥਾ-ਕਾਵਿ' ਤੇ ਕਿੱਸਾ-ਕਾਵਿ' ਨੂੰ ਵੱਖ ਵੱਖ ਸਿਰਲੇਖਾਂ ਹੇਠ ਬਿਆਨ ਕੀਤਾ ਹੈ[11] ਪਰ ਇਸ ਕੋਸ਼ ਵਿਚ ਜੋ ਗੁਣ ਤੇ ਲੱਛਣ ਕਥਾ-ਕਾਵਿ ਲਈ ਨਿਸ਼ਚਤ ਕੀਤੇ ਹਨ, ਉਹੋ ਹੀ ਕਿੱਸਾ-ਕਾਂਵਿ ਉਤੇ ਵੀ ਢੁਕਦੇ ਹਨ। ਇਸ ਤੋਂ ਸਪਸ਼ਟ ਹੈ ਕਿ ਪੰਜਾਬੀ ਵਿਚ ਬਿਆਨੀਆਂ ਕਾਵਿ (ਕਿੱਸਾ-ਕਾਵਿ) ਲਈ 'ਕਿੱਸਾ' ਤੇ 'ਕਥਾ' ਸ਼ਬਦ ਸਮਾਨਾਰਥ ਰੂਪ ਵਿਚ ਵਰਤੇ ਜਾਂਦੇ ਰਹੇ ਹਨ। ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕਿੱਸਾਕਾਰ ਦਮੋਦਰ, ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ।[12] ਕਿੱਸਾਕਾਰ ਨਾਹਰ ਸਿੰਘ ਨੇ ਆਪਣੀ ਰਚਨਾ 'ਰੂਪ ਬਸੰਤ' ਨੂੰ 'ਕਿੱਸਾ ਰੂਪ ਬਸੰਤ ਕਾ'[13] ਤੇ 'ਕਥਾ ਰੂਪ ਬਸੰਤ ਕੀ'[14] ਲਿਖਿਆ ਹੈ। ਰਣਜੀਤ ਸਿੰਘ ਕਾਲ ਤਕ ਪਹੁੰਚਦਿਆਂ ਇਸ ਕਾਵਿ ਨੂੰ ਕਥਾ, ਕਿੱਸਾ ਤੇ ਵਾਰ ਵੀ ਆਖਿਆ ਜਾਣ ਲੱਗ ਪਿਆ ਸੀ।[15] ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ 'ਮਾਲਵੇ ਵਿਚ 'ਕਿੱਸੇ' ਨੂੰ ਹੀ 'ਚਿੱਠਾ' ਕਿਹਾ ਜਾਂਦਾ ਹੈ।[16] ਇਸ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਕਿੱਸਾ-ਕਾਵਿ ਇਕ ਬ੍ਰਿਤਾਂਤਿਕ-ਕਾਵਿ ਰੂਪ ਹੈ, ਜਿਸ ਦਾ ਆਧਾਰ ਕੋਈ ਕਥਾ ਜਾਂ ਕਹਾਣੀ ਹੁੰਦਾ ਹੈ। ਇਸ ਕਾਵਿ ਰੂਪ ਲਈ ਮੁਸਲਮਾਨ ਕਵੀ 'ਕਿੱਸਾ' ਸ਼ਬਦ ਦਾ ਪ੍ਰਯੋਗ ਕਰਦੇ ਸਨ ਅਤੇ ਹਿੰਦੂ ਲਿਖਾਰੀ ਉਸੇ ਨੂੰ 'ਕਥਾ' ਦਾ ਨਾਂ ਦਿੰਦੇ ਹਨ। ਵਾਸਤਵ ਵਿਚ ਕਥਾ, ਕਿੱਸਾ ਤੇ ਚਿੱਠਾ ਇਕੋ ਹੀ ਬਿਆਨੀਆ ਕਾਵਿ ਰੂਪ, ਕਿੱਸੇ ਦੇ ਵੱਖੋ ਵੱਖ ਨਾਮ ਹਨ।

ਕਿੱਸਾ-ਕਾਵਿ ਦਾ ਸਰੂਪ

ਕਿੱਸਾ-ਕਾਵਿ ਇਕ ਬ੍ਰਿਤਾਂਤਿਕ ਕਾਵਿ ਹੈ ਤੇ ਇਸ ਬ੍ਰਿਤਾਂਤ ਦਾ ਆਧਾਰ ਕੋਈ ਕਥਾ ਜਾਂ ਕਹਾਣੀ ਹੁੰਦਾ ਹੈ। ਕਿੱਸਾਕਾਰ ਇਸ ਨੂੰ ਕਥਾ ਵਰਣਨ ਵਾਂਗ ਕਹਾਣੀ ਦੇ ਮੁੱਖ ਪਾਤਰ ਦੇ ਜ਼ਬਾਨੀ ਜਾਂ ਉਸ ਦੇ ਵਾਰਤਾਲਾਪ ਰਾਹੀਂ ਬਿਆਨ ਕਰਦਾ ਹੈ। ਇਹ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਪਰੰਪਰਾਗਤ ਹੋਣ ਦੇ ਕਾਰਨ, ਇਸ ਵਿਚ ਮੌਲਿਕਤਾ ਦੀ ਘਾਟ ਹੁੰਦੀ ਹੈ। ਇਸ ਦੇ ਪਾਤਰ ਸਾਧਾਰਣ ਪਾਤਰ (Typed Character) ਹੁੰਦੇ ਹਨ, ਜੋ ਆਪਣੀ ਖੁਦ-ਮੁਖਤਿਆਰ ਹੋਂਦ ਰੱਖਣ ਦੀ ਬਜਾਏ, ਕਿੱਸਾਕਾਰ ਦੇ ਹੱਥ ਵਿਚ ਕਠਪੁਤਲੀਆਂ ਵਾਂਗ ਨੱਚਦੇ ਹਨ। ਕਿੱਸਾਕਾਰ ਦਾ ਮੁੱਖ ਮੰਤਵ ਕਹਾਣੀ ਬਿਆਨ ਕਰਨਾ ਹੁੰਦਾ ਹੈ, ਇਸ ਤੋਂ ਇਲਾਵਾ ਸਮਕਾਲੀਨ ਪਰਿਸਥਿਤੀਆਂ ਬਾਰੇ ਚਰਚਾ ਕਰਨਾ ਜ਼ਰੂਰੀ ਨਹੀਂ ਹੁੰਦਾ, ਭਾਵੇਂ ਅਚੇਤ ਤੌਰ ਤੇ ਕਿਤੇ ਕਿਤੇ ਕਿੱਸਾਕਾਰ ਆਪਣੀਆਂ ਸਮਕਾਲੀਨ ਰਾਜਨੀਤਿਕ, ਧਾਰਮਿਕ, ਸਮਾਜਿਕ ਪਰਿਸਥਿਤੀਆਂ ਵਲ ਇਸ਼ਾਰਾ ਕਰ ਜਾਂਦਾ ਹੈ। ਕਹਾਣੀ ਦਾ ਵਿਗਿਆਨਕ ਆਧਾਰ ਨਾ ਹੋਣ ਕਾਰਣ, ਕਿਤੇ ਕਿਤੇ ਪ੍ਰਵਾਹ ਰੁਕ ਜਾਂਦਾ ਹੈ। ਇਸ ਪ੍ਰਵਾਹ ਨੂੰ ਅੱਗੇ ਤੋਰਨ ਲਈ ਕਿੱਸਾਕਾਰ ਪਰਾਸਰੀਰਕ ਸ਼ਕਤੀਆਂ ਦਾ ਸਹਾਰਾ ਲੈਂਦਾ ਹੈ। ਇਹ ਗ਼ੈਬੀ ਸ਼ਕਤੀਆਂ ਕਿੱਸਿਆਂ ਦੇ ਨਾਇਕ ਤੇ ਨਾਇਕਾ ਦੀ ਸਹਾਇਤਾ ਕਰਦੀਆਂ ਹਨ। ਇਹਨਾਂ ਗ਼ੈਬੀ ਸ਼ਕਤੀਆਂ ਦੇ ਸਹਾਰੇ ਹੀ ਹੀਰ ਸਾਢੇ ਪੈਂਤੀ ਮਹੀਨੇ, ਆਪਣੇ ਸਹੁਰੇ ਘਰ, ਆਪਣੇ ਪਤੀ ਦੇ ਪਾਸ ਰਹਿੰਦੀ ਹੋਈ ਵੀ ਕੰਜ ਕੁਆਰੀ ਰਹਿੰਦੀ ਹੈ। ਪੰਜ ਪੀਰ ਸੋਹਣੀ ਦੀ ਸੇਜ਼ ਦੇ ਦੁਆਲੇ, ਸੋਹਣੀ ਦੀ ਪੱਤ ਦੀ ਰਾਖੀ ਕਰਨ ਲਈ ਆ ਖੜੇ ਹੁੰਦੇ ਹਨ। ਗੱਲ ਕੀ, ਇਸ ਤਰ੍ਹਾਂ ਕਿੱਸਿਆਂ ਵਿਚ ਪਰਾਸਰੀਰਕ ਅੰਸ਼ ਭਰਪੂਰ ਮਾਤਰਾ ਵਿਚ ਮਿਲਦਾ ਹੈ। ਇਨ੍ਹਾਂ ਵਿਚ ਪੀਰ ਫ਼ਕੀਰ, ਭੂਤ ਚੁੜੇਲ, ਜਾਦੂ ਟੂਣਾ, ਸੁਪਨੇ ਵਿਚ ਵਿਸ਼ਵਾਸ ਦਾ ਪ੍ਰਯੋਗ ਹੁੰਦਾ ਰਿਹਾ ਹੈ। ਇਹ ਪਰਾਸਰੀਰਕ ਪਾਤਰ ਨਾਇਕ ਤੇ ਨਾਇਕਾ ਦੀ ਔਖੀ ਘੜੀ ਸਮੇਂ ਸਹਾਇਤਾ ਕਰਦੇ ਸਨ।

ਕਿੱਸਾ-ਕਾਵਿ ਦਾ ਮੁੱਖ ਵਿਸ਼ਾ

ਕਿੱਸਾ-ਕਾਵਿ ਇਸਤਰੀ ਪੁਰਸ਼ ਦੇ ਦੁਨਿਆਵੀਂ ਪ੍ਰੇਮ ਦੀ ਅਭਿਵਿਅਕਤੀ ਹੈ। ਜਦੋਂ ਗੁਰਮਤਿ ਤੇ ਸੂਫ਼ੀ ਕਵੀ ਆਦਰਸ਼ਕ ਪ੍ਰੀਤ ਦੇ ਗੀਤ ਗਾ ਰਹੇ ਸਨ ਤਾਂ ਉਸ ਸਮੇਂ ਪਹਿਲੇ ਕਿੱਸਾਕਾਰ ਦਮੋਦਰ ਨੇ ਹੀਰ ਰਾਂਝੇ ਦੇ ਹਿਰਦੇ ਦੀ ਪੀੜਾ ਨੂੰ ਬਿਆਨ ਕਰਕੇ, ਇਸ ਕਾਵਿ ਰੂਪ ਦਾ ਮੁੱਢ ਬੰਨਿਆ ਸੀ। ਜਦੋਂ ਕਿਸੇ ਪ੍ਰੇਮੀ ਜਾਂ ਪ੍ਰੇਮਕਾ ਉਤੇ ਇਹ ਇਸ਼ਕ ਦਾ ਭੂਤ, (ਸਨਮੁੱਖ ਵੇਖ ਕੇ, ਚਿਤਰ ਵੇਖ ਕੇ, ਸੁਪਨੇ ਵਿਚ ਵੇਖ ਕੇ ਜਾਂ ਉਸ ਦੇ ਗੁਣਾਂ ਨੂੰ ਸੁਣਕੇ) ਸਵਾਰ ਹੋ ਜਾਂਦਾ ਹੈ ਤਾਂ ਉਹ ਆਪਣੇ ਪ੍ਰੇਮੀ ਨੂੰ ਪਾਉਣ ਲਈ ਹਰ ਸੰਭਵ ਯਤਨ ਕਰਦਾ ਹੈ। ਇਸ ਮਾਰਗ-ਵਿਚ ਆਉਣ ਵਾਲੀ ਹਰ ਸੰਭਵ ਤੇ ਅਸੰਭਵ ਮੁਸ਼ਕਿਲ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਨਾ ਚਿਰ ਇਹ ਪ੍ਰੀਤ ਦੇ ਪੁਤਲੇ ਚੈਨ ਨਾਲ ਨਹੀਂ ਬੈਠਦੇ, ਜਦੋਂ ਤਕ ਇਹ ਵਸਲ ਨਾ ਪ੍ਰਾਪਤ ਕਰ ਲੈਣ। ਉਨ੍ਹਾਂ ਲਈ ਆਪਣੇ ਪ੍ਰੇਮੀ ਜਾਂ ਪ੍ਰੇਮਕਾ ਦਾ ਵਿਛੋੜਾ ਅਸਹਿ ਹੁੰਦਾ ਹੈ। ਵਸਲ ਲਈ ਕਿਸੇ ਰਾਂਝੇ ਨੇ ਕੰਨ ਪੜਵਾਏ ਤੇ ਕਿਸੇ ਸੋਹਣੀ ਨੂੰ ਝਨਾਂ ਵਿਚ ਤਾਰੀ ਲਾਉਣੀ ਪਈ ਪਰ ਉਹ ਇਨ੍ਹਾਂ ਮੁਸ਼ਕਿਲਾਂ ਤੋਂ ਬਿਲਕੁਲ ਨਹੀਂ ਘਬਰਾਏ ਬਲਕਿ ਹੱਸ ਹੱਸ ਕੇ, ਅਗਲੇ ਜਨਮ ਵਿਚ ਪੁਨਰ ਮਿਲਣ ਦੀ ਆਸ ਲੈ ਕੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਨਾਸ਼ਵਾਨ ਸਰੀਰ ਨੂੰ ਤਿਆਗ ਗਏ ਹਨ ।

ਉਨੀਵੀਂ ਸਦੀ ਤਕ ਕਿੱਸਾ-ਕਾਵਿ ਵਿਚ ਪ੍ਰਧਾਨ ਵਿਸ਼ਾ ਇਸ਼ਕ ਹੀ ਰਿਹਾ ਹੈ ਪਰ ਅਰਧ ਉਨੀਵੀਂ ਸਦੀ ਵਿਚ ਪੰਜਾਬ ਦੇ ਹਾਲਾਤ ਵਿਚ ਪਰਿਵਰਤਨ ਆਇਆ, ਇਸ ਦਾ ਪ੍ਰਭਾਵ ਕਿੱਸਾ-ਕਾਵਿ ਉਪਰ ਵੀ ਪਿਆ ਹੈ । ਇਸ ਦੇ ਫ਼ਲ ਸਰੂਪ ਕਿੱਸਾ-ਕਾਵਿ ਦੇ ਵਿਸ਼ੇ ਖੇਤਰ ਵਿਚ ਵਿਸਥਾਰ ਹੋਇਆ । ਇਸ਼ਕੀਆ ਕਿੱਸਿਆਂ ਦੇ ਨਾਲ ਨਾਲ ਰੁਮਾਂਸਿਕ, ਬੀਰ-ਰਸੀ ਤੇ ਉਪਦੇਸ਼ਾਤਮਕ ਕਿੱਸੇ ਵੀ ਰਚੇ ਗਏ । ਉਨੀਵੀਂ ਸਦੀ ਦੇ ਅੰਤ ਤਕ ਕੋਈ ਅਜਿਹਾ ਵਿਸ਼ਾ ਨਹੀਂ ਰਿਹਾ, ਜਿਸ ਬਾਰੇ ਕਿੱਸਾ ਨਾ ਰਚਿਆ ਗਿਆ ਹੋਵੇ ।

ਕਿੱਸਾ-ਕਾਵਿ ਦੀ ਉੱਤਪਤੀ

ਇਸ ਵਿਚ ਕੋਈ ਸੰਦੇਹ ਨਹੀਂ ਕਿ ਪੰਜਾਬੀ ਸਾਹਿਤ ਵਿਚ 'ਕਿੱਸਾ' ਸ਼ਬਦ ਅਰਬੀ ਫ਼ਾਰਸੀ ਕਵਿਤਾ ਦੇ ਪ੍ਰਭਾਵ ਦੀ ਦੇਣ ਹੈ ਪਰ ਇਸ ਦਾ ਸੂਚਿਕ ਸਾਹਿਤ ਇਸ ਦੀ ਆਮਦ ਤੋਂ ਪਹਿਲਾਂ ਵਿਦਮਾਨ ਸੀ । ਕਥਾ ਜਾਂ ਕਹਾਣੀ, ਕਹਿਣਾ ਜਾਂ ਸੁਣਨਾ, ਮਨੁੱਖ ਦਾ ਇਕ ਅਤਿ ਪੁਰਣਾ ਤੇ ਬਹੁਤ ਵਿਕਸਿਤ ਹੁਨਰ ਹੈ । ਕਥਾ ਜਾਂ ਕਹਾਣੀ ਹੀ ਸਾਹਿਤ ਦਾ ਪ੍ਰਾਰੰਭਕ ਰੂਪ ਹੈ ਅਤੇ ਇਸ ਦਾ ਜਨਮ ਮਨੁੱਖ ਦੇ ਜਨਮ ਨਾਲ ਹੋਇਆ ਮੰਨਿਆ ਜਾਂਦਾ ਹੈ[17] । ਭਾਰਤ ਚਿਰ ਕਾਲ ਤੋਂ ਕਥਾ-ਸਾਹਿਤ ਦਾ ਘਰ ਰਿਹਾ ਹੈ । ਸੰਸਾਰ ਦੀਆਂ ਅਧਿਕ ਕੌਮਾਂ ਨੂੰ ਕਥਾ ਭੰਡਾਰ, ਤਥਾ ਕਥਾਨਕ ਰੂੜ੍ਹੀਆਂ ਦੀ ਦ੍ਰਿਸ਼ਟੀ ਤੋਂ ਬਲਵਾਨ ਬਣਾਉਣ ਵਿਚ ਭਾਰਤ ਦਾ ਮਹੱਤਵਪੂਰਣ ਹੱਥ ਰਿਹਾ ਹੈ[18] । ਇਹ ਕਥਾਵਾਂ ਅਰਬ ਦੇ ਰਸਤੇ ਯੂਰਪੀਨ ਦੇਸ਼ਾਂ ਵਿਚ ਫ਼ੈਲੀਆਂ ਹਨ[18] । 570 ਪੂ. ਈ. ਤੋਂ ਪਹਿਲਾਂ ਭਾਰਤੀ ਲੋਕ-ਕਥਾਵਾਂ ਦਾ ਸੰਗ੍ਰਹਿ ਪੰਚਤੰਤਰ ਈਰਾਨੀ ਭਾਸ਼ਾ ਵਿਚ ਅਨੁਵਾਦ ਹੋ ਚੁੱਕਿਆ ਸੀ[20] । ਰੁਦਕੀ ਫ਼ਾਰਸੀ ਮਸਨਵੀ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ । ਉਸ ਦੀ ਪਹਿਲੀ ਮਸਨਵੀ 'ਕਲੀਲੀ-ਓ-ਦਮਨ' ਭਾਰਤੀ ਰਚਨਾ 'ਪੰਚ ਤੰਤਰ' ਦਾ ਅਰਬੀ ਭਾਸ਼ਾ ਵਿਚ ਹੋਏ ਅਨੁਵਾਦ ਦਾ ਹੀ ਰੂਪਾਂਤਰ ਹੈ ।[21] ਸੰਸਾਰ ਦੇ ਸਾਹਿਤ ਵਿਚ ਪ੍ਰੀਤ ਕਥਾ ਦੀ ਪਰੰਪਰਾ ਦਾ ਸਭ ਤੋਂ ਪੁਰਾਤਨ ਨਮੂਨਾ ਰਿਗ ਵੇਦ ਵਿਚ ਮਿਲਦਾ ਹੈ, ਜਿਸ ਦੀ ਸਿਰਜਨਾ ਪੰਜਾਬ ਦੀ ਧਰਤੀ ਤੇ ਹੋਈ ਮੰਨੀ ਜਾਂਦੀ ਹੈ । 101 ਕ੍ਰੀਚਾ ਤੇ ਯਮਯਮੀ ਦੇ ਸੰਬਾਦ ਵਿਚ ਪ੍ਰੇਮਾਖਿਆਨ ਦੇ ਅੰਸ਼ ਮਿਲੇ ਹਨ । 1095 ਕ੍ਰੀਚਾ ਵਿਚ ਉਰਵਸ਼ੀ ਪੁਰਵਾ ਦੇ ਪਿਆਰ ਦੀ ਪ੍ਰੀਤ-ਕਥਾ ਵਿਦਮਾਨ ਹੈ । ਜਿਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਅਜੇ ਤਕ ਜਿੰਨੀ ਵੀ ਭਾਰਤੀ ਯੂਰਪੀਨ ਪ੍ਰੇਮ ਕਹਾਣੀਆਂ ਦਾ ਪਤਾ ਲਗਿਆ ਹੈ, ਉਨ੍ਹਾਂ ਵਿਚੋਂ ਇਹ ਪਹਿਲੀ ਹੈ ਅਤੇ ਹੋ ਸਕਦਾ ਹੈ ਕਿ ਸਾਰੇ ਸੰਸਾਰ ਦੀਆਂ ਪ੍ਰੇਮ ਕਹਾਣੀਆਂ ਵਿਚ ਵੀ ਇਹ ਪ੍ਰਾਚੀਨ ਸਮਝੀ ਜਾ ਸਕੇ ।[22]

ਇਸੇ ਤਰ੍ਹਾਂ ਰਾਧਾ ਕ੍ਰਿਸ਼ਨ, ਕ੍ਰਿਸ਼ਨ-ਰੁਕਮਣੀ, ਨਲ ਦਮਿਅੰਤੀ, ਸ਼ਕੁੰਤਲਾ-ਦੁਸ਼ਿਅੰਤ, ਅਰਜਨ-ਸੁਭਦਰਾ, ਸ਼ਿਵ-ਪਾਰਬਤੀ, ਦਸਰਥ-ਕਕੇਈ, ਇੰਦਰਾਅ-ਅਹਿਲਿਆ ਆਦਿ ਪ੍ਰੇਮ-ਕਥਾਵਾਂ ਉਪਨਿਸ਼ਦਾਂ, ਪੁਰਾਣਾਂ, ਰਾਮਾਇਣ, ਮਹਾਂਭਾਰਤ ਆਦਿ ਸੰਸਕ੍ਰਿਤ ਗ੍ਰੰਥਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੀਆਂ ਹਨ। ਪਿਸ਼ਾਚੀ ਭਾਸ਼ਾ ਦੀ 'ਬ੍ਰਿਹਤ-ਕਥਾ' ਪਹਿਲੀ ਦੂਜੀ ਸਦੀ ਈਸਵੀ ਦੀ ਮਿਲਦੀ ਹੈ। ਪਿਸ਼ਾਚੀ ਲਹਿੰਦੇ ਪੰਜਾਬ ਦੀ ਅਪਭ੍ਰੰਸ਼ ਸੀ। ਇਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਨੂੰ ਸੰਸਕ੍ਰਿਤ ਵਿਚ 'ਕਥਾ ਸਰਿਤਸਾਗਰ' ਨਾਂ ਹੇਠ ਉਲਥਾਇਆ ਗਿਆ ਹੈ।

ਮੁਲਤਾਨ ਵਾਸੀ ਅਦਹਮਾਣ (ਅਬਦੁਲ ਰਹਿਮਾਨ 950 ਈ. ਦੇ ਲਗਭਗ) ਰਚਿਤ 'ਸਨੇਹ ਰਾਸਕ' ਮਿਲਦਾ ਹੈ। ਇਸ ਵਿਚ ਇਕ ਵਿਯੋਗਣ ਦਾ ਬ੍ਰਿਹੋ-ਸੁਨੇਹਾ ਹੈ, ਜਿਹੜਾ ਉਹ ਆਪਣੇ ਪ੍ਰਦੇਸੀ ਸੱਜਣ ਨੂੰ ਰਾਹ ਜਾਂਦੇ ਰਾਹੀ ਦੇ ਹੱਥ ਘੱਲਦੀ ਹੈ[23]। ਪ੍ਰਿੰ. ਸੰਤ ਸਿੰਘ ਸੇਖੋਂ ਅਨੁਸਾਰ ਨੌਵੀਂ ਦਸਵੀਂ ਸਦੀ ਦੇ ਮੁਲਤਾਨ ਨਿਵਾਸੀ ਕਵੀ ਅਦਹਮਾਣ (ਅਬਦੂਲ ਰਹਿਮਾਨ) ਦੀ ਰਚਨਾ 'ਸਨੇਹ ਰਾਸਕ' ਪੂਰਣ ਭਾਂਤ ਵਿਚ ਪ੍ਰਾਕ੍ਰਿਤ ਪੰਜਾਬੀ-ਅਪ੍ਰਭੰਸ਼ ਹੈ। ਇਸ ਵਿਚ ਆਧੁਨਿਕ ਪੰਜਾਬੀ ਦੇ ਕਈ ਵਿਸ਼ੇਸ਼ ਰੂਪ ਸਾਕਾਰ ਹੋਏ ਪ੍ਰਤੀਤ ਹੁੰਦੇ ਹਨ[24]। ਡਾ. ਮੋਹਨ ਸਿੰਘ ਸਭ ਤੋਂ ਪਹਿਲਾ ਕਿੱਸਾਕਾਰ ਪੁਸ਼ਯ ਨੂੰ ਮੰਨਦਾ ਹੈ। ਜਿਸ ਨੇ 'ਸੱਸੀ' ਦਾ ਕਿੱਸਾ ਸੰਮਤ 1180 ਬਿ. ਵਿਚ ਲਿਖਿਆ[25]। ਇਸ ਕਿੱਸੇ ਦੀ ਸਿਰਜਨਾ ਬਾਰੇ ਪੰਜਾਬੀ ਸਾਹਿਤ ਦੇ ਖੋਜੀ ਵਿਦਵਾਨ ਅਜੇ ਤਕ ਚੁੱਪ ਹਨ, ਕਿਉਂਕਿ ਇਹ ਕਿੱਸਾ ਅਜੇ ਤਕ ਲਿਖਤੀ ਰੂਪ ਵਿਚ ਪ੍ਰਾਪਤ ਨਹੀਂ ਹੋਇਆ ਹੈ ਪਰ ਇਸ ਕਿੱਸੇ ਦੀ ਹੋਂਦ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ ਹੈ, ਕਿਉਂਕਿ ਇਸ ਕਿੱਸੇ ਦੇ ਨਾਇਕ ਤੇ ਨਾਇਕਾ ਅੰਤਰ-ਦੇਸੀ ਹਨ। ਇਸ ਦਾ ਨਾਇਕ ਪੁੰਨੂੰ ਇਕ ਈਰਾਨੀ ਸੁਦਾਗਰ ਹੈ, ਜਦੋਂ ਕਿ ਇਸ ਦੀ ਨਾਇਕਾ ਸੱਸੀ ਭਾਰਤੀ ਹੈ। ਜਿਨ੍ਹਾਂ ਦਾ ਮੇਲ ਸਿੰਧ ਦੀ ਪੁਰਾਣੀ ਬੰਦਰਗਾਹ ਦੇ ਪਾਸ ਹੁੰਦਾ ਹੈ। ਜੇਕਰ ਅਸੀਂ ਭਾਰਤ ਤੇ ਅਰਬ ਦੇ ਵਪਾਰਕ ਸੰਬੰਧਾਂ ਤੇ ਝਾਤ ਮਾਰੀਏ ਤਾਂ ਗਿਆਤ ਹੁੰਦਾ ਹੈ ਕਿ ਮਕਰਾਨੀ ਵਪਾਰੀ ਪ੍ਰਾਚੀਨ ਕਾਲ ਤੋਂ ਭਾਰਤ ਵਿਚ ਵਪਾਰ ਲਈ ਆਉਂਦੇ ਸਨ। ਇਸ ਕਿੱਸੇ ਦਾ ਨਾਇਕ ਪੁੰਨੂੰ ਵੀ ਵਪਾਰ ਲਈ ਹੀ ਭਾਰਤ ਆਇਆ ਸੀ ਜੋ ਸੱਸੀ ਦੇ ਪਿਆਰ ਵਿਚ ਅਜਿਹਾ ਜਕੜਿਆ ਕਿ ਹਮੇਸ਼ਾਂ ਲਈ ਇਥੋਂ ਦਾ ਹੋ ਕੇ ਰਹਿ ਗਿਆ। ਸੰਭਵ ਹੈ ਕਿ ਇਹ ਪ੍ਰੀਤ ਕਥਾ ਅਠਵੀਂ ਨੌਵੀਂ ਸਦੀ ਦੇ ਆਸ ਪਾਸ ਵਾਪਰੀ ਹੋਵੇ ਕਿਉਂਕਿ ਮੁਹੰਮਦ ਬਿਨ ਕਾਸਿਮ ਦੀ 712 ਈ. ਦੀ ਸਿੰਧ ਦੀ ਜਿੱਤ ਨੇ ਮਕਰਾਨੀ ਵਪਾਰੀਆਂ ਲਈ ਭਾਰਤ ਵਿਚ ਵਪਾਰ ਵਾਸਤੇ ਹੋਰ ਨਵੇਂ ਰਾਹ ਖੋਲ੍ਹ ਦਿਤੇ ਸਨ। ਪਰ ਇਸ ਕਿੱਸੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਕਿੱਸਾ ਲਿਖਤ ਰੂਪ ਵਿਚ ਪ੍ਰਾਪਤ ਨਹੀਂ ਹੋਇਆ ਹੈ। ਹਿੰਦੀ ਸਾਹਿਤ ਦੇ ਵਿਦਵਾਨ, 'ਪੁਸ਼ਯ' ਨੂੰ ਹਿੰਦੀ ਦਾ ਕਵੀ ਮੰਨਦੇ ਹਨ। ਡਾ. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਅਨੁਸਾਰ, ਪੁਸ਼ਯ ਭੱਟ ਤੇ ਪੁਸ਼ਯ ਦੰਤ ਇਕ ਕਵੀ ਹੀ ਸੀ।[26]

ਦਮੋਦਰ ਤੋਂ ਪਹਿਲਾਂ ਹੀਰ ਰਾਂਝੇ ਦੇ ਕਬਿੱਤ ਕਵੀ ਗੰਗ ਦੇ ਵੀ ਮਿਲਦੇ ਹਨ, ਜੋ ਡਾ. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਅਨੁਸਾਰ ਭਾਰਤ ਦੇ ਮੁਗਲ ਸਮਰਾਟ ਅਕਬਰ ਦਾ ਸਮਕਾਲੀ ਸੀ[27]। ਇਸ ਦਾ ਇਕ ਹੱਥ-ਲਿਖਤ ਖਰੜਾ ਸੈਂਟ੍ਰਲ ਪਬਲਿਕ ਲਾਇਬਰੇਰੀ, ਪਟਿਆਲਾ ਵਿਚ ਪਿਆ ਹੈ। ਜਿਨ੍ਹਾਂ ਵਿਚ ਪੰਜਾਬੀ ਪ੍ਰਭਾਵ ਸਪਸ਼ਟ ਰੂਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਨਾਸ਼ਵਾਨ ਸਰੀਰ ਨੂੰ ਤਿਆਗ ਗਏ ਹਨ ।

ਉਨੀਵੀਂ ਸਦੀ ਤਕ ਕਿੱਸਾ-ਕਾਵਿ ਵਿਚ ਪ੍ਰਧਾਨ ਵਿਸ਼ਾ ਇਸ਼ਕ ਹੀ ਰਿਹਾ ਹੈ ਪਰ ਅਰਧ ਉਨੀਵੀਂ ਸਦੀ ਵਿਚ ਪੰਜਾਬ ਦੇ ਹਾਲਾਤ ਵਿਚ ਪਰਿਵਰਤਨ ਆਇਆ, ਇਸ ਦਾ ਪ੍ਰਭਾਵ ਕਿੱਸਾ-ਕਾਵਿ ਉਪਰ ਵੀ ਪਿਆ ਹੈ । ਇਸ ਦੇ ਫ਼ਲ ਸਰੂਪ ਕਿੱਸਾ-ਕਾਵਿ ਦੇ ਵਿਸ਼ੇ ਖੇਤਰ ਵਿਚ ਵਿਸਥਾਰ ਹੋਇਆ । ਇਸ਼ਕੀਆ ਕਿੱਸਿਆਂ ਦੇ ਨਾਲ ਨਾਲ ਰੁਮਾਂਸਿਕ, ਬੀਰ-ਰਸੀ ਤੇ ਉਪਦੇਸ਼ਾਤਮਕ ਕਿੱਸੇ ਵੀ ਰਚੇ ਗਏ । ਉਨੀਵੀਂ ਸਦੀ ਦੇ ਅੰਤ ਤਕ ਕੋਈ ਅਜਿਹਾ ਵਿਸ਼ਾ ਨਹੀਂ ਰਿਹਾ, ਜਿਸ ਬਾਰੇ ਕਿੱਸਾ ਨਾ ਰਚਿਆ ਗਿਆ ਹੋਵੇ ।

ਕਿੱਸਾ-ਕਾਵਿ ਦੀ ਉੱਤਪਤੀ

ਇਸ ਵਿਚ ਕੋਈ ਸੰਦੇਹ ਨਹੀਂ ਕਿ ਪੰਜਾਬੀ ਸਾਹਿਤ ਵਿਚ 'ਕਿੱਸਾ' ਸ਼ਬਦ ਅਰਬੀ ਫ਼ਾਰਸੀ ਕਵਿਤਾ ਦੇ ਪ੍ਰਭਾਵ ਦੀ ਦੇਣ ਹੈ ਪਰ ਇਸ ਦਾ ਸੂਚਿਕ ਸਾਹਿਤ ਇਸ ਦੀ ਆਮਦ ਤੋਂ ਪਹਿਲਾਂ ਵਿਦਮਾਨ ਸੀ । ਕਥਾ ਜਾਂ ਕਹਾਣੀ, ਕਹਿਣਾ ਜਾਂ ਸੁਣਨਾ, ਮਨੁੱਖ ਦਾ ਇਕ ਅਤਿ ਪੁਰਣਾ ਤੇ ਬਹੁਤ ਵਿਕਸਿਤ ਹੁਨਰ ਹੈ । ਕਥਾ ਜਾਂ ਕਹਾਣੀ ਹੀ ਸਾਹਿਤ ਦਾ ਪ੍ਰਾਰੰਭਕ ਰੂਪ ਹੈ ਅਤੇ ਇਸ ਦਾ ਜਨਮ ਮਨੁੱਖ ਦੇ ਜਨਮ ਨਾਲ ਹੋਇਆ ਮੰਨਿਆ ਜਾਂਦਾ ਹੈ[17]। ਭਾਰਤ ਚਿਰ ਕਾਲ ਤੋਂ ਕਥਾ-ਸਾਹਿਤ ਦਾ ਘਰ ਰਿਹਾ ਹੈ । ਸੰਸਾਰ ਦੀਆਂ ਅਧਿਕ ਕੌਮਾਂ ਨੂੰ ਕਥਾ ਭੰਡਾਰ, ਤਥਾ ਕਥਾਨਕ ਰੂੜ੍ਹੀਆਂ ਦੀ ਦ੍ਰਿਸ਼ਟੀ ਤੋਂ ਬਲਵਾਨ ਬਣਾਉਣ ਵਿਚ ਭਾਰਤ ਦਾ ਮਹੱਤਵਪੂਰਣ ਹੱਥ ਰਿਹਾ ਹੈ[18] । ਇਹ ਕਥਾਵਾਂ ਅਰਬ ਦੇ ਰਸਤੇ ਯੂਰਪੀਨ ਦੇਸ਼ਾਂ ਵਿਚ ਫ਼ੈਲੀਆਂ ਹਨ[19] । 570 ਪੂ. ਈ. ਤੋਂ ਪਹਿਲਾਂ ਭਾਰਤੀ ਲੋਕ-ਕਥਾਵਾਂ ਦਾ ਸੰਗ੍ਰਹਿ ਪੰਚਤੰਤਰ ਈਰਾਨੀ ਭਾਸ਼ਾ ਵਿਚ ਅਨੁਵਾਦ ਹੋ ਚੁੱਕਿਆ ਸੀ[20] । ਰੁਦਕੀ ਫ਼ਾਰਸੀ ਮਸਨਵੀ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ । ਉਸ ਦੀ ਪਹਿਲੀ ਮਸਨਵੀ 'ਕਲੀਲੀ-ਓ-ਦਮਨ' ਭਾਰਤੀ ਰਚਨਾ 'ਪੰਚ ਤੰਤਰ' ਦਾ ਅਰਬੀ ਭਾਸ਼ਾ ਵਿਚ ਹੋਏ ਅਨੁਵਾਦ ਦਾ ਹੀ ਰੂਪਾਂਤਰ ਹੈ ।[21] ਸੰਸਾਰ ਦੇ ਸਾਹਿਤ ਵਿਚ ਪ੍ਰੀਤ ਕਥਾ ਦੀ ਪਰੰਪਰਾ ਦਾ ਸਭ ਤੋਂ ਪੁਰਾਤਨ ਨਮੂਨਾ ਰਿਗ ਵੇਦ ਵਿਚ ਮਿਲਦਾ ਹੈ, ਜਿਸ ਦੀ ਸਿਰਜਨਾ ਪੰਜਾਬ ਦੀ ਧਰਤੀ ਤੇ ਹੋਈ ਮੰਨੀ ਜਾਂਦੀ ਹੈ । 101 ਰ੍ਰੀਚਾ ਤੇ ਯਮਯਮੀ ਦੇ ਸੰਬਾਦ ਵਿਚ ਪ੍ਰੇਮਾਖਿਆਨ ਦੇ ਅੰਸ਼ ਮਿਲੇ ਹਨ । 1095 ਰ੍ਰੀਚਾ ਵਿਚ ਉਰਵਸ਼ੀ ਪੁਰਵਾ ਦੇ ਪਿਆਰ ਦੀ ਪ੍ਰੀਤ-ਕਥਾ ਵਿਦਮਾਨ ਹੈ । ਜਿਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਅਜੇ ਤਕ ਜਿੰਨੀ ਵੀ ਭਾਰਤੀ ਯੂਰਪੀਨ ਪ੍ਰੇਮ ਕਹਾਣੀਆਂ ਦਾ ਪਤਾ ਲਗਿਆ ਹੈ, ਉਨ੍ਹਾਂ ਵਿਚੋਂ ਇਹ ਪਹਿਲੀ ਹੈ ਅਤੇ ਹੋ ਸਕਦਾ ਹੈ ਕਿ ਸਾਰੇ ਸੰਸਾਰ ਦੀਆਂ ਪ੍ਰੇਮ ਕਹਾਣੀਆਂ ਵਿਚ ਵੀ ਇਹ ਪ੍ਰਾਚੀਨ ਸਮਝੀ ਜਾ ਸਕੇ ।[22]

ਇਸੇ ਤਰ੍ਹਾਂ ਰਾਧਾ ਕ੍ਰਿਸ਼ਨ, ਕ੍ਰਿਸ਼ਨ-ਰੁਕਮਣੀ, ਨਲ ਦਮਿਅੰਤੀ, ਸ਼ਕੁੰਤਲਾ-ਦੁਸ਼ਿਅੰਤ, ਅਰਜਨ-ਸੁਭਦਰਾ, ਸ਼ਿਵ-ਪਾਰਬਤੀ, ਦਸਰਥ-ਕਕੇਈ, ਇੰਦਰਾਅ-ਅਹਿਲਿਆ ਆਦਿ ਪ੍ਰੇਮ-ਕਥਾਵਾਂ ਉਪਨਿਸ਼ਦਾਂ, ਪੁਰਾਣਾਂ, ਰਾਮਾਇਣ, ਮਹਾਂਭਾਰਤ ਆਦਿ ਸੰਸਕ੍ਰਿਤ ਗ੍ਰੰਥਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੀਆਂ ਹਨ । ਪਿਸ਼ਾਚੀ ਭਾਸ਼ਾ ਦੀ 'ਬ੍ਰਿਹਤ-ਕਥਾ' ਪਹਿਲੀ ਦੂਜੀ ਸਦੀ ਈਸਵੀ ਦੀ ਮਿਲਦੀ ਹੈ । ਪਿਸ਼ਾਚੀ ਲਹਿੰਦੇ ਪੰਜਾਬ ਦੀ ਅਪਭ੍ਰੰਸ਼ ਸੀ । ਇਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਨੂੰ ਸੰਸਕ੍ਰਿਤ ਵਿਚ 'ਕਥਾ ਸਰਿਤਸਾਗਰ' ਨਾਂ ਹੇਠ ਉਲਥਾਇਆ ਗਿਆ ਹੈ ।

ਮੁਲਤਾਨ ਵਾਸੀ ਅਦਹਮਾਣ (ਅਬਦੁਲ ਰਹਿਮਾਨ 950 ਈ. ਦੇ ਲਗਭਗ) ਰਚਿਤ 'ਸਨੇਹ ਰਾਸਕ' ਮਿਲਦਾ ਹੈ । ਇਸ ਵਿਚ ਇਕ ਵਿਯੋਗਣ ਦਾ ਬ੍ਰਿਹੋ-ਸੁਨੇਹਾ ਹੈ, ਜਿਹੜਾ ਉਹ ਆਪਣੇ ਪ੍ਰਦੇਸੀ ਸੱਜਣ ਨੂੰ ਰਾਹ ਜਾਂਦੇ ਰਾਹੀ ਦੇ ਹੱਥ ਘੱਲਦੀ ਹੈ[23] । ਪ੍ਰਿੰ. ਸੰਤ ਸਿੰਘ ਸੇਖੋਂ ਅਨੁਸਾਰ ਨੌਵੀਂ ਦਸਵੀਂ ਸਦੀ ਦੇ ਮੁਲਤਾਨ ਨਿਵਾਸੀ ਕਵੀ ਅਦਹਮਾਣ (ਅਬਦੁਲ ਰਹਿਮਾਨ) ਦੀ ਰਚਨਾ 'ਸਨੇਹ ਰਾਸਕ' ਪੂਰਣ ਭਾਂਤ ਵਿਚ ਪ੍ਰਾਕ੍ਰਿਤ ਪੰਜਾਬੀ-ਅਪ੍ਰਭੰਸ਼ ਹੈ । ਇਸ ਵਿਚ ਆਧੁਨਿਕ ਪੰਜਾਬੀ ਦੇ ਕਈ ਵਿਸ਼ੇਸ਼ ਰੂਪ ਸਾਕਾਰ ਹੋਏ ਪ੍ਰਤੀਤ ਹੁੰਦੇ ਹਨ[24] । ਡਾ. ਮੋਹਨ ਸਿੰਘ ਸਭ ਤੋਂ ਪਹਿਲਾ ਕਿੱਸਾਕਾਰ ਪੁਸ਼ਯ ਨੂੰ ਮੰਨਦਾ ਹੈ । ਜਿਸ ਨੇ 'ਸੱਸੀ' ਦਾ ਕਿੱਸਾ ਸੰਮਤ 1180 ਬਿ. ਵਿਚ ਲਿਖਿਆ[25] । ਇਸ ਕਿੱਸੇ ਦੀ ਸਿਰਜਨਾ ਬਾਰੇ ਪੰਜਾਬੀ ਸਾਹਿਤ ਦੇ ਖੋਜੀ ਵਿਦਵਾਨ ਅਜੇ ਤਕ ਚੁੱਪ ਹਨ, ਕਿਉਂਕਿ ਇਹ ਕਿੱਸਾ ਅਜੇ ਤਕ ਲਿਖਤੀ ਰੂਪ ਵਿਚ ਪ੍ਰਾਪਤ ਨਹੀਂ ਹੋਇਆ ਹੈ ਪਰ ਇਸ ਕਿੱਸੇ ਦੀ ਹੋਂਦ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ ਹੈ, ਕਿਉਂਕਿ ਇਸ ਕਿੱਸੇ ਦੇ ਨਾਇਕ ਤੇ ਨਾਇਕਾ ਅੰਤਰ-ਦੇਸੀ ਹਨ । ਇਸ ਦਾ ਨਾਇਕ ਪੁੰਨੂੰ ਇਕ ਈਰਾਨੀ ਸੁਦਾਗਰ ਹੈ, ਜਦੋਂ ਕਿ ਇਸ ਦੀ ਨਾਇਕਾ ਸੱਸੀ ਭਾਰਤੀ ਹੈ । ਜਿਨ੍ਹਾਂ ਦਾ ਮੇਲ ਸਿੰਧ ਦੀ ਪੁਰਾਣੀ ਬੰਦਰਗਾਹ ਦੇ ਪਾਸ ਹੁੰਦਾ ਹੈ । ਜੇਕਰ ਅਸੀਂ ਭਾਰਤ ਤੇ ਅਰਬ ਦੇ ਵਪਾਰਕ ਸੰਬੰਧਾਂ ਤੇ ਝਾਤ ਮਾਰੀਏ ਤਾਂ ਗਿਆਤ ਹੁੰਦਾ ਹੈ ਕਿ ਮਕਰਾਨੀ ਵਪਾਰੀ ਪ੍ਰਾਚੀਨ ਕਾਲ ਤੋਂ ਭਾਰਤ ਵਿਚ ਵਪਾਰ ਲਈ ਆਉਂਦੇ ਸਨ । ਇਸ ਕਿੱਸੇ ਦਾ ਨਾਇਕ ਪੁੰਨੂੰ ਵੀ ਵਪਾਰ ਲਈ ਹੀ ਭਾਰਤ ਆਇਆ ਸੀ ਜੋ ਸੱਸੀ ਦੇ ਪਿਆਰ ਵਿਚ ਅਜਿਹਾ ਜਕੜਿਆ ਕਿ ਹਮੇਸ਼ਾਂ ਲਈ ਇਥੋਂ ਦਾ ਹੋ ਕੇ ਰਹਿ ਗਿਆ । ਸੰਭਵ ਹੈ ਕਿ ਇਹ ਪ੍ਰੀਤ ਕਥਾ ਅਠਵੀਂ ਨੌਵੀਂ ਸਦੀ ਦੇ ਆਸ ਪਾਸ ਵਾਪਰੀ ਹੋਵੇ ਕਿਉਂਕਿ ਮੁਹੰਮਦ ਬਿਨ ਕਾਸਿਮ ਦੀ 712 ਈ. ਦੀ ਸਿੰਧ ਦੀ ਜਿੱਤ ਨੇ ਮਕਰਾਨੀ ਵਪਾਰੀਆਂ ਲਈ ਭਾਰਤ ਵਿਚ ਵਪਾਰ ਵਾਸਤੇ ਹੋਰ ਨਵੇਂ ਰਾਹ ਖੋਲ੍ਹ ਦਿਤੇ ਸਨ । ਪਰ ਇਸ ਕਿੱਸੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਕਿੱਸਾ ਲਿਖਤ ਰੂਪ ਵਿਚ ਪ੍ਰਾਪਤ ਨਹੀਂ ਹੋਇਆ ਹੈ । ਹਿੰਦੀ ਸਾਹਿਤ ਦੇ ਵਿਦਵਾਨ, 'ਪੁਸ਼ਯ' ਨੂੰ ਹਿੰਦੀ ਦਾ ਕਵੀ ਮੰਨਦੇ ਹਨ । ਡਾ. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਅਨੁਸਾਰ, ਪੁਸ਼ਯ ਭੱਟ ਤੇ ਪੁਸ਼ਯ ਦੰਤ ਇਕ ਕਵੀ ਹੀ ਸੀ ।[26]

ਦਮੋਦਰ ਤੋਂ ਪਹਿਲਾਂ ਹੀਰ ਰਾਂਝੇ ਦੇ ਕਬਿੱਤ ਕਵੀ ਗੰਗ ਦੇ ਵੀ ਮਿਲਦੇ ਹਨ, ਜੋ ਡਾ. ਹਜ਼ਾਰੀ ਪ੍ਰਸਾਦਿ ਦ੍ਵਿਵੇਦੀ ਅਨੁਸਾਰ ਭਾਰਤ ਦੇ ਮੁਗਲ ਸਮਰਾਟ ਅਕਬਰ ਦਾ ਸਮਕਾਲੀ ਸੀ[27] । ਇਸ ਦਾ ਇਕ ਹੱਥ-ਲਿਖਤ ਖਰੜਾ ਸੈਂਟ੍ਰਲ ਪਬਲਿਕ ਲਾਇਬਰੇਰੀ, ਪਟਿਆਲਾ ਵਿਚ ਪਿਆ ਹੈ । ਜਿਨ੍ਹਾਂ ਵਿਚ ਪੰਜਾਬੀ ਪ੍ਰਭਾਵ ਸਪਸ਼ਟ ਰੂਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਖਾਈ ਦੇਂਦਾ ਹੈ।

ਕਾਜ਼ੀ ਜੀ ਏਕ ਦਿਲ ਮੇਰਾ, ਸੋ ਤੋ ਰਾਂਝਣੇ ਕੇ ਹਾਥ ਦੀਆ,
ਦੂਸਰਾ ਨਾ ਦਿਲ ਹੈ, ਜੋ ਤੂੰ ਖੇੜਿਆਂ ਕੋ ਦੁਵਾਏਗਾ।
ਕਰੋਗੇ ਨਿਆਉ ਕੈਸਾ ਦੇਖਤੀ ਹੋ ਕਾਜ਼ੀ ਜੀ,
ਮੀਏ ਬਿਨ ਰਾਜ਼ੀ ਕੈਸੇ ਕੁਤਬ ਪੜ੍ਹਾਵੇਗਾ।
ਕਹੀ ਕਵੀ ਗੰਗ ਹੂੰ ਤੋਂ ਦਿਲ ਹੀ ਮੈਂ ਸਮਝ ਦੇਖ,
ਐਸਾ ਨਿਆਉ ਕਹੂੰ ਸ਼ਰਾ ਨਾ ਫੁਰਮਾਵੇਗਾ,
ਯਾਰ ਸੋ ਵਿਛੋੜ ਕਰ ਮੁਖਾਲਫ਼ ਸੋ ਜੋੜਤਾ ਹੈ,
ਆਪਨਾ ਕੀਆ ਤੂੰ ਖ਼ੁਦਾ ਸੇ ਪਾਵੇਗਾ।[28]

ਲਿਖਤ ਰੂਪ ਵਿਚ ਅਜੇ ਤਕ ਸਭ ਤੋਂ ਪਹਿਲੀ ਹੀਰ ਰਾਂਝੇ ਦੀ ਸੰਪੂਰਣ ਪ੍ਰੀਤ ਕਥਾ ਦਮੋਦਰ ਦੀ ਰਚੀ ਹੋਈ ਪ੍ਰਾਪਤ ਹੁੰਦੀ ਹੈ। ਦਮੋਦਰ ਪਹਿਲਾ ਕਿੱਸਾਕਾਰ ਹੈ, ਜਿਸ ਨੇ ਪ੍ਰੀਤ ਕਾਵਿ ਲਈ 'ਕਿੱਸਾ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਦਮੋਦਰ ਨੇ ਆਪਣੇ ਕਿੱਸੇ 'ਹੀਰ' ਦਾ ਵਿਸ਼ਾ ਵਸਤੂ ਪੰਜਾਬੀ ਜਨ-ਜੀਵਨ ਵਿਚੋਂ ਲਿਆ ਹੈ ਤੇ ਤਕਨੀਕ ਫ਼ਾਰਸੀ ਮਸਨਵੀ ਵਾਲੀ ਅਪਣਾਈ ਹੈ। ਦਮੋਦਰ ਆਪਣੇ ਆਪ ਨੂੰ ਭਾਰਤ ਦੇ ਮੁਗਲ ਸਮਰਾਟ ਅਕਬਰ (1556-1606 ਈ.) ਦਾ ਸਮਕਾਲੀ ਦੱਸਦਾ ਹੈ। ਕਿੱਸੇ ਵਿਚ ਥਾਂ ਪੁਰ ਥਾਂ ਅਕਬਰ ਦੇ ਰਾਜ ਦੇ ਗੁਣ ਗਾਏ ਹਨ।[29] ਇਸ ਤੋਂ ਪਹਿਲਾਂ ਲਿਖਤੀ ਰੂਪ ਵਿਚ ਹੋਰ ਕੋਈ ਕਿੱਸਾ ਉਪਲਬਧ ਨਹੀਂ ਹੋਇਆ। ਦਮੋਦਰ ਤੋਂ ਪਹਿਲੇ ਸਮੇਂ ਦੇ ਕਿੱਸਾ-ਕਾਵਿ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਭਾਰਤ ਵਿਚ ਨੌਵੀਂ ਦਸਵੀਂ ਸਦੀ ਤੋਂ ਲੈ ਕੇ ਚੌਧਵੀਂ ਸਦੀ ਤਕ ਬਹੁਤ ਉੱਥਲ ਪੁੱਥਲ ਹੋਈ ਸੀ। ਇਹੋ ਜਿਹੇ ਅਸ਼ਾਂਤੀ ਦੇ ਸਮੇਂ, ਜਦੋਂ ਜਨਤਾ ਨੂੰ ਨਿੱਤ ਜਾਨਾਂ ਦੀ ਪਈ ਰਹਿੰਦੀ ਹੋਵੇ ਤਾਂ ਹੁਸਨ ਇਸ਼ਕ ਦੀ ਗੱਲ ਘੱਟ ਵੱਧ ਹੀ ਹੁੰਦੀ ਹੈ। ਜੇਕਰ ਹੋਵੇ ਵੀ ਤਾਂ ਸਾਹਿਤ ਦੀ ਸੰਭਾਲ ਵਲ ਜਨਤਾ ਦਾ ਧਿਆਨ ਘਟ ਜਾਂਦਾ ਹੈ। ਇਹੋ ਹੀ ਗੱਲ ਹੈ ਕਿ ਆਦਿ ਕਾਲ ਦਾ ਸਾਹਿਤ ਬਹੁਤ ਘੱਟ ਮਿਲਦਾ ਹੈ। ਫ਼ਰੀਦ ਬਾਣੀ, ਭਗਤਾਂ ਬਾਣੀ, ਗੁਰਬਾਣੀ, ਆਪਣੇ ਅਧਿਆਤਮਕ ਸੁਭਾਉ ਅਥਵਾ ਧਾਰਮਿਕ ਸ਼ਰਧਾ ਨਾਲ ਸੰਬੰਧਿਤ ਹੋਣ ਕਰਕੇ, ਇਸ ਹੋਣੀ ਤੋਂ ਬਚੀ ਰਹੀ ਹੈ।

ਮੱਧ ਕਾਲ ਵਿਚ ਪੰਜਾਬੀ ਬੋਲੀ ਨੂੰ ਲਿਪੀ ਬੱਧ ਕਰਨ ਦਾ ਯੋਗ ਪ੍ਰਬੰਧ ਨਹੀਂ ਸੀ। ਕੇਵਲ ਪੇਸ਼ਾਵਰ ਗੋਮੰਤ੍ਰੀ (ਭੱਟ ਤੇ ਮਿਰਾਸੀ), ਪ੍ਰੇਮ ਕਥਾਵਾਂ ਨੂੰ ਕਾਵਿ ਰੂਪ ਦੇ ਕੇ, ਲੋਕਾਂ ਦੇ ਦਿਲ ਪ੍ਰਚਾਵੇ ਤੇ ਆਪਣੀ ਉਦਰ-ਪੂਰਤੀ ਲਈ ਵਿਆਹ, ਸ਼ਾਦੀਆਂ, ਮੇਲਿਆਂ ਆਦਿ ਦੇ ਮੌਕਿਆਂ ਉੱਤੇ ਲੋਕਾਂ ਨੂੰ ਗਾ ਕੇ ਸੁਣਾਇਆ ਕਰਦੇ ਸਨ। ਇਨ੍ਹਾਂ ਰਚਨਾਵਾਂ ਦੀ ਸੰਭਾਲ ਦਾ ਕੰਮ ਮੌਖਿਕ ਰੂਪ ਵਿਚ ਪੁਸ਼ਤ ਦਰ ਪੁਸ਼ਤ ਚਲਦਾ ਰਹਿੰਦਾ ਸੀ ਪਰ ਕਦੇ ਕਦੇ ਇਨ੍ਹਾਂ ਰਚਨਾਵਾਂ ਨਾਲ ਇਕ ਦੁਖਾਂਤ ਵੀ ਵਾਪਰ ਜਾਂਦਾ ਸੀ, ਜਦੋਂ ਕਿਸੇ ਲੋਕ-ਗਾਇਕ, ਜਿਸ ਨੇ ਕਿਸੇ ਪ੍ਰੀਤ-ਕਥਾ ਨੂੰ ਕਾਵਿ-ਰੂਪ ਦਿਤਾ ਹੁੰਦਾ ਸੀ, ਜਾਂ ਉਸ ਨੂੰ ਵਿਰਸੇ ਵਿਚੋਂ ਮਿਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦੀ ਸੀ, ਯੋਗ ਵਾਰਿਸ ਦੀ ਅਣਹੋਂਦ ਕਾਰਣ, ਉਹ ਰਚਨਾ ਉਸ ਦੇ ਮਰਨ ਨਾਲ ਹੀ ਸਮਾਪਤ ਹੋ ਜਾਂਦੀ ਸੀ ਜਿਸ ਦੀ ਜਿਉਂਦੀ ਜਾਗਦੀ ਮਿਸਾਲ ਪੀਲੂ ਦਾ ਅਧੂਰਾ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਹੈ, ਜੋ ਲਿਖਤ ਰੂਪ ਵਿਚ ਅਜੇ ਤਕ ਪ੍ਰਾਪਤ ਨਹੀਂ ਹੋਇਆ ਹੈ। ਉਸ ਯੁੱਗ ਵਿਚ ਇਹੋ ਜਿਹਾ ਦੁਖਾਂਤ ਅਨੇਕਾਂ ਕਿੱਸਿਆਂ ਨਾਲ ਵਾਪਰਨ ਦੀ ਸੰਭਾਵਨਾ ਹੈ।

ਅਕਬਰ ਦੇ ਰਾਜ ਕਾਲ ਸਮੇਂ, ਕਿੱਸਾ-ਕਾਵਿ ਦੇ ਪੂਰਣ ਰੂਪ ਵਿਚ ਵਿਕਸਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਭਾਰਤ ਵਿਚ ਅਕਬਰ ਦੀ ਰਾਜ ਪ੍ਰਾਪਤੀ ਨਾਲ ਮੁੜ ਦੂਜੀ ਵਾਰੀ ਸ਼ਾਂਤੀ ਸਥਾਪਤ ਹੋ ਗਈ ਸੀ। ਇਸ ਨਾਲ ਜਾਗੀਰਦਾਰੀ ਸੰਸਥਾ ਮੁੜ ਹੋਂਦ ਵਿਚ ਆ ਗਈ ਸੀ। ਪੰਜਾਬ ਵਿਚ ਇਸ ਕਾਲ ਦੇ 'ਰਾਂਝੇ', 'ਖੇੜੇ', 'ਸਿਆਲ', 'ਚੰਦੜ', ਆਦਿ ਪ੍ਰਸਿੱਧ ਜਾਗੀਰਦਾਰ ਸਨ। ਦਮੋਦਰ ਅਨੁਸਾਰ ਚੂਚਕ 84 ਪਿੰਡਾਂ ਦਾ ਮਾਲਿਕ, ਇਕ ਵੱਡਾ ਜਾਗੀਰਦਾਰ ਸੀ। ਉਸ ਦੀ ਪਹੁੰਚ ਅਕਬਰ ਦੇ ਦਰਬਾਰ ਤਕ ਸੀ। ਪੰਜਾਬ ਵਿਚ ਜਾਗੀਰਦਾਰੀ ਪ੍ਰਥਾ ਦੀ ਸਥਾਪਨਾ ਨਾਲ ਕਿੱਸਾ ਕਾਵਿ ਦੀ ਸਿਰਜਣਾ ਲਈ ਅਨੁਕੂਲ ਵਾਤਾਵਰਣ ਬਣ ਗਿਆ ਸੀ। ਕਿੱਸਾ ਕਾਵਿ ਕਿਸੇ ਰਾਜੇ/ਜਾਗੀਰਦਾਰ ਦੀ ਸਰਪ੍ਰਸਤੀ ਹੇਠ ਹੀ ਪਲਦਾ ਤੇ ਵਿਗਸਦਾ ਹੈ। ਪੰਜਾਬੀ ਕਿੱਸਾ-ਕਾਵਿ ਦੇ ਮੋਢੀ ਦਮੋਦਰ ਨੂੰ ਵੀ (ਕਿੱਸਾਕਾਰ ਦੇ ਆਪਣੇ ਅਨੁਸਾਰ) ਚੂਚਕ ਦੀ ਸਰਪ੍ਰਸਤੀ ਪ੍ਰਾਪਤ ਸੀ।[30] ਇਸੇ ਤਰ੍ਹਾਂ ਹਾਫਿਜ਼ ਬਰਖੁਰਦਾਰ, ਕਾਦਰਯਾਰ ਆਦਿ ਕਿੱਸਾਕਾਰਾਂ ਨੂੰ ਵੀ ਕਿਸੇ ਨਾ ਕਿਸੇ ਰੂਪ ਵਿਚ ਸਰਪ੍ਰਸਤੀ ਪ੍ਰਾਪਤ ਸੀ।

ਜਿਥੋਂ ਤਕ ਭਾਸ਼ਾ ਦਾ ਗਿਆਨ ਪ੍ਰਾਪਤ ਹੁੰਦਾ ਹੈ, ਹਰ ਕਾਲ ਵਿਚ ਦੋ ਭਾਸ਼ਾਵਾਂ : ਇਕ ਸਾਹਿਤਕ ਦੇ ਦੂਜੀ ਲੌਕਿਕ ਭਾਸ਼ਾ, ਇਕ ਸਾਥ ਚਲਦੀਆਂ ਆ ਰਹੀਆਂ ਹਨ। ਸੰਸਕ੍ਰਿਤ ਦੇ ਨਾਲ ਪ੍ਰਕ੍ਰਿਤ ਤੇ ਪ੍ਰਕ੍ਰਿਤ ਦੇ ਨਾਲ ਅਪਭ੍ਰੰਸ਼ ਚਲਦੀਆਂ ਰਹੀਆਂ ਸਨ। ਮੁਗਲ ਕਾਲ ਸਮੇਂ ਦੋ ਭਾਸ਼ਾਵਾਂ—ਇਕ ਸਾਹਿਤਕ ਪੰਜਾਬੀ ਤੇ ਦੂਜੀ ਲੌਕਿਕ ਪੰਜਾਬੀ, ਜੋ ਆਮ ਲੋਕਾਂ ਤੇ ਖਾਸ ਕਰਕੇ ਪੇਂਡੂ ਲੋਕਾਂ ਦੀ ਬੋਲੀ ਸਮਝੀ ਜਾਂਦੀ ਸੀ, ਪ੍ਰਚਲਿਤ ਸਨ ਜਿਵੇਂ ਪਿਛੇ ਦੱਸ ਆਏ ਹਾਂ ਕਿ ਭਾਰਤੀ ਸਾਹਿਤ ਵਿਚ ਕਥਾ ਸਾਹਿਤ ਦਾ ਬਹੁਮੁੱਲਾ ਖਜ਼ਾਨਾ ਸੀ ਪਰ ਇਹ ਕਥਾ ਸਾਹਿਤ, ਸੰਸਕ੍ਰਿਤ ਭਾਸ਼ਾ ਵਿਚ ਮਿਲਦਾ ਸੀ ਸੰਸਕ੍ਰਿਤ ਰੂਪਵਾਦੀ ਤੇ ਰੂੜੀਵਾਦੀ ਹੋਣ ਦੇ ਨਾਤੇ, ਆਪਣਾ ਮਹੱਤਵ ਆਮ ਜਨਤਾ ਵਿਚੋਂ ਗਵਾ ਚੁੱਕੀ ਸੀ ਤੇ ਇਹ ਸਾਹਿਤ ਮੱਧਕਾਲੀਨ ਸਾਹਿਤਕਾਰਾਂ ਦੀ ਪ੍ਰੇਰਨਾ ਦਾ ਸੋਮਾ ਨਾ ਬਣ ਸਕਿਆ। ਦੂਜੇ ਪਾਸੇ ਮੁਸਲਮਾਨ ਕਿੱਸਾਕਾਰ (ਪੰਜਾਬੀ ਕਿੱਸਾ ਕਾਵਿ ਜ਼ਿਆਦਾਤਰ ਮੁਸਲਮਾਨ ਕਿੱਸਾਕਾਰਾਂ ਦੇ ਹੱਥਾਂ ਵਿਚ ਹੀ ਪਲਿਆ ਤੇ ਪ੍ਰਵਾਨ ਚੜ੍ਹਿਆ ਹੈ) ਕਿੱਸਾ ਕਾਵਿ ਨੂੰ ਮਨੋਰੰਜਨ ਦੇ ਨਾਲ ਨਾਲ ਅਧਿਆਤਮਕ ਵਿਚਾਰਾਂ ਦਾ ਮਾਧਿਅਮ ਬਣਾਉਣ ਦਾ ਯਤਨ ਕਰ ਰਹੇ ਸਨ[31]। ਉਹ ਭਾਵੇਂ ਇਸ ਯਤਨ ਵਿਚ ਇਤਨੇ ਸਫਲ ਨਹੀਂ ਹੋ ਸਕੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਤੇ ਆਪਣਾ ਸੰਦੇਸ਼ ਆਮ ਜਨਤਾ ਤੇ ਖਾਸ ਕਰਕੇ ਪੇਂਡੂ ਲੋਕਾਂ ਤਕ ਪਹੁੰਚਾਣ ਲਈ, ਉਨ੍ਹਾਂ ਲੋਕ ਬੋਲੀ (ਪੰਜਾਬੀ) ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਧਿਅਮ ਬਣਾਇਆ। ਇਨ੍ਹਾਂ ਦੇ ਪ੍ਰਭਾਵ ਦੇ ਕਾਰਨ ਸਾਡੇ ਸਾਹਿਤਕਾਰ ਵੀ ਫ਼ਾਰਸੀ ਸਾਹਿਤ ਪਰੰਪਰਾ ਵਲ ਝੁਕ ਗਏ। ਫ਼ਾਰਸ਼ੀ ਸਾਹਿਤ ਦਾ ਪ੍ਰਭਾਵ ਨਿਰੋਲ ਪੰਜਾਬੀ ਸਾਹਿਤਕਾਰਾਂ ਨੇ ਹੀ ਨਹੀਂ ਕਬੂਲਿਆ, ਸਗੋਂ ਇਹ ਪ੍ਰਭਾਵ ਸਮਕਾਲੀ ਹਿੰਦੀ ਸਾਹਿਤਕਾਰਾਂ ਉੱਪਰ ਵੀ ਦਿੱਸਦਾ ਹੈ। ਮੱਧਕਾਲ ਦੇ ਹਿੰਦੀ ਕਵੀ ਕੁਤਦਨ ਦੀ 'ਮ੍ਰਿਗਾਵਤੀ' (1501 ਈ.), ਮੰਝਨ ਦੀ 'ਮਧੁਮਾਲਤੀ (1545 ਈ.), ਮਾਲਿਕ ਜਾਇਸੀ ਦੀ 'ਪਦਮਾਵਤ' (1540 ਈ.) ਉਸਮਾਨ ਦੀ 'ਚਿਤ੍ਰਾਵਲੀ' (16 3 ਈ.) ਫ਼ਾਰਸੀ ਕਾਵਿ ਰੂਪ ਮਸਨਵੀ ਦੀ ਸ਼ੈਲੀ ਦੇ ਆਧਾਰ ਤੇ ਲਿਖੀਆਂ ਗਈਆਂ ਸਨ। 'ਪਦਮਾਵਤ' ਦੀ ਰਚਨਾ, ਸੰਸਕ੍ਰਿਤ ਦੇ ਪ੍ਰਬੰਧ-ਕਾਵਿ ਦੀ ਸਰੰਗਾਂ ਵਿਚ ਬੱਝੀ ਪੱਧਤੀ ਤੇ ਨਹੀਂ, ਸਗੋਂ ਫ਼ਾਰਸੀ ਦੀ ਮਸਨਵੀ ਸ਼ੈਲੀ ਤੇ ਹੈ।[32] ਪੰਜਾਬੀ ਸਾਹਿਤ ਉੱਪਰ ਇਸਲਾਮੀ ਸਭਿਆਚਾਰ, ਸੰਸਕ੍ਰਿਤੀ ਤੇ ਸਾਹਿਤ ਦਾ ਪ੍ਰਭਾਵ, ਭਾਰਤੀ ਸਾਹਿਤ ਨਾਲੋਂ, ਇਸ ਕਾਰਣ ਜ਼ਿਆਦਾ ਪਿਆ ਹੈ ਕਿ ਪੰਜਾਬ ਭਾਰਤ ਦੇ ਦੂਜੇ ਪ੍ਰਾਂਤਾਂ ਨਾਲੋਂ ਵਧ ਸਮੇਂ ਲਈ ਮੁਸਲਮਾਨਾਂ ਦੇ ਅਧੀਨ ਰਿਹਾ ਹੈ। ਵਾਸਤਵ ਵਿਚ ਪੰਜਾਬੀ ਕਿੱਸਾ ਕਾਵਿ ਮੁਸਲਮਾਨ ਕਿੱਸਾਕਾਰਾਂ ਤੇ ਉਨ੍ਹਾਂ ਦੇ ਸਾਹਿਤ ਦੇ ਪ੍ਰਭਾਵ ਦਾ ਨਤੀਜਾ ਤਾਂ ਹੈ।

ਕਿੱਸਾ-ਕਾਵਿ ਦੇ ਲੱਛਣ

ਪੰਜਾਬੀ ਕਿੱਸਾ ਕਾਵਿ ਦੇ ਹੇਠ ਲਿਖੇ ਤੱਤ ਜ਼ਰੂਰੀ ਮਿਥੇ ਗਏ ਹਨ, ਜਿਨ੍ਹਾਂ ਵਿਚ ਸਮੇਂ ਦੇ ਪਰਿਵਰਤਨ ਨਾਲ ਹੌਲੀ ਹੌਲੀ ਭਿੰਨਤਾ ਆਉਂਦੀ ਰਹੀ ਹੈ।

1. **ਮੰਗਲਾਚਰਣ** –ਕਿੱਸੇ ਦਾ ਆਰੰਭ ਮੰਗਲਾਚਰਣ ਨਾਲ ਹੁੰਦਾ ਹੈ, ਜਿਸ ਵਿਚ ਕਿੱਸਾਕਾਰ ਆਪਣੀ ਸ਼ਰਧਾ ਦੇ ਇਸ਼ਟਦੇਵ, ਪ੍ਰਤੀ ਸ਼ਰਧਾ ਪ੍ਰਗਟ ਕਰਦਾ ਹੋਇਆ ਹੱਥਲੀ ਰਚਨਾ ਦੀ ਸੰਪੂਰਨਤਾ ਲਈ ਪ੍ਰਾਥਨਾ ਕਰਦਾ ਹੈ। ਮੁਸਲਮਾਨ ਕਿੱਸਾਕਾਰਾਂ ਨੇ ਫ਼ਾਰਸੀ ਮਸਨਵੀ ਦੇ ਆਧਾਰ ਤੇ ਕਿੱਸੇ ਦੇ ਆਰੰਭ ਵਿਚ ਰੱਬ, ਰਸੂਲ, ਤੇ ਚਾਰ ਯਾਰਾਂ ਦੀ ਉਪਮਾ ਕੀਤੀ ਹੈ ਪਰ ਹਿੰਦੂ ਤੇ ਸਿੱਖ ਕਿੱਸਾਕਾਰਾਂ ਨੇ ਦੁਰਗਾ ਦੇਵੀ ਦੀ ਜਾਂ ਗੁਰੂ ਸਾਹਿਬਾਨ ਦੀ ਉਸਤਤੀ ਕਰਕੇ, ਆਪਣੇ ਕਿੱਸਿਆਂ ਦਾ ਆਰੰਭ ਕੀਤਾ ਹੈ :

ੳ. ਦੇਵੀ ਮਾਤਾ ਸਿਮਰੀਏ, ਹਰਿ ਚਰਨਾਂ ਚਿਤ ਲਾਇ।
ਮਾਲਾ ਪਕੜੀ ਨਾਮ ਕੀ, ਚਰਨਾਂ ਧੂਰ ਉਠਾਇ।
ਦੇਵੀ ਮਾਤਾ ਜਤੀ ਹੈ, ਈਸਰ ਰੇ ਪਤਿਜਾਨ।
ਤਾਕੋ ਹਮਰੀ ਬੰਦਨਾ, ਕਰੋਂ ਬੁਧ ਕੋ ਦਾਨ।[33]

ਅ. ਇਕ ਓਅੰਕਾਰ ਜੀ ਦਾ ਬਡਾ ਹੈ ਪਸਾਰ,
ਕਹੂੰ ਛੱਡਕੇ ਹੰਕਾਰ ਅਬ ਰਾਮ ਚਿਤਧਾਰ ਦਾ,
ਸਤਿਗੁਰ ਪ੍ਰਸਾਦਿ ਸਤਿਨਾਮ ਕਰਤਾਰ,
ਨਾਮ ਜਪੁ ਬਾਰ ਬਾਰ ਇਕ ਬ੍ਰਹਮ ਕੋ ਚਿਤਾਰਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. **ਉਦੇਸ਼** -ਮੰਗਲਾਚਰਣ ਤੋਂ ਉਪਰੰਤ, ਕਿੱਸਾਕਾਰ ਕਿੱਸਾ ਲਿਖਣ ਦਾ ਮੰਤਵ ਦੱਸਦਾ ਹੈ ਜੋ ਆਮ ਤੌਰ ਤੇ ਯਾਰਾਂ ਦੀ ਫਰਮਾਇਸ਼[34], ਨਾਇਕ ਨਾਇਕਾ ਦੀ ਪ੍ਰੀਤ ਦਾ ਪ੍ਰਭਾਵ,[35] ਜਾਂ ਪ੍ਰੀਤ ਜੋੜੀਆਂ ਦੀ ਕਿੱਸਾਕਾਰ ਨੂੰ ਸੁਪਨੇ ਵਿਚ ਕਿੱਸਾ ਰਚਨਾ ਲਈ ਪ੍ਰੇਰਨਾ ਹੁੰਦੀ।[36]

3. **ਕਥਾਨਕ**—ਜੀਵਨ ਨਾਲ ਸੰਬੰਧਿਤ ਕੋਈ (ਯਥਾਰਥਕ, ਆਦਰਸ਼ਕ ਜਾਂ ਕਾਲਪ-ਨਿਕ ਘਟਨਾ ਕਿੱਸੇ ਦੇ ਕਥਾਨਕ ਦਾ ਆਧਾਰ ਬਣਾਈ ਜਾ ਸਕਦੀ ਹੈ ਪਰ ਪੰਜਾਬੀ ਕਿੱਸਾ ਕਾਵਿ ਦੇ ਖੇਤਰ ਵਿਚ ਜ਼ਿਆਦਾਤਰ ਕਥਾਨਕ ਆਦਰਸ਼ਕ ਹਨ। ਕਿੱਸਿਆਂ ਦੇ ਕਥਾਨਕ ਆਮ ਤੌਰ ਤੇ ਇਕ ਦੂਜੇ ਨਾਲ ਮਿਲਦੇ ਜੁਲਦੇ ਹਨ, ਜਿਵੇਂ ਨਾਇਕਾ ਦਾ ਅਦਭੁੱਤ ਸੁੰਦਰ ਹੋਣਾ, ਨਾਇਕ ਜਾਂ ਸੂਰਬੀਰ ਹੋਣਾ, ਇਨ੍ਹਾਂ ਦਾ ਬਾਰਾਂ ਸਾਲ ਦੀ ਉਮਰ ਵਿਚ ਜੁਆਨ ਹੋਣਾ, ਜਾਂ ਚੌਦਾਂ ਸਾਲ ਦੀ ਉਮਰ ਵਿਚ ਅੱਖਾਂ ਚਾਰ ਹੋਣਾ, ਮਾਪਿਆਂ ਤੇ ਸੰਬੰਧਿਤ ਰਿਸ਼ਤੇਦਾਰਾਂ ਨੇ ਇਸ ਪ੍ਰੀਤ ਦੀ ਵਿਰੋਧਤਾ ਕਰਨਾ, ਤੇ ਨਾਇਕਾ ਦਾ ਵਿਆਹ ਕਿਸੇ ਹੋਰ ਵਿਅਕਤੀ ਨਾਲ ਕਰ ਦੇਣਾ ਆਦਿ ਹਨ। ਦਮੋਦਰ ਤੋਂ ਲੈ ਕੇ ਉਨੀਵੀਂ ਸਦੀ ਤਕ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਯੂਸਫ ਜ਼ੁਲੈਖਾਂ ਆਦਿ ਉਪਰ ਹੀ ਸਾਰੇ ਕਿੱਸੇਕਾਰਾਂ ਨੇ ਹੱਥ ਅਜਮਾਇਆ ਹੈ ਪਰ ਉਨੀਵੀਂ ਸਦੀ ਤਕ ਪਹੁੰਚਦਿਆਂ ਕਿੱਸਾ-ਕਾਵਿ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਸੀ। ਇਸ ਕਾਲ ਵਿਚ ਪ੍ਰੀਤ ਕਹਾਣੀਆਂ—ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਆਦਿ ਦੇ ਨਾਲ ਨਾਲ ਕੁਝ ਨਵੀਆਂ ਕਹਾਣੀਆਂ ਤੇ ਘਟਨਾਵਾਂ ਨੂੰ ਜਿਵੇਂ, ਪੂਰਨ ਭਗਤ ਹਕੀਕਤ ਰਾਏ, ਰਾਜਾ ਹਰੀਸ਼ ਚੰਦਰ, ਰਾਜਾ ਰਸਾਲੂ, ਸੈਫ਼ੁਲ ਮਲੂਕ, ਸ਼ਾਹ ਬਹਿਰਾਮ ਆਦਿ ਨੂੰ ਕਥਾਨਕ ਬਣਾਇਆ ਹੈ।

4. **ਚਰਿਤ੍ਰ ਚਿਤਰਨ** – ਕਿੱਸਿਆਂ ਦੇ ਪਾਤਰ ਗੁੰਝਲਦਾਰ ਦੀ ਬਜਾਏ ਸਾਧਾਰਨ ਪਾਤਰ (Typed Character) ਹਨ ਕਿਸੇ ਵੀ ਕਿੱਸੇ ਦੀ ਪਾਤਰ ਉਸਾਰੀ ਵਿਚ ਕੋਈ ਵਿਸ਼ੇਸ਼ ਵਿਲੱਖਣਤਾ ਨਹੀਂ ਹੈ। ਇਹ ਆਦਰਸ਼ ਪਾਤਰ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਕੋਈ ਹੋਂਦ ਨਹੀਂ ਹੈ। ਇਹ ਪਾਤਰ ਕਿੱਸਾਕਾਰ ਦੇ ਹੱਥ ਵਿਚ ਕਠਪੁਤਲੀਆਂ ਵਾਂਗ ਹੁੰਦੇ ਹਨ। ਨਾਇਕ ਤੇ ਨਾਇਕਾ ਦੇ ਜਨਮ ਤੋਂ ਸਾਲ-ਬ-ਸਾਲ ਅਵਸਥਾ ਦਾ ਵਰਣਨ, ਬਾਰ੍ਹਵੇਂ ਸਾਲ ਇਨ੍ਹਾਂ ਦਾ ਜੁਆਨ ਹੋਣਾ, ਤੇਰ੍ਹਵੇਂ ਜਾਂ ਚੌਦਵੇਂ ਸਾਲ ਅੱਖਾਂ ਚਾਰ ਹੋਣਾ, ਇਨ੍ਹਾਂ ਦਾ ਅਮੀਰ ਸ਼੍ਰੇਣੀ ਵਿਚੋਂ ਹੋਣਾ ਹੈ। ਜੇਕਰ ਇਨ੍ਹਾਂ ਵਿਚੋਂ ਕੋਈ ਕਿਰਤੀ ਸ਼੍ਰੇਣੀ ਨਾਲ ਸੰਬੰਧ ਰੱਖਦਾ ਵੀ ਹੋਵੇ ਤਾਂ ਇਹ ਕਿਰਤੀ ਸ਼੍ਰੇਣੀ ਵੀ ਬਹੁਤ ਅਮੀਰ ਹੁੰਦੀ ਹੈ। ਤੁਲਾ ਘੁਮਿਆਰ ਹੁੰਦਾ ਹੋਇਆ ਵੀ ਅਮੀਰ ਹੈ ਅਫ਼ਲਾਤੂਨ ਤੇ ਲੁਕਮਾਨ ਉਸਦੇ ਸ਼ਾਗਿਰਦ ਦਰਸਾਏ ਗਏ ਹਨ। ਚੀਨ ਤੇ ਮਿਸ਼ਰ ਦੇ ਲੋਕ ਉਸਦੀ ਸ਼ਾਗਿਰਦੀ ਕਰਨ ਲਈ ਇਥੇ ਆਉਂਦੇ ਸਨ। ...ਤੁਲਾ ਸ਼ਹਿਰ ਵਿਚ ਰਹਿੰਦਾ ਹੈ। ਸੋਹਣੀ ਇਸ ਤਰ੍ਹਾਂ ਪਲਦੀ ਹੈ, ਜਿਵੇਂ ਸ਼ਾਹ ਜਹਾਨ ਦੀ ਸ਼ਹਿਜ਼ਾਦੀ ਹੋਵੇ।[37] ਇਹ ਪ੍ਰੇਮੀ ਜੋੜੇ ਆਪਣੇ ਪ੍ਰੇਮ-ਮਾਰਗ ਵਿਚ ਆਈ ਹਰੇਕ ਮੁਸੀਬਤ ਦਾ ਸਾਹਮਣਾ ਕਰਦੇ ਹਨ। ਇਸ਼ਕ ਦੀ ਖ਼ਾਤਰ ਆਪਣੇ ਜੀਵਨ ਦੀ ਬਾਜ਼ੀ ਲਾ ਛਿੰਦੇ ਹਨ ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ਼ਕ ਨੂੰ ਕਲੰਕਿਤ ਨਹੀਂ ਹੋਣ ਦਿੰਦੇ।

ਨਾਇਕ ਤੇ ਨਾਇਕਾ ਤੋਂ ਇਲਾਵਾ, ਪ੍ਰਤੀਨਾਇਕ (Villian) ਤੇ ਵਿਚੋਲਾ ਹੁੰਦੇ ਹਨ। ਪ੍ਰਤੀਨਾਇਕ ਦਾ ਕੰਮ ਨਾਇਕ ਤੇ ਨਾਇਕਾ ਨੂੰ ਪ੍ਰੇਮ-ਕ੍ਰੀੜਾ ਤੋਂ ਰੋਕਣਾ ਹੁੰਦਾ ਹੈ। ਇਹ ਚੁਗਲੀ, ਨਿੰਦਿਆ ਜਾਂ ਕਿਸੇ ਹੋਰ ਕਾਰਜ ਰਾਹੀਂ ਇਨ੍ਹਾਂ ਦੀ ਅੱਧ ਅਸਮਾਨ ਚੜ੍ਹੀ ਪ੍ਰੇਮ ਪੀਂਘ ਦੀ ਰੱਸੀ ਨੂੰ ਤੋੜ ਕੇ ਇਨ੍ਹਾਂ ਦਾ ਜੀਵਨ ਦੁਖਾਂਤਮਈ ਬਣਾ ਦਿੰਦਾ ਹੈ। 'ਹੀਰ ਰਾਂਝੇ' ਵਿਚ, ਹੀਰ ਦਾ ਤਾਇਆ ਕੈਦੋਂ ਲੰਗਾ, 'ਸੋਹਣੀ ਮਹੀਂਵਾਲ' ਵਿਚ ਸੋਹਣੀ ਦੀ ਨਨਾਣ ਤੇ 'ਸੱਸੀ ਪੁੰਨੂੰ' ਵਿਚ ਪੁੰਨੂੰ ਦੇ ਭਰਾ ਇਹ ਰੋਲ ਅਦਾ ਕਰਦੇ ਹਨ।

ਪ੍ਰਤੀ ਨਾਇਕ ਦੇ ਵਿਪ੍ਰੀਤ ਵਿਚੋਲਾ ਹੁੰਦਾ ਹੈ, ਜੋ ਇਨ੍ਹਾਂ ਪ੍ਰੇਮ-ਕੁਠੀਆਂ ਰੂਹਾਂ ਨੂੰ ਮਿਲਾਉਣ ਦਾ ਹਰ ਸੰਭਵ ਯਤਨ ਕਰਦਾ ਹੈ ਜਿਸ ਨੂੰ ਨਾਇਕ ਜਾਂ ਨਾਇਕਾ ਕੁਝ ਲਾਲਚ ਦੇ ਦਿੰਦਾ ਹੈ ਜਿਵੇਂ 'ਮਿਰਜ਼ਾਂ ਸਾਹਿਬਾਂ' ਵਿਚ ਮਿੱਠੀ ਨਾਇਣ ਤੇ ਕੰਮੂ ਬ੍ਰਾਹਮਣ, ਜਿਨ੍ਹਾਂ ਨੂੰ ਮਿਰਜ਼ਾ ਤੇ ਸਾਹਿਬਾਂ ਆਰਥਿਕ ਸਹਾਇਤਾ ਦਿੰਦੇ ਹਨ। ਕਈ ਵਾਰ ਇਹ ਆਪ ਇਸ਼ਕ ਦੇ ਰੋਗੀ ਹੁੰਦੇ ਹਨ। ਇਕੋ ਜਿਹਾ ਰੋਗ ਹੋਣ ਦੇ ਕਾਰਣ ਨਾਇਕ ਤੇ ਨਾਇਕਾ ਨਾਲ ਹਮਦਰਦੀ ਰੱਖਦੇ ਹਨ। ਜਿਵੇਂ ਹੀਰ ਦੀ ਨਨਾਣ ਸਹਿਤੀ, ਹੀਰ ਰਾਂਝੇ ਨੂੰ ਮਿਲਾਣ ਦਾ ਯਤਨ ਕਰਦੀ ਹੈ।

5. **ਸੁੰਦਰਤਾ ਦਾ ਵਰਣਨ**—ਮੱਧਕਾਲ ਵਿਚ ਇਸਤਰੀ ਦੀ ਹੋਂਦ, ਪੁਰਸ਼ ਦਾ ਮਨੋਰੰਜਨ ਕਰਨ ਤੋਂ ਵੱਧ ਕੁਝ ਵੀ ਨਹੀਂ ਸਮਝੀ ਜਾਂਦੀ ਸੀ। ਇਸ ਮੰਤਵ ਲਈ ਕਿੱਸਾਕਾਰ ਨਾਇਕਾ ਨੂੰ ਕਾਮ-ਉਕਸਾਊ ਪੇਸ਼ ਕਰਨ ਹਿਤ, ਉਸ ਦੀ ਨਖਇਸ਼ ਪਾਤਰ-ਉਸਾਰੀ ਕਰਦਾ ਸੀ। ਇਸਤਰੀ ਦੇ ਸਰੀਰ ਦੇ ਇਕ ਇਕ ਅੰਗ ਦੀ ਸੁੰਦਰਤਾ ਨੂੰ ਅਲੰਕਾਰਾਂ ਨਾਲ ਸਜ਼ਾ ਕੇ ਬਿਆਨ ਕੀਤਾ ਜਾਂਦਾ ਸੀ। ਨਖਸ਼ਿਖ ਵਰਣਨ ਦੀ ਪਰੰਪਰਾ ਪੰਜਾਬੀ ਕਿੱਸਾ-ਕਾਵਿ ਵਿਚ ਹੀ ਨਹੀਂ, ਸਗੋਂ ਹਿੰਦੀ ਸਾਹਿਤ ਦੇ ਰੀਤੀ ਕਾਲੀਨ ਕਵੀਆਂ ਵਿਚ ਵੀ ਮਿਲਦੀ ਹੈ।

6. **ਵਾਰਤਾਲਾਪ** -ਕਿੱਸਿਆਂ ਨੂੰ ਰੌਚਿਕ ਤੇ ਸੁਭਾਵਿਕ ਬਣਾਉਣ ਲਈ ਕਿੱਸਾ-ਕਾਰ ਨਾਇਕ ਤੇ ਨਾਇਕਾ ਦੀ ਗੱਲਬਾਤ ਨੂੰ ਸੁਵਾਲਾਂ ਜੁਆਬਾਂ ਵਿਚ ਪੇਸ਼ ਕਰਦੇ ਸਨ। ਜਿਸ ਨਾਲ ਕਿੱਸਿਆਂ ਵਿਚ ਰੌਚਿਕਤਾ, ਸੁਭਾਵਿਕਤਾ, ਸਰਲਤਾ ਤੇ ਚੁਸਤੀ ਆ ਜਾਂਦੀ ਸੀ।

ਸਾਰੇ ਕਿੱਸਿਆਂ ਵਿਚ ਇਕੋ ਜਿਹੀ ਵਾਰਤਾਲਾਪ ਹੈ। ਜਿਵੇਂ ਨਾਇਕਾ ਦੀ ਪ੍ਰੀਤ ਦਾ ਨਸ਼ਰ ਹੋਣਾ, ਉਸ ਦੇ ਮਾਪਿਆਂ ਦਾ ਉਸ ਨੂੰ ਸਮਝਾਉਣਾ, ਨਾਇਕਾ ਨੇ ਆਪਣੇ ਪਿਆਰ ਦੇ ਹੱਕ ਵਿਚ ਜਨਮ ਜਨਮ ਦਾ ਸੰਬੰਧ ਦੱਸ ਕੇ[30] ਦਲੀਲਾਂ ਦੇਣਾ, ਆਪਣੇ ਪ੍ਰੇਮੀ ਨੂੰ ਰੱਬ ਦੇ ਤੁਲ ਸਮਝਣਾ ਆਦਿ।

7. **ਕਲਾਮੇ ਸ਼ਾਇਰ ਜਾਂ ਕਵੀਓ ਵਾਚ**—ਕਿੱਸਿਆਂ ਵਿਚ ਕਿੱਸਾਕਾਰ ਆਪਣੀ ਉਕਤੀ ਨੂੰ ਕਲਾਮੇ ਸ਼ਾਇਰ ਜਾਂ ਕਵੀਓ ਵਾਚ ਨਾਲ ਛੋਂਹਦਾ ਹੈ। ਇਸ ਕਲਾਮ ਵਿਚ ਕਿੱਸਾਕਾਰ, ਚਲੰਤ ਮਾਮਲੇ ਬਾਰੇ ਆਪਣੀ ਰਾਏ ਦਿੰਦਾ ਹੈ ਪਰ ਇਹ ਵਿਚਾਰ ਕਿਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਤੇ ਬਹੁਤ ਲੰਮੇ ਹੋਣ ਕਾਰਣ ਕਹਾਣੀ-ਰਸ ਨੂੰ ਹਾਨੀ ਪਹੁੰਚਾਉਂਦੇ ਹਨ। ਕਈ ਵਾਰੀ ਕਿੱਸਾਕਾਰ ਮੂਲ ਕਥਾ ਤੋਂ ਹਟ ਕੇ 'ਕਲਾਮੇ ਸ਼ਾਇਰ' ਵਿਚ ਆਪਣੀ ਵਿਦਵਤਾ ਦੇ ਜੌਹਰ ਦਿਖਾਉਣ ਵਿਚ ਰੁਝ ਜਾਂਦਾ ਹੈ ਤੇ ਕਹਾਣੀ ਦਾ ਪ੍ਰਵਾਹ ਰੁਕ ਜਾਂਦਾ ਹੈ, ਜਿਵੇਂ ਵਾਰਿਸ ਸ਼ਾਹ 'ਕਲਾਮ ਸ਼ਾਇਰ' ਸਿਰਲੇਖ ਹੇਠ, ਜੇਕਰ ਇਸਤਰੀਆਂ ਦੀ ਗੱਲ ਕਰਦਾ ਹੈ ਤਾਂ ਇਨ੍ਹਾਂ ਦੀਆਂ ਜਾਤਾਂ, ਗੁਣ, ਆਦਤਾਂ ਗਿਣਨ ਲੱਗ ਪੈਂਦਾ ਹੈ ਕਿ ਕਿੱਸੇ ਦੀ ਕਹਾਣੀ ਰੁਕ ਜਾਂਦੀ ਹੈ ਤੇ ਕਥਾ ਨੀਰਸ ਹੋ ਜਾਂਦੀ ਹੈ। ਛੋਟੇ ਛੋਟੇ ਕਲਾਮੇ ਸ਼ਾਇਰ ਜਾਂ ਕਵੀਓ ਵਾਚ ਕਿੱਸਿਆਂ ਵਿਚ ਬਹੁਤ ਮਹੱਤਾ ਰੱਖਦੇ ਹਨ।

8. **ਅਤਿ ਕਥਨੀ** ਕਿੱਸਾਕਾਰਾਂ ਨੇ ਆਪਣੀ ਗੱਲ ਇਤਨੀ ਵਧ ਚੜ੍ਹਾ ਕੇ ਬਿਆਨ ਕੀਤੀ ਹੈ ਕਿ ਕਈ ਵਾਰ ਤਾਂ ਇਨ੍ਹਾਂ ਵਿਚੋਂ ਸਹਾਈ ਲੱਭਣੀ ਮੁਸ਼ਕਿਲ ਹੋ ਜਾਂਦੀ ਹੈ। ਇਸ ਦਾ ਕਾਰਣ ਇਹ ਸੀ ਕਿ ਕਿੱਸਾਕਾਰ ਆਮ ਤੌਰ ਤੇ ਸਾਧਾਰਣ ਪੱਧਰ ਦੇ ਵਿਅਕਤੀ ਹੁੰਦੇ ਸਨ। ਇਨ੍ਹਾਂ ਨੇ ਕੋਈ ਵਿਸ਼ੇਸ਼ ਸਿਖਿਆ ਪ੍ਰਾਪਤ ਨਹੀਂ ਕੀਤੀ ਹੁੰਦੀ ਸੀ ਤੇ ਨਾ ਹੀ ਇਨ੍ਹਾਂ ਦਾ ਗਿਆਨ ਦਾ ਘੇਰਾ ਇਤਨਾ ਵਿਸ਼ਾਲ ਹੁੰਦਾ ਸੀ। ਇਸ ਕਰਕੇ ਉਹ ਆਪਣੇ ਵਿਚਾਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਸਨ।

9. **ਪਰਾਸਰੀਰਕ ਅੰਸ਼**—ਮੱਧਕਾਲ ਵਿਚ ਵਿਦਿਆ ਦੀ ਘਾਟ ਕਾਰਣ ਆਮ ਜਨਤਾ ਤਰਕਸ਼ੀਲ ਘਟ ਅਤੇ ਵਹਿਮੀ ਭਰਮੀ ਜ਼ਿਆਦਾ ਸੀ। ਉਨ੍ਹਾਂ ਦਾ ਦੈਵੀ ਸ਼ਕਤੀਆਂ ਵਿਚ ਅੰਧ ਵਿਸ਼ਵਾਸ ਸੀ। ਸਰੋਤਿਆਂ ਤੇ ਪਾਠਕਾਂ ਦੀਆਂ ਇਨ੍ਹਾਂ ਭਾਵਨਾਵਾਂ ਦੀ ਤ੍ਰਿਪਤੀ ਲਈ ਕਿੱਸਾਕਾਰਾਂ ਨੇ ਪਰਾਸਰੀਰਕ ਅੰਸ਼ ਦਾ ਪ੍ਰਯੋਗ ਕੀਤਾ ਹੈ। ਪਰਾਸਰੀਰਕ ਅੰਸ਼ ਕੇਵਲ ਪੰਜਾਬੀ ਕਿੱਸਿਆਂ ਵਿਚ ਹੀ ਨਹੀਂ ਮਿਲਦੇ, ਸਗੋਂ ਸੰਸਾਰ ਦੀਆਂ ਅਨੇਕਾਂ ਬੋਲੀਆਂ ਦੇ ਸਾਹਿਤ ਵਿਚ ਮਿਲਦੇ ਹਨ। (ਸ਼ੈਕਸਪੀਅਰ ਦੇ ਨਾਟਕ 'ਹੈਮਲਿਟ' ਵਿਚ ਭੂਤ (Ghost), 'ਮੈਕਬਿਥ' ਵਿਚ ਚੁੜੇਲਾਂ (Witches) ਇਸ ਦਾ ਪ੍ਰਮਾਣ ਹਨ, ਦੂਜਾ, ਕਥਾ ਦਾ ਆਧਾਰ ਵਿਗਿਆਨਕ ਨਾ ਹੋਣ ਕਾਰਣ, ਕਥਾ ਦਾ ਪ੍ਰਵਾਹ ਰੁਕ ਜਾਂਦਾ ਸੀ। ਜਿਥੇ ਕਵੀ, ਇਨ੍ਹਾਂ ਘਟਨਾਵਾਂ ਦਾ ਚਮਤਕਾਰ ਵਿਖਾ ਕੇ ਕਹਾਣੀ ਪ੍ਰਵਾਹ ਨੂੰ ਅੱਗੇ ਤੋਰਦਾ ਕਰਦਾ ਸੀ।

10. **ਭਾਸ਼ਾ**—ਕਿੱਸਾਕਾਰ ਲੋਕ-ਕਵੀ ਸਨ, ਇਨ੍ਹਾਂ ਨੇ ਜਨ-ਭਾਸ਼ਾ ਨੂੰ ਆਪਣੀਆਂ ਰਚਨਾਵਾਂ ਦਾ ਵਾਹਨ ਬਣਾਇਆ ਹੈ। ਭਾਵੇਂ ਮੱਧਕਾਲ ਵਿਚ ਰਚੇ ਕਿੱਸਿਆਂ ਵਿਚ ਅਰਬੀ ਫ਼ਾਰਸੀ ਸ਼ਬਦਾਵਲੀ ਦਾ ਭਰਮਾਰ ਹੈ, ਜੋ ਆਧੁਨਿਕ ਸਾਧਾਰਣ ਪੱਧਰ ਦੇ ਪਾਠਕ ਤੇ ਸਰੋਤੇ ਦੀ ਸਮਝ ਤੋਂ ਪਰੇ ਦੀ ਗੱਲ ਹੈ ਪਰ ਇਹ ਸ਼ਬਦਾਵਲੀ ਅਸੁਭਾਵਿਕ ਨਹੀਂ ਆ ਗਈ। ਮੱਧਕਾਲ ਵਿਚ ਫ਼ਾਰਸ਼ੀ ਭਾਸ਼ਾ, ਰਾਜ ਦਰਬਾਰ ਦੀ ਭਾਸ਼ਾ ਹੋਣ ਕਾਰਣ ਹਰ ਵਿਅਕਤੀ ਨੂੰ ਥੋੜੀ ਬਹੁਤੀ ਸਿੱਖਣੀ ਪੈਂਦੀ ਸੀ। ਕਿੱਸਾਕਾਰਾਂ ਨੇ ਅਰਬੀ ਫ਼ਾਰਸੀ ਸ਼ਬਦਾਵਲੀ ਨੂੰ ਤੱਤਸਮ ਤੇ ਤਦਭਵ ਦੋਹਾਂ ਰੂਪਾਂ ਵਿਚ ਵਰਤਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਉਪਰ ਇਲਾਕਾਈ ਪ੍ਰਭਾਵ ਵੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਮਗਰੋਂ ਕਿੱਸਾਕਾਰਾਂ ਦੀਆਂ ਰਚਨਾਵਾਂ ਉੱਪਰ ਅਰਬੀ ਫ਼ਾਰਸੀ ਸ਼ਬਦਾਵਲੀ ਦੀ ਥਾਂ ਪੰਜਾਬੀ, ਸਾਧੂ ਭਾਸ਼ਾ, ਬ੍ਰਿਜ ਭਾਸ਼ਾ ਤੇ ਅੰਗਰੇਜ਼ੀ ਸ਼ਬਦਾਵਲੀ ਨੇ ਲੈ ਲਈ ਸੀ। ਦੂਜਾ ਇਸ ਕਾਲ ਦੇ ਬਹੁਤੇ ਕਿੱਸਾਕਾਰ ਕਿਸ਼ਨ ਸਿੰਘ ਆਰਿਫ਼, ਗੋਪਾਲ ਦਾਸ, ਸਾਧੂ ਈਸ਼ਰ ਦਾਸ, ਗਿਆਨ ਦਾਸ ਸਾਧੂ ਸਦਾ ਰਾਮ ਆਦਿ ਸਾਧੂ ਸਨ ਤੇ ਇਨ੍ਹਾਂ ਦੀ ਸਧੂਕੜੀ ਭਾਸ਼ਾ ਵੀ ਕਿੱਸਿਆਂ ਦੀ ਭਾਸ਼ਾ ਦਾ ਇਕ ਅੰਗ ਬਣ ਗਈ ਹੈ।

11. **ਰਸ**—ਕਿੱਸਿਆਂ ਵਿਚ ਭਾਵੇਂ ਭਾਰਤੀ ਸਮੀਖਿਆ ਸ਼ਾਸਤਰੀਆਂ ਵਲੋਂ ਪ੍ਰਮਾਣਿਤ ਨੌਂ ਰਸ ਮਿਲ ਜਾਂਦੇ ਹਨ ਪਰ ਇਨ੍ਹਾਂ ਵਿਚੋਂ ਪ੍ਰੇਮ ਮਈ ਕਿੱਸਿਆਂ ਵਿਚ ਪਾਠਕਾਂ ਤੇ ਸਰੋਤਿਆਂ ਦੇ ਸੁਹਜ ਸੁਆਦ ਤ੍ਰਿਪਤਾਉਣ ਲਈ ਸ਼ਿੰਗਾਰ ਰਸ ਦੀ ਅਧਿਕ ਵਰਤੋਂ ਕੀਤੀ ਗਈ ਹੈ। ਡਾ. ਆਤਮਜੀਤ ਸਿੰਘ ਅਨੁਸਾਰ ਕਿੱਸਿਆਂ ਦੀ ਰਚਨਾ ਵੀ ਕਵੀਆਂ ਦੇ ਰਸ ਦੀ ਭੂਮੀ ਉੱਤੇ ਹੋਈ ਹੈ, ਭਾਵੇਂ ਇਸ ਗੱਲ ਦਾ ਸੁਚੇਤ ਯਤਨ ਕੀਤਾ ਗਿਆ ਨਜ਼ਰ ਨਹੀਂ ਆਉਂਦਾ ਅਤੇ ਇਸ ਵਿਚ ਪ੍ਰਧਾਨ ਰਸ ਸ਼ਿੰਗਾਰ ਹੀ ਹੈ। ਜਿਸ ਦੇ ਅਤਿ ਸੁੰਦਰ ਨਮੂਨੇ, ਸਾਨੂੰ ਇਸ ਕਾਵਿ ਵਿਚੋਂ ਮਿਲਦੇ ਹਨ। ਸ਼ਿੰਗਾਰ ਰਸ ਦੇ ਸਾਰੇ ਅੰਗਾਂ— ਆਲੰਬਨ, ਉਦੀਪਨ ਅਨੁਭਵ, ਅਤੇ ਸੰਚਾਰੀ ਭਾਵਾਂ ਦਾ ਵਰਣਨ ਅਤੇ ਚਿਤ੍ਰਣ ਬੜੀ ਤਨਮਈਤਾ ਨਾਲ ਕੀਤਾ ਗਿਆ ਹੈ।[40] ਉਪਦੇਸ਼ਾਤਮਕ ਕਿੱਸਿਆਂ ਵਿਚ ਸ਼ਾਂਤ ਰਸ ਪ੍ਰਧਾਨ ਹੈ।

12. **ਅਲੰਕਾਰ** --ਕਿੱਸਿਆਂ ਵਿਚ ਭਾਵ ਦੀ ਸਪਸ਼ਟਤਾ, ਭਾਸ਼ਾ ਦੇ ਸ਼ਿੰਗਾਰਨ ਤੇ ਸੁਹਜਾਤਮਕ ਗੁਣ ਪੈਦਾ ਕਰਨ ਲਈ ਅਲੰਕਾਰ ਦੀ ਵਰਤੋਂ ਕੀਤੀ ਹੈ। ਅਲੰਕਾਰ ਜਨ-ਜੀਵਨ ਵਿਚੋਂ ਹੀ ਲਏ ਹਨ। ਇਨ੍ਹਾਂ ਵਿਚੋਂ ਵਿਸ਼ੇਸ਼ ਕਰਕੇ ਉਪਮਾ, ਰੂਪਕ, ਦ੍ਰਿਸ਼ਟਾਂਤ ਤੇ ਅਤਿਕਥਨੀ ਦੀ ਵਧੇਰੇ ਵਰਤੋਂ ਕੀਤੀ ਹੈ। ਰਣਜੀਤ ਸਿੰਘ ਕਾਲ ਤੋਂ ਮਗਰੋਂ ਕਿੱਸਾ-ਕਾਵਿ ਵਿਚ ਅਲੰਕਾਰਾਂ ਦੀ ਬਹੁਲਤਾ ਆ ਗਈ ਤੇ ਖਾਸ ਕਰਕੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਫਜ਼ਲ ਸ਼ਾਹ, ਕਿਸ਼ਨ ਸਿੰਘ, ਗ਼ੁਲਾਮ ਰਸੂਲ ਆਲਮਪੁਰੀ, ਜੀਵਾ ਸਿੰਘ, ਭਗਵਾਨ ਸਿੰਘ ਆਦਿ ਨੇ ਖ਼ੂਬ ਕੀਤੀ ਹੈ।

13. **ਛੰਦ**—ਦਵੱਈਆ, ਬੈਂਤ, ਸੱਦ, ਦੋਹਿਰਾ, ਛਿਉਢ ਆਦਿ ਸਭ ਕੁਝ ਕੁ ਪ੍ਰਚਲਿਤ ਛੰਦ ਹੀ ਹਰੇਕ ਕਿੱਸਾਕਾਰਾਂ ਨੇ ਵਰਤੇ ਹਨ ਪਰ ਇਨ੍ਹਾਂ ਵਿਚੋਂ ਵੀ, ਬੈਂਤ ਛੰਦ ਹੀ ਆਪਣੀ ਨਿੱਜੀ ਸੰਗੀਤਾਤਮਕਤਾ ਦੇ ਕਾਰਣ, ਕਿੱਸਿਆਂ ਲਈ ਜ਼ਿਆਦਾ ਉਪਯੋਗੀ ਤੇ ਸਰਬ ਪ੍ਰਵਾਨ ਸਿੱਧ ਹੋਇਆ ਹੈ। ਅਰਧ ਉਨ੍ਹੀਵੀਂ ਸਦੀ ਵਿਚ ਬਹੁਤ ਸਾਰੇ ਕਿੱਸਾਕਾਰਾਂ ਨੇ ਕੋਰੜਾ, ਬੈਂਤ, ਕਬਿੱਤ, ਸਵੈਯਾ, ਚੌਪਈ, ਕਾਫ਼ੀ, ਕੁੰਡਲੀ, ਡਿਉਢ, ਦੋਹਿਰਾ, ਸਦ ਕਲੀਆਂ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ।

ਕਿੱਸਾ-ਕਾਵਿ ਦਾ ਵਰਗੀਕਰਣ

ਕਿੱਸਾ-ਕਾਵਿ ਦਾ ਵਰਗੀਕਰਣ ਕਰਨ ਤੋਂ ਪਹਿਲਾਂ, ਅਸੀਂ ਉਸ ਵਰਗੀਕਰਣ ਉਤੇ

CC-0. In Public Domain. Gurukul Kangri Collection, Haridwar

ਜੋ ਵਿਦਵਾਨਾਂ ਨੇ ਪਹਿਲਾਂ ਕੀਤਾ ਹੈ ਇਹ ਚਾਰ ਪ੍ਰਕਾਰ [illegible] :

Digitized by Arya Samaj Foundation Chennai and eGangotri

ਮੌਲਾ ਬਖ਼ਸ਼ ਕੁਸ਼ਤਾ ਨੇ ਕਿੱਸਾ ਕਾਵਿ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ ।[41]

1. ਆਸ਼ਕਾਂ ਮਸ਼ੂਕਾਂ (ਜਿਹਾ ਕਿ ਹੀਰ ਰਾਂਝਾ, ਸੋਹਣੀ ਮਹੀਂਵਾਲ, ਆਦਿਕ) ।
2. ਧਰਮ ਪ੍ਰਵਾਨਿਆਂ (ਜਿਹਾ ਕਿ ਪੂਰਨ ਭਗਤ, ਹਕੀਕਤ ਰਾਏ, ਆਦਿ) ।
3. ਧਾਰਮਿਕ ਜੋਧਿਆਂ (ਜਿਹਾ ਕਿ ਬਾਬਾ ਬੰਦਾ ਬਹਾਦਰ) ।
4. ਆਮ ਘਟਨਾਵਾਂ (ਜਿਹਾ ਕਿ ਸ਼ਾਹ ਬਹਿਰਾਮ, ਕਾਮ ਰੂਪ, ਰੂਪ ਬਸੰਤ, ਆਦਿਕ) ਇਨ੍ਹਾਂ ਕਿੱਸਿਆਂ ਵਿਚ ਲਿਖੇ ਜਾਂਦੇ ਹਨ । ਇਨ੍ਹਾਂ ਦੀ ਸੂਰਤ ਤਵਾਰੀਖੀ ਜਿਹੀ ਹੁੰਦੀ ਹੈ ਪਰ ਸਿਰ ਪਰ ਕੋਈ ਨਹੀਂ ਹੁੰਦਾ ।

ਮੌਲਾ ਬਖ਼ਸ਼ ਕੁਸ਼ਤਾ ਸਾਹਿਬ ਦੀ ਇਹ ਵੰਡ ਕਈ ਪੱਖਾਂ ਤੋਂ ਊਣੀ ਹੈ । ਕੁਸ਼ਤਾ ਸਾਹਿਬ ਨੇ ਇਕ ਵੰਡ ਧਾਰਮਿਕ ਜੋਧਿਆਂ ਦੀ ਕੀਤੀ ਹੈ, ਜਿਸ ਵਿਚ ਬੰਦਾ ਬਹਾਦਰ ਸਿੰਘ ਨੂੰ ਲਿਆ ਗਿਆ ਹੈ ਪਰ ਇਸ ਤੋਂ ਇਲਾਵਾ ਵੀ ਬੀਰ-ਰਸੀ ਕਿੱਸੇ ਉਪਲਬਧ ਹਨ ਜਿਵੇਂ ਸ਼ਾਹ ਮੁਹੰਮਦ ਦਾ 'ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ', ਮਟਕ ਦੀ 'ਸਿੰਘਾਂ ਤੇ ਫਰੰਗੀਆਂ ਦੀ ਲੜਾਈ' ਆਦਿਕ । ਸਥਾਨਿਕ ਘਟਨਾਵਾਂ ਦੇ ਕਿੱਸਿਆਂ ਦੇ ਸੰਬੰਧ ਵਿਚ ਕੋਈ ਚਰਚਾ ਹੀ ਨਹੀਂ ਕੀਤੀ ਗਈ ।

ਡਾ. ਦੀਵਾਨ ਸਿੰਘ ਨੇ ਵੀ ਕਿੱਸਾ-ਕਾਵਿ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ :

1. **ਬੀਰ-ਰਸੀ ਜਾਂ ਇਤਿਹਾਸਕ ਕਿੱਸੇ**—ਜਿਸ ਵਿਚ ਯੁੱਧ ਦੀਆਂ ਵਾਰਾਂ ਅਤੇ ਜੰਗਨਾਮੇ ਸ਼ਾਮਿਲ ਹਨ, ਜਿਵੇਂ ਕਿੱਸਾ ਸ਼ਾਹ ਮੁਹੰਮਦ ।

2. **ਇਸ਼ਕੀਆ ਕਿੱਸੇ**—ਜਿਸ ਦਾ ਵਿਸ਼ਾ ਇਸਤਰੀ ਮਰਦ ਦਾ ਪ੍ਰੇਮ ਹੈ, ਜਾਂ ਰਹੱਸਵਾਦੀ, ਫ਼ਕੀਰੀ ਰੰਗਣ ਵਾਲਾ ਪ੍ਰੇਮ ਅਤੇ ਰੁਮਾਂਸ ਦਾ ਰੰਗ, ਜੋ ਸੁਹਜ-ਸੁਆਦ ਦਾ ਮੂਲ ਬਣਦਾ ਹੈ, ਜਿਵੇਂ ਪੰਜਾਬੀ ਦੇ ਪ੍ਰਸਿੱਧ ਤੇ ਹਰਮਨ ਪਿਆਰੇ ਕਿੱਸੇ – 'ਹੀਰ ਰਾਂਝਾ', 'ਸੱਸੀ ਪੁੰਨੂੰ', 'ਮਿਰਜ਼ਾ ਸਾਹਿਬਾਂ', 'ਸੋਹਣੀ ਮਹੀਂਵਾਲ' ਆਦਿ । ਦਮੋਦਰ, ਪੀਲੂ, ਵਾਰਸ, ਹਾਸ਼ਮ, ਫਜ਼ਲ ਸ਼ਾਹ ਦੇ ਕਿੱਸੇ ਅਤਿ ਪ੍ਰਸਿੱਧ ਹਨ ।

3. **ਅਧਿਆਤਮਕ ਕਿੱਸੇ**—ਜਿਸ ਵਿਚ ਰਹੱਸਵਾਦੀ ਚਮਤਕਾਰ, ਅੰਦਰਮੁਖੀ ਘੋਲ, ਅਧਿਆਤਮਕ ਵਾਤਾਵਰਨ, ਕਰਾਮਾਤਾਂ, ਆਤਮਿਕ ਪ੍ਰਾਪਤੀ ਆਦਿ, ਵਿਸ਼ਾ ਬਣਦੇ ਹਨ ਅਤੇ ਕਈ ਵਾਰ ਧਾਰਮਿਕ ਤੇ ਸਦਾਚਾਰਕ ਰੰਗ ਵੀ ਹੁੰਦਾ ਹੈ, ਜਿਵੇਂ ਗੁਰੂ ਸਾਹਿਬਾਂ ਦੀਆਂ ਬਾਈ ਵਾਰਾਂ, ਸੱਤੇ ਬਲਵੰਡ ਦੀ ਵਾਰ, ਭਾਈ ਗੁਰਦਾਸ ਦੀਆਂ ਵਾਰਾਂ, ਪੂਰਨ ਭਗਤ, ਕਾਦਰਯਾਰ, ਅਗਰੇ ਦੀ ਵਾਰ, ਹਕੀਕਤ ਰਾਏ, ਕਾਲੀ ਦਾਸ ਦੇ ਕਿੱਸੇ, ਆਦਿ ।

4. **ਰੁਮਾਂਚਿਕ ਕਿੱਸੇ**—ਇਸ ਵਿਚ ਕਿਸੇ ਨਾਇਕ ਦੀ ਬੀਰਤਾ ਦਾ ਅਸੰਤਵ ਜਿਹਾ ਰੁਮਾਂਚਿਕ ਚਰਿਤਰ ਦਰਸਾਇਆ ਜਾਂਦਾ ਹੈ । ਜਿਵੇਂ ਕਿੱਸਾ ਸੈਫੁਲ ਮਲੂਕ, ਰਾਜਾ ਰਸਾਲੂ ਆਦਿ ।[42]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਦੀਵਾਨ ਸਿੰਘ ਦੀ ਇਹ ਵੰਡ ਭਾਵੇਂ ਕੁਝ ਹੱਦ ਤਕ ਵਿਗਿਆਨਕ ਹੈ ਪਰ ਇਹ ਵੰਡ ਦੋਸ਼ਾਂ ਤੋਂ ਮੁਕਤ ਨਹੀਂ ਹੈ, ਜਿਵੇਂ ਡਾ. ਸਾਹਿਬ ਨੇ ਅਧਿਆਤਮਕ ਕਿੱਸੇ ਦੇ ਖੇਤਰ ਵਿਚ ਗੁਰੂ ਸਾਹਿਬਾਂ ਦੀਆਂ 'ਬਾਈ ਵਾਰਾਂ', 'ਸੱਤੇ ਬਲਵੰਡ ਦੀ ਵਾਰ', 'ਭਾਈ ਗੁਰਦਾਸ ਦੀਆਂ ਵਾਰਾਂ' ਨੂੰ ਲਿਆ ਹੈ। ਵਾਸਤਵ ਵਿਚ ਇਹ ਰਚਨਾਵਾਂ ਕਿੱਸਾ ਕਾਵਿ ਖੇਤਰ ਵਿਚ ਨਹੀਂ ਆਉਂਦੀਆਂ ਹਨ। ਇਹ ਗੁਰਮਤਿ ਕਾਵਿ ਖੇਤਰ ਵਿਚ ਆਉਂਦੀਆਂ ਹਨ। ਅਸੀਂ ਗੁਰਬਾਣੀ ਨੂੰ ਕਿੱਸਾ-ਕਾਵਿ ਖੇਤਰ ਵਿਚ ਰਲਗਡ ਨਹੀਂ ਕਰ ਸਕਦੇ। ਦੂਜਾ ਇਹ ਵਾਰ-ਕਾਵਿ ਵਿਚ ਆਉਂਦੀਆਂ ਹਨ, ਜਿਸ ਦਾ ਸਰੂਪ ਕਿੱਸਾ ਕਾਵਿ ਤੋਂ ਬਿਲਕੁਲ ਭਿੰਨ ਹੈ।

ਡਾ. ਗੁਰਚਰਨ ਸਿੰਘ ਨੇ ਕਿੱਸਾ-ਕਾਵਿ ਨੂੰ 6 ਪ੍ਰਕਾਰਾਂ ਵਿਚ ਵੰਡਿਆ ਹੈ :

1. ਇਸ਼ਕ, 2. ਰੋਮਾਂਸ, 3. ਬੀਰ-ਰਸੀ (ਸੂਰਮਗਤੀ) ਤੇ ਪ੍ਰਸੰਗ, ਸਿਖ ਇਤਿਹਾਸਕ, ਬੀਰ ਰਸੀ ਬਿਰਤਾਂਤ, 4. ਸਮਕਾਲੀਨ ਸਾਕੇ ਤੇ ਘਟਨਾਵਾਂ, 5. ਮਨੋਰੰਜਨੀ, 6. ਸਮਾਜ ਸੁਧਾਰਕ ।[43]

ਡਾਕਟਰ ਸਾਹਿਬ ਦੀ ਇਹ ਵੰਡ ਤਰਕਸ਼ੀਲ ਨਹੀਂ ਕਿਉਂਕਿ ਉਨ੍ਹਾਂ ਨੇ ਇਸ਼ਕੀਆ, ਰੁਮਾਂਸਿਕ ਤੇ ਮਨੋਰੰਜਨੀ, ਤਿੰਨ ਪ੍ਰਕਾਰ ਦੀ ਵੰਡ ਕ੍ਰੀਤੀ ਹੈ। ਪੰਜਾਬੀ ਸਾਹਿਤ ਵਿਚ ਐਸਾ ਕੋਈ ਕਿੱਸਾ ਉਪਲਬਧ ਨਹੀਂ, ਜੋ ਇਸ਼ਕੀਆ ਹੁੰਦਾ ਹੋਇਆ ਮਨੋਰੰਜਨੀ ਨਾ ਹੋਵੇ। ਵਾਸਤਵ ਵਿਚ ਇਹ ਕਿੱਸੇ ਆਮ ਜਨਤਾ ਦੇ ਮਨੋਰੰਜਨ ਲਈ ਹੀ ਲਿਖੇ ਗਏ ਸਨ। ਮਨੋਰੰਜਨੀ ਕੋਈ ਵੱਖਰੀ ਕਿਸਮ ਨਹੀਂ ਹੈ। ਇਸ ਪ੍ਰਕਾਰ ਬੀਰ-ਰਸੀ ਤੇ ਸਮਕਾਲੀਨ ਸਾਕੇ ਤੇ ਘਟਨਾਵਾਂ ਦੋ ਪ੍ਰਕਾਰ ਦੀ ਵੰਡ ਕੀਤੀ ਹੈ। ਬੀਰ-ਰਸੀ ਤੇ ਸਮਕਾਲੀਨ ਸਾਕੇ ਤੇ ਘਟਨਾਵਾਂ ਵਾਲੇ ਕਿੱਸੇ ਵੀ ਇਕੋ ਖੇਤਰ ਵਿਚ ਆਉਂਦੇ ਹਨ।

ਡਾ. ਰਤਨ ਸਿੰਘ ਜੱਗੀ ਨੇ ਦੇਸ਼ਗਤ ਸੀਮਾਵਾਂ ਦੇ ਦ੍ਰਿਸ਼ਟੀਕੋਣ ਤੋਂ ਕਿੱਸਿਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ :[44]

1. **ਵਿਦੇਸ਼ੀ ਕਿੱਸੇ**—ਇਨ੍ਹਾਂ ਕਿੱਸਿਆਂ ਦਾ ਆਧਾਰ ਵਿਦੇਸ਼ੀ ਕਥਾਵਾਂ ਜਿਵੇਂ ਸ਼ੀਰੀਂ ਫਰਿਹਾਦ, ਲੇਲਾ ਮਜਨੂੰ, ਯੂਸਫ਼ ਜੁਲੈਖਾਂ, ਆਦਿ ਹੈ।

2. **ਪੰਜਾਬੀ ਕਿੱਸੇ**—ਅਜਿਹੇ ਕਿੱਸਿਆਂ ਦਾ ਸੰਬੰਧ ਪੰਜਾਬ ਦੀਆਂ ਪ੍ਰਸਿੱਧ ਲੋਕ-ਕਥਾਵਾਂ; ਜਿਵੇਂ ਸੋਹਣੀ ਮਹੀਂਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਪੂਰਨ ਭਗਤ, ਆਦਿ ਨਾਲ ਹੈ।

3. **ਭਾਰਤੀ ਕਿੱਸੇ**—ਇਨ੍ਹਾਂ ਕਿੱਸਿਆਂ ਦਾ ਕਥਾ-ਸਰੋਤ ਭਾਰਤੀ ਸਾਹਿਤ ਅਤੇ ਪਰੰਪਰਾਵਾਂ ਜਿਵੇਂ 'ਰੂਪ ਬਸੰਤ', 'ਮਾਧਵਾਨਲ-ਕਾਮਕੰਦਲਾ', ਨਲ-ਦਮਯੰਤੀ ਆਦਿ ਹੈ।

4. **ਅੰਤਰ ਰਾਸ਼ਟਰੀ ਕਿੱਸੇ** - ਇਸ ਪ੍ਰਕਾਰ ਦੇ ਕਿੱਸਿਆਂ ਵਿਚ ਨਾਇਕ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਇਕਾ ਵੱਖ ਵੱਖ ਦੇਸ਼ ਅਤੇ ਵਾਤਾਵਰਣ ਨਾਲ ਸੰਬੰਧਿਤ ਹੁੰਦੇ ਹਨ, ਜਿਵੇਂ 'ਸੱਸੀ ਪੁੰਨੂੰ' ਦੇ ਕਿੱਸੇ ਵਿਚ ਹੈ ।

ਡਾ. ਸਾਹਿਬ ਦੀ ਇਹ ਵੰਡ ਇਕ ਪਾਸੇ ਸਾਹਿਤਕ ਤੇ ਦੂਜੇ ਪਾਸੇ ਮਨੋਵਿਗਿਆਨਕ ਪੱਖ ਤੋਂ ਊਣੀ ਹੈ । ਕੋਈ ਵੀ ਸਾਹਿਤ ਕਿਸੇ ਦੇਸ਼ ਜਾਂ ਕਾਲ ਦੀਆਂ ਸੀਮਾਵਾਂ ਵਿਚ ਬੱਝ ਕੇ ਨਹੀਂ ਰਹਿ ਸਕਦਾ । ਹਮੇਸ਼ਾਂ ਹਰ ਕਾਲ ਤੇ ਦੇਸ਼ ਵਿਚ ਕਦ ਵੀ ਇਕ ਭਾਂਤ ਦਾ ਸਾਹਿਤ ਨਹੀਂ ਰਚਿਆ ਜਾਂਦਾ । ਇਨ੍ਹਾਂ ਦੇ ਵੱਖੋ ਵੱਖ ਵਿਸ਼ੇ ਹੁੰਦੇ ਹਨ । ਇਸ ਕਰਕੇ ਇਨ੍ਹਾਂ ਦੀ ਵੰਡ ਕਿਸੇ ਇਲਾਕੇ ਜਾਂ ਦੇਸ਼ ਅਨੁਸਾਰ ਨਹੀਂ ਕੀਤੀ ਜਾ ਸਕਦੀ ।

ਹੁਣ ਅਸੀਂ ਇਨ੍ਹਾਂ ਆਧਾਰਾਂ ਤੋਂ ਇਲਾਵਾ ਇਕ ਹੋਰ ਆਧਾਰ ਉੱਤੇ ਵਿਚਾਰ ਕਰਾਂਗੇ, ਜਿਸ ਅਨੁਸਾਰ ਪੰਜਾਬੀ ਕਿੱਸਾ ਕਾਵਿ ਦਾ ਵਰਗੀਕਰਣ ਆਦਰਸ਼ਕ ਤੇ ਵਿਗਿਆਨਕ ਹੋਵੇਗਾ । ਕਿੱਸਾ ਕਾਵਿ ਦਾ ਵਰਗੀਕਰਣ ਦੋ ਦ੍ਰਿਸ਼ਟੀਕੋਣਾਂ ਤੋਂ ਹੋਵੇਗਾ । ਪਹਿਲਾ ਪ੍ਰਮਾਣਿਕਤਾ ਤੇ ਦੂਜਾ ਵਿਸ਼ਾ ਪੱਖ ਦੇ ਆਧਾਰ ਉੱਤੇ । ਪ੍ਰਮਾਣਿਕਤਾ ਦੇ ਆਧਾਰ ਉੱਤੇ ਇਨ੍ਹਾਂ ਕਿੱਸਿਆਂ ਦੀ ਵੰਡ ਪ੍ਰਮਾਣਿਕ ਕਿੱਸੇ ਤੇ ਸਥਾਨਿਕ ਕਿੱਸੇ ਸ਼ੀਰਸ਼ਕ ਹੇਠ ਹੋਵੇਗੀ ।

ਪ੍ਰਮਾਣਿਕ ਕਿੱਸੇ ਇਸ ਖੇਤਰ ਵਿਚ ਉਹ ਕਿੱਸੇ ਆਉਂਦੇ ਹਨ, ਜੋ ਉਨੀਵੀਂ ਸਦੀ ਤਕ ਪਹੁੰਚਦੇ ਸਰਵ-ਪ੍ਰਮਾਣਿਕ ਹੋ ਚੁੱਕੇ ਸਨ ਤੇ ਅਰਧ ਉਨ੍ਹੀਵੀਂ ਸਦੀ ਦੇ ਕਿੱਸਾਕਾਰਾਂ ਨੇ ਉਨ੍ਹਾਂ ਪ੍ਰਮਾਣਿਕ ਕਥਾਵਾਂ ਨੂੰ ਮੁੜ ਕਵਿਤਾਇਆ ਹੈ, ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਯੂਸਫ਼ ਜ਼ੁਲੇਖਾਂ, ਪੂਰਨ ਭਗਤ, ਆਦਿ ਹਨ ।

ਸਥਾਨਿਕ ਕਿੱਸੇ —ਇਸ ਪ੍ਰਸੰਗ ਵਿਚ ਉਨ੍ਹਾਂ ਕਿੱਸਿਆਂ ਦਾ ਉਲੇਖ ਕੀਤਾ ਜਾ ਸਕਦਾ ਹੈ, ਜੋ ਉਨੀਵੀਂ ਸਦੀ ਦੇ ਕਿੱਸਾਕਾਰਾਂ ਨੇ ਸਥਾਨਿਕ ਮੌਲਿਕ ਘਟਨਾਵਾਂ ਨੂੰ ਕਿੱਸਿਆਂ ਦਾ ਵਿਸ਼ਾ ਬਣਾਇਆ, ਜਿਵੇਂ ਕਾਕਾ ਪ੍ਰਤਾਪੀ, ਧੰਨੀ ਵਾ ਦਿਤ ਸਿੰਘ, ਜਿਉਣਾ ਮੌੜ, ਚਿਤ੍ਰ ਮਿਤ੍ਰ, ਬਾਰ ਦੀ ਆਬਾਦੀ, ਪਲੇਗ, ਆਦਿ ਹਨ ।

ਇਨ੍ਹਾਂ ਕਿੱਸਿਆਂ ਨੂੰ ਅੱਗੋਂ ਵਿਸ਼ੇ ਦੇ ਆਧਾਰ ਤੇ ਵਰਗੀਕਰਣ ਕੀਤਾ ਜਾ ਸਕਦਾ ਹੈ । ਇਸ ਵਿਚ ਕੋਈ ਸੰਦੇਹ ਨਹੀਂ ਕਿ, ਪੰਜਾਬੀ ਕਿੱਸਾ-ਕਾਵਿ ਦਾ ਇਸ ਪੱਖੋਂ ਵਰਗੀਕਰਨ ਕਰਨਾ ਇਕ ਜਟਿੱਲ ਸਮੱਸਿਆ ਹੈ, ਕਿਉਂਕਿ ਕਿੱਸਾ-ਕਾਵਿ ਇਕ ਮਿਸ਼ਰਤ ਕਾਵਿ ਰੂਪ ਹੈ । ਲਗਭਗ ਹਰ ਇਕ ਕਿੱਸੇ ਵਿਚ ਇਕ ਤੋਂ ਵੱਧ ਵਿਸ਼ੇ ਮਿਲ ਜਾਂਦੇ ਹਨ ਪਰ ਫਿਰ ਵੀ ਪ੍ਰਧਾਨ ਵਿਸ਼ੇ ਨੂੰ ਮੁੱਖ ਰੱਖ ਕੇ ਇਨ੍ਹਾਂ ਕਿੱਸਿਆਂ ਨੂੰ ਅਸੀਂ ਹੇਠ ਲਿਖੇ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ :

1. ਪ੍ਰੇਮ-ਮਈ (ਇਸ਼ਕੀਆ) ਕਿੱਸੇ, 2. ਰੁਮਾਂਟਿਕ ਕਿੱਸੇ 3. ਬੀਰ ਰਸੀ ਕਿੱਸੇ 4, ਉਤਦੇਸ਼ਾਤਮਕ/ਸਦਾਚਾਰਕ ਕਿੱਸੇ ।

1. ਪ੍ਰੇਮਮਈ ਕਿੱਸੇ—ਇਸ ਖੇਤਰ ਵਿਚ ਉਹ ਕਿੱਸੇ ਆਉਂਦੇ ਹਨ, ਜਿਨ੍ਹਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ ਵਿਸ਼ਾ ਪ੍ਰੇਮ ਹੁੰਦਾ ਹੈ। ਇਨ੍ਹਾਂ ਦੇ ਮੁੱਖ ਪਾਤਰ—ਨਾਇਕ ਤੇ ਨਾਇਕਾ ਪ੍ਰੇਮ ਪ੍ਰਾਪਤੀ ਲਈ, ਆਪਣੇ ਜੀਵਨ ਦੀ ਬਾਜ਼ੀ ਲਾ ਦਿੰਦੇ ਹਨ, ਜਿਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ ਆਦਿ।

2. **ਰੁਮਾਂਟਿਕ ਕਿੱਸੇ**—ਇਨ੍ਹਾਂ ਕਿੱਸਿਆਂ ਵਿਚ ਪ੍ਰੇਮ ਦੀ ਥਾਂ ਰੁਮਾਂਸ ਪ੍ਰਧਾਨ ਹੁੰਦਾ ਹੈ। ਇਨ੍ਹਾਂ ਵਿਚ ਪਰਾ-ਸਰੀਰਕ ਅੰਸ਼, ਕਰਾਮਾਤਾਂ, ਮਨੁੱਖ ਤੇ ਅਮਾਨਵੀ ਪਾਤਰਾਂ ਦੀ ਭਰਮਾਰਤਾ ਹੁੰਦੀ ਹੈ। ਇਹੋ ਜਿਹੇ ਕਿੱਸਿਆਂ ਵਿਚ ਅਸਚਰਜ ਤੇ ਹਿਰਦੇ ਨੂੰ ਡਰਾਉਣ ਵਾਲੇ ਦ੍ਰਿਸ਼ ਵਰਣਨ ਹੁੰਦੇ ਹਨ, ਜਿਵੇਂ ਸੈਫ਼ੁਲ ਮਲੂਕ, ਸ਼ਾਹ ਬਹਿਰਾਮ, ਆਦਿ।

3. **ਬੀਰ ਰਸੀ ਕਿੱਸੇ**—ਇਨ੍ਹਾਂ ਕਿੱਸਿਆਂ ਵਿਚ ਉਨ੍ਹਾਂ ਬਹਾਦਰਾਂ ਦੀ ਸੂਰਮਤਾਈ ਜਾਂ ਬਹਾਦਰੀ ਦੇ ਕਾਰਨਾਮਿਆਂ ਦਾ ਵਰਣਨ ਹੁੰਦਾ ਹੈ, ਜਿਨ੍ਹਾਂ ਦੇਸ਼, ਕੌਮ, ਸਮਾਜ ਜਾਂ ਆਪੇ (Self) ਦੀ ਰੱਖਿਆ ਲਈ ਕੁਰਬਾਨੀ ਕੀਤੀ ਹੋਵੇ, ਜਿਵੇਂ ਜੰਗ ਸਿੰਘਾਂ ਤੇ ਫਰੰਗੀਆਂ ਜਿਉਣਾ ਮੌੜ, ਆਦਿ।

4. **ਉਪਦੇਸ਼ਾਤਮਕ/ਸਦਾਚਾਰਕ ਕਿੱਸੇ**—ਇਨ੍ਹਾਂ ਵਿਚ ਵਿਅਕਤੀ ਨੂੰ ਜੀਵਨ ਜਾਂਚ ਜਿਉਣ ਲਈ ਰਾਹ ਵਿਖਾਇਆ ਗਿਆ ਹੁੰਦਾ ਹੈ। ਇਹ ਉਪਦੇਸ਼ ਭਾਵੇਂ ਧਰਮ, ਸਦਾਚਾਰ ਜਾਂ ਸਮਾਜ ਸੁਧਾਰ ਦੇ ਮਾਧਿਅਮ ਰਾਹੀਂ ਹੋਵੇ, ਜਿਵੇਂ ਪੂਰਨ ਭਗਤ, ਹਕੀਕਤ ਰਾਏ, ਗੋਪੀ ਚੰਦ, ਸ਼ਰਾਬ ਦੀ ਸਿੱਟ, ਆਦਿ।

ਹਵਾਲੇ ਅਤੇ ਟਿੱਪਣੀਆਂ

1. 'ਕੁਰਾਨ ਸ਼ਰੀਫ' (ਅਨੁ. ਮੁਹੰਮਦ ਯੂਸਫ), ਪਾਰਾ 12, ਪੰਨਾ 256.
2. 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਦੂਜਾ), ਪੰਜਾਬ ਯੂਨੀਵਰਸਿਟੀ, ਪੰਨਾ 57.
3. 'ਸਾਹਿਤ ਸਮਾਚਾਰ', ਜਨਵਰੀ-ਜੂਨ 1962, ਪੰਨਾ 203.
4. 'ਲੁਗਾਤੇ ਫ਼ਾਰਸੀ', ਪੰਨਾ 570.
5. 'ਲੁਗਾਤੇ ਫ਼ੀਰੋਜ਼ੀ', ਪੰਨਾ 271.
6. 'ਮਹਾਨ ਕੋਸ਼', ਪੰਨਾ 827.
7. ਰੋਸ਼ਨ ਲਾਲ ਆਹੂਜਾ, 'ਸੱਸੀ ਹਾਸ਼ਮ', ਪੰਨਾ 69.
8. 'ਭਾਸ਼ਾ ਸ਼ਬਦ ਕੋਸ਼', ਪੰਨਾ 191.
9. 'ਹਿੰਦੀ ਸਾਹਿਤ ਕੋਸ਼', ਪੰਨਾ 98.
10. 'ਸਾਹਿਤ ਦੀ ਪਰਖ', ਪੰਨੇ 70–71 ਤੇ 73–74.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. 'ਪੰਜਾਬੀ ਸਾਹਿਤ ਕੋਸ਼', ਪੰਨੇ 213-15 ਤੇ 241-43.
12. 'ਹੀਰ ਦਮੋਦਰ' (ਸੰਪ. ਬਾਵਾ ਗੰਗਾ ਸਿੰਘ ਬੇਦੀ), ਪੰਨੇ 2, 198
13. ਨਾਹਰ ਸਿੰਘ 'ਕਿੱਸਾ ਰੂਪ ਬਸੰਤ ਕਾ', ਸੈਂਟਰਲ ਲਾਇਬਰੇਰੀ, ਪਟਿਆਲਾ, ਹੱਥ ਲਿਖਤ ਨੰ. 2714.
14. ਨਾਹਰ ਸਿੰਘ, 'ਕਥਾ ਰੂਪ ਬਸੰਤ ਕੀ', ਮਹਿੰਦਰਾ ਕਾਲਜ ਲਾਇਬਰੇਰੀ, ਪਟਿਆਲਾ, ਹੱਥ ਲਿਖਤ ਨੰ. 11498.
15. ਹਾਸ਼ਮ, 'ਅਬ ਸੱਸੀ ਪੁੰਨੂੰ ਕੀ ਵਾਰ ਲਿਖਤੇ', ਖਾਲਸਾ ਕਾਲਜ ਲਾਇਬਰੇਰੀ, ਅੰਮ੍ਰਿਤਸਰ, ਹੱਥ ਲਿਖਤ ਖਰੜਾ ਨੰ. 1604.
16. 'ਪੰਜਾਬ ਦੇ ਹੀਰੇ' (ਦੂਜੀ ਵਾਰ), ਪੰਨਾ 54.
17. S. S. Uppal, Panjabi Short Story : its Origin and Development. p. 17.
18. ਡਾ. ਮੈਥਲੀ ਪ੍ਰਸ਼ਾਦ ਭਾਰਦਵਾਜ, 'ਮੱਧਕਾਲੀਨ ਰੋਮਾਂਸ', ਪੰਨਾ 42.
19. ਡਾ. ਓਮ ਪ੍ਰਕਾਸ਼, 'ਮੱਧਕਾਲੀਨ ਹਿੰਦੀ ਔਰ ਪੰਜਾਬੀ ਪ੍ਰੇਮਾਖਿਆਨ', ਪੰਨਾ 18.
20. A. B. Keth, History of Sanskrit Literature. p. 246.
21. 'The Historian's History', Vol. xxiv, p. 491.
22. N. M. Penzer, 'The Ocean of Story, p. 245.
23. ਨਾਮਵਰ ਸਿੰਘ, ਹਿੰਦੀ ਕੇ ਵਿਕਾਸ ਮੇ ਅਪਭ੍ਰੰਸ਼ ਦਾ ਯੋਗ, ਪੰਨਾ 252.
24. 'ਪੰਜਾਬੀ ਸਾਹਿਤ ਦਾ ਇਤਿਹਾਸ' ਭਾਸ਼ਾ ਵਿਭਾਗ (ਪਹਿਲੀ ਜਿਲਦ), ਪੰਨਾ 1.
25. 'A History of Punjabi Literature', p. 19.
26. 'ਹਿੰਦੀ ਸਾਹਿਤ', ਪੰਨਾ 8.
27. ਉਹੀ, ਪੰਨਾ 204.
28. ਹੱਥ ਲਿਖਤ ਖਰੜਾ ਨੰ. 529, ਪੰਨਾ 66, ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ, ਹਵਾਲਾ ਡਾ. ਗੋਬਿੰਦ ਸਿੰਘ ਲਾਂਬਾ, 'ਕਿੱਸਾਕਾਰ ਅਹਿਮਦਯਾਰ ਤੇ ਉਸ ਦਾ ਕਿੱਸਾ ਕਾਮਰੂਪ' (ਸੰਪਾਦਨ ਤੇ ਵਿਵੇਚਨ), ਪੀ-ਐਚ. ਡੀ. ਦਾ ਸ਼ੋਧ ਪ੍ਰਬੰਧ), ਪੰਨਾ 18.
29. 'ਹੀਰ ਦਮੋਦਰ' (ਸੰਪ. ਬਾਵਾ ਗੰਗਾ ਸਿੰਘ ਬੇਦੀ), ਪੰਨੇ 188-198,
30. ਉਹੀ, ਪੰਨਾ 1.
31. 'ਹੀਰ ਵਾਰਿਸ' (ਸੰਪ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 209.
32. ਰਾਮ ਚੰਦਰ ਸ਼ੁਕਲ, 'ਹਿੰਦੀ ਸਾਹਿਤ ਕਾ ਇਤਿਹਾਸ', (ਅਨੁ. ਤ੍ਰਿਲੋਕੀ ਨਾਥ ਰਾਜਨ) ਪੰਨਾ 71.
33. ੳ) ਜੀਵਾ ਸਿੰਘ, 'ਮਿਰਜ਼ਾ ਸਾਹਿਬਾਂ', ਪੰਨਾ 1.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅ) ਉਹੀ, ਪੰਨਾ 2.

34. 'ਹੀਰ ਵਾਰਿਸ' (ਸੰਪ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 2.

35. 'ਹੀਰ ਦਮੋਦਰ' (ਸੰਪ. ਬਾਵਾ ਗੰਗਾ ਸਿੰਘ ਬੇਦੀ) ਪੰਨਾ 2.

36. ੳ) 'ਹੀਰ ਮਕਬਲ' (ਸੰਪ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 41.
ਅ) 'ਹੀਰ ਕਾਹਨ ਸਿੰਘ', ਪੰਨਾ 461.

37. ਡਾ. ਰੋਸ਼ਨ ਲਾਲ ਆਹੂਜਾ, 'ਪੰਜਾਬੀ ਦੁਨੀਆਂ', ਜੁਲਾਈ-ਅਗਸਤ 1956, ਪੰਨਾ 56.

38. ੳ) ਹਾਫ਼ਿਜ਼ ਬਰਖੁਰਦਾਰ 'ਯੂਸਫ਼ ਜ਼ੁਲੈਖਾਂ' (ਸੰਪ. ਡਾ. ਪਿਆਰ ਸਿੰਘ), ਪੰਨਾ 47.
ਅ) 'ਹੀਰ ਵਾਰਿਸ' (ਸੰਪ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 17.

39. 'ਹੀਰ ਵਾਰਿਸ' (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ), ਪੰਨਾ 66.

40. "ਸਿੰਗਾਰ ਰਸ ਅਤੇ ਪੰਜਾਬੀ ਕਿੱਸਾ ਕਾਵਿ ਵਿਚ ਸ਼ਿੰਗਾਰਿਕ ਪ੍ਰਵਿਰਤੀਆਂ", 'ਸਾਹਿਤਧਾਰਾ', ਪੰਨਾ 86.

41. 'ਪੰਜਾਬ ਦੇ ਹੀਰੇ', ਪੰਨਾ 34.

42. 'ਸੂਫ਼ੀਵਾਦ ਤੇ ਹੋਰ ਲੇਖ', ਪੰਨਾ 92.

43. 'ਪੰਜਾਬੀ ਦੁਨੀਆਂ', ਜੁਲਾਈ-ਅਗਸਤ, 1956, ਪੰਨਾ 2.

44. 'ਵਿਚਾਰਧਾਰਾ', ਪੰਨਾ 196.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ-ਕਾਵਿ ਦਾ ਵਿਕਾਸ

ਪੰਜਾਬੀ ਕਿੱਸਾ-ਕਾਵਿ ਦਾ ਸ੍ਰੀ ਗਣੇਸ਼ 'ਦਮੋਦਰ ਦੀ ਹੀਰ' ਨਾਲ ਮੰਨਿਆ ਜਾਂਦਾ ਹੈ ਭਾਵੇਂ ਕਿੱਸਾ-ਕਾਵਿ ਦੀ ਹੋਂਦ ਬਾਰੇ ਦਮੋਦਰ ਤੋਂ ਪਹਿਲਾਂ ਵੀ ਸੰਕੇਤ ਮਿਲਦੇ ਹਨ ਪਰ ਅਜੇ ਤਕ ਕੋਈ ਕਿੱਸਾ ਪ੍ਰਾਪਤ ਨਹੀਂ ਹੋਇਆ ਹੈ। ਜਦੋਂ ਤਕ ਇਹ ਪ੍ਰਾਪਤ ਨਹੀਂ ਹੋ ਜਾਂਦਾ, ਤਦ ਤਕ ਇਨ੍ਹਾਂ ਦੀ ਹੋਂਦ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਹੈ। ਸੋਲ੍ਹਵੀਂ ਸਦੀ ਤੋਂ ਆਰੰਭ ਹੋ ਕੇ ਇਹ ਕਾਵਿ ਰੂਪ ਵੀਹਵੀਂ ਸਦੀ ਤਕ ਪ੍ਰਚਲਿਤ ਰਿਹਾ।

ਦਮੋਦਰ—ਦਮੋਦਰ ਪੰਜਾਬੀ ਕਿੱਸਾ ਕਾਵਿ ਦਾ ਜਨਮ ਦਾਤਾ ਹੈ। ਦਮੋਦਰ ਨੇ 'ਹੀਰ' ਵਿਚ ਆਪਣੇ ਸਮਕਾਲੀ ਪੰਜਾਬੀ ਜੀਵਨ ਦੇ ਜਨਮ, ਮੰਗਣੇ, ਸ਼ਾਦੀ ਆਦਿ ਰਸਮਾਂ ਦਾ ਹੂ-ਬ-ਹੂ ਵਿਸਥਾਰ ਪੂਰਬਕ ਚਿਤ੍ਰਣ ਕੀਤਾ ਹੈ। ਉਸ ਸਮੇਂ ਪੰਜਾਬ ਵ੍ਹਿਚ ਵੱਸਦੀਆਂ ਜਾਤਾਂ ਗੋਤਾਂ, ਉਨ੍ਹਾਂ ਦੇ ਕਿੱਤੇ ਤੇ ਪੁਸ਼ਾਕਾਂ ਦਾ ਵੇਰਵਾ ਦਿਤਾ ਹੈ। ਇਹ ਬਿਆਨ ਸੰਜਮ ਭਰਪੂਰ ਹੈ। ਦਮੋਦਰ ਦੀ 'ਹੀਰ' ਵਿਚ ਮਨੋਵਿਗਿਆਨਕ ਅੰਸ਼ ਤੇ ਕਥਾ ਵਸਤੂ ਦਾ ਸਹਿਜ ਸੁਭਾਵਿਕ ਵਰਣਨ ਹੈ। ਭਾਰਤੀ ਪਰੰਪਰਾ ਅਨੁਸਾਰ ਕਿੱਸੇ ਦਾ ਅੰਤ ਸੁਖਾਂਤ ਕੀਤਾ ਹੈ। ਬੋਲੀ ਲਹਿੰਦੀ ਮੁਲਤਾਨੀ ਵਰਤੀ ਹੈ। ਅਨੁਪ੍ਰਾਸ, ਰੂਪਕ, ਦ੍ਰਿਸ਼ਟਾਂਤ, ਉਪਮਾ ਤੇ ਅਤਿਕਥਨੀ ਅਲੰਕਾਰਾਂ ਦੀ ਸੁਚੱਜੀ ਵਰਤੋਂ ਕਰਕੇ ਰਚਨਾ ਨੂੰ ਸ਼ਿੰਗਾਰਿਆ ਹੈ ਦੁਵੈਯਾ ਛੰਦ ਦੀ ਵਰਤੋਂ ਕੀਤੀ ਹੈ।

ਪੀਲੂ--ਪੀਲੂ ਪਿੰਡ ਬੈਰੋਵਾਲ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ।[1] ਪੀਲੂ ਬਾਰੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚ ਮਤ-ਭੇਦ ਹੈ। ਕੁਝ ਵਿਦਵਾਨ, ਇਕ ਤੇ ਕੁਝ ਵਿਦਵਾਨ, ਦੋ ਪੀਲੂ ਮੰਨਦੇ ਹਨ। ਬਾਵਾ ਬੁੱਧ ਸਿੰਘ ਅਨੁਸਾਰ ਦੋ ਪੀਲੂ ਹੋਏ ਹਨ, ਇਕ ਪੀਲੂ ਜੋ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਸੀ ਤੇ ਦੂਜਾ ਮੁਸਲਮਾਨ, ਜਿਸ ਨੇ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਲਿਖਿਆ ਸੀ।[2] ਡਾ. ਮੋਹਨ ਸਿੰਘ ਆਪਣੇ ਆਪ ਵਿਚ ਹੀ ਸਪੱਸ਼ਟ ਨਹੀਂ ਕਿਉਂਕਿ ਇਕ ਪਾਸੇ ਬਾਵਾ ਬੁੱਧ ਸਿੰਘ ਦੇ ਵਿਚਾਰ ਦੀ ਪੁਸ਼ਟੀ ਕਰਦਾ ਹੈ।[3] ਜਦੋਂ ਕਿ ਦੂਜੇ ਪਾਸੇ ਇਕ ਪੀਲੂ ਮੰਨਦਾ ਹੈ।[4] ਡਾ. ਵਿਸ਼ਵਾ ਨਾਥ ਤਿਵਾੜੀ ਦਾ ਕਥਨ ਹੈ ਕਿ ਵਿਸ਼ਾ, ਵਿਚਾਰ ਤੇ ਸ਼ੈਲੀ ਦੀ ਸਮਾਨਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਗੱਲ ਦਾ ਸਬੂਤ ਹੈ ਕਿ ਇਕ ਵਿਅਕਤੀ ਨੇ ਜੀਵਨ ਦੇ ਵੱਖ ਵੱਖ ਹਿੱਸਿਆਂ ਵਿਚ ਦੋ ਵੱਖ ਵੱਖ ਰਚਨਾਵਾਂ ਕੀਤੀਆਂ। 'ਮਿਰਜ਼ਾ ਸਾਹਿਬਾਂ' ਦਾ ਕਰਤਾ ਪੀਲੂ ਜਵਾਨ ਸੀ, ਜਿਸ ਨੇ ਬੁਢੇਪੇ ਵਿਚ 'ਗੁਰ ਬਿਲਾਸ' ਵਿਚ ਦਰਜ ਸਲੋਕ ਲਿਖੇ। ਉਹ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਉਹ ਹਿੰਦੂ ਨਹੀਂ, ਬਲਕਿ ਮੁਸਲਮਾਨ ਸੀ।[5] ਦੋਹਾਂ ਰਚਨਾਵਾਂ (ਕਿੱਸਾ 'ਮਿਰਜ਼ਾ ਸਾਹਿਬਾਂ' ਤੇ ਸਲੋਕ ਪੀਲੂ) ਦਾ ਤੁਲਨਾਤਮਕ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਦੋਹਾਂ ਵਿਅਕਤੀਆਂ ਦੀਆਂ ਰਚਨਾਵਾਂ ਨਹੀਂ, ਸਗੋਂ ਇਕੋ ਹੀ ਵਿਅਕਤੀ ਦੀਆਂ ਹਨ। ਜਿਸ ਨੇ ਜਵਾਨੀ ਵੇਲੇ ਇਕ ਪ੍ਰੇਮ-ਮਈ ਕਿੱਸਾ 'ਮਿਰਜ਼ਾ ਸਾਹਿਬਾਂ' ਲਿਖਿਆ ਤੇ ਬੁਢੇਪੇ ਵੇਲੇ ਪਰਮਾਤਮਾ ਦੀ ਭਗਤੀ ਕੀਤੀ ਤੇ ਅਧਿਆਤਮਕ ਕਵਿਤਾ ਰਚੀ।[6]

ਪੀਲੂ ਆਪਣੇ ਸਮੇਂ ਦਾ ਇਕ ਪ੍ਰਸਿੱਧ ਕਿੱਸਾਕਾਰ ਸੀ। ਉਸ ਦੇ ਉਤਰਾਧਿਕਾਰੀ ਕਿੱਸਾਕਾਰਾਂ ਨੇ ਵੀ ਉਸ ਦੀ ਸ਼ਲਾਘਾ ਕੀਤੀ ਹੈ। ਪੀਲੂ ਦਾ ਇਕ ਕਿੱਸਾ 'ਮਿਰਜ਼ਾ ਸਾਹਿਬਾਂ' ਮਿਲਦਾ ਹੈ, ਜੋ ਲਿਖਤ ਰੂਪ ਵਿਚ ਨਹੀਂ ਮਿਲਿਆ। ਇਹ ਕਿੱਸਾ ਢਾਡੀਆਂ ਤੇ ਮਿਰਾਸੀਆਂ ਤੋਂ ਸੁਣ ਕੇ ਲਿੱਪੀਬੱਧ ਕੀਤਾ ਗਿਆ ਹੈ। ਇਸ ਵਿਚ ਬੜਾ ਸੰਜਮ ਤੇ ਸੰਖੇਪਤਾ ਹੈ। ਕਿੱਸਾ ਸੱਦ ਵਿਚ ਲਿਖਿਆ ਹੈ। ਇਸ ਕਿੱਸੇ ਵਿਚ ਸ਼ਿੰਗਾਰ ਤੇ ਬੀਰ-ਰਸ ਵਿਸ਼ੇਸ਼ ਤੌਰ ਤੇ ਉਘੜੇ ਹਨ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਦੋ ਹਾਫ਼ਿਜ਼ ਬਰਖ਼ੁਰਦਾਰ ਹੋਏ ਹਨ। ਇਕ ਭਾਰਤ ਦੇ ਹਾਕਮ ਔਰੰਗਜ਼ੇਬ (1658-1707) ਦਾ ਤੇ ਦੂਜਾ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ (1738-98 ਈ.) ਦਾ ਸਮਕਾਲੀ ਸੀ। ਦੋਹਾਂ ਨੇ ਆਪਣੇ ਨਾਂ ਨਾਲ 'ਹਾਫਿਜ਼' ਪਦ ਦੀ ਵਰਤੋਂ ਕੀਤੀ ਹੈ। ਦੋਹਾਂ ਨੇ ਹੀ 'ਯੂਸਫ਼ ਜ਼ੁਲੈਖਾਂ', 'ਸੱਸੀ ਪੁੰਨੂੰ' ਤੇ 'ਮਿਰਜ਼ਾ ਸਾਹਿਬਾਂ' ਦੇ ਕਿੱਸੇ ਲਿਖੇ ਸਨ।

ਹਾਫਿਜ਼ ਬਰਖੁਰਦਾਰ (1614-92 ਈ.)[7]—ਹਾਫ਼ਿਜ਼ ਬਰਖੁਰਦਾਰ, ਪਿੰਡ ਮੁਸਲਮਾਨੀ (ਪਾਕਿਸਤਾਨ) ਦਾ ਰਹਿਣ ਵਾਲਾ ਸੀ। ਇਸ ਨੇ ਤਿੰਨ ਕਿੱਸੇ—'ਯੂਸਫ਼ ਜ਼ੁਲੈਖਾਂ', 'ਸੱਸੀ ਪੁੰਨੂੰ' ਤੇ 'ਮਿਰਜ਼ਾ ਸਾਹਿਬਾਂ' ਲਿਖੇ, ਆਪ ਨੇ 'ਯੂਸਫ਼ ਜ਼ੁਲੈਖਾਂ' ਦਾ ਕਿੱਸਾ ਸ਼ੰਨ 1090 ਹਿਜਰੀ ਵਿਚ ਨਵਾਬ ਜਾਫਰ ਖਾਂ ਦੀ ਫਰਮਾਇਸ਼ ਤੇ ਲਿਖਿਆ। ਨਵਾਬ ਨੇ ਆਪ ਨੂੰ ਸੱਤ ਵਿਘੇ ਜ਼ਮੀਨ, ਘੋੜਾ ਜੋੜਾ ਤੇ ਇਕ ਸੌ ਰੁਪਈਆ ਨਕਦ ਇਨਾਮ ਵਜੋਂ ਦਿਤੇ।[8] ਆਪ ਨੇ ਪੰਜਾਬੀ ਕਿੱਸਾ ਕਾਵਿ ਵਿਚ ਪਹਿਲੀ ਵਾਰ ਪ੍ਰੀਤ ਦੇ ਕਿੱਸਿਆਂ ਵਿਚ ਸੂਫ਼ੀ ਰੰਗਣ ਲਿਆਂਦੀ। ਆਪ ਨੇ ਫ਼ਾਰਸੀ ਕਾਵਿ ਕਲਾ ਦੇ ਪ੍ਰਭਾਵ ਹੇਠ, ਨਾਇਕਾ ਦੀ ਸੁੰਦਰਤਾ ਦੀ ਨਖ਼ਸ਼ਿਖ ਚਿਤ੍ਰਣ ਦੀ ਪ੍ਰਥਾ ਆਰੰਭ ਕੀਤੀ।

ਅਹਿਮਦ ਗੁਜਰ—ਅਹਿਮਦ ਗੁਜਰ ਦੇ ਜੀਵਨ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਇਹ ਮੁਗਲ ਸਮਰਾਟ ਔਰੰਗਜੇਬ ਦੇ ਰਾਜ ਕਾਲ ਸਮੇਂ ਹੋਇਆ ਹੈ। ਕਿੱਸਾ 'ਹੀਰ' ਦਾ, ਔਰੰਗਜ਼ੇਬ (1658 ਈ.) ਦੇ ਗੱਦੀ ਉੱਤੇ ਬੈਠਣ ਤੋਂ ਚੌਵੀਏ ਸਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(1682 ਈ.) ਵਿਚ ਲਿਖਿਆ ਹੈ।[9] ਇਸ ਨੇ ਪਹਿਲੀ ਵਾਰ ਹੀਰ ਦੀ ਕਹਾਣੀ ਨੂੰ ਦੁਖਾਂਤ ਵਿਚ ਨਿਬੇੜਿਆ ਤੇ ਇਸ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਜਿਸ ਨੂੰ ਮਗਰੋਂ ਮੁਕਬਲ ਤੇ ਵਾਰਿਸ ਸ਼ਾਹ ਨੇ ਆਧਾਰ ਬਣਾਇਆ।

ਚਿਰਾਗ ਦੀਨ ਆਵਾਨ (ਜਨਮ 1668 ਈ.)—ਚਿਰਾਗ ਦੀਨ ਆਵਾਨ ਦਾ ਜਨਮ ਪਿੰਡ ਖੇਟੜ, ਨੇੜੇ ਕਸਾਬਾ ਹਰਿੰਡ, ਗਾਜ਼ੀ ਖਾਂ (ਪਾਕਿਸਤਾਨ) ਵਿਚ ਹੋਇਆ। ਆਪ ਨੇ ਮੁਗਲ ਸਮਰਾਟ ਬਹਾਦਰ ਸ਼ਾਹ ਦੇ ਸਮੇਂ 'ਹੀਰ' 1709 ਈ. ਵਿਚ ਲਿਖੀ। ਇਸ ਕਿੱਸੇ ਦੀ ਬੋਲੀ ਵਿਚ ਲਹਿੰਦੀ ਤੇ ਖਾਸ ਕਰਕੇ ਡੇਰਾ ਗਾਜ਼ੀ ਖਾਂ ਦਾ ਢੇਰ ਸਾਰਾ ਅੰਸ਼ ਹੈ।

ਮੁਕਬਲ—ਮੁਕਬਲ ਦੇ ਜੀਵਨ ਸੰਬੰਧੀ ਬਹੁਤੀ ਜਾਣਕਾਰੀ ਨਹੀਂ ਮਿਲਦੀ ਇਸ ਨੇ 'ਕਿੱਸਾ ਹੀਰ ਰਾਂਝਾ' (1728 ਈ.) ਤੇ 'ਜੰਗਨਾਮਾ ਇਮਾਮ ਹੁਸੈਨ' (1747 ਈ.) ਲਿਖੇ। ਇਸ ਦੀ ਬੋਲੀ ਸਾਦਾ ਤੇ ਠੇਠ ਹੈ। ਕਿੱਸਾ 'ਹੀਰ' ਬੈਂਤ ਛੰਦ ਵਿਚ ਲਿਖਿਆ ਹੈ। ਜਿਸ ਦੇ ਕੁਲ 443 ਬੰਦ ਹਨ। 'ਹੀਰ' ਵਿਚਲੀ ਰਵਾਨੀ, ਸਾਦਗੀ ਤੇ ਸੋਜ਼ ਦੇ ਕਾਰਣ ਮੁਕਬਲ ਉਸਤਾਦ ਕਵੀਆਂ ਵਿਚ ਗਿਣਿਆ ਜਾਂਦਾ ਹੈ।

ਵਾਰਿਸ ਸ਼ਾਹ (1738-98 ਈ.)[10]—ਵਾਰਿਸ ਸ਼ਾਹ ਦਾ ਜਨਮ ਕੁਤਬ ਸ਼ਾਹ ਦੇ ਘਰ, ਪਿੰਡ ਜੰਡਿਆਲਾ ਸ਼ੇਰ ਖਾਂ, ਜ਼ਿਲਾ ਸ਼ੇਖੂ ਪੁਰਾ (ਪਾਕਿਸਤਾਨ) ਵਿਚ ਹੋਇਆ ਆਪ ਜਾਤ ਦਾ ਸੱਯਦ ਮੁਸਲਮਾਨ ਸੀ। ਮੌਲਵੀ ਗੁਲਾਮ ਮਹੀਉਦੀਨ ਕਸੂਰੀ ਦਾ ਸ਼ਗਿਰਦ ਸੀ। ਦੰਦ ਕਥਾ ਹੈ ਕਿ ਬੁਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਸਹਿਪਾਠੀ ਸਨ। ਇਸ ਨੇ ਕਿੱਸਾ 'ਹੀਰ' (1766 ਈ.) ਵਿਚ ਲਿਖਿਆ ਹੈ, ਜੋ ਇਤਨਾ ਪ੍ਰਸਿੱਧ ਹੋਇਆ ਹੈ ਕਿ ਹਮੇਸ਼ਾਂ ਆਪ ਦੇ ਨਾਂ ਨਾਲ ਜੁੜ ਗਿਆ ਹੈ। ਇਸ ਕਿੱਸੇ ਵਿਚ ਵਿਸਥਾਰ ਬਹੁਤ ਹੈ। ਵਾਰਿਸ ਪਾਸ ਗਿਆਨ ਦਾ ਵਿਸ਼ਾਲ ਭੰਡਾਰ ਸੀ। ਜੀਵਨ ਦੇ ਹਰ ਖੇਤਰ ਬਾਰੇ ਉਸ ਦਾ ਵਿਸ਼ਾਲ ਅਨੁਭਵ ਸੀ। ਉਸ ਦੀ ਰਚਨਾ ਵਿਚਲੀ ਤਸਵੀਰ-ਕਸ਼ੀ, ਰਵਾਨਗੀ ਤੇ ਸੰਗੀਤਾਤ-ਮਕਤਾ ਨੇ ਉਸ ਨੂੰ ਲੋਕਾਂ ਦਾ ਹਰਮਨ ਪਿਆਰਾ ਕਵੀ ਬਣਾ ਦਿਤਾ ਹੈ। ਇਸ ਦੇ ਹੱਥ ਵਿਚ ਆ ਕੇ ਬੈਂਤ ਛੰਦ ਇਤਨਾ ਚਮਕ ਉੱਠਿਆ ਕਿ ਇਸ ਤੋਂ ਪਿਛੋਂ, ਬੈਂਤ ਛੰਦ ਕਵੀਆਂ ਦਾ ਸਭ ਤੋਂ ਹਰਮਨ ਪਿਆਰਾ ਛੰਦ ਬਣ ਗਿਆ ਹੈ।

ਹਾਫ਼ਿਜ਼ ਬਰਖੁਰਦਾਰ ਰਾਂਝਾ—ਹਾਫ਼ਿਜ਼ ਬਰਖੁਰਦਾਰ ਰਾਂਝਾ, ਤਖਤ ਹਜ਼ਾਰੇ ਦਾ ਵਸਨੀਕ ਸੀ। ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਦਾ ਸਮਕਾਲੀ ਸੀ। ਆਪ ਨੇ 'ਮਿਰਜ਼ਾ ਸਾਹਿਬਾਂ', 'ਯੂਸਫ਼ ਜ਼ੁਲੈਖਾਂ', 'ਸੱਸੀ ਪੁੰਨੂੰ' ਆਦਿ ਕਿੱਸੇ ਲਿਖੇ ਹਨ। ਜੋ ਡਾ. ਪਿਆਰ ਸਿੰਘ ਨੇ 'ਸੱਸੀ ਤੇ ਹੋਰ ਕਿੱਸੇ' ਕ੍ਰਿਤ ਹਾਫ਼ਿਜ਼ ਬਰਖੁਰਦਾਰ ਰਾਂਝਾ ਦੇ ਨਾਂ ਹੇਠ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕੀਤੇ ਹਨ।

ਹਾਸ਼ਮ (1752-1821 ਈ.)—ਹਾਸ਼ਮ ਦਾ ਰਣਜੀਤ ਸਿੰਘ ਕਾਲ ਦੇ ਕਿੱਸਾਕਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਹੋ ਹੀ ਸਥਾਨ ਹੈ ਜੋ ਉਤਰ-ਮੁਗ਼ਲ ਕਾਲ ਦੇ ਕਿੱਸਾਕਾਰਾਂ ਵਿਚ ਵਾਰਿਸ ਸ਼ਾਹ ਦਾ ਸਥਾਨ ਹੈ । ਇਸ ਨੇ ਅਨੇਕਾਂ ਪ੍ਰੇਮ ਮਈ ਕਿੱਸੇ ਤੇ ਦੀਨੀ ਪੁਸਤਕਾਂ ਰਚੀਆਂ ਹਨ ਪਰ ਹਾਸ਼ਮ 'ਸੱਸੀ' ਕਰਕੇ ਹੀ ਜਾਣਿਆ ਜਾਂਦਾ ਹੈ। ਇਸ ਦੀ ਖ਼ੂਬੀ ਸੰਜਮ ਦੀ ਹੈ। ਇਸ ਵਿਚ ਅੰਤਾਂ ਦਾ ਸੋਜ਼, ਦਰਦ ਤੇ ਜਜ਼ਬੇ ਦਾ ਤੀਖਣ ਵੇਗ ਹੈ। ਬੋਲੀ ਠੇਠ ਪੰਜਾਬੀ ਹੈ।

ਅਹਿਮਦਯਾਰ— (1768-1845 ਈ.) —ਅਹਿਮਦਯਾਰ ਸਿੱਖ ਰਾਜ ਦਾ ਉੱਘਾ ਕਿੱਸਾਕਾਰ ਸੀ। ਇਸ ਨੇ ਢੇਰ ਸਾਰੇ ਕਿੱਸੇ ਰਚੇ ਹਨ। ਜਿਨ੍ਹਾਂ ਵਿਚੋਂ 'ਚੰਦਰ ਬਦਨ', 'ਸੱਸੀ ਪੁੰਨੂੰ', 'ਲੈਲਾ ਮਜਨੂੰ', 'ਕਾਮ ਰੂਪ', 'ਰਾਜ ਬੀਬੀ', 'ਹਾਤਿਮ ਨਾਮਾ', 'ਤਮੀਮ ਅਨਸਾਰੀ', 'ਅਹਿਸਨ-ਉਲ-ਕਸਿਸ', (ਯੂਸਫ਼ ਜ਼ੁਲੈਖਾਂ) ਆਦਿ ਕਿੱਸੇ ਪ੍ਰਸਿੱਧ ਹਨ। ਇਸ ਦਾ ਬੋਲੀ ਉੱਪਰ ਕਾਬੂ ਹੈ। ਅਹਿਮਦਯਾਰ ਨੇ ਪਹਿਲੀ ਵਾਰ ਪੰਜਾਬੀ ਸ਼ਾਹਿਤ ਵਿਚ ਕਿੱਸਾ 'ਕਾਮ ਰੂਪ', 'ਹਾਤਿਮ ਨਾਮਾ' ਤੇ 'ਰਾਜ ਬੀਬੀ' ਲਿਆਂਦੇ ਹਨ।

ਕਾਦਰਯਾਰ (1805-1850 ਈ.)[11]—ਕਾਦਰਯਾਰ ਰਣਜੀਤ ਸਿੰਘ ਕਾਲ ਦੇ ਪ੍ਰਸਿੱਧ ਕਿੱਸਾਕਾਰਾਂ ਵਿਚੋਂ ਹੈ। ਇਸ ਨੇ ਕਿੱਸੇ ਤੇ ਦੀਨੀ ਪੁਸਤਕਾਂ, ਦੋਹਾਂ ਤਰ੍ਹਾਂ ਦੀ ਹੀ ਸਿਰਜਣਾ ਕੀਤੀ ਹੈ। ਭਾਰਤੀ ਪੁਰਾਣ ਕਥਾਵਾਂ ਵਿਚੋਂ 'ਪੂਰਨ ਭਗਤ' ਤੇ 'ਰਾਜਾ ਰਸਾਲੂ' ਦੀਆਂ ਕਹਾਣੀਆਂ ਲੈ ਕੇ, ਪੰਜਾਬੀ ਕਿੱਸਾ-ਕਾਵਿ ਨੂੰ ਨਵਾਂ ਰੂਪ ਦਿਤਾ ਹੈ। ਕਾਦਰਯਾਰ ਦੀ ਪ੍ਰਸਿੱਧੀ 'ਪੂਰਨ ਭਗਤ' ਦੇ ਕਿੱਸੇ ਕਾਰਣ ਹੈ। ਇਸ ਰਚਨਾ ਵਿਚ ਕਰੁਣਾ ਰਸ ਪ੍ਰਧਾਨ ਹੈ। ਇਸ ਦੀ ਬੋਲੀ ਸਰਲ ਤੇ ਸਾਦਾ ਹੈ।

ਇਮਾਮ ਬਖ਼ਸ਼ (1778-1868 ਈ.)—ਇਮਾਮ ਬਖਸ਼ ਦਾ ਜਨਮ ਪਿੰਡ ਪਸੀਆਂ ਵਾਲੇ, ਜ਼ਿਲਾ ਸਿਆਲਕੋਟ ਵਿਖੇ 1778 ਈ. ਵਿਚ ਹੋਇਆ।[12] ਉਹ ਜਾਤ ਦਾ ਕੁਰੈਸ਼ੀ ਸੀ, ਪਰ ਜੱਦੀ ਪੇਸ਼ੇ (ਤਰਖਾਣਾਂ) ਦੇ ਨਾਲ ਨਾਲ, ਬੱਚਿਆਂ ਨੂੰ ਦੀਨੀ ਵਿਦਿਆ ਵੀ ਪੜ੍ਹਾਉਂਦਾ ਸੀ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਉਹ 85 ਸਾਲ ਦੀ ਲੰਮੀ ਉਮਰ ਭੋਗ ਕੇ 1863 ਈ. ਵਿਚ ਚਲਾਣਾ ਕਰ ਗਿਆ[13] ਹਰ ਉਸ ਦੀ ਮ੍ਰਿਤੂ 1866-67 ਈ. ਤੋਂ ਮਗਰੋਂ ਹੋਈ ਹੈ, ਕਿਉਂਕਿ ਆਪ ਨੇ 'ਜੰਗਨਾਮਾ ਹਜ਼ਰਤ ਅਮੀਰ ਹਮਜ਼ਾ' : (1283 ਹਿਜਰੀ ਮੁਤਾਬਿਕ 1866-67 ਈ.) ਵਿਚ ਪੂਰੀ ਕੀਤੀ ਹੈ।[14]

ਆਪ ਨੇ ਪ੍ਰੇਮ ਮਈ ਕਿੱਸੇ—'ਲੈਲਾ ਮਜਨੂੰ' (1236 ਹਿਜਰੀ ਮੁਤਾਬਿਕ 1830 ਈ.), 'ਗੁਲ ਸਨੋਬਰ', 'ਸ਼ੀਰੀ ਫਰਿਹਾਦ', 'ਚੰਦਰ ਬਦਨ' ਆਦਿ ਲਿਖੇ ਹਨ। 'ਲੈਲਾ ਮਜਨੂੰ' ਦੇ ਕਿੱਸੇ ਤੋਂ ਸਿਵਾਏ, ਕਿਸੇ ਕਿੱਸੇ ਉਪਰ ਰਚਨਾ ਕਾਲ ਨਹੀਂ ਦਿਤਾ। ਕਿੱਸਾ 'ਚੰਦਰ ਬਦਨ' 1869 ਈ. ਵਿਚ ਛਪਿਆ।[15] ਆਪ ਦੀ ਕਵਿਤਾ ਸਿੱਧੀ ਸਾਦੀ ਹੈ, ਕੋਈ ਡੂੰਘੀ ਸੋਚ ਜਾਂ ਉੱਚੇ ਖ਼ਿਆਲਾਂ ਦਾ ਚਮਤਕਾਰ ਨਹੀਂ। ਕਿੱਸੇ ਚੰਗੇ ਲਿਖੇ, ਕਹਾਣੀ ਚੰਗੀ ਨਿਭਾਈ। ਕਾਦਰਯਾਰ ਵਾਂਗੂੰ ਸਿੱਧੀ ਸਾਦੀ ਕਵਿਤਾ ਹੈ।[16]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਮਾਮ ਬਖ਼ਸ਼ ਦੀ ਪ੍ਰਸਿਧੀ ਰੁਮਾਂਟਿਕ ਕਿੱਸੇ 'ਸ਼ਾਹ ਬਹਿਰਾਮ' ਕਾਰਣ ਹੈ।

ਕਰੀਮ ਬਖ਼ਸ਼ (1784-1876 ਈ.) ਕਰੀਮ ਬਖਸ਼ ਨੇ ਦੋ ਕਿੱਸੇ--'ਹੀਰ' ਤੇ 'ਢੋਲ ਬਾਦਸ਼ਾਹ ਤੇ ਰਾਣੀ ਸੰਮੀ' ਲਿਖੇ ਹਨ। ਕਿੱਸਾ 'ਹੀਰ' ਬੈਂਤ ਛੰਦ ਵਿਚ ਲਿਖਿਆ ਹੈ। 'ਢੋਲ ਬਾਦਸ਼ਾਹ ਤੇ ਰਾਣੀ ਸੰਮੀ' ਭਾਵੇਂ ਇਕ ਪ੍ਰੇਮ ਮਈ ਕਿੱਸਾ ਹੈ ਪਰ ਇਸ ਵਿਚ ਬੀਰ ਰਸ ਦੇ ਵੀ ਸੁਹਣੇ ਨਮੂਨੇ ਮਿਲਦੇ ਹਨ।

ਕਿੱਸਾ-ਕਾਵਿ ਦੇ ਖੇਤਰ ਵਿਚ ਗੁਲਾਮ ਰਸੂਲ ਨਾਮ ਦੇ ਤਿੰਨ ਕਿੱਸਾਕਾਰ ਹੋਏ ਹਨ। ਪਹਿਲਾ ਗੁਲਾਮ ਰਸੂਲ (1812-74 ਈ.) ਕਿਲਾ ਮੀਂਹਾਂ ਸਿੰਘ, ਜ਼ਿਲਾ ਗੁਜਰਾਂਵਾਲਾ, ਜੋ ਕਿੱਸਾ 'ਸੱਸੀ ਪੁੰਨੂੰ' ਕਰਕੇ ਪ੍ਰਸਿੱਧ ਹੈ।[17] ਦੂਜਾ ਗੁਲਾਮ ਰਸੂਲ (1842-1903 ਈ.) ਅੰਮ੍ਰਿਤਸਰ ਦਾ ਵਸਨੀਕ ਸੀ, ਜੋ ਸੀਹਰਫੀਆਂ ਕਰਕੇ ਪ੍ਰਸਿੱਧ ਹੈ।[18] ਤੀਜਾ ਗੁਲਾਮ ਰਸੂਲ (1849-92 ਈ.) ਪਿੰਡ ਆਲਮਪੁਰ, ਜ਼ਿਲਾ ਹੁਸ਼ਿਆਰਪੁਰ ਦਾ ਵਸਨੀਕ ਸੀ, ਜੋ ਕਿੱਸਾ 'ਅਹਸਨ-ਉਲ-ਕਸਿਸ (ਯੂਸਫ਼ ਜ਼ੁਲੈਖਾਂ) ਕਰਕੇ ਪ੍ਰਸਿੱਧ ਹੈ।[19]

ਗੁਲਾਮ ਰਸੂਲ ਪਹਿਲਾ (1812-1874 ਈ.)—ਆਪ ਦਾ ਜਨਮ ਮੌਲਵੀ ਰਹੀਮ ਬਖ਼ਸ਼ ਦੇ ਘਰ ਕਿਲਾ ਮੀਂਹਾਂ ਸਿੰਘ, ਜ਼ਿਲਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ। ਆਪ ਦੀ ਜਾਤ ਅਵਾਨ ਸੀ। ਮਾਪਿਆਂ ਪਹਿਲਾਂ ਉਸ ਦਾ ਨਾਮ ਅਬਦੁੱਲਾ ਰੱਖਿਆ, ਮਗਰੋਂ ਗੁਲਾਮ ਰਸੂਲ ਬਦਲ ਦਿਤਾ।[20] ਮੁੱਢਲੀ ਵਿਦਿਆ ਘਰ ਵਿਚ ਪਿਤਾ ਪਾਸੋਂ ਪ੍ਰਾਪਤ ਕੀਤੀ, ਰੂਹਾਨੀ ਤੇ ਦੀਨੀਂ ਵਿਦਿਆ ਮੌਲਵੀ ਗੁਲਾਮ ਮੁਹੀ-ਉਦ-ਦੀਨ, ਸਾਕਨ ਬੁੱਗਾ ਸ਼ਰੀਫ਼ ਪਾਸੋਂ ਪ੍ਰਾਪਤ ਕੀਤੀ।

ਆਪ ਨੇ ਇਕ ਪ੍ਰੇਮ ਮਈ ਕਿੱਸਾ 'ਸੱਸੀ ਪੁੰਨੂੰ' ਲਿਖਿਆ। ਇਸ ਤੋਂ ਇਲਾਵਾ ਦੀਨੀਂ ਤੇ ਰੂਹਾਨੀ ਪੁਸਤਕਾਂ—'ਪੱਕੀ ਰੋਟੀ', 'ਨਸੀਹਤ ਨਾਮਾ', 'ਹੁਲੀਆ ਸ਼ਰੀਫ', 'ਕਿੱਸਾ ਬਲਾਲ' ਲਿਖੀਆਂ। ਕਿੱਸਾ 'ਸੱਸੀ ਪੁੰਨੂੰ' ਇਕ, ਸੰਖੇਪ ਰਚਨਾ ਹੈ। ਇਸ ਵਿਚ ਇਕ ਸੀਹਰਫੀ ਹੈ। ਕਿੱਸੇ ਦੀ ਭਾਸ਼ਾ ਉਪਰ ਫ਼ਾਰਸੀ ਭਾਸ਼ਾ ਦਾ ਬਹੁਤ ਅਸਰ ਹੈ। ਕਈ ਥਾਈਂ ਤਾਂ ਮਿਸਰਿਆਂ ਦੇ ਮਿਸਰੇ ਫ਼ਾਰਸੀ ਦੇ ਹਨ।

ਹਾਸ਼ਮ ਮੁਖਲਿਸ (1820-1895 ਈ.)—ਹਾਸ਼ਮ ਮੁਖਲਿਸ, ਪੰਜਾਬ ਦੇ ਪ੍ਰਸਿੱਧ ਕਿੱਸਾਕਾਰ ਮੁਹੰਮਦ ਸ਼ਾਹ ਦਾ ਪੁੱਤਰ ਸੀ। ਆਪ ਦਾ ਇਕ ਕਿੱਸਾ 'ਸੱਸੀ ਪੁੰਨੂੰ' ਮਿਲਦਾ ਹੈ। ਇਸ ਕਿੱਸੇ ਵਿਚ ਸੋਜ਼, ਸਰਲਤਾ ਤੇ ਰਵਾਨਗੀ ਹੈ।

ਮੌਲਵੀ ਅਬਦੁਲ ਸਤਾਰ (1823-1913 ਈ.) ਮੌਲਵੀ ਅਬਦੁਲ ਸਤਾਰ, ਪਿੰਡ ਖਾਰੀਆਂ ਵਾਲਾ, ਜ਼ਿਲਾ ਸ਼ੇਖੂ ਪੁਰਾ (ਪਾਕਿਸਤਾਨ) ਦਾ ਰਹਿਣ ਵਾਲਾ ਸੀ। ਜਾਤ ਦਾ ਜੱਟ ਵਿਰਕ ਸੀ ਪਰ ਆਪ ਦੇ ਬਾਪ ਨੇ ਮੁਸਲਮਾਨ ਧਰਮ ਸਵੀਕਾਰ ਕਰ ਲਿਆ ਸੀ ਤੇ ਜੁਲਾਹਿਆਂ ਦਾ ਧੰਦਾ ਅਰੰਭ ਕਰ ਦਿਤਾ ਸੀ।—ਆਪ ਨੇ ਇਕ ਪ੍ਰੇਮ ਮਈ ਕਿੱਸਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਯੂਸਫ਼ ਜ਼ੁਲੈਖਾਂ' ਤੋਂ ਇਲਾਵਾ ਕੁਝ ਦੀਨੀ ਪੁਸਤਕਾਂ—'ਇਬਰਤ ਨਾਮਾ', 'ਚਰਖਾ ਰੰਗ ਰੰਗੀਲਾ', 'ਮਦਰ ਨਬੀ ਕਰੀਮ', 'ਮਹਿਰਾਜ-ਨਾਮਾ', 'ਸੀਹਰਫੀ' ਤੇ 'ਬਾਰਾਂ ਮਾਹ' ਲਿਖੀਆਂ ਹਨ, ਪਰ ਆਪ ਦੀ ਪ੍ਰਸਿੱਧੀ ਕਿੱਸਾ 'ਯੂਸਫ਼ ਜ਼ੁਲੈਖਾਂ' ਦੇ ਕਾਰਣ ਹੈ, ਜਿਸ ਨੂੰ ਧਾਰਮਿਕ ਰੰਗਣ ਵਿਚ 'ਕਜਿਸੁਲ-ਮੁਹਸਨੀਕ' ਨਾਂ ਹੇਠ, ਪਹਿਲੀ ਵਾਰ 1894 ਈ. ਵਿਚ ਪ੍ਰਕਾਸ਼ਿਤ ਕੀਤਾ। ਇਹ 584 ਪੰਨੇ ਦੀ ਵੱਡੇ ਆਕਾਰ ਦੀ ਰਚਨਾ ਹੈ।

ਫ਼ਜ਼ਲ ਸ਼ਾਹ (1829-1890 ਈ.) –ਫ਼ਜ਼ਲ ਸ਼ਾਹ ਦਾ ਜਨਮ ਸਯਦ ਕੁਤਬ ਸ਼ਾਹ ਦੇ ਘਰ, ਨਵਾਂ ਕੋਟ, ਲਾਹੌਰ, ਵਿਖੇ ਹੋਇਆ।[21] ਉਹ ਫਿਨਾਨਸ਼ਲ ਕਮਿਸ਼ਨਰ ਲਾਹੌਰ ਦੇ ਦਫ਼ਤਰ ਵਿਚ ਦਫਤਰੀ ਲੱਗਾ ਹੋਇਆ ਸੀ। ਸਾਰੀ ਉਮਰ ਇਸੇ ਪਦ ਉੱਤੇ ਹੀ ਲੰਘਾ ਦਿਤੀ। ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ਫ਼ਜ਼ਲ ਸ਼ਾਹ, ਮੌਲਵੀ ਫ਼ਰੀਦੁ ਦੀਨ ਫ਼ਰੀਦ ਮੁਜੰਗੀ ਦਾ ਸ਼ਗਿਰਦ ਸੀ।[22]

ਆਪ ਨੇ 'ਸੋਹਣੀ ਮਹੀਂਵਾਲ', (1846 ਈ.), 'ਸੱਸੀ ਪੁੰਨੂੰ' (1862 ਈ.), 'ਹੀਰ ਰਾਂਝਾ' (1866 ਈ.), 'ਲੈਲਾ ਮਜਨੂੰ' (1870 ਈ.), 'ਯੂਸਫ਼ ਜ਼ੁਲੈਖਾਂ' (1870 ਈ.), ਆਦਿ ਕਿੱਸੇ ਲਿਖੇ ਹਨ। ਇਸ ਤੋਂ ਇਲਾਵਾ 'ਸੀਹਰਫੀ', 'ਸੱਸੀ ਪੁੰਨੂੰ', 'ਹੀਰ ਰਾਂਝਾ', 'ਸੋਹਣੀ ਮਹੀਂਵਾਲ' ਤੇ ਇਕ ਬਾਰਾਂ ਮਾਹ ਵੀ ਲਿਖਿਆ ਹੈ।[23] ਬਾਵਾ ਬੁੱਧ ਸਿੰਘ ਅਨੁਸਾਰ ਪ੍ਰੇਮ ਦਾ ਕੁਠਾ ਜਾਪਦਾ ਏ, ਕਿਸੇ ਜ਼ਨਾਨੀ ਦੇ ਇਸ਼ਕ ਦਾ ਮਾਰਿਆ ਹੁਣ ਕਿੱਸੇ ਬਣਾ ਬਣਾ ਜੀ ਪਰਚਾਂਦਾ ਹੈ।' ਫ਼ਜ਼ਲ ਸ਼ਾਹ ਨੇ ਹਿਰਦੇ ਦੀ ਵੇਦਨਾ ਦੀ ਅਭਿਵਿਅਕਤੀ ਲਈ ਕਿੱਸੇ ਰਚੇ ਹਨ। ਉਹ ਕੋਈ ਪੇਸ਼ਾਵਰ ਕਿੱਸਾਕਾਰ ਨਹੀਂ ਸੀ। ਡਾ. ਦੀਵਾਨ ਸਿੰਘ ਅਨੁਸਾਰ, 'ਉਹ ਇਕ ਪੇਸ਼ਾਵਰ ਕਵੀ ਦੀ ਥਾਂ ਕਵਿਤਾ ਦਾ ਪ੍ਰੇਮੀ ਤੇ ਰਸੀਆ ਸੀ।[24] ਆਪ ਦੀ ਕਵਿਤਾ ਵਿਚ ਸੁਭਾਵਿਕਤਾ ਤੇ ਰਵਾਨਗੀ ਹੈ। ਆਪ ਨੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਬਹੁਤ ਖੁਲ੍ਹੀ ਕੀਤੀ ਹੈ। ਡਾ. ਮੋਹਨ ਸਿੰਘ ਅਨੁਸਾਰ ਫ਼ਜ਼ਲ ਸ਼ਾਹ ਪੰਜਾਬੀ ਦਾ ਸਭ ਤੋਂ ਮਹਾਨ ਸ਼ਬਦ ਅਲੰਕਾਰਾਂ ਦੀ ਵਰਤੋਂ ਕਰਨ ਵਾਲਾ ਅਨੁਪ੍ਰਾਸੀ ਹੈ।[25]

ਮੀਆਂ ਮੁਹੰਮਦ ਬਖ਼ਸ਼ (1829–1909 ਈ.)—ਮੀਆਂ ਮੁਹੰਮਦ ਬਖ਼ਸ਼ ਦਾ ਜਨਮ, ਮੀਆਂ ਸ਼ਮਸਦੀਨ ਕਾਦਰੀ, ਖੜੀ, ਜ਼ਿਲਾ ਮਹੀਂਪੁਰ (ਅਜ਼ਾਦ ਕਸ਼ਮੀਰ) ਵਿਚ ਹੋਇਆ। ਮਾਤਾ ਪਿਤਾ ਦੀ ਛੱਤਰ ਛਾਇਆ ਬਾਲ ਵਰੇਸ ਵਿਚ ਸਿਰੋਂ ਲੱਥ ਗਈ ਸੀ। ਇਕ ਭੈਣ ਤੇ ਦੋ ਭਰਾ ਸਨ। ਨਿੱਕਾ ਭਰਾ ਛੋਟੀ ਉਮਰੇ ਦੀ ਦਰਗਾਹੇ ਤੁਰ ਗਿਆ। ਇਹਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ, 'ਨਾ ਵਿਆਹ ਕੀਤਾ, ਨਾ ਅਡਣ ਅਡੇ।'[26] ਮੁੱਢਲੀ ਤਾਲੀਮ ਸਮਵਾਲ ਸ਼ਰੀਫ ਵਿਚ ਹਾਫ਼ਿਜ਼ ਮੁਹੰਮਦ ਅਲੀ ਸਾਹਿਬ ਕੋਲੋਂ ਪ੍ਰਾਪਤ ਕੀਤੀ।[27] ਆਪ ਅਰਬੀ, ਫ਼ਾਰਸੀ ਤੇ ਉਰਦੂ ਦਾ ਚੰਗਾ ਵਿਦਵਾਨ ਸੀ।

ਆਪ ਇਕ ਬਹੁ-ਪੱਖੀ ਕਿੱਸਾਕਾਰ ਸੀ। ਇਸ ਨੇ ਪ੍ਰੇਮ-ਮਈ, ਰੁਮਾਂਟਿਕ, ਇਸਲਾਮੀ ਪਰਚਾਰ ਹਿੱਤ, ਸੂਫ਼ੀ ਸਿੱਧਾਂਤਾਂ ਹਿੱਤ ਤੇ ਫ਼ਕੀਰ ਸ਼੍ਰੇਣੀ ਲਈ ਕਿੱਸੇ ਲਿਖੇ। ਪ੍ਰੇਮ-ਮਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸੇ—'ਮਿਰਜ਼ਾ ਸਾਹਿਬਾਂ', 'ਸੋਹਣੀ ਮਹੀਂਵਾਲ' ਤੇ 'ਸ਼ੀਰੀ ਫ਼ਰਹਾਦ' ਮਿਲਦੇ ਹਨ। ਆਪ ਦੀ ਪ੍ਰਸਿੱਧੀ ਕਿੱਸਾ 'ਸੈਫ਼ੁਲ ਮਲੂਕ' ਕਾਰਣ ਹੋਈ ਹੈ।

ਸੱਯਦ ਮੀਰਾਂ ਸ਼ਾਹ (1830-1916 ਈ.)—ਸੱਯਦ ਮੀਰਾਂ ਸ਼ਾਹ ਦਾ ਜਨਮ 1839 ਈ. ਨੂੰ ਸੱਯਦ ਵਲੀ ਮੁਹੰਮਦ ਦੇ ਘਰ, ਗਲੀ ਮਸਜਦ ਬੋਹੜ ਵਾਲੀ, ਜਲੰਧਰ ਵਿਖੇ ਹੋਇਆ।[28] ਆਪ ਦਾ ਕੱਦ ਛੋਟਾ ਤੇ ਸਰੀਰ ਪਤਲਾ ਸੀ। ਆਪ ਦੇ ਦੋ ਪੁੱਤਰ ਸਨ, ਜੋ ਇਤਨੇ ਸੁੰਦਰ ਸਨ ਕਿ ਕਵੀ ਇਨ੍ਹਾਂ ਦੀ ਸੁੰਦਰਤਾ ਦੀ ਤੁਲਨਾ ਯੂਸਫ਼ ਨਾਲ ਕਰਦਾ ਹੈ।[29] ਜਲੰਧਰ ਵਿਖੇ 1332 ਹਿ. ਅਰਥਾਤ ਸੰਨ 1916 ਈ. ਨੂੰ ਵਫ਼ਾਤ ਪਾਈ। ਮੀਰਾਂ ਸ਼ਾਹ ਦਾ ਮਿਜ਼ਾਰ ਜਲੰਧਰ ਵਿਚ ਅੱਜ ਵੀ ਮੌਜੂਦ ਹੈ।

ਸੱਯਦ ਸਾਹਿਬ ਨੇ ਪ੍ਰੇਮ ਮਈ ਕਿੱਸੇ--'ਹੀਰ ਰਾਂਝਾ' (1890 ਈ.), 'ਮਿਰਜ਼ਾ ਸਾਹਿਬਾਂ' (1894 ਈ.), 'ਸੋਹਣੀ ਮਹੀਂਵਾਲ' (1897 ਈ.), ਲਿਖੇ। ਇਨ੍ਹਾਂ ਤੋਂ ਇਲਾਵਾ 'ਕੁਲੀਆਤ ਮੀਰਾਂ ਸ਼ਾਹ' (1902 ਈ.) ਤੇ 'ਗੁਲਦਸਤਾ ਮੀਰਾਂ ਸ਼ਾਹ' ਦੀ ਰਚਨਾ ਕੀਤੀ। ਆਪ ਸੂਫ਼ੀ ਰੰਗਣ ਦਾ ਕਵੀ ਸੀ। ਕਿੱਸਿਆਂ ਨੂੰ ਅਧਿਆਤਮਕ ਰੰਗ ਦਿੱਤਾ ਹੈ। ਇਸ ਦੇ ਕਿੱਸਿਆਂ ਵਿਚ ਤਸੱਵਰ ਤੇ ਇਸ਼ਕ ਹਕੀਕੀ ਦਾ ਸੁੰਦਰ ਸੁਮੇਲ ਹੈ।

ਗੁਲ ਮੁਹੰਮਦ ਚਿਸ਼ਤੀ—ਆਪ ਪਿੰਡ ਸ਼ੇਰੋ, ਜ਼ਿਲਾ ਡੇਰਾ ਗਾਜ਼ੀ ਖਾਂ ਦਾ ਵਸਨੀਕ ਸੀ। ਅਰਬੀ, ਫ਼ਾਰਸੀ ਦਾ ਵਿਦਵਾਨ ਸੀ। ਪੰਜਾਬੀ ਵਿਚ ਮਸਨਵੀ 'ਲੈਲਾ ਮਜਨੂੰ' (1859 ਈ.) ਲਿਖੀ ਹੈ। ਕੁਰੈਸ਼ੀ ਅਨੁਸਾਰ ਗੁਲ ਮੁਹੰਮਦ ਆਪਣੀ ਮਸਨਵੀ ਵਿਚ ਜ਼ੁਬਾਨ, ਬਿਆਨ, ਤਕਨੀਕ ਤੇ ਤਰਜ਼ ਦੇ ਲਿਹਾਜ਼ ਨਾਲ ਮੁਨਤਰ ਨਜ਼ਰ ਆਉਂਦਾ ਹੈ।[30]

ਸੁਲੇ ਮੁਹੰਮਦ ਮਸਕੀਨ—ਮਸਕੀਨ, ਮੁਲਤਾਨ ਦੇ ਪ੍ਰਸਿੱਧ ਕਬਜ਼ੇ ਬਾਗੜ ਸਰਆਜ ਦਾ ਵਸਨੀਕ ਸੀ, ਇਸ ਦੀ ਕੌਮ ਖੱਪਰ ਸੀ। ਕਿੱਸਾ 'ਸੱਸੀ ਪੁੰਨੂੰ' (1868 ਈ.) ਵਿਚ ਲਿਖਿਆ ਹੈ।

ਗੰਗਾ ਰਾਮ (1835-1907 ਈ.)—ਗੰਗਾ ਰਾਮ ਚੌਂਕ ਪਾਸੀਆਂ, ਅੰਮ੍ਰਿਤਸਰ ਦਾ ਵਸਨੀਕ ਸੀ। ਇਹ ਜਾਤ ਦਾ ਸੁਨਿਆਰਾ ਸੀ। ਗੰਗਾ ਰਾਮ ਨੇ ਜ਼ਿਆਦਾ ਉਪਦੇਸ਼ਾਤਮਕ ਕਿੱਸੇ ਲਿਖੇ ਹਨ। ਇਕ ਪ੍ਰੇਮ-ਮਈ ਕਿੱਸਾ 'ਸੋਹਣੀ ਮਹੀਂਵਾਲ' (1878 ਈ.) ਲਿਖਿਆ ਹੈ। ਇਹ ਕਿੱਸਾ ਬਾਰਾਂ ਮਾਂਹ ਕਾਵਿ ਰੂਪ ਵਿਚ ਹੈ ਤੇ ਇਸ ਵਿਚ ਡਿਉਢ ਛੰਦ ਵਰਤਿਆ ਹੈ।

ਕਿਸ਼ਨ ਸਿੰਘ ਆਰਿਫ—(1836-1898 ਈ.)—ਕਿਸ਼ਨ ਸਿੰਘ ਆਰਿਫ ਦਾ ਜਨਮ ਨਰਾਇਣ ਸਿੰਘ ਚੱਠੇ ਦੇ ਘਰ 1836 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਦਾ ਪਿਤਾ, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ ਵਿਚ ਪੁਸਤਕਾਂ ਦੀ ਦੁਕਾਨ ਕਰਦਾ ਸੀ। ਉਸ ਦੀ ਮੌਤ ਤੋਂ ਮਗਰੋਂ ਇਹੋ ਕਿੱਤਾ ਆਰਿਫ ਨੇ ਵੀ ਅਪਣਾਇਆ। ਆਰਿਫ ਗੁਲਾਬ ਦਾਸੀ ਸੰਪ੍ਰਦਾਏ ਦਾ ਅਨੁਆਈ ਸੀ।[31] ਪੰਜਾਬੀ ਸਾਹਿਤ ਦੇ ਵਿਦਵਾਨਾਂ ਦਾ ਮੱਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਕਿ ਆਰਿਫ 1900 ਈ. ਵਿਚ ਚਲਾਣਾ ਕਰ ਗਿਆ।[32] ਵਾਸਤਵ ਵਿਚ ਆਰਿਫ ਦੀ ਮ੍ਰਿਤੂ 1898 ਈ. ਤੋਂ ਪਹਿਲਾਂ ਹੋਈ ਹੈ ਕਿਉਂਕਿ ਆਰਿਫ ਦਾ ਸਮਕਾਲੀ ਤੇ ਮਿੱਤਰ ਸਾਧੂ-ਸ਼ਾਇਰ, ਸਾਧੂ ਪਾਲ ਸਿੰਘ ਆਰਿਫ ਆਪਣੇ ਕਿੱਸੇ 'ਸੋਹਣੀ ਮਹੀਂਵਾਲ' (1898 ਈ.) ਵਿਚ ਕਿਸ਼ਨ ਸਿੰਘ ਆਰਿਫ ਦੀ ਮ੍ਰਿਤੂ ਦਾ ਹਵਾਲਾ ਦਿੰਦਾ ਹੈ।[33]

ਆਪ ਇਕ ਬਹੁ-ਪੱਖੀ ਕਿੱਸਾਕਾਰ ਸੀ। ਆਪ ਨੇ ਪ੍ਰੇਮ ਮਈ ਕਿੱਸੇ 'ਸ਼ੀਰੀ ਫਰਹਾਦ' (1872), 'ਹੀਰ ਰਾਂਝਾ' (1889 ਈ.), ਰੁਮਾਂਟਿਕ ਕਿੱਸੇ 'ਰਾਜਾ ਰਸੂਲ', ਬੀਰ ਰਸੀ ਕਿੱਸਾ, 'ਦੁੱਲਾ ਭੱਟੀ' ਤੇ ਉਪਦੇਸ਼ਾਤਮਕ ਕਿੱਸੇ 'ਪੂਰਨ ਭਗਤ', 'ਰਾਜਾ ਭਰਥਰੀ', 'ਕਿਸ਼ਨ ਕਟਾਰ', 'ਜੀਵ ਸਿਆਪਾ', 'ਬਿਬੇਕਬਾਨ', 'ਫਨਾਹ ਦਾ ਮੁਕਾਮ', 'ਗਯਾਨ ਚਰਖਾ', 'ਕੋਟੜੇ ਖਟਪਦੇ', 'ਚਾਬਕ', 'ਦੋਹਰੇ', 'ਮੁੰਦਰੀ ਰਾਮਦਾਸ', 'ਰੁਕਮਣੀ ਮੰਗਲ' ਆਦਿ ਲਿਖੇ ਹਨ।

ਆਰਿਫ ਨਿੱਜੀ ਤੌਰ ਤੇ ਧਾਰਮਿਕ ਬ੍ਰਿਤੀ ਦਾ ਵਿਅਕਤੀ ਸੀ, ਜਿਸ ਦਾ ਪ੍ਰਭਾਵ ਆਪ ਦੀਆਂ ਰਚਨਾਵਾਂ ਵਿਚ ਪ੍ਰਤੱਖ ਦਿਸਦਾ ਹੈ। ਆਪ ਦੇ ਕਿੱਸਿਆਂ ਵਿਚ ਗੁਲਾਬ ਪੰਥੀ ਗਿਆਨ, ਸਿਧਾਂਤ ਤੇ ਵਿਚਾਰ ਦੀ ਭਰਮਾਰਤਾ ਹੈ। ਵਿਚਾਰਾਂ ਦੀ ਸਪਸ਼ਟਤਾ ਲਈ ਦ੍ਰਿਸ਼ਟਾਂਤ ਅਲੰਕਾਰ ਦੀ ਅਧਿਕ ਵਰਤੋਂ ਕੀਤੀ ਹੈ। ਆਰਿਫ ਦੀ ਕਵਿਤਾ ਵਿਚ ਤੀਬਰਤਾ ਤੇ ਜਜ਼ਬੇ ਦੀ ਘਾਟ ਹੈ ਪਰ ਇਸ਼ਕ ਮਿਜ਼ਾਜ਼ੀ ਤੇ ਇਸ਼ਕ ਹਕੀਕੀ ਦਾ ਸੁਮੇਲ ਹੈ।

ਮੁਹੰਮਦ ਬੂਟਾ ਗੁਜਰਾਤੀ (1836-1930)—ਮੁਹੰਮਦ ਬੂਟਾ ਗੁਜਰਾਤੀ ਦੇ ਜਨਮ ਕਾਲ ਸੰਬੰਧੀ, ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚਕਾਰ ਮਤਭੇਦ ਹੈ। ਮੌਲਾ ਬਖ਼ਸ਼ ਕੁਸ਼ਤਾ ਤੇ ਪੀਰ ਫ਼ਜ਼ਲ ਹੁਸੈਨ, ਗੁਜਰਾਤੀ ਦਾ ਜਨਮ 1849 ਈ. ਨੂੰ ਹੋਇਆ ਮੰਨਦੇ ਹਨ[34] ਜਦੋਂ ਕਿ ਡਾ. ਧਰਮ ਪਾਲ ਸਿੰਗਲ, ਗੁਜਰਾਤੀ ਦਾ ਜਨਮ 1851 ਈ. ਵਿਚ ਹੋਇਆ[35] ਲਿਖਦਾ ਹੈ। ਮੁਹੰਮਦ ਬੂਟੇ ਦੇ ਪਹਿਲੇ ਕਿੱਸੇ 'ਸ਼ੀਰੀਂ ਫਰਿਹਾਦ' ਤੋਂ ਉਕਤ ਵਿਚਾਰਾਂ ਦੀ ਪੁਸ਼ਟੀ ਨਹੀਂ ਹੁੰਦੀ। ਜਿਸ ਵਿਚ ਕਵੀ ਨੇ ਆਪਣੇ ਜਨਮ ਦਾਰੇ ਲਿਖਿਆ ਹੈ ਕਿ ਇਹ ਕਿੱਸਾ 36 ਸਾਲਾਂ ਦੀ ਉਮਰ ਵਿਚ 1872 ਈ. ਨੂੰ ਲਿਖਿਆ।[36] ਜਿਸ ਤੋਂ ਆਪ ਦਾ ਜਨਮ 1836 ਈ. ਸਿੱਧ ਹੁੰਦਾ ਹੈ। ਆਪ ਦੇ ਪਿਤਾ ਦਾ ਨਾਮ ਬੁੱਧੂ ਸੀ। ਗੁਜਰਾਤੀ, ਗੁਜਰਾਤ ਸ਼ਹਿਰ ਵਿਚ ਸ਼ਾਲਬਾਨੀ ਦਾ ਕੰਮ ਕਰਦਾ ਸੀ। ਗੁਜਰਾਤੀ ਬਹੁ-ਪੱਖੀ ਕਿੱਸਾਕਾਰ ਸੀ, ਉਸ ਨੇ ਪ੍ਰੇਮ ਮਈ, ਬੀਰ ਰਸੀ ਤੇ ਉਪਦੇਸ਼ਾਤਮਕ ਕਿੱਸੇ ਲਿਖੇ। ਪ੍ਰੇਮ ਮਈ ਕਿੱਸੇ—'ਸ਼ੀਰੀਂ ਫਰਿਹਾਦ' (1872 ਈ.), 'ਚੰਦਰ ਬਦਨ' (1887 ਈ.), 'ਰੋੜਾ ਜਲਾਲੀ' (1888 ਈ.), 'ਮਿਰਜ਼ਾ ਸਾਹਿਬਾਂ' (1897 ਈ.), 'ਸੱਸੀ ਪੁੰਨੂੰ' (1902 ਈ.), 'ਸੋਹਣੀ ਮਹੀਂਵਾਲ' ਹਨ। ਇਨ੍ਹਾਂ ਪ੍ਰੇਮ ਮਈ ਕਿੱਸਿਆਂ ਵਿਚੋਂ ਆਪ ਦਾ 'ਮਿਰਜ਼ਾ ਸਾਹਿਬਾਂ' ਜ਼ਿਆਦਾ ਪ੍ਰਸਿੱਧ ਹੈ। ਜਿਸ ਵਿਚ ਸੁਭਾਵਿਕਤਾ, ਸਾਦਗੀ, ਸੋਜ਼ ਤੇ ਖਿਆਲ ਉਡਾਰੀ ਹੈ। ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ।

ਮਿਸਤਰੀ ਗੋਪਾਲ ਸਿੰਘ (1845-1914 ਈ)—ਗੋਪਾਲ ਸਿੰਘ ਦਾ ਜਨਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ. ਜਵਾਹਰ ਸਿੰਘ ਰਾਮਗੜ੍ਹੀਏ ਦੇ ਘਰ ਵੀਰਵਾਰ, ਫਗਣ ਦੇ ਮਹੀਨੇ, ਸੰਮਤ 1902, ਮੁਤਾਬਿਕ 1845 ਈ. ਨੂੰ ਪਿੰਡ ਦੇਹੜੀ, ਜ਼ਿਲਾ ਗੁਰਦਾਸਪੁਰ ਵਿਖੇ ਹੋਇਆ। ਮਿਸਤਰੀ ਦੇ ਆਪਣੀ ਕੋਈ ਔਲਾਦ ਨਹੀਂ ਸੀ।[37]

ਆਪ ਨੇ ਕਿੱਸਾ—'ਬਿਸ਼ਨੋ ਬੱਗਾ ਮਲ' (1876 ਈ.), 'ਸੱਸੀ ਪੁੰਨੂੰ' (1893 ਈ.) 'ਯੂਸਫ ਜ਼ੁਲੈਖਾਂ' (1893 ਈ.), 'ਸੋਹਣੀ ਮਹੀਂਵਾਲ'' (1894 ਈ.), ਲਿਖੇ। ਇਹ ਸਾਰੇ ਕਿੱਸੇ ਸਾਧਾਰਨ ਪੱਧਰ ਦੇ ਹਨ। ਡਾ. ਮੋਹਨ ਸਿੰਘ ਅਨੁਸਾਰ ਉਹ ਇਕ ਮਹਾਨ ਕਵੀ ਤੇ ਸੂਫੀ ਸੰਤ ਸੀ, ਜਿਸ ਨੇ ਸੁੰਦਰ ਭਾਸ਼ਾ ਤੇ ਸ਼ਬਦਾਵਲੀ ਵਿਚ ਸੂਫੀ ਭਾਵਾਂ ਨੂੰ ਉਜਾਗਰ ਕੀਤਾ ਹੈ।[38]

ਗ਼ੁਲਾਮ ਰਸੂਲ ਆਲਮਪੁਰੀ (1859-92 ਈ.)—ਆਪ ਦਾ ਜਨਮ ਮੁਰਾਦ ਬਖ਼ਸ਼ ਗੁਜਰ ਦੇ ਘਰ, ਪਿੰਡ ਆਲਮਪੁਰ ਤਹਿਸੀਲ ਦਸੂਹਾ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ।[39] ਆਰੰਭ ਵਿਚ ਛੋਟੇ ਕਿੱਸੇ—'ਚੋਪਟ ਨਾਮਾ', 'ਮਸਲਾ ਤੌਹੀਦ', 'ਸੀਹਰਫੀ ਸੱਸੀ ਪੁੰਨੂੰ' ਲਿਖੇ, 23 ਵਰ੍ਹੇ ਦੀ ਉਮਰ ਵਿਚ 820 ਪੰਨੇ ਦੀ ਕਿਤਾਬ, 'ਦਾਸਤਾਨ ਸਾਹਿਬ ਕੁਰਾਨ ਅਮੀਰ ਹਮਜ਼ਾ' ਲਿਖੀ। ਇਸ ਦੇ ਚਾਰ ਸਾਲ ਮਗਰੋਂ ਕਿੱਸਾ 'ਯੂਸਫ ਜ਼ੁਲੈਖਾਂ' (1920 ਹਿਜਰੀ, 1875 ਈ.) ਲਿਖਿਆ।[40] ਜਿਸ ਦਾ ਕੁਰਾਨੀ ਨਾਮ 'ਅਹਸਨ-ਉਲ-ਕਿੱਸਸ' ਰਖਿਆ।[41] ਜੋ ਆਪ ਦਾ ਸ਼ਾਹਕਾਰ ਮੰਨਿਆ ਜਾਂਦਾ ਹੈ। ਇਸ ਕਿੱਸੇ ਦੇ 6666 ਬੈਂਤ ਹਨ।[42] ਇਹ ਮਸਨਵੀ ਕਾਵਿ ਰੂਪ ਵਿਚ ਹੈ। ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ ''ਸਾਦਗੀ, ਰਸ, ਰਵਾਨੀ ਤੇ ਸੋਜ਼ ਢੇਰ ਏ। ਅਰਬੀ-ਫ਼ਾਰਸੀ ਦੇ ਲਫ਼ਜ਼ ਬੜੀ ਰਵਾਨੀ ਤੇ ਆਜ਼ਾਦੀ ਨਾਲ ਵਰਤੇ ਹਨ। ਕਲਾਮ ਵਿਚ ਬੜਾ ਜ਼ੋਰ ਏ'' ।[43]

ਸੰਤ ਦਿਤਾ ਰਾਮ ਉਰਫ ਗਿਆਨੀ ਦਿਤ ਸਿੰਘ (1850-1901 ਈ.) ਗਿਆਨ ਦਿਤ ਸਿੰਘ ਦਾ ਜਨਮ ਸੰਤ ਦੀਵਾਨ ਸਿੰਘ ਦੇ ਘਰ 21 ਅਪ੍ਰੈਲ 1850 ਈ. ਨੂੰ ਪਿੰਡ ਅਨੰਦਪੁਰ ਕਲੋੜ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਜਾਤ ਦਾ ਰਵਿਦਾਸੀਆ ਸੀ। ਭਾਈ ਜਵਾਹਰ ਸਿੰਘ ਨਾਲ ਮਿਲ ਕੇ 1877 ਈ. ਵਿਚ ਆਰੀਆ ਸਮਾਜ ਵਿਚ ਪ੍ਰਵੇਸ਼ ਕੀਤਾ। 1883 ਈ. ਵਿਚ ਭਾਈ ਜਵਾਹਰ ਸਿੰਘ ਨੂੰ ਨਾਲ ਲੈ ਕੇ ਆਰੀਆ ਸਮਾਜ ਛੱਡ ਕੇ, ਸਿੰਘ ਸਭਾ ਲਹਿਰ ਵਿਚ ਆ ਗਿਆ। ਜੀਵਨ ਦਾ ਬਾਕੀ ਹਿੱਸਾ ਸਿੰਘ ਸੱਭਾ ਲਹਿਰ ਦੇ ਪ੍ਰਚਾਰ ਤੇ 'ਖਾਲਸਾ ਅਖ਼ਬਾਰ' ਦੇ ਸੰਪਾਦਨ ਵਿਚ ਲਾਇਆ। ਆਪ ਦਾ 1901 ਈ. ਵਿਚ ਦੇਹਾਂਤ ਹੋ ਗਿਆ।[44]

ਆਪ ਨੇ ਕਿੱਸੇ, ਜੀਵਨੀ-ਸਾਹਿਤ, ਰਾਜਨੀਤੀ ਤੇ ਸਮਾਜ ਸੁਧਾਰ ਬਾਰੇ ਗੱਦ ਤੇ ਪੱਦ ਵਿਚ ਪੁਸਤਕਾਂ ਲਿਖੀਆਂ। ਕਿੱਸਾਕਾਰੀ ਦੇ ਖੇਤਰ ਵਿਚ ਇਕ ਪ੍ਰੇਮ ਮਈ ਕਿੱਸਾ 'ਸ਼ੀਰੀਂ ਫਰਿਹਾਦ' (1872 ਈ.) ਵਿਚ ਲਿਖਿਆ। ਇਹ ਸੰਤ ਦੀ ਪਲੇਠੀ ਰਚਨਾ ਸੀ।

ਭਗਵਾਨ ਸਿੰਘ (1850-1902 ਈ.)—ਭਗਵਾਨ ਸਿੰਘ ਦਾ ਜਨਮ ਸ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਤਨ ਸਿੰਘ ਖੱਤਰੀ ਦੇ ਘਰ 1850 ਈ. ਨੂੰ ਪਿੰਡ ਮੁਰਾਜ ਕਲਾਂ, ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ ਵਿਖੇ ਹੋਇਆ। ਮੁੱਢਲੀ ਸਿਖਿਆ ਉਰਦੂ, ਫ਼ਾਰਸੀ ਤੇ ਪੰਜਾਬੀ ਦੀ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ।[46] ਫੌਜ ਦੀ ਨੌਕਰੀ ਕੀਤੀ, ਉਹ ਰਾਸ ਨਾ ਆਈ, ਫਿਰ ਪਟਵਾਰੀ ਲਗਿਆ ਪਰ ਕਵੀ ਤਾਂ ਜ਼ਮੀਨ ਦੀ ਥਾਂ ਬਿਰਹੋਂ ਕੁਠਿਆ ਦੇ ਦਿਲਾਂ ਦੀ ਮਿਣਤੀ ਕਰਨ ਜਾਣਦਾ ਸੀ। ਸੋ ਇਹ ਨੌਕਰੀ ਵੀ 1886 ਈ. ਵਿਚ ਛੱਡ ਦਿੱਤੀ। ਮਹਾਰਾਜਾ ਪਟਿਆਲਾ ਤੇ ਨਾਭਾ, ਸ਼ਾਇਰ ਦੀ ਸਰਪ੍ਰਸਤੀ ਕਰਦੇ ਸਨ। 1902 ਈ. ਵਿਚ ਪਟਿਆਲੇ ਵਿਖੇ ਸੁਵਰਗਵਾਸ ਹੋ ਗਿਆ ਸੀ।

ਆਪ ਨੇ 'ਹੀਰ ਭਗਵਾਨ ਸਿੰਘ' (1886 ਈ.), 'ਸੋਹਣੀ ਮਹੀਂਵਾਲ' 1891 ਈ.) ਤੇ 'ਮਿਰਜ਼ਾ ਸਾਹਿਬਾਂ', 'ਜਿਉਣਾ ਮੌੜ' (1894 ਈ.) ਲਿਖੇ। ਕਿਸ਼ਨ ਸਿੰਘ ਆਰਿਫ ਤੇ ਭਗਵਾਨ ਸਿੰਘ ਸਮਕਾਲੀ ਸਨ। ਜਿਥੇ ਆਰਿਫ ਦੇ ਕਿੱਸਿਆਂ ਵਿਚ ਗਿਆਨ-ਦਰਸ਼ਨ ਤੇ ਸੂਫੀ ਵਿਚਾਰ ਮਿਲਦੇ ਹਨ, ਉਥੇ ਭਗਵਾਨ ਸਿੰਘ ਦੇ ਕਿੱਸਿਆਂ ਵਿਚ ਪਿਆਰ ਤੇ ਹੁਸਨ ਦਾ ਬਿਆਨ ਹੈ। ਭਗਵਾਨ ਸਿੰਘ ਨੇ ਬੈਂਤ ਦੀ ਥਾਂ ਕਬਿੱਤ ਛੰਦ ਵਰਤਿਆ। ਆਪ ਦੇ ਕਿੱਸਿਆਂ ਦੀ ਭਾਸ਼ਾ ਠੇਠ ਤੇ ਕੇਂਦਰੀ ਹੈ, ਜਿਸ ਪੁਰ ਮਲਵਈ ਦਾ ਪ੍ਰਭਾਵ ਪ੍ਰਤੱਖ ਦਿਸ਼ਦਾ ਹੈ, ਜੋ ਕਿੱਸਾਕਾਰ ਖ਼ੁਦ ਵੀ ਸਵੀਕਾਰ ਕਰਦਾ ਹੈ।[46]

ਕਾਹਨ ਸਿੰਘ—ਕਾਹਨ ਸਿੰਘ ਦਾ ਜਨਮ ਭਾਈ ਕ੍ਰਿਪਾ ਸਿੰਘ ਦੇ ਘਰ, ਰਾਵੀ ਦਰਿਆ ਦੇ ਕੰਢੇ, ਪਿੰਡ ਚੌਡਪੁਰੀ, ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਹੋਇਆ। ਕਾਹਨ ਸਿੰਘ ਨੇ ਧਾਰਮਿਕ ਸਿਖਿਆ ਠਾਕਰ ਦਿਆਲ ਸਿੰਘ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਕਵੀ ਦੇ ਦੋ ਪੁੱਤਰ—ਗੁਰਚਰਨ ਸਿੰਘ ਤੇ ਗੁਰਬਖ਼ਸ਼ ਸਿੰਘ ਸਨ। 5 ਜਨਵਰੀ 1900 ਈ. (ਸੰਮਤ 1957) ਨੂੰ ਅੰਨ-ਪਾਣੀ ਤਜਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਿਆ।[47]

ਆਪਦੇ ਕਿੱਸੇ 'ਲੈਲਾ ਮਜਨੂੰ', 'ਸ਼ੀਰੀ ਫਰਿਹਾਦ', 'ਮਿਰਜ਼ਾ ਸਾਹਿਬਾਂ', 'ਸੱਸੀ ਪੁੰਨੂੰ' ਤੇ 'ਹੀਰ ਰਾਂਝਾ' (1864 ਈ.) ਹਨ। ਇਸ ਤੋਂ ਇਲਾਵਾ 'ਸੀਹਰਫੀ ਬ੍ਰਹਮ ਬਿਆਨ', 'ਸੀਹਰਫੀ ਭਰਥਰੀ ਸੰਤ', 'ਗੁਰ ਬਿਲਾਸ' (ਦਸਾਂ ਗੁਰੂਆਂ ਦਾ ਜੀਵਨ) ਆਦਿ ਕਾਵਿ ਪੁਸਤਕਾਂ ਲਿਖੀਆ। ਪੰਜਾਬੀ ਸਾਹਿਤ ਜਗਤ ਵਿਚ ਕਾਹਨ ਸਿੰਘ, 'ਹੀਰ ਕਾਹਨ ਸਿੰਘ' ਕਰਕੇ ਜਾਣਿਆ ਜਾਂਦਾ ਹੈ। ਜੋ ਪਹਿਲੀ ਪੋਹ, ਸੰਮਤ 1921 ਮੁਤਾਬਿਕ 1864 ਈ. ਨੂੰ ਸ਼ੁਰੂ ਕੀਤੀ ਤੇ ਦੋ ਮਹੀਨਿਆਂ ਦੇ ਵਿਚ ਲਿਖ ਛੱਡੀ।[48]

ਸਾਰਾ ਕਿੱਸਾ 24 ਕਾਂਡਾਂ ਵਿਚ ਵੰਡਿਆ ਹੈ। ਹਰ ਇਕ ਕਾਂਡ ਵਿਚ ਕੁਝ ਦੋਹੇ, ਕਬਿੱਤ ਤੇ ਮਾਝਾਂ ਕ੍ਰਮਵਾਰ ਆਉਂਦੀਆਂ ਹਨ। ਇਸ ਤੋਂ ਮਗਰੋਂ ਸਾਰਾ ਬਿਆਨ ਬੈਂਤ ਵਿਚ ਚਲਦਾ ਹੈ। ਕਿਤੇ ਕਿਤੇ ਚੌਪਈ ਛੰਦ ਵੀ ਵਰਤਿਆ ਹੈ। ਕਿੱਸੇ ਵਿਚ ਇਕ ਬਾਰਾਂ ਮਾਂਹ ਵੀ ਹੈ, ਜੋ ਡਿਉਢ ਛੰਦ ਵਿਚ ਲਿਖਿਆ ਹੈ।

ਮੀਆਂ ਮੁਹੰਮਦ ਉਮਰ ਦੀਨ—ਉਮਰ ਦੀਨ ਦਾ ਜਨਮ ਮੀਆਂ ਕਰੀਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਖ਼ਸ਼ ਦੇ ਘਰ, ਪਿੰਡ ਬਦਾਲਾ ਨਜ਼ਦੀਕ ਵਜ਼ੀਰਾਬਾਦ (ਪਾਕਿਸਤਾਨ) ਵਿਚ ਹੋਇਆ। ਆਪ ਦੀ ਜਾਤ ਚੀਮਾ ਮੁਸਲਮਾਨ ਸੀ। ਆਪ ਦਾ ਜੱਦੀ ਪਿੰਡ ਲੂਣ ਮਿਆਨੀ, ਜ਼ਿਲਾ ਹੁਸ਼ਿਆਰਪੁਰ ਸੀ, ਜਿਥੋਂ ਆਪ ਦੇ ਵੱਡੇ ਵਡੇਰੇ ਰੁਜ਼ਗਾਰ ਦੀ ਖ਼ਾਤਰ ਬਦਾਲਾ ਜਾ ਵਸੇ ਸਨ।[49]

ਕਿੱਸਾ 'ਹਜ਼ਰਤ ਯੂਸਫ਼' (ਸੰਨ 1288 ਹਿਜਰੀ ਮੁਤਾਬਿਕ 1872 ਈ.) ਵਿਚ ਗੁਲਾਮ ਮਹਿ-ਉਦ-ਦੀਨ ਖਵਾਜਾ ਦੀ ਸਿਫਾਰਸ਼ ਤੇ ਲਿਖਿਆ। ਕਿੱਸੇ ਨੂੰ ਧਾਰਮਿਕ ਰੰਗਣ ਦਿਤੀ ਹੈ। ਯੂਸਫ਼ ਜੁਲੈਖਾਂ ਦੇ ਦੁਖਾਂ, ਦਰਦਾਂ ਦਾ ਦੋਸ਼ੀ ਵਿਅਕਤੀ ਦੀ ਥਾਂ ਕਿਸਮਤ ਨੂੰ ਠਹਿਰਾਇਆ ਹੈ;

ਜਿਦਨ ਮੁਸੀਬਤ ਕਾਮਲ ਹੋਈ, ਲਗੀ ਆਸ ਮਿਲਣ ਦੀ,
ਮਲਕੁਲ ਮੌਤ ਜ਼ਿਆਰਤ ਆਇਆ, ਪੁਛਣ ਖ਼ਬਰੇ ਮਰਣ ਦੀ।[50]

ਇਸ ਯੁਗ ਵਿਚ ਵਿਆਪਕ ਲੁਟ ਘਸੁਟ ਤੇ ਆਪਾ ਧਾਪੀ ਨੂੰ ਵੀ ਬੜੇ ਕਰੂੜ ਸ਼ਬਦਾਂ ਵਿਚ ਬਿਆਨ ਕੀਤਾ ਹੈ।[51] ਇਸ ਵਿਚ ਫ਼ਾਰਸੀ ਸ਼ਬਦਾਵਲੀ ਦੀ ਭਰਮਾਰਤਾ ਹੈ।

ਮੀਆਂ ਮੁਹੰਮਦ ਦੀਨ—ਮੀਆਂ ਮੁਹੰਮਦ ਦੀਨ ਦਾ ਜਨਮ ਪਿੰਡ ਦਿਲਾਵਰ ਚੀਮੀਆਂ, ਜ਼ਿਲਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਸਿੱਖ ਰਾਜ ਦੇ ਅੰਤਲੇ ਸਮੇਂ ਹੋਇਆ। ਵਿਦਿਆ ਆਪਣੇ ਬਾਪ ਤੋਂ ਪ੍ਰਾਪਤ ਕੀਤੀ।[52]

ਆਪ ਨੇ ਪ੍ਰੇਮ ਮਈ ਕਿੱਸੇ—'ਮਿਰਜ਼ਾ ਸਾਹਿਬਾਂ' (1873 ਈ.), 'ਹੀਰ ਰਾਂਝਾ', 'ਸੋਹਣੀ ਮਹੀਂਵਾਲ' ਲਿਖੇ। ਇਨ੍ਹਾਂ ਤੋਂ ਇਲਾਵਾ 'ਜੰਗਨਾਮਾ ਸਿੱਖਾਂ' ਲਿਖਿਆ। ਆਪ ਨੇ ਕਿੱਸਾ 'ਮਿਰਜ਼ਾ ਸਾਹਿਬਾਂ' ਚੌਧਰੀ ਬੂਟੇ ਖਾਂ, ਵਜ਼ੀਰਾਬਾਦੀ ਦੀ ਫੁਰਮਾਇਸ਼ ਤੇ ਲਿਖਿਆ ਸੀ।[53]

ਕਿੱਸਾ 'ਮਿਰਜ਼ਾ ਸਾਹਿਬਾਂ' ਵਿਚ ਕਿੱਸਾਕਾਰ ਨੇ ਪ੍ਰੇਮ-ਮਾਰਗ ਦੀਆਂ ਮੁਸ਼ਕਿਲਾਂ ਤੇ ਇਨ੍ਹਾਂ ਦਾ ਸ਼ਾਂਤੀ ਤੇ ਸਾਹਸ ਨਾਲ ਮੁਕਾਬਲਾ ਕਰਨ ਉਤੇ ਬਲ ਦਿਤਾ ਹੈ। ਇਸ ਤੋਂ ਇਲਾਵਾ ਸਮਕਾਲੀ ਸਭਿਆਚਾਰ ਤੇ ਸੰਸਕ੍ਰਿਤੀ ਦਾ ਵੀ ਚਿਤ੍ਰਣ ਹੈ।

ਸ਼ੇਖ ਫ਼ਜ਼ਲ ਹੁਸੈਨ—ਸ਼ੇਖ ਫ਼ਜ਼ਲ ਹੁਸੈਨ, ਪਿੰਡ ਅਹਿਮਦਾਬਾਦ, ਨਜ਼ਦੀਕ ਦਾਦਨ ਦਾ ਵਸਨੀਕ ਸੀ।[54] ਕਿੱਸਾ 'ਗੁਲਬਦਨ ਵਾ ਨੌਨਿਹਾਲ' ਮੀਆਂ ਸ਼ਾਹ ਜਮਾਂ, ਪਿੰਡ ਮਿਆਨੀ, ਜ਼ਿਲਾ ਹੁਸ਼ਿਆਰਪੁਰ ਦੀ ਸਿਫਾਰਸ਼ ਤੇ ਸੰਨ 1290 ਹਿਜਰੀ ਮੁਤਾਬਿਕ 1873 ਈ.) ਉਹਦੇ ਘਰ ਬੈਠ ਕੇ ਇਕ ਹੀ ਦਿਨ ਵਿਚ ਲਿਖਿਆ।[55]

ਇਹ ਲਖਨਊ ਸ਼ਹਿਰ ਦੇ ਇਕ ਅਮੀਰ ਸੁਦਾਗਰ ਅਹਿਮਦ ਅਲੀ ਦੀ ਪੁਤਰੀ, ਗੁਲਬਦੀਨ ਤੇ ਉਸ ਦੇ ਪ੍ਰੇਮੀ ਹਕੀਮ ਨੌਨਿਹਾਲ ਦੀ ਪ੍ਰੇਮ ਕਹਾਣੀ ਦਾ ਦੁਖਾਂਤਮਈ ਚਿਤਰਣ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੀਆਂ ਮੁਹੰਮਦ-ਉਲ-ਦੀਨ ਕਾਦਰੀ—ਮੀਆਂ ਮੁਹੰਮਦ-ਉਲ-ਦੀਨ ਕਾਦਰੀ, ਦਾ ਇਕੋ ਕਿੱਸਾ 'ਮਿਰਜ਼ਾ ਸਾਹਿਬਾਂ' (1290 ਹਿਜਰੀ ਅਰਥਾਤ 1873 ਈ.) ਮਿਲਦਾ ਹੈ। ਕਾਦਰੀ ਨੇ ਸਿਆਲਾਂ ਤੇ ਖਰਲਾਂ ਦੀ ਲੜਾਈ ਨੂੰ ਵਿਸਥਾਰ ਸਾਹਿਤ ਬਿਆਨ ਕੀਤਾ ਹੈ। ਕਿੱਸਾ ਬੈਂਤ ਛੰਦ ਵਿਚ ਹੈ।

ਜੋਗ ਸਿੰਘ—ਜੋਗ ਸਿੰਘ ਦਾ ਪ੍ਰੇਮ ਮਈ ਕਿੱਸਾ 'ਹੀਰ' ਮਿਲਦਾ ਹੈ। ਜਿਸ ਦਾ ਕਿੱਸਾਕਾਰ ਨੇ ਲਿਖਣ ਸਮਾਂ ਨਹੀਂ ਦਿਤਾ ਪਰ ਉਸ ਦਾ ਲਿਖਣ ਕਾਲ 1825–26 ਈ. ਨੂੰ ਮੰਨਿਆ ਜਾਂਦਾ ਹੈ[56]। ਅਨੁਮਾਨ ਹੈ ਕਿ ਇਹ ਕਿੱਸਾ 1864–1886 ਈ. ਦੇ ਵਿਚਕਾਰ ਲਿਖਿਆ ਹੈ ਕਿਉਂਕਿ 'ਹੀਰ ਕਾਹਨ ਸਿੰਘ' (1864 ਈ.) ਵਿਚ ਜਿਥੇ ਕਵੀ ਨੇ ਪੂਰਬਵਰਤੀ 'ਹੀਰ' ਦੇ ਕਿੱਸਾਕਾਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ, ਜੋਗ ਸਿੰਘ ਦਾ ਹਵਾਲਾ ਨਹੀਂ ਦਿਤਾ, ਜਦੋਂ ਕਿ 'ਹੀਰ ਭਗਵਾਨ ਸਿੰਘ' (1886 ਈ.) ਵਿਚ ਆਪ ਦਾ ਜ਼ਿਕਰ ਹੈ।

ਹੀਰ ਰਾਂਝੇ ਦੀ ਪ੍ਰੀਤ ਨੂੰ, ਇਸ਼ਕ ਹਕੀਕੀ ਬਿਆਨ ਕੀਤਾ ਹੈ।[57] ਇਸ ਕਿੱਸੇ ਵਿਚ ਥਾਂ ਥਾਂ ਸਿਖਿਆਵਾਂ ਦਿਤੀਆਂ ਹਨ, ਜਿਵੇਂ 'ਕਿਸੇ ਨੂੰ ਦੁਖਾਵੇ ਕੋਈ, ਤੇਹਾ ਫ਼ਲ ਪਾਵੇ ਸੋਈ', 'ਜਾਹ ਨਹੀਂ ਕਿਤੇ, ਘਰ ਬੈਠਾ ਗੁਜਰਾਨ ਕਰ', 'ਛੱਡ ਦਿਲਗੀਰੀ ਤੈਨੂੰ, ਪਿਆ ਕਿਹਾ ਸੋਗ ਵੇ', ਇਹ ਸਿਖਿਆਵਾਂ ਵਾਰਤਾਲਾਪ ਵਿਚ ਸੁਭਾਵਿਕ ਢੰਗ ਨਾਲ ਲਿਆਂਦੀਆਂ ਹਨ। ਕਿੱਸਾ ਕਬਿੱਤ ਛੰਦ ਵਿਚ ਲਿਖਿਆ ਹੈ ਤੇ ਕੁਲ 276 ਕਬਿੱਤ ਹਨ।

ਚੌਧਰੀ ਘਸੀਟਾ ਮਲ (1857–1917 ਈ.)—ਘਸੀਟਾ ਮਲ ਦਾ ਜਨਮ ਪਿੰਡ ਕਿਲਾ ਵਾਲੀ, ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੋਇਆ। ਇਸ ਨੇ ਅਨੇਕਾਂ ਛੋਟੇ ਵੱਡੇ ਪ੍ਰੇਮ ਮਈ, ਬੀਰ ਰਸੀ ਤੇ ਉਪਦੇਸ਼ਾਤਮਕ ਕਿੱਸੇ ਲਿਖੇ, ਜਿਨ੍ਹਾਂ ਵਿਚੋਂ ਇਕ ਪ੍ਰੇਮ ਮਈ ਕਿੱਸਾ 'ਸੋਹਣੀ ਮਹੀਂਵਾਲ' ਪ੍ਰਸਿੱਧ ਹੈ।

ਇਬਰਾ (1857–1934 ਈ.)—ਇਬਰਾ ਪਿੰਡ ਦੌਲਤ ਪੁਰਾ. ਜ਼ਿਲਾ ਫਰੀਦ-ਕੋਟ ਦਾ ਵਸਨੀਕ ਸੀ। ਇਸ ਨੇ ਇਕ ਕਿੱਸਾ 'ਮਿਰਜ਼ਾ ਸਾਹਿਬਾਂ' ਲਿਖਿਆ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਜਿਥੇ 'ਮਿਰਜ਼ੇ' ਦੇ ਕਿੱਸਾਕਾਰਾਂ ਨੇ 'ਸਾਹਿਬਾਂ' ਨੂੰ ਬੇਵਫਾ ਬਿਆਨ ਕੀਤਾ ਹੈ, ਉਥੇ ਇਸ ਨੇ ਸਾਹਿਬਾਂ ਨੂੰ ਬਾਵਫਾ ਚਿਤਰਿਆ ਹੈ। ਉਹਦੇ ਅਨੁਸਾਰ ਸ਼ਮੀਰ ਨੇ ਧੋਖੇ ਨਾਲ ਸਾਹਿਬਾਂ ਤੋਂ ਮਿਰਜ਼ੇ ਦੇ ਤੀਰ ਲੈ ਲਏ ਤੇ ਮਗਰੋਂ ਦੋਹਾਂ ਨੂੰ ਮਾਰ ਦਿਤਾ :

ੳ. ਜੱਟੀ ਭੈਣ ਭਰਾਵਾਂ ਨੇ ਠੱਗ ਲਈ ਝੂਠੀਆਂ ਕਸਮਾਂ ਖਾਂ,
ਜੋ ਕੋਈ ਧੋਖਿਉ ਮਾਰਿਆ, ਧੋਖਾ ਬੁਰਾ ਕਜ਼ਾ।[59]

ਅ. ਆਹ ਸਾਂਭ ਲੈ ਜੋਖੋਂ ਆਪਣੀ, ਮੇਰਾ ਵੱਸ ਰਹੀ ਨਾ ਕਾ,
ਮੈਂ ਭੈਣ ਭਰਾਵਾਂ ਨੇ ਠੱਗ ਲੀ, ਝੂਠੀਆਂ ਕਸਮਾਂ ਖਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ ਸਰਲ ਤੇ ਸੁਭਾਵਿਕ ਹੈ, ਜਿਸ ਉੱਪਰ ਮਲਵਈ ਭਾਸ਼ਾ ਦਾ ਪ੍ਰਭਾਵ ਹੈ।

ਗੌਰੀ ਨਾਥ ਗੋਹਰੀ (1859-1908 ਈ.)—ਗੌਰੀ ਨਾਥ ਗੋਹਰੀ ਦਾ ਜਨਮ ਪੰ. ਜੈ ਦਿਆਲ ਦੇ ਘਰ 1859 ਈ. ਨੂੰ ਗੁਜਰਾਂਵਾਲੇ (ਪਾਕਿਸਤਾਨ) ਵਿਖੇ ਹੋਇਆ। ਗੋਹਰੀ, ਪ੍ਰਸਿੱਧ ਕਿੱਸਾਕਾਰ ਪੰਡਿਤ ਕਾਲੀ ਦਾਸ ਉਰਫ ਮਾਨ ਸਿੰਘ ਦਾ ਵੱਡਾ ਭਰਾ ਸੀ। ਕਿੱਸਾ 'ਮਲਕੀ ਕੀਮਾ' (ਪਹਿਲੀ ਕਤਕ, ਸੰਮਤ 1940 ਬਿ. ਜਾਂ ਸੰਨ 1883 ਈ.) ਨੂੰ ਲਿਖਿਆ।[60] ਇਸ ਦੇ ਅਖੀਰ ਇਕ 'ਸੀਹਰਫੀ ਪੰਡਿਤ ਗੌਰੀ ਨਾਥ' ਹੈ। ਕਵੀ ਸਵੀਕਾਰ ਕਰਦਾ ਹੈ ਕਿ ਉਸਨੇ ਅਸਫਲ ਪ੍ਰੀਤ ਖੇਡ ਖੇਡੀ ਹੈ, ਜਿਸ ਦਾ ਪ੍ਰਗਟਾਵਾ ਮਲਕੀ ਕੀਮਾ ਦੇ ਰੂਪਕ ਰਾਹੀਂ ਕੀਤਾ ਹੈ।[61]

ਪੀਰਾਂ ਦਿੱਤਾ ਤ੍ਰਗੜ (ਜਨਮ 1860 ਈ.)—ਤ੍ਰਗੜ ਦਾ ਜਨਮ 1860 ਈ. ਵਿਚ ਗੁਜਰਾਂਵਾਲੇ ਵਿਖੇ ਹੋਇਆ। ਕਿੱਸਾ 'ਯੂਸਫ ਜ਼ੁਲੈਖਾਂ' (1898 ਈ.) ਲਿਖਿਆ ਹੈ। 'ਵਾਰਿਸ ਦੀ ਹੀਰ' ਵਿਚ 1192 ਮਿਸਰੇ ਆਪਣੇ ਵਲੋਂ ਰਲਾ ਕੇ 1920 ਈ. ਸੰਪਾਦਨ ਕੀਤੀ। ਤ੍ਰਗੜ ਬਾਰੇ ਇਹ ਦੰਦ ਕਥਾ ਹੈ ਕਿ ਆਪ ਨੇ ਸਯਦ ਫ਼ਜ਼ਲ ਸ਼ਾਹ ਤੇ ਹਦਾਇਤੁਲਾ ਦੇ ਖਫਨ ਕੀਤੇ ਸਨ।

ਭਾਈ ਖਾਂ ਸੈਦਾ (1860-1924 ਈ.)—ਭਾਈ ਖਾਂ ਸੈਦਾ ਪਿੰਡ ਕਾਲਾ ਅਫਗਾਨਾ, ਜ਼ਿਲਾ ਗੁਰਦਾਸਪੁਰ ਦਾ ਵਸਨੀਕ ਸੀ। ਕਿੱਸਾ 'ਸ਼ੀਰੀ ਫ਼ਰਿਹਾਦ' ਲਿਖਿਆ।

ਸਾਧੂ ਸਦਾ ਰਾਮ (1861-1933 ਈ.)—ਸਾਧੂ ਸਦਾ ਰਾਮ ਦਾ ਜਨਮ ਪਿੰਡ ਗੰਧਾਲੀ (ਰਾਜਿਸਥਾਨ) ਵਿਚ ਹੋਇਆ। ਅਸਫਲ ਪਿਆਰ ਪੀੜਾ ਨੇ ਆਪ ਦੇ ਅੰਦਰ ਸੁੱਤੇ ਕਵੀ ਮਨ ਨੂੰ ਜਗਾਇਆ। ਆਪ ਦੀਆਂ ਕੁਲ ਛਪੀਆਂ ਤੇ ਅਣਛਪੀਆਂ ਰਚਨਾਵਾਂ ਦੀ ਗਿਣਤੀ 16 ਦੇ ਲਗਭਗ ਹੈ, ਪਰ ਪੰਜਾਬੀ ਸਾਹਿਤ ਜਗਤ ਵਿਚ ਸਾਧੂ ਸਦਾ ਰਾਮ 'ਸੋਹਣੀ ਸਦਾ ਰਾਮ' ਕਰਕੇ ਹੀ ਜਾਣਿਆ ਜਾਂਦਾ ਹੈ।

ਆਪ ਨੇ ਆਪਣੀਆਂ ਰਚਨਾਵਾਂ ਉੱਪਰ ਲਿਖਣ ਕਾਲ ਕੋਈ ਨਹੀਂ ਦਿੱਤਾ ਪਰ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ 'ਸੱਸੀ' ਤੇ 'ਸੋਹਣੀ' ਜਵਾਨੀ ਵੇਲੇ ਦੇ ਕਿੱਸੇ ਹਨ। ਡਾ. ਪਰਮਿੰਦਰ ਸਿੰਘ ਅਨੁਸਾਰ ਕਿੱਸਾ 'ਸੋਹਣੀ ਮਹੀਂਵਾਲ' 1889-90 ਈ. ਦੇ ਕਬੀਰ ਲਿਖਿਆ ਹੈ।[62] ਇਹ ਕਿੱਸਾ ਕਬਿੱਤ ਵਿਚ ਲਿਖਿਆ ਹੈ, ਕਿਤੇ ਕਿਤੇ ਕੋਰੜਾ ਛੰਦ ਵੀ ਵਰਤਿਆ ਹੈ। ਭਾਸ਼ਾ ਉੱਪਰ ਮਲਵਈ ਉਪਭਾਸ਼ਾ ਦਾ ਅਸਰ ਹੈ।

ਸੁੰਦਰ ਦਾਸ (1864-1926 ਈ.) ਸੁੰਦਰ ਦਾਸ ਪਿੰਡ ਭੰਮੀ ਪੁਰਾ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਦਾ ਰਹਿਣ ਵਾਲਾ ਸੀ। ਬਚਪਨ ਵਿਚ ਘਰ ਬਾਰ ਤਿਆਗ ਕੇ ਸਾਧੂ ਸਰੂਪ ਦਾਸ ਦਾ ਚੇਲਾ ਬਣ ਗਿਆ ਸੀ। ਆਪ ਦੇ ਦੋ ਵਿਆਹ ਸਨ—ਪਹਿਲੀ ਪਤਨੀ ਦੀ ਕੁਖੋਂ ਇਕ ਪੁੱਤਰ ਤੇ ਦੋ ਲੜਕੀਆਂ ਨੇ ਜਨਮ ਲਿਆ ਤੇ ਦੂਜੀ ਪਤਨੀ ਤੋਂ ਦੋ ਪੁੱਤਰ ਪੈਦਾ ਹੋਏ। ਵੱਡੇ ਦਾ ਨਾਮ ਸਾਧੂ ਈਸ਼ਰ ਦਾਸ ਤੇ ਛੋਟੇ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਂ ਸਾਧੂ ਰਾਮਦਾਸ ਸੀ। ਬੱਚਿਆਂ ਨੂੰ ਧਾਰਮਿਕ ਵਿਦਿਆ ਪੜ੍ਹਾਉਣ ਦੇ ਨਾਲ ਨਾਲ ਹਕੀਮੀ ਵੀ ਕਰਦਾ ਸੀ ।

ਕਿੱਸਾ 'ਹੀਰ' (ਸੰਮਤ 1950 ਬਿ. ਮੁਤਾਬਿਕ 1893 ਈ.) ਵਿਚ ਲਿਖਿਆ । ਇਹ ਕਿੱਸਾ ਪ੍ਰਕਾਸ਼ਿਤ ਨਹੀਂ ਹੋਇਆ ।[63] ਕਿੱਸੇ ਦੇ ਆਰੰਭ ਵਿਚ ਤਿੰਨ ਦੋਹਰੇ ਤੇ ਮਗਰੋਂ 624 ਬੰਦ ਹਨ, ਜਿਨ੍ਹਾਂ ਵਿਚੋਂ 620 ਬੰਦ ਕਬਿੱਤ ਵਿਚ ਤੇ 4 ਬੰਦ ਬੈਂਤ ਵਿਚ ਹਨ ।

ਜੀਵਾ ਸਿੰਘ ਨਾਮ ਦੇ ਦੋ ਕਿੱਸਾਕਾਰ ਮਾਲਵੇ ਵਿਚ ਹੋਏ ਹਨ । ਇਕ 'ਸੋਹਣੀ ਜੀਵਾ ਸਿੰਘ' ਤੇ ਦੂਜਾ 'ਮਿਰਜਾ ਜੀਵ ਸਿੰਘ' ਕਰਕੇ ਪ੍ਰਸਿੱਧ ਹੈ ।

ਜੀਵਾ ਸਿੰਘ (ਮ੍ਰਿਤੂ 1889 ਈ.)—ਜੀਵਾ ਸਿੰਘ ਦਾ ਜਨਮ ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਘਰ ਪਿੰਡ ਭੂਰੇ ਖਟੜੇ, ਜ਼ਿਲਾ ਲੁਧਿਆਣਾ ਵਿਖੇ ਹੋਇਆ । ਕਿੱਤਾ ਰਾਜਗੀਰੀ ਕਰਨਾ ਸੀ । ਜੀਵਾ ਸਿੰਘ, ਬੁਧਵਾਰ ਸਤ ਸਾਉਣ, ਸੰਮਤ 1946 ਮੁਤਾਬਿਕ 1889 ਈ. ਨੂੰ ਸੰਸਾਰ ਤੋਂ ਚਲਾਣਾ ਕਰ ਗਿਆ ।[64]

ਆਪ ਨੇ ਇਕ ਪ੍ਰੇਮ ਮਈ ਕਿੱਸਾ 'ਸੋਹਣੀ ਮਹੀਂਵਾਲ' (1883 ਈ.)[65] ਵਿਚ ਲਿਖਿਆ । ਇਸ ਤੋਂ ਇਲਾਵਾ ਇਕ ਉਪਦੇਸ਼ਾਤਮਕ ਕਿੱਸਾ 'ਗੋਪੀ ਚੰਦ' ਤੇ 'ਜੰਞ ਜੀਵਾ ਸਿੰਘ' ਵੀ ਲਿਖਿਆ । ਜੀਵਾ ਸਿੰਘ ਦੀ ਪ੍ਰਸਿੱਧੀ ਕਿੱਸਾ 'ਸੋਹਣੀ ਮਹੀਂਵਾਲ' ਕਾਰਣ ਹੈ ।

ਮੁਹੰਮਦ ਸ਼ਾਹ ਦੇਹਲਵੀ—ਦੇਹਲਵੀ ਨੇ ਕਿੱਸਾ 'ਮਿਰਜ਼ਾ ਸਾਹਿਬਾਂ' (1850 ਈ.) ਵਿਚ ਲਿਖਿਆ । ਇਹ ਕਿੱਸਾ 1600 ਲਾਈਨਾਂ ਦਾ ਵੱਡਾ ਕਿੱਸਾ ਹੈ । ਇਹ ਕਿਸਾ ਬੈਂਤ ਛੰਦ ਵਿਚ ਲਿਖਿਆ ਹੈ ।

ਗੋਕਲ ਚੰਦ ਸ਼ਰਮਾ (1868–1951 ਈ.) –ਸ਼ਰਮਾ ਪਿੰਡ ਬਸੀ, ਜ਼ਿਲਾ ਲੁਧਿਆਣਾ ਦਾ ਰਹਿਣ ਵਾਲਾ ਸੀ । ਇਸ ਦੇ ਪਿਤਾ ਦਾ ਨਾਂ ਪੰ. ਘਨੀਆ ਰਾਮ ਦੇ ਬਾਬੇ ਦਾ ਨਾਂ ਪੰ. ਮੂਲਾ ਰਾਮ ਸੀ । ਜਾਤ ਬ੍ਰਾਹਮਣ ਤੇ ਗੋਤ ਦਬੇਸਰ ਸੀ ।[66]

ਆਪ ਨੇ ਕਿੱਸਾ 'ਹੀਰ ਗੋਕਲ ਚੰਦ' (1889 ਈ.), 'ਪਰਤਾਪੀ' (1896 ਈ.), 'ਸੁਨਿਆਰੀ' (1900 ਈ.), 'ਜੈਮਲ ਫਤਾ' ਕਿੱਸੇ ਲਿਖੇ । 'ਹੀਰ ਗੋਕਲ ਚੰਦ' ਦੇ ਆਦਿ ਤੇ ਅੰਤ ਉੱਤੇ ਕੁਝ ਦੋਹੇ ਹਨ । ਹੀਰ ਰਾਂਝੇ ਦੀ ਵਾਰਤਾਲਾਪ ਇਕ ਬਾਰਾ ਮਾਂਹ ਵਿਚ ਦਿੱਤੀ ਹੈ । ਭਾਸ਼ਾ ਸਰਲ ਤੇ ਸੁਭਾਵਿਕ ਪੰਜਾਬੀ ਹੈ, ਜਿਸ ਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਹੈ । ਇਸ ਕਿੱਸੇ ਦੇ ਕੁਲ 413 ਬੰਦ ਹਨ ।

ਬਜ਼ਾਰਾ ਸਿੰਘ (1869–1920 ਈ.)—ਬਜ਼ਾਰਾ ਸਿੰਘ ਬਚਪਨ ਵਿਚ ਹੀ ਘਰ ਘਾਟ ਛੱਡ ਕੇ ਸਾਧੂ ਬਣ ਗਿਆ ਸੀ । ਇਸ ਦਾ ਡੇਰਾ ਪਿੰਡ ਔਲਖ, ਤਹਿਸੀਲ ਮੁਕਤਸਰ, ਜ਼ਿਲਾ ਫਰੀਦਕੋਟ ਵਿਖੇ ਅੱਜ ਵੀ ਮੌਜੂਦ ਹੈ । ਇਸ ਨੂੰ ਠਾਕਰ ਮ੍ਰਿਗਿੰਦਰ ਸਿੰਘ ਦੀ ਸਰਪ੍ਰਸਤੀ ਪ੍ਰਾਪਤ ਸੀ ।[67] ਇਸੇ ਪਿੰਡ ਵਿਚ 1920 ਈ. ਨੂੰ ਚਲਾਣਾ ਕਰ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਨੇ ਦੋ ਪ੍ਰੇਮ ਮਈ ਕਿੱਸੇ—'ਹੀਰ' (1894 ਈ.)[68] 'ਸੋਹਣੀ' (1901 ਈ.) ਲਿਖੇ। ਇਸ ਤੋਂ ਇਲਾਵਾ ਇਕ ਉਪਦੇਸ਼ਾਤਮਕ ਕਿੱਸਾ 'ਅੰਮ੍ਰਿਤ-ਸਾਗਰ' (1901 ਈ.) ਵੀ ਲਿਖਿਆ।

ਆਪ ਦੀ ਪ੍ਰੇਮ ਮਈ ਕਵਿਤਾ ਅਧਿਆਤਮਕ ਰੰਗਣ ਦੀ ਹੈ। ਇਸ ਵਿਚ ਸੰਤ ਤੇ ਸੰਗਤ ਦੀ ਮਹਿਮਾ ਗਾਈ ਹੈ।[69] ਕਈ ਵਾਰ ਇਸ ਤਰ੍ਹਾਂ ਭੁਲੇਖਾ ਪੈਂਦਾ ਹੈ ਕਿ ਆਪ ਦੀ 'ਹੀਰ' ਕੋਈ ਉਪਦੇਸ਼ਾਤਮਕ ਕਿੱਸਾ ਹੈ। ਕਿੱਸੇ ਦੀ ਵਾਰਤਾਲਾਪ ਬੜੀ ਜ਼ੋਰਦਾਰ ਹੈ। ਕਬਿੱਤ, ਦੋਹਰਾ ਤੇ ਝੂਲਨਾ ਛੰਦ ਵਰਤੇ ਹਨ। ਕਿੱਸੇ ਵਿਚ ਇਕ ਬਾਰਾਂ ਮਾਹ ਹੈ। ਕਿੱਸੇ ਦੇ ਕੁਲ 556 ਬੰਦ ਹਨ।

ਸਾਹਿਬ ਦਿਆਲ—ਸਾਹਿਬ ਦਿਆਲ ਪਿੰਡ ਕਲਾਂ ਬਾਠਾਂ, ਨੇੜੇ ਕਿਲਾ ਟੇਕ ਚੰਦ, ਤਹਿਸੀਲ ਚੋਹਣੀ, ਜ਼ਿਲਾ ਲਾਹੌਰ (ਪਾਕਿਸਤਾਨ) ਦਾ ਵਸਨੀਕ ਸੀ। ਸਾਹਿਬ ਦਿਆਲ ਦੀ ਜਾਤ ਅਰੋੜਾ ਤੇ ਗੋਤ ਠੁਕਰਾਲ ਸੀ। ਚਾਰ ਭਰਾ—ਸਾਹਿਬ ਦਿਆਲ, ਸਾਗਰ ਦਿਆਲ, ਦੇਵੀ ਦਿਆਲ ਤੇ ਕਿਸ਼ਨ ਦਿਆਲ ਸਨ। ਆਪ ਮਿੰਟਗੁਮਰੀ ਵਿਚ ਸ਼ਰਫ ਨਾਇਬ ਲਗਿਆ ਸੀ।[70] ਸਯਦ ਫ਼ਜ਼ਲ ਸ਼ਾਹ ਦਾ ਸ਼ਾਗਿਰਦ ਸੀ।[71]

ਹਥਲੀ ਕਾਪੀ ਦੇ ਅਖੀਰਲੇ ਪੰਨੇ ਦੀ ਅਣਹੋਂਦ ਕਾਰਣ ਇਸ ਕਿੱਸੇ ਦੇ ਰਚਨਾ ਕਾਲ ਦਾ ਪੂਰਾ ਪਤਾ ਨਹੀਂ ਲੱਗ ਸਕਿਆ ਪਰ ਇਹ ਕਿੱਸਾ ਆਵੱਸ਼ ਹੀ 1890 ਈ. ਤੋਂ ਪਹਿਲਾਂ ਲਿਖਿਆ ਹੈ ਕਿਉਂਕਿ ਕਵੀ ਨੇ ਆਪਣੇ ਗੁਰੂ ਸਯਦ ਫ਼ਜ਼ਲ ਸ਼ਾਹ ਨੂੰ ਸੰਬੋਧਨ ਕੀਤਾ ਹੈ। (ਫ਼ਜ਼ਲ ਸ਼ਾਹ ਦੀ ਮ੍ਰਿਤੂ 1890 ਈ.)।

'ਹਿਜਰੀ ਸਾਗਰ' ਆਪਣੇ ਭਰਾ ਸਾਗਰ ਦਿਆਲ ਦੀ ਮੌਤ ਤੋਂ ਉਤਪੰਨ ਵੈਰਾਗ ਦੇ ਕਾਰਣ ਲਿਖਿਆ। ਇਸੇ ਕਾਰਣ ਕਿੱਸਾ 'ਸੋਹਣੀ ਮਹੀਂਵਾਲ' ਦਾ ਨਾਮ ਆਪਣੇ ਭਰਾ ਦੇ ਨਾਮ ਉੱਤੇ 'ਹਿਜਰ ਸਾਗਰ' ਰਖਿਆ ਹੈ :

> ਫਿਰਾਕ ਅੰਦਰ ਕਿੱਸਾ ਸੋਹਣੀ ਬਣਾਇਆ,
> 'ਹਿਜਰ ਸਾਗਰ' ਨਾਮ ਮੈਂ ਇਸ ਦਾ ਟਿਕਾਇਆ।
> ਰਹੇ ਤਾਂ ਦੁਨੀਆਂ ਸਾਹਿਬ ਦੀ ਨਿਸ਼ਾਨੀ,
> ਪੜ੍ਹੇ ਖਲਕਤ ਮੇਰੀ ਉਸਦੀ ਕਹਾਣੀ।[72]

ਕਿੱਸੇ ਵਿਚ ਬ੍ਰਿਹਾ ਦਾ ਬੜਾ ਸੁਹਣਾ ਵਰਣਨ ਹੈ। ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ। ਕਿੱਸੇ ਦੀ ਭਾਸ਼ਾ ਪੰਜਾਬੀ ਹੈ ਪਰ ਫ਼ਾਰਸੀ ਸ਼ਬਦਾਵਲੀ ਦੀ ਵੀ ਭਰਮਾਰ ਹੈ।

ਸਰਜੂ ਰਾਮ ਨਿਰਮਲਾ—ਸਰਜੂ ਰਾਮ ਨਿਰਮਲਾ ਪਿੰਡ ਕਾਮੀ, ਜ਼ਿਲਾ ਅੰਬਾਲਾ (ਹਰਿਆਣਾ) ਦਾ ਵਸਨੀਕ ਸੀ। ਬਚਪਨ ਵਿਚ ਹੀ ਦੁਨੀਆਂ ਦੇ ਝੰਬੇਲੇ ਛੱਡ ਕੇ, ਨਿਰਮਲੇ ਸੰਤਾਂ ਦਾ ਚੇਲਾ ਬਣ ਗਿਆ ਸੀ। ਆਪ ਦਾ ਡੇਰਾ ਪਿੰਡ ਕਾਮੀ ਵਿਚ ਸਥਿਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿੱਥੇ ਬੱਚਿਆਂ ਨੂੰ ਵਿਦਿਆ ਪੜ੍ਹਾਉਣ ਦਾ ਕੰਮ ਕਰਦਾ ਸੀ। ਕਿੱਸਾਕਾਰੀ ਤੋਂ ਇਲਾਵਾ ਸੰਗੀਤ ਵਿਦਿਆ (ਢੋਲ, ਜੋੜੀ, ਢੱਡ, ਤਬਲਾ ਆਦਿ ਸਾਜ਼ ਨੂੰ ਵਜਾਉਣਾ) ਵਿਚ ਵੀ ਪ੍ਰਬੀਨ ਸੀ ।[73]

ਕਿੱਸਾ 'ਮਿਰਜ਼ਾ ਸਾਹਿਬਾਂ' (ਕਤਕ ਸੰਮਤ 1940 ਜਾਂ ਅਕਤੂਬਰ 1883 ਈ.) ਵਿਚ ਲਿਖਿਆ ।[74] ਕਿੱਸੇ ਵਿਚ ਪੰਜਾਬੀ ਸਭਿਆਚਾਰ ਤੇ ਸੰਸਕ੍ਰਿਤੀ ਦਾ ਯਥਾਰਥਿਕ ਚਿਤ੍ਰਣ ਹੈ ਜਿਵੇਂ ਜਦੋਂ ਮਿਰਜ਼ਾ ਸਾਹਿਬਾਂ ਨੂੰ ਸਿਆਲਾਂ ਤੋਂ ਦਾਨਾਬਾਦ ਲਈ ਲੈ ਨਿਕਲਦਾ ਹੈ ਤਾਂ ਰਸਤੇ ਵਿਚ ਖੁਸ਼ੀ ਵਿਚ ਸ਼ਰਾਬ ਪੀਂਦਾ ਹੈ,[75] ਜੋ ਪੰਜਾਬੀ ਗਭਰੂ ਦੀ ਖਾਸ ਰੁਚੀ ਹੈ। ਕਿੱਸਾ ਕਬਿੱਤ ਛੰਦ ਵਿਚ ਲਿਖਿਆ ਹੈ। ਕੁਲ 367 ਕਬਿੱਤ ਹਨ।

ਜੀਵਾ ਸਿੰਘ (1864—1934 ਈ.) ਜੀਵਾ ਸਿੰਘ ਦਾ ਜਨਮ ਪਿੰਡ ਰਤੋਂਵਾਲ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ 1864 ਈ. ਨੂੰ ਹੋਇਆ। ਜਾਤ ਦਾ ਰਾਮਗੜ੍ਹੀਆ ਸੀ ਪਰ ਫੌਜ ਦੀ ਨੌਕਰੀ ਕਰਦਾ ਸੀ ।[76] 16 ਦਸੰਬਰ, 1938 ਈ. ਨੂੰ ਪਿੰਡ ਰਤੋਂਵਾਲ ਵਿਖੇ, ਆਪ ਦਾ ਦੇਹਾਂਤ ਹੋ ਗਿਆ। ਆਪ ਨੇ ਦੋ ਪ੍ਰੇਮ ਮਈ ਕਿੱਸੇ 'ਮਿਰਜ਼ਾ ਸਾਹਿਬਾਂ' (1889 ਈ.) 'ਸੰਮੀ ਮਾੜਵਾਲ ਢੋਲ' (1896 ਈ.) ਲਿਖੇ ਹਨ। ਮੰਗਲਾਚਰਣ ਵਿਚ ਦੁਰਗਾ ਦੇਵੀ ਦੀ ਉਸਤਤੀ ਤੋਂ ਮਗਰੋਂ, ਦਸਾਂ ਗੁਰੂਆਂ ਦੀ ਉਪਮਾ ਕਰਕੇ ਕਿੱਸਿਆਂ ਦਾ ਆਰੰਭ ਕੀਤਾ ਹੈ।

ਨਵਾਬ ਸ਼ਾਹ ਬੁਖਾਰੀ—ਬੁਖਾਰੀ ਪਿੰਡੀ ਤੇਲੀਆਂ ਵਾਲੀ, ਕਕਰਾਲਾ, ਜ਼ਿਲਾ ਗੁਜਰਾਤ ਦਾ ਵਸਨੀਕ ਸੀ। ਆਪ ਦਾ ਇਕੋ ਕਿੱਸਾ 'ਸੋਹਣੀ ਮਹੀਂਵਾਲ' (1310 ਹਿਜਰੀ ਮੁਤਾਬਿਕ 1894 ਈ.) ਮਿਲਦਾ ਹੈ। ਬੁਖਾਰੀ ਅਨੁਸਾਰ ਅਸਫਲ ਪ੍ਰੀਤ ਕਾਰਣ ਉਤਪੰਨ ਹਿਰਦੇ ਦੀ ਵੇਦਨਾ ਨੂੰ ਸੋਹਣੀ ਮਹੀਂਵਾਲ ਦੇ ਰੂਪਕ ਰਾਹੀਂ ਅਭਿਵਿਅਕਤ ਕੀਤਾ ਹੈ ।[77] ਕਿੱਸੇ ਵਿਚ ਦਰਦ, ਸੋਜ਼ ਤੇ ਸੰਜੀਦਗੀ ਹੈ। ਭਾਸ਼ਾ ਸਰਲ ਤੇ ਸੁਭਾਵਿਕ ਹੈ।

ਝੰਡੇ ਸ਼ਾਹ—ਆਪ ਚੱਕ ਮੁਕੰਦਾ ਤਹਿਸੀਲ ਤੇ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਆਪ ਨੇ ਕਿੱਸਾ, ਸੋਹਣੀ ਮਹੀਂਵਾਲ' (ਸੰਨ 1311 ਹਿਜਰੀ ਮੁਤਾਬਿਕ 1894 ਈ.) ਵਿਚ ਲਿਖਿਆ ।[78] ਕਿੱਸਾਕਾਰ ਨੇ ਸੋਹਣੀ ਮਹੀਂਵਾਲ ਦੇ ਰੂਪਕ ਰਾਹੀਂ, ਅਸਫਲ ਪ੍ਰੀਤ ਦੇ ਕਾਰਣ ਉਤਪੰਨ ਹਿਰਦੇ ਦੀ ਪੀੜਾ ਨੂੰ ਇਸ ਕਿੱਸੇ ਵਿਚ ਬਿਆਨ ਕੀਤਾ ਹੈ :

ਮਹੀਂਵਾਲ ਇਸ ਇਸ਼ਕ ਕੰਗਾਲ ਕੀਤਾ,
ਸੋਹਣੀ ਡੁਬ ਮੋਈ ਡੁਬੇ ਮੀਰ ਬੇਲੀ।
ਝੰਡੇ ਸ਼ਾਹ ਵੀ ਇਸ਼ਕ ਮਹਿਬੂਬ ਅੰਦਰ,
ਦਿਨ ਰਾਤ ਹੀ ਰਹੇ ਦਿਲਗੀਰ ਬੇਲੀ ।[79]

ਇਸ ਕਾਰਣ ਇਸ ਕਿੱਸੇ ਵਿਚ ਸੋਜ਼, ਦਰਦ ਤੇ ਸੰਜੀਦਗੀ ਤੇ ਰਵਾਨਗੀ ਹੈ। ਕਿੱਸੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਬਾਰਾਂ ਮਾਂਹ ਤੇ ਇਕ ਸਤਵਾਰਾ ਹੈ। ਜੋ ਜੁਮੇਵਾਰ ਤੋਂ ਸ਼ੁਰੂ ਹੁੰਦਾ ਹੈ।

ਰੋਸ਼ਨ—ਰੋਮਨ ਨੇ 'ਹੀਰ ਰੋਸ਼ਨ' (ਸੰਮਤ ਨਾਨਕ ਸ਼ਾਹੀ 426 ਜਾਂ ਸੰਨ 1895 ਈ.) ਵਿਚ ਲਿਖੀ।[80] ਇਹ ਕਿੱਸਾ ਸੀਹਰਫੀ ਕਾਵਿ ਰੂਪ ਵਿਚ ਲਿਖਿਆ ਹੈ।

ਫਜ਼ਲ ਦੀਨ—ਫਜ਼ਲ ਦੀਨ ਅੰਮ੍ਰਿਤਸਰ ਦਾ ਵਸਨੀਕ ਸੀ। ਇਸ ਲਈ 'ਫਜ਼ਲਦੀਨ ਅੰਮ੍ਰਿਤਸਰੀ' ਕਰਕੇ ਪ੍ਰਸਿੱਧ ਹੈ। ਆਪ ਦਾ ਇਕ ਪੁੱਤਰ ਸੀ, ਜਿਸ ਦਾ ਨਾਮ ਅੱਲਾ ਬਖ਼ਸ਼ ਸੀ।[81]

ਕਿੱਸਾ 'ਸੋਹਣੀ ਮਹੀਂਵਾਲ' (1314 ਹਿਜਰੀ ਜਾਂ 1897 ਈ.) ਨੂੰ ਲਿਖਿਆ।[82] ਕਿੱਸੇ ਦੇ ਅਧਿਐਨ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਫਜ਼ਲ ਦੀਨ ਨੇ 'ਸੋਹਣੀ ਫਜ਼ਲ ਸ਼ਾਹ' ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ। ਕਿੱਸੇ ਦੀ ਕਹਾਣੀ ਤੇ ਭਾਸ਼ਾ ਬਹੁਤ ਹੱਦ ਤਕ ਮਿਲਦੀ ਜੁਲਦੀ ਹੈ ਜਿਵੇਂ ਇਜ਼ਤ ਬੇਗ (ਮਹੀਂਵਾਲ) ਤੇ ਸੋਹਣੀ ਦੀ ਪਹਿਲੀ ਮੁਲਾਕਾਤ ਦਾ ਬਿਆਨ :

ਤੁਲਾ ਕੰਮ ਦੇ ਵਿਚ ਮਸ਼ਗੂਲ ਆਹਾ,
ਐਪਰ ਕੰਮ ਹੈ ਸੀ ਤੱਤੇ ਤਾਇ ਜਾਨੀ।
ਕਹਿੰਦਾ ਨਾਲ ਪਿਆਰ ਦੇ ਸੋਹਣੀ ਨੂੰ,
ਭੰਡੜੇ ਇਨ੍ਹਾਂ ਵਿਖਾ ਜਾਨੀ।
ਜਿਵੇਂ ਬਦਲਾਂ ਦੀ ਚੰਦ ਬਹਾਰ ਆਵੇ।
ਸੋਹਣੀ ਨਿਕਲੀ ਨਾਲ ਅਦਾ ਜਾਨੀ।
ਸੂਰਤ ਸੋਹਣੀ ਵੇਖਕੇ ਸੋਹਣੀ ਦੀ,
ਇਜ਼ਤ ਬੇਗ ਡਿੱਗਾ ਗਸ਼ ਖਾਇ ਜਾਨੀ।[83] (ਸੋਹਣੀ ਫਜ਼ਲ ਸ਼ਾਹ)

ਤੁਲੇ ਕੰਮ ਤੋਂ ਫੁਰਸਤ ਨਾ ਮੂਲ ਆਹੀ,
ਉਠ ਸ਼ਕਿਆ ਨਾ ਹੋ ਲਚਾਰ ਬੋਲੀ।
ਆਖੇ ਸੋਹਣੀ ਨੂੰ ਭਾਂਡੇ ਦਿਖਾ ਜਲਦੀ,
ਜਿਹੜੇ ਹੋਏ ਹੁਣ ਕੁਲ ਤਿਆਰ ਬੇਲੀ।
ਜਿਵੇਂ ਬਦਲਾਂ ਵਿਚੋਂ ਬਿਜਲੀ ਚਮਕ ਮਾਰੇ,
ਸੋਹਣੀ ਨਿਕਲੀ ਸੀ ਲਸ਼ਕ ਮਾਰ ਬੇਲੀ।
ਮਿਰਜ਼ਾ ਵੇਖ ਕੇ ਹੋ ਮੁਸ਼ਤਾਕ ਗਿਆ,
ਲਗਾ ਤੀਰ ਕਲੇਜੜੇ ਵਿਚਕਾਰ ਬੇਲੀ।[84] (ਸੋਹਣੀ ਫਜ਼ਲ ਦੀਨ)

ਇਹ ਕਿੱਸਾ ਇਕ ਤਰ੍ਹਾਂ ਨਾਲ 'ਸੋਹਣੀ ਫਜ਼ਲ ਸ਼ਾਹ' ਦੀ ਨਕਲ ਲਗਦਾ ਹੈ। ਸੰਭਵ ਹੈ ਕਿ ਸੋਹਣੀ ਫਜ਼ਲ ਸ਼ਾਹ ਦੀ ਪ੍ਰਸਿੱਧਤਾ ਕਾਰਣ ਕਿਸੇ ਪਬਲਿਸ਼ਰ ਨੇ ਫਜ਼ਲ ਦੀਨ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਲਿਖਵਾਇਆ ਹੋਵੇ ਤੇ ਸੋਹਣੀ ਫਜ਼ਲ ਸ਼ਾਹ ਦੇ ਭੁਲੇਖੇ ਵੇਚਦੇ ਹੋਣਗੇ। ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ।

ਸ਼ੇਰ ਮੁਹੰਮਦ—ਸ਼ੇਰ ਮੁਹੰਮਦ ਪਿੰਡ ਮਾਛੀਵਾੜਾ, ਜ਼ਿਲਾ ਲੁਧਿਆਣਾ ਦਾ ਵਸਨੀਕ ਸੀ। ਆਪ ਨੇ 'ਮਿਰਜ਼ਾ ਸਾਹਿਬਾਂ' (1316 ਹਿਜਰੀ ਮੁਤਾਬਿਕ 1898 ਈ.), 'ਸੋਹਣੀ ਮਹੀਂਵਾਲ' (1319 ਹਿਜਰੀ ਮੁਤਾਬਿਕ 1901 ਈ.) ਕਿੱਸੇ ਲਿਖੇ ਹਨ । ਕਿੱਸੇ ਮਿਰਜ਼ਾ ਸਾਹਿਬਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਕ ਸਬ-ਪਲਾਟ ਵੀ ਹੈ। ਜਿਸ ਵਿਚ ਖਰਲਾਂ ਤੇ ਸਿਆਲਾਂ (ਮਿਰਜ਼ੇ ਤੇ ਸਾਹਿਬਾਂ ਦੇ ਮਾਪੇ) ਦੀ ਦੁਸ਼ਮਣੀ ਦਾ ਕਾਰਣ ਮਿਰਜ਼ੇ ਦੇ ਬਾਪ ਵੰਜਲ ਦਾ ਮਿਰਜ਼ੇ ਦੀ ਮਾਂ (ਸਿਆਲਾਂ ਦੀ ਲੜਕੀ) ਨੂੰ ਜ਼ਬਰਦਸਤੀ ਚੁਕਕੇ ਲੈ ਜਾਣਾ, ਦਸਿਆ ਹੈ। ਬਾਕੀ ਕਹਾਣੀ ਪਰੰਪਰਾਗਤ ਹੈ।

ਪਾਲ ਸਿੰਘ ਆਰਿਫ—ਪਾਲ ਸਿੰਘ ਆਰਿਫ ਪਿੰਡ ਪਦਰੀ, ਡਾਕਖਾਨਾ ਚੁਵਿੰਡਾ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ ।[85] ਆਪ ਨੇ ਇਸ਼ਕ ਹਕੀਕੀ ਤੇ ਇਸ਼ਕ ਮਿਜ਼ਾਜੀ, ਦੋਵੇਂ ਵੰਨਗੀ ਦੇ ਕਿੱਸੇ ਲਿਖੇ। ਪ੍ਰੇਮ ਮਈ ਕਿੱਸੇ--'ਚੰਦਰ ਬਦਨ' (1953 ਸੰਮਤ ਬਿ. ਜਾਂ 1896 ਈ.)[86] 'ਸੋਹਣੀ ਮਹੀਂਵਾਲ' (1955 ਸੰਮਤ ਬਿ. ਜਾਂ 1898 ਈ.)[87] ਲਿਖੇ। ਆਪ ਨੇ ਇਸ਼ਕ ਮਿਜ਼ਾਜੀ ਦੇ ਕਿੱਸਿਆਂ ਨੂੰ ਵੀ ਅਖ਼ੀਰ ਤੇ ਇਸ਼ਕ ਹਕੀਕੀ ਦੀ ਰੰਗਣ ਦਿੱਤੀ ਹੈ।[88] ਆਰਿਫ਼ ਦੀ ਕਵਿਤਾ ਉੱਪਰ ਸਮਕਾਲੀ ਸਮਾਜ ਸੁਧਾਰਿਕ ਲਹਿਰਾਂ ਦਾ ਅਸਰ ਪ੍ਰਤੱਖ ਦਿਸਦਾ ਹੈ। ਪੰਜਾਬੀ ਕਿੱਸਾ-ਕਾਵਿ ਖੇਤਰ ਵਿਚ ਇਸਤਰੀ ਨਿੰਦਿਆ ਦੀ ਇਕ ਪਰਿਪਾਟੀ ਚਲਦੀ ਸੀ, ਜਿਸ ਨੂੰ ਕਿਸੇ ਵੀ ਕਿੱਸਾਕਾਰ ਨੇ ਤੋੜਨ ਦਾ ਯਤਨ ਨਹੀਂ ਕੀਤਾ, ਪਰ ਆਰਿਫ ਨੇ ਇਸਤਰੀ ਨਿੰਦਿਆ ਦੇ ਨਾਲ ਨਾਲ ਇਸਤਰੀ ਦੇ ਗੁਣ ਨੂੰ ਅਖੋਂ ਓਹਲੇ ਨਹੀਂ ਕੀਤਾ ।[89]

ਮਾਨ ਦਾਸ--ਮਾਨ ਦਾਸ ਪਿੰਡ ਦੋਦਰ, ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ ਦਾ ਵਸਨੀਕ ਸੀ। ਕਿੱਸਾ 'ਸੋਹਣੀ ਮਹੀਂਵਾਲ' (ਚੇਤਰ ਸੰਮਤ 1955 ਮੁਤਾਬਿਕ 1898 ਈ.) ਵਿਚ ਲਿਖਿਆ।[90] ਮਾਨ ਦਾਸ ਕਿੱਸਾਕਾਰੀ ਤੋਂ ਇਲਾਵਾ, ਯੰਤਰ ਮੰਤਰ ਤੇ ਜਾਦੂ ਟੂਣੇ ਵੀ ਕਰਦਾ ਸੀ।[91]

ਕਾਸਰ--ਕਿੱਸਾ 'ਲੈਲਾ ਮਜਨੂੰ' (ਸੰਮਤ ਨਾਨਕ ਸ਼ਾਹੀ 430, ਜਾਂ ਸੰਨ 1899 ਈ.) ਵਿਚ ਲਿਖਿਆ। ਇਹ ਇਕ ਲਘੂ ਕਿੱਸਾ ਹੈ। ਬੈਂਤ ਛੰਦ ਵਿਚ ਲਿਖਿਆ ਹੈ। ਕੁਲ 30 ਬੈਂਤ ਹਨ।

ਸਾਧੂ ਈਸ਼ਰ ਸਿੰਘ---ਆਪ ਦਾ ਜਨਮ, ਉਨ੍ਹੀਵੀਂ ਸਦੀ ਦੇ ਮੱਧ ਵਿਚ ਪਿੰਡ ਤਲਵੰਡੀ ਵਿਖੇ ਮਾਤਾ ਭਾਗੋ ਦੇ ਪਿਤਾ ਭਾ. ਬੁਧ ਸਿੰਘ ਦੇ ਘਰ ਹੋਇਆ। ਦੁਨੀਆਦਾਰੀ ਤੋਂ ਕਿਨਾਰਾਕਸ਼ੀ ਕਰ ਕੇ ਕਿਸੇ ਉਦਾਸੀ ਮਹਾਤਮਾ ਤੋਂ ਦੀਖਿਆ ਲੈ ਕੇ ਰਮਤਾ ਫਕੀਰ ਬਣ ਗਿਆ। ਅਖੀਰਲੀ ਉਮਰ, ਪਿੰਡ ਲੁਹਾਰੇ, ਜ਼ਿਲਾ ਲੁਧਿਆਣੇ ਵਿਚ ਡੇਰਾ ਬਣਾ ਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਉਮਰ ਦਾ ਬਾਕੀ ਹਿੱਸਾ ਇਥੇ ਕਟਿਆ।[92]

ਆਪ ਨੇ ਕਿੱਸਾ 'ਗਿਆਨ ਸੋਹਣੀ' (1899 ਈ.) ਵਿਚ ਲਿਖਿਆ। ਵਾਸਤਵ ਵਿਚ ਕਿੱਸਾ 'ਇਸ਼ਕ ਮਸ਼ੂਕ' (1894 ਈ.) ਵਿਚ ਲਿਖਿਆ, ਮਗਰੋਂ ਇਸ ਨੂੰ 'ਗਿਆਨ ਸੋਹਣੀ' ਦੇ ਨਾਂ ਹੇਠ (1899 ਈ. ਵਿਚ ਪ੍ਰਕਾਸ਼ਿਤ ਕੀਤਾ। ਜਿਸ ਵਿਚ ਕਵੀ ਨੇ ਆਪ ਬੀਤੀ ਕਲਮਬੰਦ ਕੀਤੀ ਲਗਦੀ ਹੈ।[93] ਕਬਿੱਤ ਛੰਦ ਵਰਤਿਆ ਹੈ, ਕੁਲ 64 ਕਬਿੱਤ ਹਨ। ਇਸ ਤੋਂ ਇਲਾਵਾ 'ਰੇਲ ਗੱਡੀ', 'ਕਾਫ਼ੀਆਂ ਸਾਧੂ ਈਸ਼ਰ ਦਾਸ' ਮਿਲਦੀਆਂ ਹਨ।

ਰਾਜਾ ਰਾਮ—ਆਪ ਪਿੰਡ ਘੁੰਗਰਾਣਾ ਜੜਤੋਲੀ, ਡਾਕਖਾਨਾ ਡੇਹਲੋਂ, ਜ਼ਿਲਾ ਲੁਧਿਆਣਾ ਦਾ ਵਸਨੀਕ ਸੀ। ਕਵਿਤਾ ਦਾ ਗਿਆਨ ਬਰਕਤ ਸਿੰਘ ਹਰਨਾਮ ਪਾਸੋਂ ਲਿਆ।[94] ਕਿੱਸਾ ਸੋਹਣੀ ਮਹੀਂਵਾਲ' 1900 ਈ.) ਵਿਚ ਲਿਖਿਆ। ਜੋ ਬਾਰਾਂ ਮਾਂਹ ਵਿਚ ਹੈ।

ਬਾਵਾ ਬੰਸੀ ਵਾਲ—ਆਪ ਦਾ ਡੇਰਾ ਦੇਵਪੁਰ ਸ਼ਹਿਰ ਮੁਲਤਾਨ ਵਿਚ ਸੀ। ਆਪ ਨੇ 'ਹੀਰ ਦਾ ਕਿੱਸਾ 1904 ਈ. ਵਿਚ ਦੋਹਿਰੇ, ਕਬਿੱਤ, ਸੋਰਠਾ, ਝੂਲਣਾ, ਸ੍ਵੈਯਾ ਤੇ ਸ਼ੰਕਰ ਛੰਦ ਵਿਚ ਲਿਖਿਆ ਹੈ। ਇਸ ਦੀ ਭਾਸ਼ਾ ਟਕਸਾਲੀ ਪੰਜਾਬੀ ਹੈ। ਕਿੱਸੇ ਦਾ ਅੰਤ ਸੁਖਾਂਤ ਹੈ।

ਮੌਲਾ ਸ਼ਾਹ ਮਜੀਠਵੀਂ—ਆਪ ਦਾ ਜਨਮ ਮਜੀਠਾ, ਜ਼ਿਲਾ ਅੰਮ੍ਰਿਤਸਰ ਤੇ ਪੈਦਾਇਸ਼ ਧਰਮ ਕੋਟ ਬੱਘੀਆਂ ਵਿਚ ਹੋਈ। ਆਪ ਨੇ ਇਕੋ ਕਿੱਸਾ 'ਹੀਰ' ਬੈਂਤ ਛੰਦ ਵਿਚ ਲਿਖਿਆ ਹੈ।

ਮੀਆਂ ਮੌਲਾ ਬਖਸ਼ ਕੁਸ਼ਤਾ—ਮੌਲਾ ਬਖ਼ਸ਼ ਕੁਸ਼ਤਾ ਨੇ 1913 ਈ. ਵਿਚ 'ਹੀਰ' ਦਾ ਕਿੱਸਾ ਪ੍ਰਕਾਸ਼ਿਤ ਕਰਵਾਇਆ। ਇਹ ਇਕ ਵਡੀ ਆਕਾਰ ਦੀ ਰਚਨਾ ਹੈ। ਇਸ ਬਾਰੇ ਭਾਈ ਵੀਰ ਸਿੰਘ ਨੇ ਲਿਖਿਆ ਹੈ, "ਇਹ ਕਿੱਸਾ ਠੇਠ ਪੰਜਾਬੀ ਬੈਂਤਾਂ ਵਿਚ ਹੈ, ਇਸ ਦੀ ਬਨਾਵਟ ਉਮਦਾ ਹੈ, ਪੰਜਾਬੀ ਸਾਫ ਹੈ ਤੇ ਵਰਨਣ ਢੰਗ ਪ੍ਰਸੰਸਨੀ ਹੈ।"

ਪੰ. ਕਿਸ਼ੋਰ ਚੰਦ—ਆਪ ਦਾ ਜਨਮ 2 ਅਕਤੂਬਰ, 1890, ਈ. ਨੂੰ ਪੰ. ਗੰਗਾ ਰਾਮ ਦੇ ਘਰ ਬਦੋਂਵਾਲ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਨੂੰ ਕਵਿਤਾ ਲਿਖਣ ਦੀ ਚੇਟਕ ਬਚਪਨ ਵਿਚ ਲਗ ਗਈ ਸੀ, 22 ਸਾਲ ਦੀ ਉਮਰ ਵਿਚ ਕਿੱਸਾ 'ਹੀਰ ਕਿਸ਼ੋਰ ਚੰਦ' ਪ੍ਰਕਾਸ਼ਿਤ ਕੀਤਾ। ਆਪ ਨੇ ਛੋਟੇ ਵੱਡੇ 180 ਕਿੱਸੇ ਲਿਖੇ ਜਿਨ੍ਹਾਂ ਵਿਚ 'ਹੀਰ ਕਿਸ਼ੋਰ ਚੰਦ', 'ਜਾਨੀ ਚੋਰ', ਗੋਲ ਖੂੰਡਾ', 'ਆਲਾ ਊਦਲ', ਅਰਥਾਤ 'ਬਬਰ ਸ਼ੇਰ', 'ਜਗਦੇਵ ਸਿੰਘ ਸੂਰਮਾ', 'ਰਾਣਾ ਪਰਤਾਪ', 'ਰਾਜਾ ਪ੍ਰਿਥਵੀ ਸਿੰਘ', 'ਰਤਨ ਸੈਨ ਤੇ ਭੂਰਾ ਬਦਲ', 'ਦਸ਼ਮੇਸ਼ ਹੁਲਾਸ', 'ਦਹੂਦ ਬਾਦਸ਼ਾਹ', 'ਚੰਦਰ ਹਾਂਸ', 'ਰਾਜਾ ਮਾਨ ਧਾਤਾ', 'ਮੁੱਲ ਦਾ ਵਿਆਹ', 'ਪੱਟੀ ਮੇਸ ਬੰਤੋ', ਕਿੱਸਾ ਜੈ ਕੌਰ ਤੇ ਬਿਸ਼ਨ ਸਿੰਘ', 'ਕਿੱਸਾ ਰਤਨੀ ਸੁਨਿਆਰੀ', 'ਚੂੜੀਆਂ ਦੀ ਲੜਾਈ', ਇਸ਼ਕ ਦੇ ਭਾਂਬੜ', 'ਦੇਵਰ ਭਾਬੀ' ਆਦਿ ਪ੍ਰਸਿੱਧ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁਮਾਂਟਿਕ ਕਿੱਸਾਕਾਰ

ਇਮਾਮ ਬਖ਼ਸ਼ ਤੇ ਮੁਹੰਮਦ ਬਖ਼ਸ਼ ਬਾਰੇ ਪਿਛਲੇ ਪੰਨਿਆਂ ਤੇ ਚਰਚਾ ਕਰ ਆਏ ਹਾਂ।

ਇਮਾਮਦੀਨ—ਇਮਾਮਦੀਨ, ਪਿੰਡ ਡਸਕਾ, ਕੋਟ ਸ਼ਾਹੀਆਂ, ਜ਼ਿਲਾ ਸਿਆਲਕੋਟ ਦਾ ਰਹਿਣ ਵਾਲਾ ਸੀ। ਆਪ ਨੇ ਦੋ ਰੁਮਾਂਟਿਕ ਕਿੱਸੇ : 'ਬੱਦਰੇ ਮੁਨੀਰ' (1864 ਈ.) ਤੇ ਜਹਾਂਦਾਰ ਸ਼ਾਹ ਵਾ ਬਹਿਰੋਜ ਬਾਨੋ 1886 ਈ. ਲਿਖੇ ਹਨ। ਇਨ੍ਹਾਂ ਵਿਚ ਪਰਾਸਰੀਰਕ ਅੰਸ਼ ਦੀ ਭਰਮਾਰ ਹੈ।

ਮੌਲਵੀ ਰੋਸ਼ਨ ਦੀਨ—ਮੌਲਵੀ ਸਾਹਿਬ ਦਾ ਜਨਮ ਪਿੰਡ ਘੁੰਮਣ ਛੋਟਾ, ਜ਼ਿਲਾ ਗੁਰਦਾਸ ਪੁਰ ਵਿਚ (1866 ਈ.) ਵਿਚ ਹੋਇਆ। ਆਪ ਨੇ ਦੋ ਕਿੱਸੇ 'ਦਿਲ ਖ਼ੁਰਸ਼ੀਦ' 1885 ਈ. ਤੇ ਕਿੱਸਾ 'ਜੱਬਰ' ਲਿਖੇ ਹਨ।

ਵਸਾਖਾ ਸਿੰਘ—ਵਸਾਖਾ ਸਿੰਘ ਦਾ ਜਨਮ ਸ. ਪਰਤਾਪ ਸਿੰਘ ਦੇ ਘਰ ਖ਼ੂਸਰ ਬਰਿਆਰ, ਤਹਿਸੀਲ ਵਜ਼ੀਰਾਬਾਦ, ਜ਼ਿਲਾ ਗੁਜਰਾਂ ਵਾਲੇ (ਪਾਕਿਸਤਾਨ) ਵਿਚ ਹੋਇਆ, ਆਪ ਦੀ ਜਾਤ ਜਟ ਤੇ ਗੋਤ ਧਾਰੀਵਾਲ ਸੀ। ਫੌਜ ਵਿਚ ਸੈਨਿਕ ਲਗਾ ਹੋਇਆ ਸੀ। ਆਪ ਨੇ ਕਿੱਸਾ ਸ਼ਾਹ ਬਹਿਰਾਮ ਤੇ ਹੁਸਨ ਬਾਨੋ (1899 ਈ.) ਵਿਚ ਲਿਖਿਆ ਹੈ।

ਰਹੀਮ ਬਖ਼ਸ਼—ਰਹੀਮ ਬਖ਼ਸ਼, ਪਿੰਡ ਦਾਊਦ, ਤਸੀਲ ਰਈਆ, ਜ਼ਿਲਾ ਸਿਆਲਕੋਟ ਦਾ ਵਸਨੀਕ ਸੀ। ਆਪ ਨੇ ਕਿੱਸਾ 'ਦਿਲ ਖ਼ੁਰਸ਼ੀਦ' ਲਿਖਿਆ ਹੈ।

ਸਦਾ ਨੰਦ— ਆਪ ਤ੍ਰਿਲੋਕਪੁਰਾ' ਜ਼ਿਲਾ ਲਾਹੌਰ ਦਾ ਵਸਨੀਕ ਸੀ। ਆਪ ਦੇ ਦੋ ਕਿੱਸੇ 'ਸ਼ਾਹ ਬਹਿਰਾਮ' ਤੇ 'ਰੂਪ ਬਸੰਤ' ਮਿਲਦੇ ਹਨ।

ਬੀਰ-ਰਸੀ ਕਿੱਸਾਕਾਰ

ਕਾਨ੍ਹ ਸਿੰਘ ਬੰਗਿਆਂ ਵਾਲਾ—ਕਾਨ੍ਹ ਸਿੰਘ ਬੰਗਾ, ਜ਼ਿਲਾ ਜਲੰਧਰ ਦਾ ਵਸਨੀਕ ਸੀ, ਆਪ ਦਾ ਇਕ ਕਿੱਸਾ 'ਜੰਗਨਾਮਾ ਲਾਹੌਰ' ਮਿਲਦਾ ਹੈ। ਜੋ ਮਿਸਟਰ ਵੈਨ ਇਸਦਾਦ, ਡਿਪਟੀ ਕਮਿਸ਼ਨਰ ਦੇ ਆਦੇਸ਼ ਉਪਰ ਲਿਖਿਆ ਹੈ :

ਕਹਾਂ ਵੈਨ ਇਸਦਾਦ ਦੀਜੋ ਬਤਾ,
ਸਿੰਘਨ ਹਮਾਰੀ ਸ਼ਿਕਸਤੋ ਫਤਾਹ।

ਇਸ ਕਿੱਸੇ ਵਿਚ ਅੰਗ੍ਰੇਜ਼ਾਂ ਦੀ ਹਦੋਂ ਵੱਧ ਵਡਿਆਈ ਕੀਤੀ ਹੈ। ਸਿੰਘਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਲਈ ਮਹਾਰਾਣੀ ਜਿੰਦਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਸੰਭਵ ਹੈ ਕਿ ਸਮਕਾਲੀਨ ਬਦੇਸ਼ੀ ਸਰਕਾਰ ਨੇ ਪੰਜਾਬੀਆਂ ਦੀ ਹਮਦਰਦੀ ਦੇ ਸਹਿਯੋਗ ਜਿਤਣ ਲਈ ਲਿਖਵਾਇਆ ਹੋਵੇ। ਇਸ ਦੇ ਕੁਲ ਬੰਦ 450 ਹਨ। ਇਹ ਰਚਨਾ ਫ਼ਾਰਸੀ ਕਾਵਿ ਰੂਪ ਮਸਨਵੀ ਦੀ ਪਧਤੀ ਉਤੇ ਲਿਖੀ ਹੈ। ਇਸ ਦੀ ਭਾਸ਼ਾ ਵਿਚ ਪੰਜਾਬੀ ਤੋਂ ਇਲਾਵਾ ਹਿੰਦੀ ਤੇ ਫ਼ਾਰਸੀ ਸ਼ਬਦਾਵਲੀ ਦੀ ਭਰਮਾਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਟਕ—ਇਸ ਕਿੱਸਾਕਾਰ ਦੇ ਜੀਵਨ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਹੈ। ਇਸ ਦਾ ਇਕੋ ਇਕ ਕਿੱਸਾ 'ਜੰਗ ਸਿੰਘਾਂ ਤੇ ਫ਼ਰੰਗੀਆਂ' ਮਿਲਦਾ ਹੈ। ਇਹ ਵੀ ਅਧੂਰਾ ਹੈ। ਇਹ ਡਿਊਢ ਛੰਦ ਵਿਚ ਲਿਖਿਆ ਹੈ ਤੇ ਇਸ ਨਾਲ ਹੀ ਕੁੰਡਲੀਏ ਸਵੱਈਏ ਤੇ ਦਵੱਯਾ ਛੰਦ ਦਾ ਪ੍ਰਯੋਗ ਕੀਤਾ ਹੈ।

ਸ਼ੋਭਾ—ਸ਼ੋਭਾ, ਪਿੰਡ ਵਹੀ ਤਾਜੇ ਵਾਲਾ, ਤਸੀਲ ਸ਼ਜਾਬਾਦ, ਜ਼ਿਲਾ ਮੁਲਤਾਨ, ਵਿਚ ਫਾਜ਼ਿਲ ਬਲੋਚ ਦੇ ਘਰ ਹੋਇਆ। ਆਪ ਦੀ ਇਕੋ ਰਚਨਾ 'ਮੁਲਤਾਨ ਦੀ ਵਾਰ' ਮਿਲਦੀ ਹੈ, ਜੋ ਲੜਾਈ 1848-49 ਈ. ਵਿਚ ਦੀਵਾਨ ਮੂਲ ਰਾਜ ਤੇ ਅੰਗਰੇਜ਼ਾਂ ਵਿਚਕਾਰ ਹੋਈ ਸੀ। ਇਸ ਦੀਆਂ ਕੁਲ 164 ਤੁਕਾਂ ਹਨ। ਭਾਸ਼ਾ ਤੇ ਲਹਿੰਦੀ ਦਾ ਪ੍ਰਭਾਵ ਹੈ।

ਮਾਹੀ ਕੰਬੋ—ਮਾਹੀ ਕੰਬੋ ਪਿੰਡ ਮਜੀਠਾ, ਜ਼ਿਲਾ ਅੰਮ੍ਰਿਤਸਰ ਵਿਚ ਬੁਧੂ ਦੇ ਘਰ ਪੈਦਾ ਹੋਇਆ। ਆਪ ਨੇ ਦੋ ਬੀਰ ਰਸੀ ਕਿੱਸੇ 'ਢੋਲ ਬਾਦਸ਼ਾਹ ਦੀ ਵਾਰ' ਤੇ 'ਦਾਊਦ ਦੀ ਵਾਰ' ਲਿਖੇ ਹਨ।

ਕਰਮ ਸਿੰਘ—(1842—1916 ਈ.) ਕਰਮ ਸਿੰਘ ਪਿੰਡ ਟੂਸੇ, ਜ਼ਿਲਾ ਲੁਧਿਆਣਾ ਦਾ ਵਸਨੀਕ ਸੀ। 'ਜੰਗਨਾਮਾ ਕਾਬਲ' (1895 ਈ.) ਲਿਖਿਆ ਹੈ। ਇਹ ਜੰਗਨਾਮਾ ਦੋਹਿਰਾ, ਸੋਰਠਾ, ਕਬਿੱਤ, ਚੌਪਈ ਤੇ ਸਵੈਯਾ ਛੰਦਾਂ ਵਿਚ ਲਿਖਿਆ ਹੈ।

ਸੂਬੇਦਾਰ ਵਧਾਵਾ ਸਿੰਘ—ਵਧਾਵਾ ਸਿੰਘ ਦਾ ਜਨਮ ਸ. ਅਤਰ ਸਿੰਘ ਦੇ ਘਰ ਪਿੰਡ ਦਹੁਦਰ, ਜ਼ਿਲਾ ਫੀਰੋਜਪੁਰ ਵਿਚ ਹੋਇਆ। ਆਪ ਦਾ ਇਕ ਕਿੱਸਾ 'ਜੰਗ ਮੁਹਿੰਮ ਚਿਤ੍ਰਾਲ' (1896 ਈ.) ਮਿਲਦਾ ਹੈ। ਇਹ ਬੈਂਤ ਛੰਦ ਵਿਚ ਲਿਖਿਆ ਹੈ।

ਹਰਨਾਮ ਸਿੰਘ—ਹਰਨਾਮ ਸਿੰਘ ਪਿੰਡ ਪੱਮੇ, ਜ਼ਿਲਾ ਲੁਧਿਆਣੇ ਦਾ ਰਹਿਣ ਵਾਲਾ ਸੀ। ਆਪ ਨੇ ਇਕ ਕਿੱਸਾ 'ਜੰਗਨਾਮਾ ਤੀਰਾਹ' (1898 ਈ.) ਨੂੰ ਲਿਖਿਆ ਹੈ। ਇਸ ਕਿੱਸੇ ਵਿਚ ਅੱਖੀਂ ਡਿੱਠੀਆਂ ਘਟਨਾਵਾਂ ਦਰਜ਼ ਹੋਣ ਕਰ ਕੇ ਕਬਾਇਲੀ ਇਲਾਕੇ ਟੋਚੀ, ਤੀਰਾਹ, ਮੋਹਮੰਦ ਵਾਦੀ ਸਵਾਦ ਆਦਿ ਸਥਾਨਾਂ ਤੇ ਹੋਈਆਂ ਲੜਾਈਆਂ ਦੀਆਂ ਮਿਤੀਆਂ ਤੇ ਲੜਾਈ ਵਿਚ ਮਰਨ ਵਾਲੇ ਸੂਰਬੀਰਾਂ ਦੀ ਗਿਣਤੀ ਤੇ ਨਾਮ ਸਹੀ ਹਨ। ਇਹ ਕਿੱਸਾ ਕਬਿੱਤ, ਦੋਹਿਰਾ, ਸਵੈਯਾ ਕੁੰਡਲੀਆਂ ਤੇ ਚੌਪਾਈ ਛੰਦ ਵਿਚ ਲਿਖਿਆ ਹੈ।

ਕੇਹਰ ਸਿੰਘ-ਕੇਹਰ ਸਿੰਘ, ਪਿੰਡ ਖਿਨੀਅਨ, ਤਸੀਲ ਮਲੌਦ, ਜ਼ਿਲਾ ਪਟਿਆਲਾ ਦਾ ਵਸਨੀਕ ਸੀ। ਭਾਰਤੀ ਫੌਜ ਪਲਟਨ ਨੰ: 14, ਕੰਪਨੀ ਨੰ. 5 ਵਿਚ ਸੈਨਿਕ ਲਗਾ ਹੋਇਆ ਸੀ। ਆਪ ਨੇ ਇਕ ਕਿੱਸਾ 'ਜੰਗ ਚਿਤਰਾਲ' (1895 ਈ.) ਵਿਚ ਲਿਖਿਆ। ਇਹ ਕਿੱਸਾ ਕਬਿੱਤ ਦੇ ਦੋਹਿਰਾ ਛੰਦ ਵਿਚ ਲਿਖਿਆ ਹੈ।

ਰਾਮ ਸਿੰਘ—ਰਾਮ ਸਿੰਘ ਭਾਰਤੀ ਸੈਨਾ ਪਲਟਨ ਨੰ. 15 ਵਿਚ ਸਿਪਾਹੀ ਲੱਗਾ ਹੋਇਆ ਸੀ। ਆਪ ਨੇ ਕਿੱਸਾ 'ਸਿੱਖਾਂ ਦੀ ਸੂਰਬੀਰਤਾ ਅਤੇ ਕਦਰ ਦਾਨ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(1895 ਈ). ਵਿਚ ਲਿਖਿਆ ।

ਤ੍ਰਿਲੋਕ ਰਾਮ—ਤ੍ਰਿਲੋਕ ਰਾਮ ਪਿੰਡ ਮਿਆਨਾ ਅਲਾਉਣੀ, ਨੇੜੇ ਪਾਇਲ, ਜ਼ਿਲਾ ਪਟਿਆਲਾ ਦਾ ਰਹਿਣ ਵਾਲਾ ਸੀ। ਆਪ ਨੇ ਕਿੱਸਾ 'ਜੰਗਨਾਮਾ ਚਿਤਰਾਲ' (ਮਈ 1896 ਈ.) ਵਿਚ ਲਿਖਿਆ ।

ਹਵਾਲਦਾਰ ਭਗਵਾਨ ਦਾਸ—ਭਗਵਾਨ ਦਾਸ ਪਲਟਨ ਨੰ. 32 ਵਿਚ ਅਧਿਆਪਕ ਲਗਾ ਸੀ। ਆਪ ਨੇ ਇਕ ਕਿੱਸਾ 'ਜੰਗਨਾਮਾ ਚਿਤਰਾਲ' (1898 ਈ.) ਵਿਚ ਲਿਖਿਆ ।

ਲਾਭ ਸਿੰਘ—ਨੇ ਕਿੱਸਾ 'ਜੰਗ ਮੁਲਖ ਤੀਰਾਹ' (1898 ਈ.) ਵਿਚ ਲਿਖਿਆ ।

ਗੁਰਦਿਤ ਸਿੰਘ—ਹੌਲਦਾਰ ਨੇ ਕਿੱਸਾ 'ਜੰਗ ਤੀਰਾਹ ਵੱਡਾ' (ਪਹਿਲੀ ਮਈ 1899 ਈ.) ਲਿਖਿਆ ।

ਪਾਲ ਸਿੰਘ—ਨੇ ਕਿੱਸਾ 'ਜੰਗਨਾਮਾ ਤੀਰਾਹ' (1899 ਈ.) ਲਿਖਿਆ ।

ਗੁਰਦਿਤ ਸਿੰਘ ਖੜਗ—ਨੇ ਕਿੱਸਾ ਜੰਗ ਤੀਰਾਹ ਵੱਡਾ' (1899 ਈ.) ਲਿਖਿਆ ।

ਗੁਲਾਮ ਹੁਸੈਨ ਸਫੀਕ—ਆਪ ਨੇ ਕਿੱਸਾ 'ਸ਼ਹਾਦਤ ਫਰਜ਼ੰਦ ਹਜ਼ਰਤ (1872ਈ.) ਵਿਚ ਲਿਖਿਆ ।

ਮੌਲਵੀ ਮੁਹੰਮਦ ਇਸਲਾਮ-ਨੇ ਕਿੱਸਾ 'ਜੰਗ ਨਾਮਰੂਦ ਕਾਫਰ ਵਾ ਬਾਗ ਇਬਰਾਹੀਮ' (1888 ਈ.) ਵਿਚ ਲਿਖਿਆ ।

ਸ਼ੇਖ ਮੁਹੰਮਦ ਅਕਬਰ ਅਲੀ—ਆਪ ਗੁਰਦਾਸਪੁਰ ਦਾ ਵਸਨੀਕ ਸੀ । ਜਾਤ ਦਾ ਖ਼ਤਰੀ ਸੀ ਪਰ ਇਸਲਾਮ ਮੱਤ ਧਾਰਣ ਕਰ ਲਿਆ ਸੀ । ਆਪ ਨੇ ਕਿੱਸਾ 'ਜੰਗਨਾਮਾ ਇਮਾਮ ਹੁਸੈਨ ਅਲੀ-ਉਲ-ਇਸਲਾਮ' (1900 ਈ.) ਵਿਚ ਲਿਖਿਆ ।

ਗਿਆਨੀ ਜੋਧ ਸਿੰਘ—ਆਪ ਦਾ ਜਨਮ ਹੁਕਮ ਸਿੰਘ ਦੇ ਘਰ ਬੁੜੀਏ ਵਾਲਾ ਬੁੰਗਾ, ਅੰਮ੍ਰਿਤਸਰ ਵਿਖੇ ਹੋਇਆ । ਆਪ ਦਾ ਪਿਤਾ 25 ਸਿੱਖ ਰਜਮੈਂਟ ਵਿਚ ਗ੍ਰੰਥੀ ਲਗਾ ਹੋਇਆ ਸੀ। ਪਿਤਾ ਜੀ ਦੀ ਮੌਤ ਤੋਂ ਮਗਰੋਂ, ਆਪ ਨੂੰ ਇਹ ਅਸਾਮੀ ਇਸੇ 'ਰਜਮੈਂਟ' ਵਿਚ ਮਿਲ ਗਈ ।

ਆਪ ਨੇ ਲਗਪਗ 30 ਕਿੱਸੇ ਲਿਖੇ, ਜਿਨ੍ਹਾਂ ਵਿਚੋਂ 'ਨਿਰੰਕਾਰੀ ਹੁਲਾਸ', 'ਖੜਕਧਾਰੀ ਹੁਲਾਸ', 'ਸ਼ਹੀਦ ਹੁਲਾਸ', 'ਧਰਮ ਹੁਲਾਸ', 'ਭਾ. ਸੁਬੇਗ ਸਿੰਘ' ਆਦਿ ਪ੍ਰਸਿੱਧ ਹਨ। ਇਨ੍ਹਾਂ ਕਿੱਸਿਆਂ ਦੇ ਲਿਖਣ ਦਾ ਮਨੋਰਥ ਸਿੱਖ ਧਰਮ ਦੇ ਆਗੂਆਂ ਦੇ ਕਾਰਨਾਮਿਆਂ ਨੂੰ ਪੁਨਰ-ਸੁਰਜੀਤ ਕਰਨਾ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਦੇਸ਼ਾਤਮਕ ਕਿੱਸਾਕਾਰ

ਉਸਤਾਦ ਰਾਮ ਧਨ—ਰਾਮ ਧਨ ਖਨੂਰ, ਜ਼ਿਲਾ ਜੰਮੂ ਦਾ ਵਸਨੀਕ ਸੀ। ਕਿੱਸਾ 'ਪੂਰਨ ਭਗਤ' (ਜੂਨ 1882 ਈ.) ਨੂੰ ਲਿਖਿਆ ਹੈ।[95] ਇਹ ਕਿੱਸਾ ਸੀਹਰਫੀ ਵਿਚ ਲਿਖਿਆ ਹੈ। ਕੁਲ 8 ਸੀਹਰਫੀਆਂ ਹਨ।

ਪੰਡਿਤ ਦੇਵੀ ਦਿਆਲ–ਦੇਵੀ ਦਿਆਲ, ਪਿੰਡ ਕੁੰਦੀਆਂ, ਜ਼ਿਲਾ ਜਿਹਲਮ ਦਾ ਵਸਨੀਕ ਸੀ। ਰੇਲਵੇ ਵਿਭਾਗ ਵਿਚ ਇੰਜਨ ਡਰਾਇਵਰ ਲਗਾ ਹੋਇਆ ਸੀ। ਕਿੱਸਾ 'ਪੂਰਨ ਭਗਤ' (26 ਅਗਸਤ 1882 ਈ.) ਨੂੰ ਲਿਖਿਆ ਹੈ।[96] ਕਿੱਸਾਕਾਰ ਨੇ ਕੇਸ਼ਵ ਦਾਸ, ਪੂਰਨ ਦਾ ਅਧਿਆਪਕ ਤੇ ਮਾਲਤੀ ਲੂਣਾ ਨਿਜੀ ਨੌਕਰਾਣੀ, ਜਿਸ ਦੇ ਸਹਿਯੋਗ ਨਾਲ ਲੂਣਾ, ਪੂਰਨ ਤੇ ਦੂਸ਼ਨਾ ਲਾਉਂਦੀ ਹੈ, ਦੋ ਨਵੇਂ ਪਾਤਰ ਜੋੜੇ ਹਨ। ਬਾਕੀ ਕਿੱਸੇ ਦੀ ਪਰੰਪਰਾਗਤ ਕਹਾਣੀ ਹੈ। ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ।

ਸੰਤ ਪੰਡਿਤ ਗੋਪਾਲ ਸਿੰਘ—ਆਪ ਦਾ ਜਨਮ ਪਿੰਡ ਸੰਤਪੁਰ (ਬਾਰ), ਜਿਲਾ ਲਾਇਲਪੁਰ ਵਿਖੇ ਹੋਇਆ। ਬਚਪਨ ਦਾ ਨਾਮ ਜਵਾਲਾ ਸਿੰਘ ਸੀ। ਪਰ 12 ਸਾਲ ਦੀ ਉਮਰ ਵਿਚ ਘਰ ਬਾਰ ਤਿਆਗ ਕੇ ਫਕੀਰੀ ਜਾਮਾ ਪਹਿਨ ਲਿਆ ਤੇ ਨਾਮ ਬਦਲ ਕੇ ਗੋਪਾਲ ਸਿੰਘ ਰਖ ਲਿਆ ਸੀ।[97] ਆਪ ਨੇ ਕਿੱਸੇ 'ਆਤਮ ਹੁਲਾਸ' 1882 ਈ.) ਤੇ 'ਮਹਾਰਾਜਾ ਰਸਾਲੂ ਮਹਿਕੁਲ ਰਾਨੀਆਂ' (1892 ਈ.) ਲਿਖੇ ਹਨ।

ਸਾਧੂ ਸਾਹਿਬ ਸਿੰਘ—ਆਪ ਦਾ ਪਿੰਡ ਅਲਾਪੁਰ, ਤਸੀਲ ਖਰੜ, ਜ਼ਿਲਾ ਅੰਬਾਲਾ ਵਿਖੇ ਡੇਰਾ ਹੈ। ਆਪ ਨੇ ਗ੍ਰੰਥ 'ਧਰਮ ਸਬੂਤੀ ਅਰਥਾਤ ਕਿੱਸਾ ਪੂਰਨ ਭਗਤ' (1883 ਈ.) ਵਿਚ ਲਿਖਿਆਂ[98]।' ਇਸ ਕਿੱਸੇ ਵਿਚ ਧਰਮ ਦੀ ਰੱਖਿਆ, ਬ੍ਰਹਮਚਾਰੀਆਂ ਦੀ ਪਾਲਣਾ ਉਪਰ ਬਲ ਦਿਤਾ ਗਿਆ ਹੈ:

> ਸਰਫਾ ਕੀਯਾ ਨ ਸੀਸ ਕਾ, ਰਖਯਾ ਧਰਮ ਈਮਾਨ,
> ਜਿਨ ਕੇ ਸਾਬਤ ਸਿਦਕ ਹੈ, ਵਿਰਲੇ ਪੁਰਖ ਜਹਾਨ।

ਕਿੱਸਾ ਗਿਆਰਾਂ ਭਾਗਾਂ ਵਿਚ ਵੰਡਿਆ ਹੋਇਆ ਹੈ। ਕਿੱਸਾ ਦੋਹਿਰਾ ਤੇ ਕਬਿੱਤ ਛੰਦ ਵਿਚ ਲਿਖਿਆ ਹੈ। ਕਿੱਸੇ ਉੱਪਰ ਬ੍ਰਿਜੀ ਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਹੈ।

ਸਾਧੂ ਸੁੰਦਰ ਸਿੰਘ ਰਮਤੀ—ਆਪ ਨੇ ਕਿੱਸਾ 'ਰਾਜਾ ਭਰਥਰੀ ਕਾ' (1884 ਈ.) ਨੂੰ ਲਿਖਿਆ ਹੈ।

ਤਾਰਾ ਸਿੰਘ—ਤਾਰਾ ਸਿੰਘ ਨੇ ਕਿੱਸਾ 'ਰਾਜਾ ਭਰਥਰੀ' (1888 ਈ.) ਸੀਹਰਫੀ ਵਿਚ ਲਿਖਿਆ ਹੈ।

ਕਾਸ਼ੀ ਰਾਮ—ਆਪ ਨੇ ਦੋ ਕਿੱਸੇ 'ਗੋਪੀ ਚੰਦ' (1892 ਈ.) ਤੇ ਕਿੱਸਾ 'ਰਾਜਾ ਭਰਥਰੀ' (1894 ਈ.) ਵਿਚ ਲਿਖੇ ਹਨ। ਕਿੱਸਾ 'ਗੋਪੀ ਚੰਦ' ਬਾਰਾਂ ਮਾਂਹ ਵਿਚ ਲਿਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਰਾਜਾ ਭਰਥਰੀ ਵਿਚ ਕਾਮ, ਕ੍ਰੋਧ, ਲੋਭ ਆਦਿ ਵਿਕਾਰਾਂ ਤੋਂ ਬਚਣ ਤੇ ਸੰਗਤ ਦੀ ਮਹਿਮਾ ਗਾਈ ਹੈ ।

ਲਧੂ ਰਾਮ—ਲਧੂ ਰਾਮ ਕੂਚਾ ਸਹਿਗਲਾਂ, ਬਜ਼ਾਰ ਗੁੰਮਟੀ, ਲਾਹੌਰ ਦਾ ਵਾਸੀ ਸੀ। ਕਿੱਸਾ 'ਪੂਰਨ ਭਗਤ' (ਜੂਨ 1893 ਈ.) ਵਿਚ ਬੈਂਤ ਛੰਦ ਵਿਚ ਲਿਖਿਆ ਹੈ ।

ਬਾਵਾ ਦੇਸ ਰਾਜ– ਆਪ ਨੇ 'ਅਨੁਭਵ ਪ੍ਰਕਾਸ਼' (1893 ਈ.) ਵਿਚ ਲਿਖਿਆ ਜਿਸ ਵਿਚ ਦੁਨਿਆਵੀਂ ਮੋਹ, ਮਾਇਆ ਦਾ ਤਿਆਗ ਤੇ ਪਰਮਾਤਮਾ ਦੇ ਭਜਨ ਦਾ ਉਪਦੇਸ਼ ਦਿਤਾ ਹੈ। ਇਸ ਦੇ ਕੁਲ 562 ਬੰਦ ਹਨ। ਇਹ ਕਿੱਸਾ ਸਵੈਯਾ, ਕੁੰਡਲੀਆ, ਕਬਿੱਤ, ਸੋਰਠਾ, ਦੋਹਰਾ ਆਦਿ ਛੰਦਾਂ ਵਿਚ ਲਿਖਿਆ ਹੈ ।

ਰਾਮ ਲਾਲ– ਆਪ ਦਾ ਜਨਮ 1870 ਈ. ਵਿਚ ਪਿੰਡ ਡੋਗਰਾਂ, ਜ਼ਿਲਾ ਗੁਜਰਾਂਵਾਲੇ ਵਿਖੇ ਹੋਇਆ। ਜਾਤ ਦਾ ਬ੍ਰਾਹਮਣ ਤੇ ਪਟਵਾਰੀ ਲੱਗਾ ਹੋਇਆ ਸੀ। ਆਪ ਨੇ ਦੋ ਕਿੱਸੇ—'ਲੀਲਾ ਪ੍ਰਹਿਲਾਦ' (1894 ਈ.) ਤੇ 'ਹਰੀਚੰਦ ਲੀਲਾ (1895 ਈ.) ਲਿਖੇ ਹਨ।

ਮੌਜ ਚੰਦ - ਮੌਜ ਚੰਦ ਪਿੰਡ ਦਾਦਨ ਖਾਨ, ਤਸੀਲ ਤੇ ਜ਼ਿਲਾ ਜਿਹਲਮ ਦਾ ਵਸਨੀਕ ਸੀ। ਆਪ ਇਕ ਸਾਧੂ ਸ਼ਾਇਰ ਸੀ। ਆਪ ਦੇ ਦੋ ਕਿੱਸੇ : 'ਕਿੱਸਾ ਪੂਰਨ ਭਗਤ, ਮਾਹਰਾਜਾ ਰਸਾਲੂ' ਇਕੋ ਜਿਲਦ ਵਿਚ ਮਿਲਦੇ ਹਨ। ਇਹ ਕਿੱਸਾ 1896 ਈ. ਵਿਚ ਛਪਿਆ ਹੈ। ਆਪ ਸ਼ਿਵ ਜੀ ਦਾ ਭਗਤ ਪ੍ਰਤੀਤ ਹੁੰਦਾ ਹੈ ਕਿਉਂਕਿ ਕਿੱਸੇ ਦੇ ਮੰਗਲਾਚਰਣ ਵਿਚ ਸ਼ਿਵ ਜੀ ਦੀ ਅਰਾਧਨਾ ਕੀਤੀ ਹੈ। ਕਿੱਸੇ ਵਿਚ ਇਕ ਬਾਰਾਂ ਮਾਹ ਹੈ। ਕਿੱਸੇ ਦੀ ਬੋਲੀ ਉੱਪਰ ਸਾਧ ਭਾਸ਼ਾ ਦਾ ਪ੍ਰਭਾਵ ਹੈ।

ਸੋਭਾ ਰਾਮ ਹਰਦਮ ਮਸਤ —ਆਪ ਦਾ ਜਨਮ ਲਾਲਾ ਮਥਰਾ ਦਾਸ ਦੇ ਘਰ ਪਿੰਡ ਚਕੋਵਾਲ, ਜ਼ਿਲਾ ਜਿਹਲਮ ਵਿਚ ਹੋਇਆ। ਆਪ ਨੇ ਕਿੱਸਾ 'ਪੂਰਨ ਭਗਤ' (1897 ਈ.) ਵਿਚ ਲਿਖਿਆ ਹੈ । ਸ਼ੋਭਾ ਰਾਮ ਦਾ ਕਿੱਸਾ ਆਪਣੇ ਸਮਕਾਲੀ ਕਿੱਸਾਕਾਰ ਤੋਂ ਵੱਧ ਤਰਕਸ਼ੀਲ ਹੈ। ਸ਼ੋਭਾਰਾਮ ਆਪਣੇ ਸਮਕਾਲੀ ਪੂਰਨ ਭਗਤ ਦੇ ਕਿੱਸਾਕਾਰਾਂ ਵਾਂਗੂੰ ਪੂਰਨ ਦੇ ਹੱਥ ਪੈਰ ਵੱਢ ਕੇ ਖੂਹ ਵਿਚ ਨਹੀਂ ਸੁਟਵਾਉਂਦਾ, ਕਿਉਂਕਿ ਉਸ ਦਾ ਵਿਸ਼ਵਾਸ ਹੈ ਕਿ ਇਕ ਵਾਰ ਕੱਟੇ ਹੱਥ ਪੈਰ ਮੁੜ ਜੁੜ ਨਹੀਂ ਸਕਦੇ :

ਅੰਨ ਆਦਿ ਪਹੁੰਚਾਵਦਾ ਕੌਣ ਇਸ ਨੂੰ,
ਬਚਨਾ ਜਿਸ ਸਵਾਏ ਮਹਾਲ ਮਿਤਰੋ ।
ਹੱਥ ਪੈਰ ਕੱਟੇ ਹੋਏ ਜੁੜਨ ਮੁਸ਼ਕਿਲ,
ਬਾਤ ਲਾਵਣੀ ਦਿਲ ਦੇ ਨਾਲ ਮਿਤਰੋ ।
ਕਾਰੀ ਕੌਣ ਕਰਦਾ ਰਿਹਾ ਖੂਹ ਅੰਦਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੇ ਮਸਤ ਦਸ ਬਾਰਾਂ ਸਾਲ ਮਿਤਰੋ ।

(ਕਿੱਸਾ ਪੂਰਨ ਭਗਤ, ਪੰਨਾ 25)

ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ :

ਕਲਯਾਨ ਦਾਸ ਤੇ ਰਾਮ ਨਰਾਇਣ—ਕਲਯਾਨ ਦਾਸ ਤੇ ਰਾਮ ਨਰਾਇਣ ਦੋ ਕਿੱਸਾਕਾਰਾਂ ਨੇ ਮਿਲ ਕੇ ਕਿੱਸਾ 'ਪੂਰਨ ਭਗਤ' (1898 ਈ.) ਵਿਚ ਲਿਖਿਆ ਹੈ । ਕਿੱਸਾ ਬਾਰਾਂ ਮਾਹ ਵਿਚ ਲਿਖਿਆ ਹੈ । ਇਸ ਕ੍ਰਿੱਸੇ ਵਿਚ ਕੁਲ 5 ਬਾਰਾਂ ਮਾਹ ਹਨ । ਪਹਿਲੇ ਤਿੰਨ ਬਾਰਾਂ ਮਾਹ ਕਲਯਾਨ ਦਾਸ ਅਤੇ ਮਗਰਲੇ ਦੋ ਰਾਮ ਨਰਾਇਣ ਨੇ ਲਿਖੇ ਹਨ ।

ਸ਼ੇਖ ਮੁਹੰਮਦ—ਸੇਖ ਮੁਹੰਮਦ ਨੇ ਕਿੱਸਾ 'ਸ਼ਾਹ ਹਜ਼ਰਤ ਮਨਸੂਰ' (1897 ਈ.) ਵਿਚ ਲਿਖਿਆ ।

ਪੰਡਿਤ ਮਾਨ ਸਿੰਘ ਕਾਲੀ ਦਾਸ—ਆਪ ਦਾ ਜਨਮ 15 ਅਕਤੂਬਰ 1865 ਈ. ਨੂੰ ਪੰਡਿਤ ਜੈ ਦਿਆਲ ਦੇ ਘਰ ਹੋਇਆ । ਬਾਬਾ ਹਰੀ ਸਿੰਘ ਦੀ ਸੰਗਤ ਦੇ ਪ੍ਰਭਾਵ ਕਾਰਣ 40 ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ । ਆਪ ਨੇ 'ਪੂਰਨ ਭਗਤ' (1898 ਈ.) 'ਗੋਪੀ ਚੰਦ' (1900 ਈ.), 'ਰਾਜਾ ਰਸਾਲੂ', 'ਰੂਪ ਬਸੰਤ', 'ਸਤ ਸਾਖੀਆਂ', 'ਜੀਵਨ ਮੁਕਤੀ', 'ਰਾਜਾ ਸਰਯਾਲ', 'ਭੰਵਰ ਕਲੀ', 'ਚਰਖਾ ਨਾਮਾ' ਆਦਿ ਕਿੱਸੇ ਲਿਖੇ ਹਨ । ਆਪ ਸੰਤ ਸੁਭਾ ਦੇ ਵਿਅਕਤੀ ਸਨ । ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, ਪ੍ਰਮਾਰਥ ਦੀਆਂ ਸਾਰੀਆਂ ਮੰਜ਼ਲਾਂ ਭਾਵ ਨੇਕ ਜੀਵਨ, ਅਮਨ ਪਸੰਦੀ, ਵੈਰਾਗ, ਵਿਵੇਕ ਭਜਨ, ਭਗਤੀ ਭਾਵ ਤੇ ਮੁਕਤੀ ਦੇ ਸਭ ਸਾਧਨ, ਵਿਦਿਅਕ ਤੇ ਅਮਲੀ ਤਰੀਕੇ ਨਾਲ ਬਿਆਨ ਕਰਕੇ ਆਮ ਲੋਕਾਂ ਦੇ ਸਦਾਚਾਰਕ ਪੱਧਰ ਨੂੰ ਉੱਚਿਆਂ ਕਰਨ ਦੀ ਕੋਸ਼ਿਸ਼ ਕਰਦੇ ਸਨ ।[99]

ਕਿੱਸਾ 'ਪੂਰਨ ਭਗਤ' ਵਿਚ ਜਤ, ਸਤਿ, ਕਰਮ, ਯੋਗ ਅਤੇ ਅਭਿਆਸ ਉਪਰ ਜ਼ੋਰ ਦਿਤਾ ਹੈ ।

ਨੰਦ ਸਿੰਘ-ਪਿੰਡ ਜੇਠੂਕੇ, ਜ਼ਿਲਾ ਬਜਿੰਡਾ ਦਾ ਵਾਸੀ ਸੀ । ਜਾਤ ਦਾ ਰਾਮ-ਗੜ੍ਹੀਆ ਤੇ ਪੇਸ਼ਾ ਫੌਜ ਦੀ ਨੌਕਰੀ ਸੀ । ਕਿੱਸਾ 'ਪੂਰਨ ਭਗਤ' (1898 ਈ.) ਵਿਚ ਕਬਿੱਤ ਛੰਦ ਵਿਚ ਲਿਖਿਆ ।

ਬਾਲਕ ਰਾਮ ਯੋਗੀਸ਼ਰ—ਆਪ ਦੇ ਜੀਵਨ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ । ਆਪ ਨੇ ਕਿੱਸਾ 'ਪੂਰਨ ਭਗਤ' (1898 ਈ.) ਲਿਖਿਆ ਹੈ । ਜਿਸ ਵਿਚ ਕਵੀ ਨੇ ਪੂਰਨ ਤੇ ਗੁਰੂ ਗੋਰਖ ਨਾਥ ਦੀ ਵਾਰਤਾਲਾਪ ਰਾਹੀਂ ਜੋਗ ਮਤ ਤੇ ਕਰਮਕਾਂਡ ਉੱਪਰ ਵਿਸਥਾਰ ਸਹਿਤ ਚਰਚਾ ਕੀਤੀ ਹੈ । ਕਿੱਸੇ ਵਿਚ ਦੋਹਾ, ਚੌਪਾਈ ਤੇ ਮੁਕਤ ਛੰਦ ਵਰਤੇ ਹਨ । ਭਾਸ਼ਾ ਉੱਤੇ ਹਿੰਦੀ ਤੇ ਬ੍ਰਿਜੀ ਦਾ ਪ੍ਰਭਾਵ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਬਿਸ਼ਨ ਦਾਸ—ਆਪ ਦਾ ਜਨਮ 1875 ਈ. ਨੂੰ ਨਿਹਾਲ ਦਾਸ ਦੇ ਘਰ ਜੰਡਿਆਲਾ ਗੁਰੂ ਕਾ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਨਿਰੰਜਨੀਆਂ ਸੰਪ੍ਰਦਾਇ ਦੀ ਗਦੀ ਦਾ ਗਿਆਰਵਾਂ ਗੁਰੂ ਸੀ। ਆਪ ਨੇ ਕਿੱਸਾ 'ਪੂਰਨ ਭਗਤ' (1900 ਈ.) ਵਿਚ ਲਿਖਿਆ। ਇਸ ਤੋਂ ਇਲਾਵਾ 'ਨਿਰੰਜਨੀਆਂ ਗੁਰਮਤ ਪ੍ਰਕਾਸ਼' ਤੇ 'ਬਾਬਾ ਹੁੰਦਾਲ' ਵੀ ਪ੍ਰਸਿੱਧ ਹਨ। 'ਪੂਰਨ ਭਗਤ' ਵਿਚ ਨਿਮਰਤਾ, ਮਿਠਾਸ, ਪਰਮਾਤਮਾ ਉਪਰ ਵਿਸ਼ਵਾਸ, ਸੰਸਾਰਿਕ ਮੋਹ ਮਾਇਆ ਦਾ ਤਿਆਗ, ਗੁਰੂ ਦਾ ਸਤਿਕਾਰ ਆਦਿ ਵਿਸ਼ਿਆਂ ਉਪਰ ਜ਼ੋਰ ਦਿਤਾ ਹੈ। ਇਹ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਸ਼ਬਦਾਵਲੀ ਦਾ ਮਿਲਗੋਭਾ ਹੈ।

ਗਿ. ਗਿਆਨ ਸਿੰਘ ਆਰਿਫ਼—ਆਪ ਪਿੰਡ ਡਸਕਾ, ਜ਼ਿਲਾ ਸਿਆਲਕੋਟ ਦਾ ਵਸਨੀਕ ਸੀ। ਪਿਤਾ ਦਾ ਨਾਮ ਹਵੇਲਾ ਸਿੰਘ ਤੇ ਦਾਦਾ ਦਾ ਨਾਮ ਬਿਸ਼ਨ ਸਿੰਘ ਸੀ। ਆਪ ਦੀ ਜਾਤ ਦਿਗਵਾ ਸੀ।[100] ਆਪ ਨੇ ਕਿੱਸਾ 'ਮਹਾਂ ਦਾਨੀ ਰਾਜਾ ਹਰੀ ਚੰਦ ਧਰਮੀ' (1900 ਈ.) ਤੇ 'ਗੁਰ ਹੁਲਾਸ ਅਰਥਾਤ ਜੰਗਨਾਮਾ' (1904 ਈ.) ਲਿਖੇ।

ਸਾਧੂ ਦਯਾ ਸਿੰਘ ਆਰਿਫ਼—ਆਪ ਪਿੰਡ ਜਲਾਲਾਬਾਦ, ਤਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ ਦਾ ਰਹਿਣ ਵਾਲਾ ਸੀ। ਆਪ ਨੇ ਤਿੰਨ ਕਿੱਸੇ 'ਫ਼ਨਾਹ ਦਾ ਮਕਾਨ', 'ਜ਼ਿੰਦਗੀ ਬਿਲਾਸ' ਤੇ 'ਸਪੁੱਤ੍ਰ ਬਿਲਾਸ' ਲਿਖੇ ਹਨ। ਇਨ੍ਹਾਂ ਵਿਚ ਉਨ੍ਹਾਂ ਸੰਸਾਰ ਦੀ ਨਾਸ਼ਮਾਨਤਾ ਤੇ ਪ੍ਰਭੂ ਨਾਲ ਪ੍ਰੇਮ ਪਾਉਣ ਤੇ ਬਲ ਦਿਤਾ ਹੈ।

ਗਿਆਨ ਚੰਦ ਧੌਨ—ਆਪ ਦਾ ਜਨਮ 1897 ਈ. ਵਿਚ ਹੋਇਆ ਤੇ ਆਪ ਕੂਚਾ ਚਾਹ ਤਿਲੀਆਂ, ਲਾਹੌਰ ਦਾ ਵਾਸੀ ਸੀ। ਆਪ ਨੇ 'ਧਰੂ ਭਗਤ', 'ਪ੍ਰਿਥਵੀ ਰਾਜ', 'ਰੂਪ ਬਸੰਤ', 'ਗੋਪੀ ਚੰਦ', 'ਹਕੀਕਤ ਰਾਇ', 'ਜੈਮਲ ਫੱਤਾ', ਯਾਨੀ 'ਦੋ ਸ਼ੇਰ ਰਾਜਪੂਤ', 'ਸਤਿਆਵਾਨ ਸਾਵਿਤ੍ਰੀ, 'ਯਾਨੀ ਪਤੀ ਭਗਤੀ' ਖ਼ੂਨੀ ਵਹਿਣ' ਆਦਿ ਕਿੱਸੇ ਲਿਖੇ ਹਨ।

ਦੌਲਤ ਰਾਮ—ਆਪ ਪਿੰਡ ਰਾਮਗੜ੍ਹ ਸਰਦਾਰਾਂ, ਜ਼ਿਲਾ ਲੁਧਿਆਣਾ ਦਾ ਵਸਨੀਕ ਸੀ। ਆਪ ਨੇ 'ਰੂਪ ਬਸੰਤ', (1904 ਈ.) 'ਰਾਜਾ ਸਰਯਾਲ' (1907 ਈ.), 'ਪੂਰਨ ਭਗਤ' (1908 ਈ.) 'ਰਾਜਾ ਰਸਾਲੂ'—(1915 ਈ.) 'ਹਕੀਕਤ ਰਾਇ', 'ਰਾਜਾ ਹਰੀਸ਼ ਚੰਦਰ' (1923 ਈ.) 'ਗਿਆਨ ਗੁਲਜ਼ਾਰ', 'ਲਛਮਣ ਦੀ ਮੂਰਛਾ', 'ਸੀਤਾ ਬਨਬਾਸ' (1925 ਈ.), 'ਸੀਹਰਫੀ ਬਬੇਕ', 'ਗਿਆਨ ਚਰਖਾ', 'ਬਬੇਕ ਬਹਾਰ ਅਰਥਾਤ ਫਨਾਹ ਦਾ ਮੁਕਾਮ', 'ਮਾਤਾ ਸੁਲੱਖਣੀ ਦਾ ਪ੍ਰਸੰਗ', 'ਸਲੋਚਨਾ ਦਾ ਕਥਾ', ਆਦਿ ਉਪਦੇਸ਼ਾਤਮਕ ਕਿੱਸੇ ਲਿਖੇ ਹਨ।[101] ਇਨ੍ਹਾਂ ਸਾਰਿਆਂ ਵਿਚ ਸ਼ੁਭ ਅਮਲਾਂ ਉਪਰ ਜ਼ੋਰ ਦਿਤਾ ਗਿਆ ਹੈ ਪਰ ਕਵੀ ਕਿੱਸਾ ਕਾਵਿ ਪਰੰਪਰਾ ਅਰਥਾਤ ਇਸਤਰੀ ਨਿੰਦਿਆ ਤੋਂ ਨਹੀਂ ਬਚ ਸਕਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਾਰ ਸੁਖਨ ਦਾਨਿਆਂ ਨੇ ਸੱਚ ਆਖੇ,
ਏਹਨਾਂ ਰੰਨਾਂ ਦਾ ਕੁਛ ਏਤਬਾਰ ਨਾਹੀਂ ।
ਮੈਂ ਵੀ ਅੱਖੀਆਂ ਨਾਲ ਅਜ਼ਮਾ ਡਿੱਠਾ,
ਰੰਨਾਂ ਜੇਹਾ ਕੋਈ ਦਗੇਦਾਰ ਨਾਹੀਂ ।

ਡਾ. ਸਿੰਗਲ ਦੇ ਸ਼ਬਦਾਂ ਵਿਚ ਉਹ ਭਾਰਤੀ ਤੇ ਪੰਜਾਬੀ ਸਭਿਆਚਾਰ ਨੂੰ ਉਲੀਕਣ ਵਾਲਾ, ਧਰਮ ਤੇ ਰਾਜਨੀਤੀ ਦੀਆਂ ਗੱਲਾਂ ਜਾਣਨ ਵਾਲਾ, ਇਸ਼ਕ ਮਜ਼ਾਜ਼ੀ ਤੇ ਇਸ਼ਕ ਹਕੀਕੀ ਦੇ ਕਿੱਸੇ ਰਚਣ ਵਾਲਾ, ਇਕ ਸਿੱਧਾ ਸਾਦਾ ਕਵੀਸ਼ਰ ਹੈ ।[102]

ਵੀਹਵੀਂ ਸਦੀ ਦੇ ਪਹਿਲੇ ਤਿੰਨਾਂ ਦਹਾਕਿਆਂ ਵਿਚ ਰਣ ਸਿੰਘ, ਪੂਰਨ ਚੰਦ, ਕਰਤਾਰ ਸਿੰਘ ਕਲਾਸਵਾਲੀਆਂ, ਰਜ਼ਬ ਅਲੀ, ਕ੍ਰਿਪਾ ਸਾਗਰ, ਧਨੀ ਰਾਮ ਚਾਤ੍ਰਿਕ ਆਦਿ ਹੋਏ ਹਨ । ਪੰਡਿਤ ਕਿਸ਼ੋਰ ਚੰਦ ਦੇ 1977 ਈ. ਵਿਚ ਅੱਖਾਂ ਮੀਟਣ ਨਾਲ ਹੀ ਇਹ ਚਹੁ-ਮੁਖੀਏ ਦੀਵੇਂ ਦੀ ਲਟ ਲਟ ਕਰਦੀ ਜੋਤ, ਹਮੇਸ਼ਾਂ ਲਈ ਬੁਝ ਗਈ ।

ਹਵਾਲੇ ਅਤੇ ਟਿੱਪਣੀਆਂ

1. ਮੌਲਾ ਬਖ਼ਸ਼ ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 68.
2. 'ਬੰਬੀਹਾ ਬੋਲ', ਪੰਨਾ 8.
3. A History of Punjabi Literature, p. 43.
4. 'ਪੰਜਾਬੀ ਅਦਬ ਦੀ ਮੁਖਤਿਸਰ ਤਾਰੀਖ', ਪੰਨੇ 133–136.
5. 'Treatment of one of the Panjab Romances', 'Mirza Sahiban in Panjabi Verses' (Ph. D. Unpublish edThesis), p. 60.
6. ਅਸਾਂ ਨਾਲੋਂ ਸੇ ਭਲੇ ਜਨਮਤ ਹੀ ਮਰ ਜਾਤ,
   ਬਿਖੈ ਕੀਚ ਅਲੂਦ ਨੀਹ ਭਈ ਨ ਜੱਗ ਕੀ ਤਾਤ ।
   (ਗੁਰ ਬਿਲਾਸ, ਪੰਨਾ 83)

   ਪੀਲੂ ਅਸਾਂ ਥੇ ਸੇ ਭਲੇ ਜੀਵਦਿਆਂ ਮੂਏ,
   ਉਨ੍ਹਾਂ ਚਿਕੜ ਪਾਉ ਨ ਬੋੜਿਆਂ ਨਾ ਆਲੂਦ ਭਏ ।
   (ਮਿਰਜ਼ਾ ਸਾਹਿਬਾਂ)
7. ਮੌਲਾ ਬਖ਼ਸ਼ ਕੁਸ਼ਤਾ', 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 71.
8. ਹਾਫ਼ਿਜ਼ ਬਰਖੁਰਦਾਰ, 'ਯੂਸਫ਼ ਜ਼ੁਲੈਖਾਂ' (ਸੰਪ. ਪਿਆਰ ਸਿੰਘ), ਪੰਨਾ 26.
9. ਬੈਂਤ ਨੰ. 183, ਹੱਥ ਲਿਖਤ, ਲੇਖਕ ਦੀ ਨਿੱਜੀ ਲਾਇਬਰੇਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

10. ਡਾ. ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਦਾ ਇਤਿਹਾਸ', (ਚੌਥੀ ਵਾਰ) ਪੰਨਾ 333.
11. 'ਕਾਦਰਯਾਰ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 2.
12. ਇਮਾਮ ਬਖ਼ਸ਼, 'ਕਿੱਸਾ ਲੈਲਾ ਮਜਨੂੰ', ਪੰਨਾ 72.
13. 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 472.
14. ਬਾਰਾਂ ਸੈ ਤ੍ਰਾਸੀਆਂ, ਸੰਨ ਨਬੀ ਦਾ ਜਾਣ,
ਹੋਈ ਖਤਮ ਕਿਤਾਬ ਜਾਂ ਜਾਣਨ ਖਾਸ ਅਵਾਣ।
— ਇਮਾਮ ਬਖ਼ਸ਼, 'ਜੰਗਨਾਮਾ ਹਜ਼ਰਤ ਅਮੀਰ ਹਮਜ਼ਾ', ਪੰਨਾ 353.
15. ਬਾਵਾ ਬੁੱਧ ਸਿੰਘ, 'ਬੰਬੀਹਾ ਬੋਲ', ਪੰਨਾ 286.
16. ਉਹੀ, ਪੰਨਾ 281.
17. ਮੌਲਾ ਬਖਸ਼ ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 165.
18. ਉਹੀ, ਪੰਨਾ 227.
19. ਉਹੀ, ਪੰਨਾ 238.
20. ਉਹੀ, ਪੰਨਾ 165.
21. ਫ਼ਜ਼ਲ ਸ਼ਾਹ, 'ਕਿੱਸਾ ਸੋਹਣੀ ਮਹੀਂਵਾਲ', ਪੰਨਾ 88.
22. ੳ) 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 191.
ਅ) 'ਪੰਜਾਬ ਦੇ ਹੀਰੇ', ਪੰਨਾ 49.
23. ਸਾਹਿਬ ਦਿਆਲ, 'ਹਿਜਰ ਸਾਗਰ', ਪੰਨਾ 80.
24. 'ਸੋਹਣੀ ਫ਼ਜ਼ਲਸ਼ਾਹ', ਪੰਨੇ 25-26.
25. 'A History of Punjabi Literature', p. 89.
26. ਕਿੱਸਾ 'ਸੈਫੁਲ ਮਲੂਕ' (ਸੰਪ, ਡਾ. ਦੀਵਾਨ ਸਿੰਘ ਤੇ ਜੋਗਿੰਦਰ ਸਿੰਘ), ਪੰਨਾ 31.
27. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 153.
28. ਅਬਦੁਲ ਕੁਰੈਸ਼ੀ, 'ਪੰਜਾਬੀ ਅਦਬ ਦੀ ਕਹਾਣੀ', ਪੰਨਾ 384.
29. ਸਯਦ ਮੀਰਾਂ ਸ਼ਾਹ, 'ਕਿੱਸਾ ਸੋਹਣੀ ਮਹੀਂਵਾਲ', ਪੰਨਾ 39.
30. 'ਪੰਜਾਬੀ ਅਦਬ ਦੀ ਕਹਾਣੀ', ਪੰਨਾ 376.
31. ੳ) 'ਹੀਰ ਕਿਸ਼ਨ ਸਿੰਘ' (ਹਿੱਸਾ ਦੂਜਾ), ਪੰਨਾ 50.
ਅ) 'ਕਿਸ਼ਨ ਕਟਾਰ', ਪੰਨਾ 51.
ੲ) ਕਿਸ਼ਨ ਸਿੰਘ ਆਰਿਫ਼, 'ਸ਼ੀਰੀ ਫ਼ਰਿਹਾਦ', ਪੰਨਾ 255.
32. ੳ) ਡਾ. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 477.

CC-0. In Public Domain. Gurukul Kangri Collection, Haridwar

ਅ) ਡਾ. ਧਰਮ ਪਾਲ ਸਿੰਗਲ 'ਪੰਜਾਬੀ ਕਵਿਤਾ ਦਾ ਵਿਕਾਸ' ਪੰਨਾ 24.
Digitized by Arya Samaj Foundation Chennai and eGangotri

33. ਪਾਲ ਸਿੰਘ ਆਰਿਫ਼, 'ਸੋਹਣੀ ਮਹੀਂਵਾਲ', ਪੰਨਾ 137.
34. ਡਾ. ਗੋਬਿੰਦ ਸਿੰਘ ਲਾਂਬਾ, 'ਮੁਹੰਮਦ ਬੂਟਾ ਗੁਜਰਾਤੀ', 'ਪੰਜਾਬੀ ਦੁਨੀਆਂ', ਅਪਰੈਲ 1962, ਪੰਨਾ 62.
35. ਡਾ. ਧਰਮਪਾਲ ਸਿੰਗਲ, 'ਪੰਜਾਬੀ ਕਵਿਤਾ ਦਾ ਵਿਕਾਸ', ਪੰਨਾ 231.
36. ਮੁਹੰਮਦ ਬੂਟਾ ਗੁਜਰਾਤੀ, 'ਸ਼ੀਰੀ ਫਰਿਹਾਦ', ਪੰਨਾ 181.
37. 'ਸੋਹਣੀ ਗੋਪਾਲ ਸਿੰਘ', ਪੰਨਾ 39.
38. Mohan Singh, 'A History of Panjabi Literature.' p. 72.
39. ਮੌਲਾ ਬਖ਼ਸ਼ ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 48.
40. ਗੁਲਾਮ ਰਸੂਲ, 'ਯੂਸਫ਼ ਜ਼ੁਲੈਖਾਂ', ਪੰਨਾ 492.
41. ਉਹੀ ।
42. ਛੇ ਹਜ਼ਾਰ ਛਿਆਸਠ ਛੇ ਸੌ, ਬੈਂਤ ਗਿਣਤੀ ਆਈਆਂ,
ਨਾਕਿਸ ਸ਼ਿਆਰ ਕਮਾਲ ਹਕਾਇਕ ਰੱਬ ਦੀਆਂ ਬੇ ਪਰਵਾਹੀਆਂ ।
— ਗੁਲਾਮ ਰਸੂਲ, 'ਯੂਸਫ਼ ਜ਼ੁਲੈਖਾਂ', ਪੰਨਾ 492.
43. 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 240.
44. ਸੰਤ ਦਿਤਾ ਰਾਮ, 'ਸ਼ੀਰੀ ਫ਼ਰਿਹਾਦ' (ਸੰਪ. ਸ਼ਮਸ਼ੇਰ ਸਿੰਘ ਅਸ਼ੋਕ), ਪੰਨੇ 5-8.
45. 'ਹੀਰ ਭਗਵਾਨ ਸਿੰਘ', ਪੰਨਾ 146.
46. 'ਹੀਰ ਭਗਵਾਨ ਸਿੰਘ', ਕਬਿੱਤ 527.
47. 'ਹੀਰ ਕਾਹਨ ਸਿੰਘ, ਪੰਨਾ 463.
48. ਪੋਹ ਪਹਿਲੀ ਤੇ ਸ਼ੁਰੂ ਕੀਤਾ, ਦੋ ਮਹੀਨਿਆਂ ਬੀਕ ਲਿਖਾਇਆ ਈ ।
—ਉਹੀ, ਪੰਨਾ 464.
49. ਉਮਰ ਦੀਨ, 'ਯੂਸਫ਼ ਜ਼ੁਲੈਖਾਂ', ਪੰਨਾ 63,
50, ਉਹੀ, ਪੰਨਾ 49.
51, ਉਹੀ, ਪੰਨਾ 59.
52. ਮੁਹੰਮਦ ਦੀਨ, 'ਮਿਰਜ਼ਾ ਸਾਹਿਬਾਂ', ਪੰਨਾ 4.
53. ਉਹੀ ।
54. ਅਹਿਮਦਾਬਾਦ, ਪੰਜਾਬ ਜਿਮੀ ਵਿਚ ਵਾਸਾ ਮੇਰਾ ਜਾਣ,
ਦਾਦਨ ਖਾਂ ਦੇ ਪਿੰਡ ਲਹਿੰਦੇ ਵਾਲ ਯਾਰਾ (11) ਮੀਲ ਪਛਾਣ ।
—ਸ਼ੇਖ ਫ਼ਜ਼ਲ ਹੁਸੈਨ, 'ਗੁਲਬਦਨ', ਪੰਨਾ 15.
55. ਉਹੀ, ਪੰਨਾ 16.
56. 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਟਿਆਲਾ, ਪੰਨਾ 171.

57. 'ਹੀਰ ਜੋਗ ਸਿੰਘ', ਕਬਿੱਤ 64.

58. 'ਇਬਰੇ ਦੀ ਸਾਹਿਬਾਂ' (ਸੰਪ. ਡਾ. ਕੇ. ਸੀ. ਗੁਪਤਾ), ਪੰਨਾ 19.

59. ੳ) ਉਹੀ, ਪੰਨਾ 88.
ਅ) ਉਹੀ, ਪੰਨਾ 89.

60. ਗੌਰੀ ਨਾਥ ਗੌਹਰੀ, 'ਕੀਮਾ ਮਲਕੀ', ਪੰਨਾ 52.

61. ਉਹੀ, ਪੰਨਾ 52.

62. Characteristic and Tendencies in Panjabi Literature during (1849-1900) (Ph. D. Thesis), p, 273.

63. ਡਾ. ਗੁਰਦੇਵ ਸਿੰਘ ਸਿੱਧੂ ਨੇ ਐਮ. ਏ. ਪੰਜਾਬੀ) ਭਾਗ ਦੂਜਾ ਦੇ ਚੌਥਾ ਪਰਚਾ ਦੀ ਥਾਂ ਸ਼ੋਧ ਨਿਬੰਧ ਦੇ ਰੂਪ ਵਿਚ ਇਹ ਕਿੱਸਾ ਸੰਪਾਦਿਤ ਕੀਤਾ ਸੀ। ਇਹ ਕਿੱਸਾ ਪੰਜਾਬ ਯੂਨੀਵਰਸਿਟੀ ਦੇ ਸ਼ੋਧ ਪ੍ਰਬੰਧ ਵਿਭਾਗ ਵਿਚ ਨੰਬਰ 8 ਪੀ., 203 ਹੀ, 83 ਸੰਸਿ. ਵਿਚ ਪਿਆ ਹੈ।

64. ਜੀਵਾ ਸਿੰਘ, 'ਸੋਹਣੀ ਮਹੀਂਵਾਲ', ਪੰਨਾ 211.

65. ਉਹੀ, ਪੰਨਾ 210.

66. ੳ) ਗੋਕਲ ਚੰਦ ਸ਼ਰਮਾ, 'ਕਿੱਸਾ ਪ੍ਰਤਾਪੀ ਦਾ', ਪੰਨਾ 38.
ਅ) ਉਹੀ, 'ਕਿੱਸਾ ਵੱਡਾ ਜੰਗਨਾਮਾ ਅਰਥਾਤ ਕਲਗੀਧਰ ਕੀਰਤਨ', ਪੰਨਾ 31.
ੲ) ਉਹੀ, 'ਕਿੱਸਾ ਜੈਮਲ ਫੱਤਾ', ਪੰਨਾ 32.

67. 'ਹੀਰ ਬਜ਼ਾਰਾ ਸਿੰਘ', ਪੰਨਾ 195.

68. ਉਹੀ, ਪੰਨਾ 195.

99. ਉਹੀ, ਪੰਨਾ 109.

70. 'ਹਿਜਰ ਸਾਗਰ', ਪੰਨਾ 73.

71. ਫ਼ਜ਼ਲ ਸ਼ਾਹ ਸਯਦ ਹੈ ਮੇਰਾ ਉਸਤਾਦ,
ਜਿਹੜੇ ਵਿਚ ਸ਼ਾਇਰਾ ਸਰਤਾਜ ਆਜ਼ਾਦ।
—ਉਹੀ, ਪੰਨਾ 79.

72. ਉਹੀ, ਪੰਨਾ 8.

73. ਸਰਜੂ ਰਾਮ ਨਿਰਮਲਾ, 'ਮਿਰਜ਼ਾ ਸਾਹਿਬਾਂ', ਪੰਨਾ 109.
—ਉਹੀ, ਪੰਨਾ 110.

76. ਜੀਵਾ ਸਿੰਘ, 'ਮਿਰਜ਼ਾ ਸਾਹਿਬਾਂ', ਪੰਨਾ 6.

77. ਨਵਾਬ ਸ਼ਾਹ ਬੁਖਾਰੀ, 'ਸੋਹਣੀ ਮਹੀਂਵਾਲ', ਪੰਨਾ 44.

78. ਹੋਈ ਖਤਮ ਕਿਤਾਬ ਰਮਜ਼ਾਨ ਅੰਦਰ, ਰੋਜ਼ੇ ਤੇਈਸੇਵੇ (23) ਤਮਤਮਾ ਬੋਲੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਤਾ ਰੋਜ਼ ਤੇ ਵਕਤ ਦੁਪਹਿਰਾ ਆਹਾ, ਦਿਤੀ ਰੱਬ ਨੇ ਆਸ ਪਹੁਚਾ ਬਲੀ ।

ਤੇਰ੍ਹਾਂ ਸੌ ਯਾਰਾਂ ਸੀ ਸੰਨ ਹਿਜਰੀ, ਇਹ ਵੀ ਦੇਵਣਾ ਤੁਧ ਸੁਣਾ ਬੋਲੀ ।

ਅਠਾਰਹ ਸੌ ਚੁਰਾਣਵੇਂ ਈਸਵੀ ਸੀ, ਦਿਤੀ ਤਦੋਂ ਸੀ ਇਹ ਮੁਕਾ ਬੋਲੀ ।

— ਫੰਡੇ ਸ਼ਾਹ, 'ਸੋਹਣੀ ਮਹੀਂਵਾਲ', ਪੰਨਾ 52.

79. ਉਹੀ, ਪੰਨਾ 3.
80. 'ਹੀਰ ਰੋਸ਼ਨ', ਪੰਨਾ 14.
81. ਫ਼ਜ਼ਲ ਦੀਨ, 'ਸੋਹਣੀ ਮਹੀਂਵਾਲ', ਪੰਨਾ 37.
82. ਉਹੀ, ਪੰਨਾ 36.
83. ਫ਼ਜ਼ਲ ਸ਼ਾਹ, 'ਸੋਹਣੀ ਮਹੀਂਵਾਲ', ਪੰਨਾ 15.
84. ਫ਼ਜ਼ਲ ਸ਼ਾਹ, 'ਸੋਹਣੀ ਮਹੀਂਵਾਲ', ਪੰਨਾ 12.
85. ਪਾਲ ਸਿੰਘ ਆਰਿਫ਼, 'ਕਿੱਸਾ ਚੰਦਰ ਬਦਨ', ਪੰਨਾ 87.
86. ਉਹੀ, ਪੰਨੇ 87–88.
87. ਉਹੀ, 'ਸੋਹਣੀ ਮਹੀਂਵਾਲ', ਪੰਨਾ 137.
88. ਉਹੀ, 'ਚੰਦਰ ਬਦਨ', ਪੰਨਾ 59.
89. ਉਹੀ, 'ਸੋਹਣੀ ਮਹੀਂਵਾਲ', ਪੰਨਾ 79.
90. ਮਾਨ ਦਾਸ, 'ਸੋਹਣੀ ਮਹੀਂਵਾਲ', ਪੰਨਾਂ 8.
91. ਉਹੀ, ਪੰਨਾ 8.
92. 'ਸਾਧੂ ਈਸ਼ਰ ਦਾਸ' (ਸੰਪ. ਪਿਆਰਾ ਸਿੰਘ ਪਦਮ), ਪੰਨਾ 121.
93. ਉਹੀ, ਪੰਨਾ 16.
94. ਰਾਜਾ ਰਾਮ, 'ਸੋਹਣੀ ਮਹੀਂਵਾਲ', ਪੰਨਾ 19.
95. ਉਸਤਾਦ ਰਾਮ ਧਨ, 'ਕਿੱਸਾ ਪੂਰਨ ਭਗਤ', ਪੰਨਾ 29.
96. ਪੰ. ਦੇਵੀ ਦਿਆਲ, 'ਕਿੱਸਾ ਪੂਰਨ ਭਗਤ', ਪੰਨਾ 142.
97. ਆਤਮ ਹੁਲਾਸ', ਪੰਨਾ 61.
98. ਸਾਧੂ ਸਾਹਿਬ ਸਿੰਘ, 'ਕਿੱਸਾ ਪੂਰਨ ਭਗਤ', ਪੰਨਾ 96.
99. ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 542.
100. ਗਿਆਨ ਸਿੰਘ ਆਰਿਫ਼, 'ਕਿੱਸਾ ਹਰੀ ਚੰਦ ਧਰਮੀ', ਪੰਨਾ 31.
101. ਧਰਮ ਪਾਲ ਸਿੰਗਲ. ਪੰਜਾਬੀ ਕਵਿਤਾ ਦਾ ਵਿਕਾਸ, ਪੰਨਾ 378.
102. ਉਹੀ, ਪੰਨਾ 392.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਵਿ ਵਿਚ ਇਸਤਰੀ ਨਿੰਦਿਆ

ਇਸਤਰੀ ਪੰਜਾਬੀ ਪ੍ਰੇਮ-ਕਾਵਿ ਦਾ ਆਧਾਰ ਹੈ। ਇਸ ਦੇ ਹੁਸਨ ਤੇ ਇਸ਼ਕ ਦੀ ਗਾਥਾ ਹੀ ਕਿੱਸਿਆਂ ਦਾ ਕਥਾਨਕ ਹੈ। ਕਿੱਸਿਆਂ ਵਿਚ ਪ੍ਰੇਮ ਜੋੜਿਆਂ ਦੀ ਵਸੱਲ ਲਈ ਤਾਂਘ ਤੇ ਵਿਯੋਗ ਦੇ ਹਉਕਿਆਂ, ਤੜਫਣ ਆਦਿ ਦਾ ਬਿਆਨ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਇਸਤਰੀ, ਪ੍ਰੇਮ ਕਾਵਿ ਦਾ ਆਕਰਸ਼ਨ ਬਿੰਦੂ ਹੈ, ਇਸ ਦੀ ਅਣਹੋਂਦ ਵਿਚ ਕੋਈ ਪ੍ਰੇਮ ਕਾਵਿ ਰਚਿਆ ਹੀ ਨਹੀਂ ਜਾ ਸਕਦਾ ਹੈ ਪਰ ਅਜਿਹਾ ਕੋਈ ਪੰਜਾਬੀ ਕਿੱਸਾਕਾਰ ਨਹੀਂ ਹੋਇਆ, ਜਿਸ ਨੇ ਇਸਤਰੀ ਜਾਤੀ ਦੀ ਨਿੰਦਿਆ ਨਾ ਕੀਤੀ ਹੋਵੇ। ਮੱਧਕਾਲ ਵਿਚ ਵਿਸ਼ੇਸ਼ ਕਰ ਕੇ ਕਿੱਸਾ ਕਾਵਿ ਦੇ ਖੇਤਰ ਵਿਚ ਇਕ ਪਰਿਪਾਟੀ ਚਲਦੀ ਸੀ, ਜਿਸ ਦੇ ਆਧਾਰ ਤੇ ਹਰ ਇਕ ਕਿੱਸਾਕਾਰ ਨੇ ਇਸਤਰੀ ਜਾਤੀ ਨੂੰ 'ਪਾਪਾਂ ਦੀ ਜੜ੍ਹ', 'ਬੇਵਫ਼ਾ', 'ਨਾਗਣ', 'ਲੜਾਈਆਂ ਦਾ ਕਾਰਣ' ਆਦਿ ਦੇ ਰੂਪ ਵਿਚ ਚਿਤਰਿਆ ਹੈ।

ਪੰਜਾਬੀ ਕਿੱਸਾ ਕਾਵਿ ਦੇ ਮੋਢੀ ਕਿੱਸਾਕਾਰ ਦਮੋਦਰ ਨੇ ਭਾਵੇਂ ਇਤਨੇ ਕਰੂੜ ਸ਼ਬਦਾਂ ਵਿਚ ਇਸਤਰੀ ਜਾਤੀ ਦਾ ਅਪਮਾਨ ਨਹੀਂ ਕੀਤਾ ਜਿਤਨਾ ਉਸ ਦੇ ਉਤਰਾਧਿਕਾਰੀਆਂ ਨੇ ਕੀਤਾ ਹੈ ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਦਮੋਦਰ ਨੇ ਵੀ ਇਸਤਰੀ ਨੂੰ ਪੁਰਸ਼ ਦੇ ਸਮਾਨ ਦਰਜਾ ਨਹੀਂ ਦਿੱਤਾ ਹੈ :

ਸੁਣਹੁ ਸਿਆਲੋ ਧੀਆਂ ਵਾਲੋ, ਧੀਆਂ ਮੂਲ ਨ ਰੱਖੋ,
ਹਿੱਕੇ ਤਾਂ ਧੀਆਂ ਨਈ ਰੁੜ੍ਹਾਹੋ, ਹਿੱਕੇ ਸਿਰ ਕਰਿਆਹੇ ਵੱਖੋਂ,
ਹਿੱਕ ਹਿੱਕ ਵੰਡੀ ਆਵੰਦੀ ਨਾਹੇ, ਅੰਗੁਲ ਭਰ ਭਰ ਚੱਖੋ,
ਤੁਸੀਂ ਖਾਂਦੇ ਹੋ ਢੋਡਾ ਥਾਪੀ, ਚਾਕ ਖਾਂਦੇ ਏਹੁ ਵੱਥੋ।[1]

ਪੀਲੂ 'ਭੱਠ ਰੰਨਾਂ ਦੀ ਦੋਸਤੀ' ਕਹਿ ਕੇ ਇਸਤਰੀ ਜਾਤੀ ਪ੍ਰਤੀ ਨਫ਼ਰਤ ਦੀ ਭਾਵਨਾ ਨੂੰ ਅਭਿਵਿਅਕਤ ਕਰ ਲੈਂਦਾ ਹੈ। ਪੰਜਾਬੀ ਕਿੱਸਾ ਕਾਵਿ ਦੇ ਖੇਤਰ ਵਿਚ ਵਾਰਿਸ ਸ਼ਾਹ ਦੇ ਪ੍ਰਵੇਸ਼ ਨਾਲ, ਕਿੱਸਾ ਕਾਵਿ ਦਾ ਸ਼ਿਖ਼ਰ ਮੰਨਿਆ ਜਾਂਦਾ ਹੈ। ਵਾਰਿਸ ਸ਼ਾਹ ਪੰਜਾਬੀ ਦਾ ਇਕ ਸ਼ਿਰੋਮਣੀ ਕਿੱਸਾਕਾਰ ਹੈ। ਜਿਸ ਨਾਲ ਹਰ ਇਕ ਪੰਜਾਬੀ ਦੀ ਮਾਨਸਿਕ ਸਾਂਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਪਰ ਵਾਰਿਸ ਸ਼ਾਹ ਇਸਤਰੀ ਨਿੰਦਿਆ ਦੇ ਸਬੰਧ ਵਿਚ ਆਪਣੇ ਪੂਰਬ ਵਰਤੀ ਤੇ ਉਤਰ ਵਰਤੀ ਸਾਰੇ ਕਿੱਸਾਕਾਰਾਂ ਨੂੰ ਪਿਛੇ ਛੱਡ ਗਿਆ ਹੈ। ਉਹ ਤਾਂ ਇਸਤਰੀ ਨੂੰ ਨਿਰਜਿੰਦ, ਤਰਲ ਤੇ ਅਸਥਿਰ ਵਸਤੂ ਸਮਾਨ ਸਮਝਦਾ ਹੈ ਜੋ ਟਿਕ ਥਾਂ ਟਿਕ ਕੇ ਬੈਠ ਨਹੀਂ ਸਕਦੀ। ਉਸ ਅਨੁਸਾਰ ਨਾਰੀ ਤੋਂ ਵਫ਼ਾ ਦੀ ਆਸ ਨਹੀਂ ਰਖੀ ਜਾ ਸਕਦੀ :

ੳ. ਵਾਰਿਸ ਰੰਨ, ਫ਼ਕੀਰ, ਤਲਵਾਰ, ਘੋੜਾ,
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ ।[2]

ਅ. ਰਾਂਝਾ ਕਹਿੰਦਾ ਭਾਬੀਓ ਰੰਨ ਨੰਗੀ ਤਲਵਾਰ,
ਛੋਹ ਜਾਵੇ ਜਿਸ ਮਰਦ ਨੂੰ ਕਤਲ ਕਰੇ ਇਕ ਵਾਰ ।
ਕੌਰਵ ਪਾਂਡਵ ਲੜ ਮੋਏ ਕਹਿਰ ਕਮਾਇਆ ਨਾਰ,
ਜੰਗ ਇਮਾਮਾਂ ਦਾ ਹੋਇਆ, ਏਸੇ ਤਰ੍ਹਾਂ ਵਿਚਾਰ ।[3]

ੲ. ਰੰਨਾਂ ਉਤੇ ਨਾ ਵਿਸਣਾਂ ਕਦੇ ਚਾਹੀਏ,
ਕਿਥੇ ਘਤਾਂ ਹੁਣ ਕਾਰਿਆਂ ਤੇਰਿਆਂ ਨੂੰ ।
ਪੁਤ੍ਰ ਇੱਕ ਲਾਇਕ ਵੈਦ ਕੁਲ ਤਾਰੇ,
ਡੋਬੇ ਨਦੀ ਵਿਚ ਖੱਚ ਵਧੇਰਿਆਂ ਨੂੰ ।[4]

ਹੁਣ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਸਤਰੀ ਨਿੰਦਿਆ ਕੇਵਲ ਪੰਜਾਬੀ ਕਿੱਸਾਕਾਰਾਂ ਦਾ ਕੇਂਦਰ ਬਿੰਦੂ ਹੀ ਨਹੀਂ ਰਹੀ। ਸਗੋਂ ਸਾਰੇ ਭਾਰਤੀ ਸਾਹਿਤ ਵਿਚ ਇਸ ਜਾਤੀ ਲਈ ਤ੍ਰਿਸਕਾਰ ਯੋਗ ਸ਼ਬਦ ਵਰਤੇ ਜਾਂਦੇ ਰਹੇ ਹਨ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਰਿਗਵੇਦ ਕਾਲ ਵਿਚ ਇਸਤਰੀ ਨੂੰ ਪੁਰਸ਼ ਦੇ ਸਮਾਨ ਅਧਿਕਾਰ ਪ੍ਰਾਪਤ ਸਨ। ਇਸ ਕਾਲ ਵਿਚ ਕੋਈ ਵੀ ਯੱਗ, ਹਵਨ ਜਾਂ ਹੋਰ ਕੋਈ ਵਿਸ਼ੇਸ਼ ਸਮਾਜਿਕ ਉਸਤਵ ਇਸਤਰੀ ਦੀ ਗੈਰ ਹਾਜਰੀ ਵਿਚ ਸੰਪਨ ਨਹੀਂ ਹੋ ਸਕਦਾ ਸੀ। ਇਸਤਰੀ ਹਰ ਸਮਾਜਿਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਖੇਤਰ ਵਿਚ ਪੁਰਸ਼ ਵਾਂਗ ਸੁਤੰਤਰ ਸੀ। ਉਸ ਨੂੰ ਵਿਦਿਆ ਪ੍ਰਾਪਤੀ ਦੇ ਪੂਰਣ ਅਧਿਕਾਰ ਸਨ। ਗਾਰਗੀ, ਮੈਤ੍ਰਾਈ ਆਦਿ ਇਸਤਰੀਆਂ ਦਾ ਨਾਮ ਰਿਗ ਵੇਦ ਵਿਚ ਮਿਲਦਾ ਹੈ, ਜੋ ਪੁਰਸ਼ਾਂ ਨਾਲ ਸ਼ਾਸ਼ਤਰਾਰਥ ਕਰਦੀਆਂ ਸਨ। ਪੜ੍ਹਨ ਲਿਖਣ ਵਿਚ ਇਸਤਰੀਆਂ ਪੁਰਸ਼ਾਂ ਤੋਂ ਪਿਛੇ ਨਹੀਂ ਰਹਿੰਦੀਆਂ ਸਨ। ਕਾਵਿ, ਸੰਗੀਤ, ਨ੍ਰਿਤ ਅਰਥਾਤ ਅਭਿਨਯ ਆਦਿ ਲਲਿਤ ਕਲਾਵਾਂ ਵਿਚ ਵੀ ਉਨ੍ਹਾਂ ਨੂੰ ਮਾਨ ਪ੍ਰਾਪਤ ਸੀ[5] ਪਰ ਉਸ ਸਮਾਜ ਵਿਚ ਫਿਰ ਵੀ ਲੜਕੀ ਨਾਲੋਂ ਲੜਕੇ ਨੂੰ ਮਹੱਤਵ ਦਿੱਤਾ ਜਾਂਦਾ ਸੀ। ਇਸ ਲਈ ਪੁੱਤਰ ਪ੍ਰਾਪਤੀ ਲਈ ਸਾਰੇ ਯਤਨ ਕੀਤੇ ਜਾਂਦੇ ਸਨ ਤੇ ਲੜਕੀ ਦੇ ਪੈਦਾ ਹੋਣ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ।[6] ਸਪੱਸ਼ਟ ਹੈ ਕਿ ਜੇਕਰ ਵੈਦਿਕ ਕਾਲ ਵਿਚ ਇਸਤਰੀ ਨੂੰ ਸਮਾਜ ਵਿਚ ਉੱਚਾ ਦਰਜਾ ਪ੍ਰਾਪਤ ਸੀ ਪਰ ਇਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਨ ਵਿਚਾਰ ਵੀ ਮਿਲਦੇ ਹਨ ।

ਵੈਦਿਕ ਕਾਲ ਤੋਂ ਮਗਰੋਂ ਬ੍ਰਾਹਮਣ ਗ੍ਰੰਥਾਂ ਦਾ ਸਮਾਂ ਆਉਂਦਾ ਹੈ । ਇਸ ਕਾਲ ਦੀਆਂ ਦੋ 'ਮੈਤ੍ਰਾਯਣੀ ਸੰਹਿਤਾ' ਤੇ 'ਕਚਨ ਸੰਹਿਤਾ' ਪੁਸਤਕਾਂ ਵਿਚ ਲੜਕੀਆਂ ਨੂੰ ਮਾਰਨ ਦਾ ਪ੍ਰਸੰਗ ਮਿਲਦਾ ਹੈ । ਇਸ ਦਾ ਕਾਰਣ ਲੜਕੀਆਂ ਨੂੰ ਵਿਆਹ ਵਿਚ ਦਾਜ ਦੇਣਾ ਸੀ । ਬ੍ਰਾਹਮਣ ਗ੍ਰੰਥਾਂ ਦੇ ਸਮਕਾਲੀ ਉਪਨਿਸ਼ਦ ਹਨ, ਜਿਨ੍ਹਾਂ ਦਾ ਸਮਾਂ 600 ਪੂ. ਈ ਦੇ ਲਗਭਗ ਮੰਨਿਆ ਜਾਂਦਾ ਹੈ । ਇਨ੍ਹਾਂ ਵਿਚ ਵੀ ਇਸਤਰੀ ਪ੍ਰਤੀ ਅਪਣਾਏ ਗਏ ਇਸ ਰਵਈਏ ਦੀ ਪੁਸ਼ਟੀ ਹੁੰਦੀ ਹੈ । ਜੋ ਇਸਤਰੀ ਪਤੀ ਦੀ ਆਗਿਆ ਦਾ ਪਾਲਣ ਨਹੀਂ ਕਰਦੀ ਸੀ, ਉਸ ਨੂੰ ਪਤੀ ਦੀ ਆਗਿਆ ਦਾ ਮਜਬੂਰਨ ਪਾਲਣ ਕਰਨ ਲਈ ਹਥ ਜਾਂ ਛਟੀ ਨਾਲ ਕੁਟਿਆ ਜਾਂਦਾ ਸੀ ।[7] ਉਸ ਤੋਂ ਮਗਰੋਂ ਰਮਾਇਣ ਕਾਲ ਵਿਚ ਜਿਥੇ ਇਸਤਰੀ ਨੂੰ ਰਾਜਨੀਤਿਕ ਤੇ ਸਮਾਜਿਕ ਖੇਤਰਾਂ ਵਿਚ ਸਨਮਾਨ ਯੋਗ ਸਥਾਨ ਪ੍ਰਾਪਤ ਸੀ, ਉਥੇ ਉਸ ਕਾਲ ਦੀ ਪ੍ਰਮਾਣਿਕ ਪੁਸਤਕ 'ਬਾਲਮੀਕ ਰਾਮਾਇਣ'ਵਿਚੋਂ, ਉਸ ਕਾਲ ਦੀ ਇਸਤਰੀ ਦੀ ਦੁਰਦਸ਼ਾ ਬਾਰੇ ਗਿਆਤ ਹੁੰਦਾ ਹੈ । ਉਸ ਕਾਲ ਵਿਚ ਬਹੁ-ਪਤਨੀ ਪ੍ਰਥਾ ਚਾਲੂ ਸੀ । ਰਾਜੇ ਦਸ਼ਰਥ ਦੇ ਖੁਦ ਤਿੰਨ ਪਤਨੀਆਂ ਸਨ । ਇਸੇ ਪ੍ਰਕਾਰ ਉੱਚ ਕਰਮਚਾਰੀ ਵੀ ਐਸ਼-ਇਸ਼ਰਤ ਲਈ ਇਕ ਤੋਂ ਵੱਧ ਪਤਨੀਆਂ ਰਖਦੇ ਸਨ । ਪੰਚਵਟੀ ਵਿਚ ਲਛਮਨ ਦੀ ਸੀਤਾ ਨਾਲ ਹੋਈ ਵਾਰਤਾ-ਲਾਪ ਵਿਚ ਕਿਹਾ ਹੈ ਕਿ ਇਸਤਰੀਆਂ ਭਰਾਵਾਂ ਵਿਚ ਫੁਟ ਪੁਵਾ ਕੇ ਅੱਡ ਕਰਵਾ ਦਿੰਦੀਆਂ ਹਨ ।[8] ਤੁਲਸੀ ਦਾਸ ਅਨੁਸਾਰ ਇਸਤਰੀ ਅਬਲਾ ਹੁੰਦੇ ਹੋਏ ਭੀ ਦੁੱਖ ਨੂੰ ਸਹਾਰਨ ਦੀ ਸਮੱਰਥਾ ਰਖਦੀ ਹੈ ਜਿਸ ਕਾਰਣ ਉਹ ਹੱਠੀ ਹੋ ਜਾਂਦੀ ਹੈ । ਸੀਤਾ ਦੀ ਪੰਚਵਟੀ ਵਿਚ ਸੋਨੇ ਦੇ ਹਰਨ ਲਈ ਜ਼ਿਦ ਕਰਨਾ, ਇਸਤਰੀ ਦੇ ਹੱਠ ਦੀ ਜਿਉਂਦੀ-ਜਾਗਦੀ ਉਦਾਹਰਣ ਹੈ ।[9] ਕਹਿਣ ਦਾ ਭਾਵ ਕਿ ਇਸਤਰੀ ਨਿੰਦਿਆਂ ਤਾਂ 'ਰਾਮ-ਰਾਜ' ਵਿਚ ਵੀ ਸੀ । ਰਮਾਇਣ ਕਾਲ ਤੋਂ ਮਗਰੋਂ ਇਕ ਹੋਰ ਮਹੱਤਵਪੂਰਣ ਪੁਸਤਕ 'ਮਹਾਂਭਾਰਤ' ਆਪਣੇ ਸਮਕਾਲੀ ਸਮਾਜ ਵਿਚ ਇਸਤਰੀ ਉੱਤੇ ਇਕ ਦ੍ਰਿਸ਼ਟੀਪਾਤ ਕਰਦੀ ਹੈ । ਇਕ ਪਾਸੇ ਇਸਤਰੀ ਦੀ ਉਪਮਾ ਕੀਤੀ ਗਈ ਹੈ, ਇਸਤਰੀ ਘਰ ਦੀ ਸੋਭਾ ਹੈ ।[10] ਇਸਤਰੀ ਨੂੰ ਗਾਲਾਂ ਦੇਣ ਵਾਲਾ ਨਰਕ ਵਿਚ ਜਾਂਦਾ ਹੈ ।[11] ਜਿਥੇ ਇਸਤਰੀਆਂ ਦੀ ਪੂਜਾ ਹੁੰਦੀ ਹੈ, ਉਥੇ ਦੇਵਤੇ ਵਸਦੇ ਹਨ । ਜਿਥੇ ਇਸਤਰੀ ਦੀ ਪੂਜਾ ਨਹੀਂ ਹੁੰਦੀ, ਉਥੇ ਧਾਰਮਿਕ ਕਾਰਜ ਬੇਕਾਰ ਜਾਂਦੇ ਹਨ ।[12] 'ਮਹਾਂਭਾਰਤ' ਵਿਚ ਜਿਥੇ ਇਸਤਰੀ ਲਈ ਇਤਨੇ ਸਤਿਕਾਰ ਤੇ ਸਨਮਾਨ ਦਾ ਪ੍ਰਗਟਾਵਾ ਹੋਇਆ, ਉਥੇ ਇਸਤਰੀ ਪ੍ਰਤੀ, ਹੀਨ ਵਿਚਾਰਾਂ ਦੀ ਵੀ ਘਾਟ ਨਹੀਂ । ਇਸ ਮਹਾਨ ਪੁਸਤਕ ਵਿਚ ਲਿਖਿਆ ਹੈ ਕਿ ਜੇਕਰ ਇਕ ਵਿਅਕਤੀ ਦੇ ਸੌ ਜ਼ਬਾਨਾਂ ਲਗ ਜਾਣ ਤੇ ਉਹ ਸੌ ਸਾਲਾਂ ਦੀ ਉਮਰ ਤਕ ਜਿਉਂਦਾ ਰਹੇ ਅਤੇ ਉਸ ਨੂੰ ਹੋਰ ਕੋਈ ਕੰਮ ਨਾ ਹੋਵੇ ਤਾਂ ਵੀ ਉਹ ਇਸਤਰੀ ਦੇ ਦੋਸ਼ ਗਿਣਨ ਤੋਂ ਪਹਿਲਾਂ ਮਰ ਜਾਵੇਗਾ ।[13] ਯੁਧਿਸ਼ਟਰ ਦਾ ਮੱਤ ਹੈ ਕਿ ਇਸਤਰੀਆਂ ਪੁਰਸ਼ਾਂ ਤੋਂ ਕਦੇ ਤ੍ਰਿਪਤ ਨਹੀਂ ਹੁੰਦੀਆਂ । ਇਹ ਰੁਮਾਂਟਿਕ ਹੁੰਦੀਆਂ ਕੇਵਲ ਪੁਰਸ਼ਾਂ ਨੂੰ ਹੀ ਫਸਾਉਂਦੀਆਂ ਹਨ । ਇਨ੍ਹਾਂ ਦੇ ਹੱਥਾਂ ਵਿਚ ਫਸਿਆ ਹੋਇਆ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਸ਼ ਬਚ ਨਹੀਂ ਸਕਦਾ । ਜਿਸ ਤਰ੍ਹਾਂ ਗਊਆਂ ਹਰ ਰੋਜ਼ ਨਵਾਂ ਘਾਹ ਖਾਂਦੀਆਂ ਹਨ, ਉਸੇ ਤਰ੍ਹਾਂ ਇਹ ਵੀ ਹਰ ਰੋਜ਼ ਨਵਾਂ ਪੁਰਸ਼ ਭਾਲਦੀਆਂ ਹਨ ।[14]

ਇਥੇ ਹੀ ਬੱਸ ਨਹੀਂ ਮੰਨੂੰ ਸਿਮਰਤੀ ਵਿਚ ਇਕ ਪਾਸੇ ਤਾਂ ਇਸਤਰੀ ਨੂੰ ਘਰ ਦੀ ਸ਼ੋਭਾ, ਪੂਜਨਯੋਗ ਮੰਨਿਆ ਹੈ ।[15] ਜਿਥੇ ਇਸਤਰੀਆਂ ਦੀ ਪੂਜਾ ਹੁੰਦੀ ਹੈ, ਉਥੇ ਦੇਵਤੇ ਰਹਿੰਦੇ ਹਨ । ਜਿਥੇ ਇਨ੍ਹਾਂ ਦੀ ਪੂਜਾ ਨਹੀਂ ਹੁੰਦੀ ਉਥੇ ਸਾਰਾ ਕਾਰਜ ਹੀ ਅਸਫਲ ਰਹਿ ਜਾਂਦਾ ਹੈ[16] ਉਥੇ ਦੂਜੇ ਪਾਸੇ ਮੰਨੂੰ ਜੀ ਲਿਖਦੇ ਹਨ ਕਿ ਇਸਤਰੀਆਂ ਨੂੰ ਅਧੀਨ ਰਖ ਕੇ ਇਸ ਦੀ ਰਖਿਆ ਕਰੋ । ਇਸਤਰੀ ਸੁਤੰਤਰ ਰਹਿਣ ਦੇ ਯੋਗ ਨਹੀਂ ।[17] ਇਸਤਰੀਆਂ ਨਾ ਤਾਂ ਰੂਪ ਦਾ ਵਿਚਾਰ ਕਰਦੀਆਂ ਹਨ ਅਤੇ ਨਾ ਹੀ ਉਮਰ ਦਾ ਲਿਹਾਜ਼ ਕਰਦੀਆਂ ਹਨ । ਜਿਹੜਾ ਵੀ ਰੂਪਵਾਨ ਜਾਂ ਕਰੂਪ ਪੁਰਸ਼ ਮਿਲ ਜਾਵੇ, ਉਸ ਨੂੰ ਹੀ ਭੋਗ ਲੈਂਦੀਆਂ ਹਨ ।[18] ਇਸਤਰੀਆਂ ਚੰਚਲ ਸੁਭਾ ਤੇ ਸੁਨੇਹ ਯੁਕਤ ਹੋਣ ਦੇ ਕਾਰਣ, ਯਤਨ ਪੂਰਬਕ ਰੱਖਿਆ ਕਰਨ ਦੇ ਬਾਵਜੂਦ ਵੀ ਪਤੀਆਂ ਪ੍ਰਤੀ ਸਚੀਆਂ ਨਹੀਂ ਰਹਿ ਸਕਦੀਆਂ ।[19]

ਇਸ ਸੰਖੇਪ ਜਿਹੇ ਸਰਵੇਖਣ ਤੋਂ ਮਗਰੋਂ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਆਦਿ ਕਾਲ ਤੋਂ ਹੀ ਇਸਤਰੀ ਪ੍ਰਤੀ ਪੁਰਸ਼ ਦੇ ਇਸ ਰਵੱਈਏ ਦਾ ਕੀ ਮੂਲ ਕਾਰਣ ਹੈ ? ਕੀ ਇਸਤਰੀ ਵਾਕਿਆ ਹੀ ਨਿੰਦਿਆ ਯੋਗ ਹੈ ? ਜਾਂ ਇਹ ਇਕ ਪੱਖੀ ਧਾਰਨਾ ਹੈ । ਇਸ ਪ੍ਰਸ਼ਨ ਦੇ ਉੱਤਰ ਤੋਂ ਬਿਨਾਂ ਇਸਤਰੀ ਪ੍ਰਤੀ ਇਸ ਤ੍ਰਿਸਕਾਰ ਯੋਗ ਸ਼ਬਦਾਂ ਦੀ ਵਰਤੋਂ ਬਾਰੇ ਅਸੀਂ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਸਕਦੇ ਹਾਂ ।

ਇਸਤਰੀ ਦੀ ਨਿੰਦਿਆ ਦਾ ਮੂਲ ਕਾਰਣ ਇਹ ਹੈ ਕਿ ਅ ਦਿ ਕਾਲ ਵਿਚ ਜਦੋਂ ਅਸਭਿਅ ਮਨੁੱਖ ਜੰਗਲਾਂ ਵਿਚ ਰਹਿੰਦੇ ਸਨ । ਉਹ ਪਸ਼ੂਆਂ ਸਮਾਨ ਜੀਵਨ ਜੀਉਂਦੇ ਸਨ । ਉਨ੍ਹਾਂ ਦੇ ਜੀਵਨ ਦਾ ਮੂਲ ਉਦੇਸ਼ ਪੇਟ ਭਰਨਾ ਤੇ ਕਾਮ ਭੁੱਖ ਤ੍ਰਿਪਤ ਕਰਨਾ ਸੀ । ਇਸ ਕਾਲ ਵਿਚ ਸ਼ਕਤੀਸ਼ਾਲੀ ਪੁਰਖ, ਕਮਜ਼ੋਰ ਵਿਅਕਤੀ ਦੀ ਹੱਤਿਆ ਕਰਕੇ, ਆਪਣੀ ਕਾਮ ਭੁੱਖ (sexual desire) ਨੂੰ ਸ਼ਾਂਤ ਕਰਨ ਲਈ, ਉਸ ਦੀ ਪਤਨੀ ਖੋਹ ਕੇ ਲੈ ਜਾਇਆ ਕਰਦਾ ਸੀ । ਉਸ ਤੋਂ ਮਗਰੋਂ ਜਦੋਂ ਪੁਰਖ ਹੌਲੀ ਹੌਲੀ ਸਭਿਅ ਵੀ ਹੋ ਗਿਆ, ਉਸ ਦੀ ਇਸਤਰੀ ਹਰਨ ਦੀ ਮੂਲ ਭੁੱਖ ਖ਼ਤਮ ਨਾ ਹੋਈ । ਇਤਿਹਾਸ ਦੇ ਪੰਨਿਆਂ ਉਤੇ ਜੇਕਰ ਪ੍ਰਤਵੀਂ ਝਾਤ ਮਾਰੀਏ ਤਾਂ ਗਿਆਤ ਹੁੰਦਾ ਹੈ ਕਿ ਸੰਸਾਰ ਵਿਚ ਅਨੇਕਾਂ ਯੁੱਧ ਇਸਤਰੀ ਪ੍ਰਾਪਤੀ ਦੀ ਖ਼ਾਤਰ ਹੋਏ ਹਨ । 'ਹੈਲਨ ਆਫ਼ ਟਰਾਏ' ਦੀ ਖ਼ਾਤਰ ਯੂਨਾਨ ਦੇ ਬਾਦਸ਼ਾਹ ਯੂਲਸਜ਼ਸ਼ ਨੇ ਦਸ ਸਾਲ ਲਈ ਲੜਾਈ ਲੜੀ ਜਿਸ ਵਿਚ ਲੱਖਾਂ ਆਦਮੀਆਂ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ, ਅਨੇਕਾਂ ਮਾਵਾਂ ਦੇ ਪੁੱਤਰ, ਭੈਣਾਂ ਦੇ ਵੀਰ ਤੇ ਇਸਤਰੀਆਂ ਦੇ ਸੁਹਾਗ ਤੇ ਕਈ ਨਵੀਆਂ ਫੁਟਦੀਆਂ ਕਲੀਆਂ ਦੇ ਪਾਲਣਹਾਰ, ਇਸ ਯੁੱਧ ਵਿਚ ਕੰਮ ਆਏ । ਸਾਡੇ ਦੇਸ਼ ਵਿਚ ਰਾਮਾਇਣ ਦੀ ਇਕ ਪ੍ਰਮਾਣਿਕ ਕਥਾ ਹੈ ਕਿ ਰਾਵਣ ਦਾ ਸੀਤਾ ਨੂੰ ਚੁਰਾ ਕੇ ਲੈ ਜਾਣ ਦੇ ਕਾਰਣ ਰਾਮ ਨੂੰ ਰਾਵਣ ਨਾਲ ਯੁੱਧ ਕਰਨਾ ਪਿਆ, ਜਿਸ ਦੇ ਫ਼ਲਸਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੰਕਾ, ਜਿਸ ਨੂੰ ਸੋਨੇ ਦੀ ਲੰਕਾ ਕਿਹਾ ਜਾਂਦਾ ਸੀ, ਢਾਹ ਕੇ ਮਿੱਟੀ ਵਿਚ ਮਿਲਾ ਦਿੱਤੀ ਗਈ। ਰਾਵਣ ਜਿਹਾ ਵਿਦਵਾਨ, ਜਿਸ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ, 'ਦਸ ਸਿਰਾਂ ਵਾਲਾ ਰਾਵਣ' ਆਖਿਆ ਜਾਂਦਾ ਹੈ, ਮਾਰਿਆ ਗਿਆ। ਕੁਰੂਕਸ਼ੇਤਰ ਦੀ ਲੜਾਈ, ਜਿਸ ਵਿਚ ਕਿਹਾ ਜਾਂਦਾ ਹੈ ਕਿ ਕੌਰਵਾਂ ਦੀਆਂ 18 ਖੂਹਣੀਆਂ ਤੇ ਪਾਡਵਾਂ ਦੀਆਂ 11 ਖੂਹਣੀਆਂ ਫੌਜ਼ਾਂ ਖ਼ਤਮ ਹੋ ਗਈਆਂ ਸਨ, ਦਾ ਕਾਰਣ ਵੀ ਇਕ ਇਸਤਰੀ ਸੀ।

ਇਸ ਪ੍ਰਕਾਰ ਇਲਾਉਦੀਨ ਖਿਲਜੀ ਨੇ ਪਦਮਣੀ ਦੀ ਪ੍ਰਾਪਤੀ ਲਈ ਚਿਤੌੜ ਤੇ ਹਮਲਾ ਕਰਕੇ ਇਸ ਇਤਿਹਾਸਕ ਸ਼ਹਿਰ ਨੂੰ ਖੰਡਰ ਬਣਾ ਦਿੱਤਾ ਸੀ। ਇਸ ਗੱਲ ਵੱਖਰੀ ਹੈ ਕਿ ਪਦਮਣੀ ਨੇ ਆਪਣੀ ਇੱਜ਼ਤ ਬਚਾਉਣ ਲਈ ਜ਼ੌਹਰ ਦੀ ਰਸਮ ਰਾਹੀਂ ਆਪਣੇ ਆਪ ਨੂੰ ਖ਼ਤਮ ਕਰ ਲਿਆ ਸੀ ਪਰ ਇਲਾਉਦੀਨ ਦਾ ਚਿਤੌੜ ਨੂੰ ਖੰਡਰ ਬਨਾਉਣ ਦਾ ਕਾਰਣ ਪਦਮਣੀ ਦੀ ਪ੍ਰਾਪਤੀ ਹੀ ਸੀ। ਜੇਕਰ ਮਹਾਰਾਣੀ ਪਦਮਣੀ ਇਤਨੀ ਸੁੰਦਰ ਨਾ ਹੁੰਦੀ ਤਾਂ ਸ਼ਾਇਦ ਇਲਾਉਦੀਨ ਨੂੰ ਚਿਤੌੜ ਜਿਤਣ ਦੀ ਲੋੜ ਨਾ ਭਾਸਦੀ। ਇਸੇ ਤਰ੍ਹਾਂ ਜੇਕਰ ਇਤਿਹਾਸ ਦੇ ਪੰਨੇ ਹੋਰ ਫਰੋਲੇ ਜਾਣ ਤਾਂ ਅਨੇਕਾਂ ਉਦਾਹਰਣਾ ਮਿਲ ਜਾਣਗੀਆ। ਮੇਰੇ ਵਿਚਾਰ ਅਨੁਸਾਰ ਇਸ ਲਈ ਹੀ ਇਸਤਰੀ ਨੂੰ ਲੜਾਈ ਦੀ ਜੜ੍ਹ ਕਿਹਾ ਜਾਂਦਾ ਹੈ।

ਇਸ ਤੋਂ ਇਲਾਵਾ ਇਕ ਹੋਰ ਕਾਰਣ ਇਹ ਵੀ ਨਜ਼ਰ ਆਉਂਦਾ ਹੈ ਕਿ ਆਦਿ-ਕਾਲ ਤੋਂ ਹੀ ਪੁਰਸ਼ ਪ੍ਰਧਾਨ ਸਮਾਜ ਰਿਹਾ ਹੈ। ਪੁਰਸ਼ ਦਾ ਇਸਤਰੀ ਦੇ ਆਚਰਣ ਚਿਤ੍ਰਣ ਪ੍ਰਤੀ ਇਕ ਪੱਖੀ ਰਵੱਈਆ ਰਿਹਾ ਹੈ। ਵਾਸਤਵ ਵਿਚ ਨਾ ਬਿਲਕੁਲ ਪੁਰਖ ਹੀ ਦੋਸ਼ਾਂ ਤੋਂ ਰਹਿਤ ਹੈ ਤੇ ਨਾ ਹੀ ਇਸਤਰੀ ਗੁਣਾਂ ਤੋਂ ਵਾਂਝੀ ਹੈ। ਹਰ ਇਕ ਪੁਰਸ਼ ਤੇ ਇਸਤਰੀ ਵਿਚ ਗੁਣ ਤੇ ਔਗੁਣ ਨਾਲ ਨਾਲ ਚਲਦੇ ਹਨ। ਇਹ ਤਾਂ ਸੰਭਵ ਹੈ ਕਿ ਕਿਸੇ ਵਿਅਕਤੀ ਵਿਚ ਗੁਣਾਂ, ਔਗੁਣਾਂ ਦੀ ਮਾਤਰਾ ਵਿਚ ਅੰਤਰ ਤਾਂ ਹੋ ਸਕਦਾ ਹੈ ਪਰ ਇਥੇ ਪੁਰਸ਼ਾਂ ਦੇ ਔਗੁਣਾਂ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ ਹੈ। ਪੁਰਸ਼ ਪ੍ਰਧਾਨ ਸਮਾਜ ਹੋਣ ਦੇ ਨਾਤੇ, ਇਸਤਰੀਆਂ ਦੇ ਔਗੁਣਾਂ ਨੂੰ ਅਲੰਕਾਰ ਲਾ ਲਾ ਕੇ ਚਿਤਰਿਆ ਗਿਆ ਹੈ। ਇਸਤਰੀ ਦੀ ਇਕ ਡਰਾਉਣੀ ਤਸਵੀਰ ਅੰਕਿਤ ਕਰ ਦਿੱਤੀ ਗਈ ਹੈ।

ਆਦਿ ਕਾਲ ਤੋਂ ਲੈ ਕੇ ਆਧੁਨਿਕ ਸਮੇਂ ਤਕ ਇਸਤਰੀ ਸਾਹਿਤਕਾਰ, ਪੁਰਸ਼ ਸਾਹਿਤਕਾਰ ਦੇ ਤੁਲ ਦਾਲ ਵਿਚ ਲੂਣ ਦੇ ਸਮਾਨ ਹੋਏ ਹਨ। ਸਾਰਾ ਸਾਹਿਤ ਦਾ ਸਿਰਜਨ ਪੁਰਸ਼ ਦੁਆਰਾ ਹੋਇਆ ਹੈ। ਪੁਰਸ਼ ਕਿਤਨਾ ਵਿਦਵਾਨ, ਨਿਰਪੱਖ ਤੇ ਤਰਕਸ਼ੀਲ ਕਿਉਂ ਨਾ ਹੋਵੇ ਪਰ ਉਹ ਇਸਤਰੀ ਦੇ ਮਨੋਭਾਵਾਂ, ਵਿਚਾਰਾਂ, ਸੋਚਣੀ, ਵਿਚਾਰਣੀ, ਮਨੋ-ਤਰੰਗ ਆਦਿ ਦਾ ਉਤਨਾ ਭਲੀ ਪ੍ਰਕਾਰ ਵਿਸ਼ਲੇਸ਼ਣ ਨਹੀਂ ਕਰ ਸਕਦਾ, ਜਿਤਨਾ ਇਕ ਇਸਤਰੀ, ਨਾਰੀ-ਮਨ ਦੇ ਅੰਦਰ ਝਾਤ ਮਾਰ ਸਕਦੀ ਹੈ। ਇਸ ਲਈ ਜਦੋਂ ਪੁਰਸ਼ਾਂ ਨੇ ਸਮਾਜ ਲਈ ਇਖ਼ਲਾਕੀ ਮਾਪ ਦੰਡ ਤਿਆਰ ਕੀਤੇ ਤਾਂ ਇਥੇ ਇਕ ਪੱਖੀ ਰਵੱਈਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਪਣਾਇਆ ਗਿਆ ਹੈ। ਉਨ੍ਹਾਂ ਨੇ ਆਪਣੇ ਹਿੱਤਾਂ ਦੀ ਰਾਖੀ ਲਈ ਮਨਭਾਉਂਦੇ ਅਸੂਲ ਘੜ ਲਏ ਸਨ, ਜਿਵੇਂ ਮਨੂੰ ਜੀ ਨੇ 'ਮਨੂੰ ਸਿਮਰਤੀ' ਵਿਚ ਲਿਖਿਆ ਹੈ ਕਿ ਪੁਰਸ਼ ਪਤਨੀ ਦੇ ਮਰਨ ਉਪਰੰਤ ਤੁਰੰਤ ਦੂਸਰਾ ਵਿਆਹ ਕਰਵਾ ਲਏ।[26] ਪਰੰਤੂ ਇਸਤਰੀ ਪਤੀ ਦੀ ਮੌਤ ਤੇ ਪੁਨਰ ਵਿਆਹ ਨਹੀਂ ਕਰਵਾ ਸਕਦੀ।[27] ਇਸੇ ਤਰ੍ਹਾਂ ਪਤਨੀ ਦਾ ਤਿਆਗ ਤਾਂ ਕੀਤਾ ਜਾ ਸਕਦਾ ਹੈ ਪਰ ਪਤਨੀ ਪਤੀ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਛੱਡ ਸਕਦੀ। ਇਸ ਉਦਾਹਰਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੁਰਸ਼ਾਂ ਨੇ ਇਸਤਰੀ ਪ੍ਰਤੀ ਮਨ ਭਾਉਂਦੇ ਨਿਯਮ ਨਿਰਧਾਰਤ ਕੀਤੇ ਹਨ।

ਪੰਜਾਬੀ ਕਿੱਸਾ ਕਾਵਿ ਵਿਚ ਇਸਤਰੀ ਨਿੰਦਿਆ ਦਾ ਇਕ ਹੋਰ ਕਾਰਣ ਇਹ ਵੀ ਨਜ਼ਰ ਆਉਂਦਾ ਹੈ। ਪੰਜਾਬੀ ਪ੍ਰਸਿੱਧ ਦੇ ਕਿੱਸਾਕਾਰਾਂ ਜਿਵੇਂ ਕਿ ਵਾਰਿਸ ਸ਼ਾਹ, ਹਾਸ਼ਮ ਸ਼ਾਹ, ਫ਼ਜ਼ਲ ਸ਼ਾਹ, ਨਵਾਬ ਸ਼ਾਹ ਬੁਖਾਰੀ, ਮੁਹੰਮਦ ਬੂਟਾ ਗੁਜਰਾਤੀ ਆਦਿ ਬਾਰੇ ਇਹ ਦੰਤ ਕਥਾ ਪ੍ਰਚਲਿਤ ਹੈ ਕਿ ਇਨ੍ਹਾਂ ਨੇ ਆਪ ਪ੍ਰੀਤ ਖੇਡ ਖੇਡੀ ਸੀ ਜੋ ਸਮਾਜਿਕ ਵਿਰੋਧਤਾ ਕਾਰਣ ਨੇਪਰੇ ਨਹੀਂ ਚੜ੍ਹ ਸਕੀ। ਉਨ੍ਹਾਂ ਨੇ ਜਗਤ ਪ੍ਰਸਿੱਧ ਪ੍ਰੇਮ ਕਹਾਣੀਆਂ ਦੇ ਨਾਇਕ ਤੇ ਨਾਇਕਾਵਾਂ ਨੂੰ ਰੂਪਕ ਦੇ ਤੌਰ ਤੇ ਵਰਤ ਕੇ ਸਮੁੱਚੀ ਨਾਰੀ ਜਾਤੀ ਦੀ ਭੰਡੀ ਕਰਕੇ, ਆਪਣੇ ਹਿਰਦੇ ਦੀ ਭੜਾਸ ਨੂੰ ਕੱਢਿਆ ਹੈ। ਉਨ੍ਹਾਂ ਦੇ ਜੋ ਵਿਚਾਰ ਆਪਣੀ ਪ੍ਰੇਮਕਾ, ਪ੍ਰਤੀ ਸਨ ਉਹ ਉਨ੍ਹਾਂ ਨੇ ਸਮੁੱਚੀ ਇਸਤਰੀ ਜਾਤੀ ਉਪਰ ਲਾਗੂ ਕਰ ਦਿੱਤੇ ਹਨ। ਇਸਤਰੀ ਜਾਤੀ ਨੂੰ ਖੁਲ੍ਹੇ ਤੌਰ ਤੇ ਭੰਡਿਆ ਹੈ।

ਸਾਹਿਤ ਤੇ ਸਮਾਜ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਸਾਹਿਤਕਾਰ, ਆਪਣੇ ਸਮਕਾਲ ਸਮਾਜ ਦਾ ਅਟੁੱਟ ਅੰਗ ਹੁੰਦਾ ਹੈ। ਜਿਸ ਸਮਾਜ ਵਿਚ ਉਹ ਵਿਚਰਦਾ ਹੈ। ਸਾਹ ਲੈਂਦਾ ਹੈ, ਉਸ ਵਲੋਂ ਕਿਵੇਂ ਅੱਖਾਂ ਮੀਚ ਕੇ ਸਾਹਿਤ ਦੀ ਸਿਰਜਨਾ ਕਰ ਸਕਦਾ ਹੈ। ਹਮੇਸ਼ਾ ਉਸ ਦੀ ਰਚਨਾ ਵਿਚ ਸਮਾਜਿਕ ਭਾਵਾਂ ਤੇ ਵਿਚਾਰਾਂ ਦੀ ਪ੍ਰਤਿ ਛਾਇਆ ਰਹਿੰਦੀ ਹੈ। ਉਹ ਆਪਣੀ ਰਚਨਾ ਲਈ ਕਚਾ ਮਾਨਸਿਕ ਮਾਲ ਸਮਾਜ ਵਿਚੋਂ ਲੈਂਦਾ ਹੈ ਤੇ ਉਸ ਨੂੰ ਆਪਣੀ ਕਲਪਨਾ ਦੀ ਪੁੱਠ ਦੇ ਤੇ ਸ਼ਬਦਾਂ ਦਾ ਜਾਮਾ ਪੁਵਾ ਕੇ ਸਮਾਜ ਨੂੰ ਵਾਪਸ ਕਰ ਦਿੰਦਾ ਹੈ। ਗੁਲਾਬ ਰਾਏ ਅਨੁਸਾਰ ਜਿਸ ਤਰ੍ਹਾਂ ਬੇਤਾਰ ਦੇ ਤਾਰ ਦਾ ਗ੍ਰਾਹਕ ਯੰਤਰ (receiver) ਅਕਾਸ਼ ਮੰਡਲ ਵਿਚ ਵਿਚਰਦੀ ਹੋਈ ਵਿਦਉਤ ਤਰੰਗ (विद्युत तरंग) ਨੂੰ ਪਕੜ ਕੇ, ਉਨ੍ਹਾਂ ਨੂੰ ਭਾਸ਼ਤ ਸ਼ਬਦਾਂ ਦਾ ਆਕਾਰ ਦਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਕਵੀ ਜਾਂ ਲੇਖਕ ਆਪਣੇ ਸਮੇਂ ਦੇ ਵਾਯੂ ਮੰਡਲ ਵਿਚੋਂ ਘੁੰਮਦੇ ਹੋਏ ਵਿਚਾਰਾਂ ਨੂੰ ਪਕੜ ਕੇ ਮੁਖਾਰਿਤ ਕਰ ਦਿੰਦਾ ਹੈ।[22] ਪੰਜਾਬ ਦੇ ਇਤਿਹਾਸ ਵਿਚ ਇਕ ਪਰਿਵਰਤਨ ਆਇਆ। ਉਹ ਇਹ ਕਿ ਅੰਗ੍ਰੇਜ਼ਾਂ ਨੇ 29 ਮਾਰਚ, 1849 ਈ. ਨੂੰ ਸਾਰੇ ਪੰਜਾਬੀਆਂ ਦੀ ਸਾਂਝੀ ਤੇ ਸੁਤੰਤਰ ਪੰਜਾਬ ਦੀ ਹਕੂਮਤ ਨੂੰ ਖ਼ਤਮ ਕਰਕੇ, ਆਪਣੇ ਰਾਜ ਵਿਚ ਰਲਾ ਲਿਆ, ਜਿਸ ਦੇ ਫ਼ਲ ਸਰੂਪ ਪੰਜਾਬੀਆਂ ਦਾ ਸਿੱਧਾ ਸੰਬੰਧ ਤੇ ਸੰਪਰਕ, ਅੰਗ੍ਰੇਜ਼ੀ ਹਕੂਮਤ, ਸਭਿਅਤਾ, ਸੰਸਕ੍ਰਿਤ ਤੇ ਸਾਹਿਤ ਨਾਲ ਹੋ ਗਿਆ ਸੀ। ਇਸ ਸੁਮੇਲ ਨਾਲ, ਜਿਥੇ ਇਨ੍ਹਾਂ ਦਾ ਗਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖੇਤਰ ਵਿਸ਼ਾਲ ਹੋਇਆ, ਉਥੇ ਪੰਜਾਬੀ ਸਮਾਜ ਵਿਚ ਪ੍ਰਚਲਿਤ ਵਹਿਮਾਂ ਭਰਮਾਂ ਪ੍ਰਤੀ ਨਫ਼ਰਤ ਤੇ ਨਵੀਂ ਰੋਸ਼ਨੀ ਲਈ ਇਕ ਤਾਂਘ ਪੈਦਾ ਹੋਈ। ਸਾਰੇ ਧਰਮਾਂ (ਹਿੰਦੂ, ਸਿੱਖ ਤੇ ਮੁਸਲਮਾਨ) ਵਿਚ ਨਵੀਆਂ ਸੁਧਾਰਵਾਦੀ ਲਹਿਰਾਂ ਹੋਂਦ ਵਿਚ ਆਈਆਂ । ਇਨ੍ਹਾਂ ਧਰਮਾਂ ਦੇ ਪ੍ਰਚਾਰਕਾਂ ਨੇ ਜਿਥੇ ਸਮਾਜ ਵਿਚ ਪ੍ਰਚਲਿਤ ਵਹਿਮਾਂ ਭਰਮਾਂ ਦੇ ਖੰਡਨ ਤੇ ਜ਼ੋਰ ਲਾਇਆ, ਉਥੇ ਇਨ੍ਹਾਂ ਧਰਮ ਸੁਧਾਰਕਾਂ ਨੇ ਇਸਤਰੀ ਉਪਰ ਹੋ ਰਹੇ ਜ਼ੁਲਮ ਦੇ ਵਿਰੁਧ ਵੀ ਆਵਾਜ਼ ਉਠਾਈ। ਉਨ੍ਹਾਂ ਨੇ ਇਸਤਰੀ ਵਿਦਿਆ ਉਪਰ ਬਲ ਦਿੱਤਾ ਤੇ ਲੜਕੀਆਂ ਦੀ ਸਿਖਿਆ ਲਈ ਅਨੇਕਾਂ ਕੰਨਿਆਂ ਪਾਠਸ਼ਾਲਾਵਾਂ ਤੇ ਮਹਾਂ ਵਿਦਿਆਲੇ ਖੋਲ੍ਹੇ ਗਏ। ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਦੇ ਸ਼ਬਦਾਂ ਵਿਚ ਸਾਨੂੰ ਉਸ ਵੇਲੇ ਦੇ ਸਮੂਹ ਜਾਗਰਿਤ ਸਮਾਜ ਦੇ ਇਸਤਰੀ ਪ੍ਰਤੀ ਵਿਚਾਰਾਂ ਬਾਰੇ ਇਕ ਝਲਕ ਮਿਲਦੀ ਹੈ :

ਅਬਲਾ ਕਾਹੂੰ ਨਿੰਦੀਏ, ਬਲਕਾਰੀ ਕੋ ਨਿੰਦ
ਐਸੀ ਨਿੰਦਾ ਕਾਰਨੇ ਪਛੜ ਗਿਆ ਸਭ ਹਿੰਦ ।
ਨਿੰਦਾ ਕਾਰਣ ਇਸਤਰੀ ਗਿਰੀ ਰਸਾਤਲ ਮਾਹਿ ।
ਡੂਬੇ ਆਪ ਡੁਬਾਇ ਜੋ ਪਾਰ ਪਰਾਵਨ ਜਾਹਿ ।
ਕਹੇ ਚਰਨ ਹਰਿ ਯਾਰ ਲੋ ਸੁਣ ਤੂੰ ਦਿਤੇ ਮ੍ਰਿਗਿੰਦ ।
ਅਬੂਲਾ ਕੋ ਸਬਲਾ ਕਰੀ ਮਿਟ ਜਾਇ ਸਗਲੀ ਹਿੰਦ ।[23]

ਇਨ੍ਹਾਂ ਸੁਧਾਰਵਾਦੀ ਲਹਿਰਾਂ ਦਾ ਪੰਜਾਬੀ ਕਿੱਸਾ ਕਾਵਿ ਉਪਰ ਵੀ ਬਹੁਤ ਪ੍ਰਭਾਵ ਪਿਆ ਹੈ । ਜਿਥੇ ਮਧਕਾਲ ਵਿਚ ਕਿੱਸਾਕਾਰ ਨੇ ਇਸਤਰੀ ਜਾਤੀ ਨੂੰ ਨਿਰਜਿੰਨ ਜਿਹੀ ਵਸਤੂ ਸਮਝ ਕੇ ਖੁਲ੍ਹੇ ਸ਼ਬਦਾਂ ਵਿਚ ਭੰਡਿਆ ਹੈ । ਉਨ੍ਹਾਂ ਨੂੰ ਇਨ੍ਹਾਂ ਵਿਚ ਮਾਨਵਤਾ ਦਾ ਕੋਈ ਗੁਣ ਵਿਖਾਈ ਨਹੀਂ ਦਿੰਦਾ ਸੀ। ਉਥੇ ਉਤਰ-ਅਰਧ ਉਨਵੀਂ ਸਦੀ ਦੇ ਕਿੱਸਾਕਾਰ ਭਾਵੇਂ ਪੂਰਨ ਰੂਪ ਵਿਚ ਇਸ ਬੁਰਾਈ ਤੋਂ ਛੁਟਕਾਰਾ ਨਹੀਂ ਪਾ ਸਕੇ ਸਨ ਪਰ ਉਨ੍ਹਾਂ ਨੇ ਇਸਤਰੀ ਦੀ ਨਿੰਦਿਆ ਦੇ ਨਾਲ ਨਾਲ, ਇਸਤਰੀ ਦੇ ਹੱਕ ਵਿਚ ਵੀ ਆਵਾਜ਼ ਉਠਾਈ ਹੈ :

ਪੈਦਾ ਹੋਏ ਨਾਰ ਤੋਂ ਰਾਮ ਕ੍ਰਿਸ਼ਨ ਅਵਤਾਰ ।
ਪੀਰ ਪੈਗ਼ੰਬਰ ਔਲੀਏ ਨਾਰਾਂ ਤੋਂ ਬਲਿਹਾਰ ।
ਕਦਰ ਜਾਣਦੇ ਨਾਰ ਦੀ ਜੇਹੜੇ ਦੁਨੀਆਂ ਦਾਰ ।
ਰੰਨ ਮਰੇ ਜਿਸ ਮਰਦ ਦੀ ਹੁੰਦਾ ਫਿਰੇ ਖੁਵਾਰ ।[24]

ਉਨ੍ਹੀਵੀਂ ਸਦੀ ਦੇ ਅਖ਼ੀਰਲੇ ਪੜਾਅ ਦਾ ਇਕ ਪ੍ਰਸਿਨ ਕਿੱਸਾਕਾਰ ਸਾਧੂ ਪਾਲ ਸਿੰਘ ਆਰਿਫ਼ ਵੀ ਇਸਤਰੀ ਦੇ ਗੁਣਾਂ ਨੂੰ ਉਜਾਗਰ ਕਰਦਾ ਹੋਇਆ, ਗ੍ਰਹਿਸਤ ਦੀ ਮਹੱਤਾ ਨੂੰ ਦਰਸਾਉਂਦਾ ਹੈ :

ਔਰਤ ਜਾਨ ਈਮਾਨ ਗੁਜ਼ਰਾਨ ਦੌਲਤ,
ਏਹਨਾਂ ਬਾਝ ਨਾ ਕਾਰ ਵਿਹਾਰ ਕੋਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤ ਭਗਤ ਕੇਤੇ ਨਾਰਾਂ ਰਖ ਗਏ,
ਨਹੀਂ ਏਸ ਅੰਦਰ ਵਿਭਕਾਰ ਕੋਈ ।[25]

ਵੀਹਵੀਂ ਸਦੀ ਦੇ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਅਮੀਰ ਸ਼ਾਹੂਕਾਰ, ਗ਼ਰੀਬਾਂ ਦੀ ਆਰਥਿਕ ਮਜ਼ਬੂਰੀ ਤੋਂ ਲਾਭ ਉਠਾਉਂਦੇ ਹੋਏ, ਆਪਣੀ ਐਸ਼ੋ ਇਸ਼ਰਤ ਲਈ ਗ਼ਰੀਬ ਲੋਕਾਂ ਦੀਆਂ ਧੀਆਂ ਨੂੰ ਗਊਆਂ, ਮੱਝਾਂ ਵਾਂਗ ਖਰੀਦ ਲੈਂਦੇ ਸਨ । ਇਹ ਬੁੱਢੇ ਧਨਾਸ. ਇਨ੍ਹਾਂ ਫ਼ਟਦੀਆ ਕਲੀਆਂ ਦਾ ਚਾਰ ਦਿਨ ਹੁਸਨ ਮਾਣ ਕੇ ਸੁਟ ਦਿੰਦੇ ਸਨ । ਪੰਜਾਬੀ ਸਮਾਜ ਵਿਚ ਪ੍ਰਚਲਿਤ ਇਸ ਬੁਰਾਈ ਦਾ ਈਸ਼ਵਰ ਚੰਦਰ ਨੰਦਾ ਨੇ 'ਸੁਹਾਗ', ਸੰਤ ਸਿੰਘ ਸੇਖ਼ੋਂ ਨੇ 'ਬਾਬਾ ਜੈਮਲ' ਤੇ ਜਸਵੰਤ ਸਿੰਘ ਕੰਵਲ ਨੇ 'ਹਾਣੀ' ਵਿਚ ਬਿਆਨ ਕੀਤਾ ਹੈ । ਵੀਹਵੀਂ ਸਦੀ ਦੇ ਕਿੱਸਾਕਾਰ ਵੀ ਚੁੱਪ ਨਹੀਂ ਰਹੇ । ਪੰਡਿਤ ਕਿਸ਼ੋਰ ਚੰਦ ਬਦੋਵਾਲੀਏ ਨੇ 'ਮੁਲ ਦਾ ਵਿਆਹ', ਕਰਤਾਰ ਸਿੰਘ ਕਲਾਸਵਾਲੀਏ ਨੇ 'ਨੱਢੇ ਦੀ ਨਾਰ', ਗੁਰਦਿਤ ਸਿੰਘ ਨੇ 'ਕਿੱਸਾ ਮਾਵਾਂ ਧੀਆਂ', 'ਤੇ ਨੂੰਹ ਸਹੁਰਾ' ਆਦਿ ਕਿੱਸੇ ਲਿਖ ਕੇ ਇਸ ਬੁਰਾਈ ਵਿਰੁਧ ਆਵਾਜ਼ ਉਠਾਈ ਹੈ ।

ਇਸ ਵਿਵੇਚਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਨਾ ਤਾਂ ਪੁਰਸ਼ ਹੀ ਸਰਬ ਕਲਾ ਸੰਪੂਰਨ ਹੈ ਤੇ ਨਾ ਹੀ ਇਸਤਰੀ ਗੁਣਾਂ ਤੋਂ ਵਾਂਝੀ ਹੈ । ਗੱਲ ਕੇਵਲ ਇਤਨੀ ਹੈ ਕਿ ਪੰਜਾਬੀ ਕਿੱਸਾ ਕਾਵਿ ਜਗੀਰਦਾਰੀ ਸਮਾਜ ਦੀ ਦੇਣ ਹੈ । ਜਗੀਰਦਾਰ ਸਮਾਜ ਵਿਚ ਪੁਰਸ਼ ਦੀ ਪ੍ਰਧਾਨਤਾ ਹੋਣ ਕਾਰਣ, ਉਹ ਨਾਰੀ ਨੂੰ ਨਿਰਜਿੰਦ ਵਸਤੂ ਸਮਝਦਾ ਸੀ । ਉਸ ਦੀ ਇਹ ਧਾਰਨਾ ਬਣ ਗਈ ਸੀ ਕਿ ਪਰਮਾਤਮਾ ਨੇ ਇਸਤਰੀ ਪੁਰਸ਼ ਦੇ ਐਸ਼ੋ ਇਸ਼ਰਤ ਲਈ ਹੀ ਬਣਾਈ ਹੈ, ਜਿਸ ਦਾ ਪ੍ਰਮਾਣ ਅੱਜ ਵੀ ਸਾਨੂੰ ਅਰਬ ਦੇਸ਼ਾਂ ਵਿਚ ਜਿਥੇ ਪੁਰਸ਼ਾਂ ਨੇ ਆਪਣੇ ਸਰੀਰਿਕ ਸੁਖ ਲਈ ਇਸਤਰੀ ਦੀ ਸੁੰਨਤ ਦੀ ਪ੍ਰਥਾ ਨੂੰ ਚਾਲੂ ਰੱਖਣ ਤੋਂ ਮਿਲਦਾ ਹੈ ।[26] ਜਿਵੇਂ ਜਿਵੇਂ ਸੰਸਾਰ ਵਿਚ ਇਸਤਰੀ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਰਹੀ ਹੈ, ਉਸੇ ਪ੍ਰਕਾਰ ਹੀ ਸਾਹਿਤਕਾਰ ਵੀ ਆਪਣੀ ਇਹ ਪ੍ਰਵਿਰਤੀ ਬਦਲ ਰਹੇ ਹਨ ।

ਹਵਾਲੇ ਅਤੇ ਟਿੱਪਣੀਆਂ

1. 'ਹੀਰ ਦਮੋਦਰ', ਬਾਵਾ ਗੰਗਾ ਸਿੰਘ ਬੇਦੀ (ਸੰਪ.) ਪੰਨਾ 66.
2. 'ਹੀਰ ਵਾਰਿਸ', ਸ਼ਮਸ਼ੇਰ ਸਿੰਘ ਅਸ਼ੋਕ (ਸੰਪ.) ਪੰਨਾ 119.
3. 'ਹੀਰ ਕਿਸ਼ਨ ਸਿੰਘ', (ਭਾਗ ਪਹਿਲਾ), ਪੰਨਾ 19.
4. 'ਹੀਰ ਕਾਹਨ ਸਿੰਘ', ਪੰਨਾ 219.
5. ਗਜਾਨਨ ਸ਼ਰਮਾ, 'ਪ੍ਰਾਚੀਨ ਭਾਰਤੀ ਸਾਹਿਤਯ ਮੇਂ ਨਾਰੀ', ਪੰਨਾ 48.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. Neera Desai : "All efforts were therefore made to secure the birth of a son. The birth of a daughter was looked upon with disfavour..."Women in Modern India' p. 11.
7. ਗਜਾਨਨ ਸ਼ਰਮਾ, 'ਪ੍ਰਾਚੀਨ ਭਾਰਤੀ ਸਾਹਿਤਯ ਮੇਂ ਨਾਰੀ', ਪੰਨਾ 60.
8. 'ਬਾਲਮੀਕ ਰਮਾਇਣ', 3 : 45 : 29.
9. 'ਤੁਲਸੀ ਰਮਾਇਣ', ਪੰਨਾ 3 : 43 : 21.
10. 'ਮਹਾਭਾਰਤ', 5 : 38 : 10.
11. ਉਹੀ, 13 : 46 : 5.
12. ਉਹੀ, 13 : 46 : 6.
13. ਉਹੀ, 13 : 40 : 4.
14. ਉਹੀ, 13 : 39 : 56.
15. 'ਮਨੂੰ ਸਿਮਰਤੀ', 3 : 26.
16. ਉਹੀ, 6 : 56.
17. ਉਹੀ, 9 : 2.
18. ਉਹੀ, 9 : 14,
19. ਉਹੀ, 9 : 15.
20. ਉਹੀ, 9 : 168.
21. ਉਹੀ, 9 : 157.
22. ਗੁਲਾਬ ਰਾਏ, 'ਕਾਵਯ ਕੇ ਰੂਪ', ਪੰਨਾ 5.
23. ਹਵਾਲਾ ਡਾ, ਧਰਮਪਾਲ ਸਿੰਗਲ, 'ਪੰਜਾਬੀ ਕਵਿਤਾ ਦਾ ਵਿਕਾਸ', ਪੰਨਾ 38.
24. 'ਹੀਰ ਕਿਸ਼ਨ ਸਿੰਘ' (ਭਾਗ ਤੀਜਾ), ਪੰਨਾ 19.
25. ਸਾਧੂ ਪਾਲ ਸਿੰਘ ਆਰਿਫ਼, 'ਸੋਹਣੀ ਮਹੀਂਵਾਲ', ਪੰਨਾ 29,
26. 'ਪੰਜਾਬ ਕੇਸਰੀ', ਦਸੰਬਰ 21, 1986.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਮੱਤ ਦਾ ਪੰਜਾਬੀ ਕਿੱਸਾ ਕਾਵਿ ਉਪਰ ਪ੍ਰਭਾਵ

ਪੰਜਾਬੀ ਵਿਚ ਸੂਫ਼ੀ ਕਾਵਿ ਤੇ ਕਿੱਸਾ ਕਾਵਿ, ਇਹ ਦੋ ਕਾਵਿ ਧਾਰਾਵਾਂ ਪੰਦਰ੍ਹਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤਕ ਸਮਾਨਾਂਤਰ ਚਲਦੀਆਂ ਰਹੀਆਂ ਹਨ । ਇਨ੍ਹਾਂ ਦੋਹਾਂ ਕਾਵਿ ਧਾਰਾਵਾਂ ਦਾ ਉਥਾਨ, ਸਿਖ਼ਰ ਤੇ ਪੱਤਨ ਇਕੋ ਹੀ ਕਾਲ ਵਿਚ ਹੋਇਆ ਹੈ । ਇਸ ਕਾਲ ਦੇ ਪ੍ਰਸਿੱਧ ਸੂਫ਼ੀ ਕਵੀ ਫ਼ਰੀਦ ਸਾਨੀ (1440–1554 ਈ.), ਸ਼ਾਹ ਹੁਸੈਨ (1539–1599 ਈ.), ਸੁਲਤਾਨ ਬਾਹੂ (1631–1691 ਈ.), ਸ਼ਾਹ ਸ਼ਰਫ਼ ਬਟਾਲਵੀ (1624–1724 ਈ.), ਬੁੱਲ੍ਹੇ ਸ਼ਾਹ (1680–1758 ਈ.), ਅਲੀ ਹੈਦਰ (1690-1785 ਈ.), ਫ਼ਰਦ ਫ਼ਰੀਦ (1720–1790 ਈ.), ਸੱਯਦ ਸ਼ਾਹ ਮੁਰਾਦ (ਅਠਾਰ੍ਹਵੀਂ ਸਦੀ), ਹਾਸ਼ਮ ਸ਼ਾਹ (1735–1843 ਈ.), ਗੁਲਾਮ ਜੀਲਾਨੀ ਰੋਹਤਕੀ (1751–1823 ਈ,), ਮੁਸ਼ਤਾਕ ਖਾਨ ਮੁਸ਼ਤਾਕ, ਮੁਹੰਮਦ ਬਖ਼ਸ਼ ਨੌਰੋਜ਼ ਆਦਿ, ਇਸ ਕਾਲ ਦੇ ਕਿੱਸਾਕਾਰ : ਦਮੋਦਰ (ਅਕਬਰ ਦਾ ਸਮਕਾਲੀ), ਪੀਲੂ, ਹਾਫ਼ਿਜ਼ ਬਰਖੁਰਦਾਰ (1614–92 ਈ.), (ਅਹਿਮਦ ਗੁਜਰ) 1658 ਈ. ਹੀਰ ਲਿਖਣ ਦਾ ਸਮਾਂ), ਚਿਰਾਗਦੀਨ ਅਵਾਨ (ਜਨਮ 1668 ਈ.), ਮੁਕਬਲ (1728 ਈ.), ਵਾਰਿਸ ਸ਼ਾਹ (1738–78 ਈ.), ਹਾਫ਼ਿਜ਼ ਬਰਖੁਰਦਾਰ ਰਾਂਝਾ, ਹਾਸ਼ਮ (1735–1843 ਈ.), ਅਹਿਮਦਯਾਰ (1768–1845 ਈ.) ਆਦਿ ਸਮਕਾਲੀ ਸਨ । ਇਹ ਸ਼ਾਇਰ (ਸੂਫ਼ੀ ਕਵੀ ਅਤੇ ਕਿੱਸਾਕਾਰ) ਇਸ ਪੰਜਾਬ ਦੀ ਪਾਵਨ ਧਰਤੀ ਤੇ ਇਕੱਠੇ ਜੰਮੇ, ਖੇਡੇ, ਪਲੇ ਤੇ ਇਕੱਠਿਆਂ ਮਸਜਦਾਂ ਵਿਚੋਂ ਮੁਰਸ਼ਦਾਂ ਪਾਸੋਂ ਦੀਨੀ ਤੇ ਦੁਨਿਆਵੀ ਵਿਦਿਆ ਪ੍ਰਾਪਤ ਕਰਦੇ ਹੋਏ ਪ੍ਰਵਾਨ ਚੜ੍ਹੇ । (ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸਾਈਂ ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਸ਼ਹਿਪਾਠੀ ਸਨ) ਸਾਈਂ ਬੁੱਲ੍ਹੇ ਸ਼ਾਹ ਤੇ ਸੱਯਦ ਵਾਰਿਸ ਸ਼ਾਹ, ਜਿਨ੍ਹਾਂ ਦੇ ਕਲਾਮਾਂ ਨਾਲ ਸੂਫ਼ੀ ਕਾਵਿ ਤੇ ਕਿੱਸਾ ਕਾਵਿ ਦਾ ਕ੍ਰਮਵਾਰ ਸਿੱਖਰ ਮੰਨਿਆ ਜਾਂਦਾ ਹੈ, ਸਮਕਾਲੀ ਸਨ ।

ਦੂਜਾ, ਪੰਜਾਬੀ ਕਿੱਸਾ ਕਾਵਿ ਦਾ ਮੂਲ ਪ੍ਰੇਰਨਾ ਸ੍ਰੋਤ ਈਰਾਨ ਦੇ ਪ੍ਰਸਿੱਧ ਸੂਫ਼ੀ ਮਸਨਵੀਕਾਰ : ਉਮਰ ਖਿਆਮ (ਮ੍ਰਿਤੂ 1180 ਈ.), ਸਨਾਈ (ਮ੍ਰਿਤੂ 1287 ਈ.), ਰੂਮੀ (ਮ੍ਰਿਤੂ 1330 ਈ.), ਸਾਦੀ (ਮ੍ਰਿਤੂ 1349 ਈ.), ਸ਼ੱਸਤਰੀ (ਮ੍ਰਿਤੂ 1377 ਈ.), ਹਾਫ਼ਿਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(ਮ੍ਰਿਤੂ 1447 ਈ.), ਜਾਮੀ (ਮ੍ਰਿਤੂ 1546 ਈ.) ਆਦਿ ਸਨ।

ਤੀਜਾ, ਮੱਧਕਾਲ ਦੇ ਸੂਫ਼ੀ ਕਵੀ ਤੇ ਕਿੱਸਾਕਾਰ ਜ਼ਿਆਦਾਤਰ ਮੁਸਲਮਾਨ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਲੋਕ ਧਾਰਮਿਕ ਕੱਟੜਵਾਦ ਦੇ ਵਲਗਣਾਂ ਤੋਂ ਮੁਕਤ ਸਨ ਪਰ ਫਿਰ ਵੀ ਇਨ੍ਹਾਂ ਵਿਚ ਇਕ ਮਾਨਸਿਕ ਸਾਂਝ ਜ਼ਰੂਰ ਸੀ।

ਚੌਥਾ, ਕਿੱਸਾ ਕਾਵਿ ਦੇ ਹੋਂਦ ਵਿਚ ਆਉਣ ਸਮੇਂ ਤਕ ਸੂਫ਼ੀ ਕਾਵਿ ਪੰਜਾਬ ਦੀ ਧਰਤੀ ਉਤੇ ਆਪਣੇ ਪੈਰ ਜਮਾ ਚੁੱਕਾ ਸੀ। ਇਨ੍ਹਾਂ ਕਾਰਣਾਂ ਤੋਂ ਸਪਸ਼ਟ ਹੈ ਕਿ ਪੰਜਾਬੀ ਕਿੱਸਾ ਕਾਵਿ ਉਪਰ ਸੂਫ਼ੀ ਮੱਤ ਦਾ ਪ੍ਰਭਾਵ ਪੈਣਾ ਕੁਦਰਤੀ ਤੇ ਸੁਭਾਵਿਕ ਗੱਲ ਹੈ। ਪੰਜਾਬੀ ਕਿੱਸਾ ਕਾਵਿ ਉਪਰ ਵਿਸ਼ੇ ਤੇ ਰੂਪਕ ਪੱਖੋਂ ਹੀ ਸੂਫ਼ੀ ਮੱਤ ਦਾ ਪ੍ਰਭਾਵ ਮਿਲਦਾ ਹੈ ਪਰ ਫਿਰ ਵੀ ਵਿਸ਼ੇ ਦੀ ਸਪੱਸ਼ਟਤਾ ਲਈ ਇਨ੍ਹਾਂ ਦੋਹਾਂ ਕਾਵਿ ਰੂਪਾਂ ਦਾ ਤੁਲਨਾਤਮਕ ਅਧਿਐਨ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਸਾਡੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਸੂਫ਼ੀ ਮੱਤ ਦੇ ਉਥਾਨ ਤੇ ਸਿਧਾਂਤਾਂ ਦੇ ਬਾਰੇ ਸੰਖੇਪ ਵਿਚ ਜਾਣਕਾਰੀ ਪ੍ਰਾਪਤ ਕਰੀਏ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸੂਫ਼ੀ ਮੱਤ ਦਾ ਜਨਮ ਇਸਲਾਮੀ ਪਰੰਪਰਾ ਤੋਂ ਹੋਇਆ ਹੈ ਪਰ ਹਜ਼ਰਤ ਮੁਹੰਮਦ ਸਾਹਿਬ ਤੋਂ ਮਗਰੋਂ ਉਨ੍ਹਾਂ ਦੇ ਉਤਰਾਧਿਕਾਰੀ ਖਲੀਫਿਆਂ ਨੇ ਅਰਬ, ਈਰਾਨ, ਸ਼ਿਆਮ, ਤੁਰਕਸਤਾਨ ਆਦਿ ਦੇਸ਼ਾਂ ਵਿਚ ਬੜੇ ਜ਼ੋਰ ਸ਼ੋਰ ਨਾਲ ਇਸਲਾਮ ਦਾ ਪ੍ਰਚਾਰ ਕੀਤਾ। ਈਰਾਨ ਤੇ ਭਾਰਤ ਦੇ ਵਪਾਰਕ ਤੇ ਸਾਂਸਕ੍ਰਿਤਕ ਸੰਬੰਧ ਢੇਰ ਪੁਰਾਣੇ ਸਨ। ਇਨ੍ਹਾਂ ਦੋਹਾਂ ਦੇਸ਼ਾਂ ਵਿਚ ਆਪਸੀ ਵਿਚਾਰਾਂ ਦਾ ਆਦਾਨ ਪ੍ਰਦਾਨ ਹੋਣਾ ਵੀ ਸੁਭਾਵਿਕ ਜਿਹੀ ਗੱਲ ਸੀ। ਇਸ ਤਰ੍ਹਾਂ ਸੂਫ਼ੀ ਚਿੰਤਨ ਉਪਰ ਇਸਲਾਮ ਤੋਂ ਇਲਾਵਾ, ਨਵ-ਅਫਲਾਤੂਨੀ ਮੱਤ, ਨਾਸਿਟਕ, ਭਾਰਤੀ ਵੈਦਿਕ ਧਰਮ ਆਦਿ ਦਾ ਪ੍ਰਭਾਵ ਪਿਆ।

ਸੂਫ਼ੀ ਮੱਤ ਅਨੁਸਾਰ ਜੀਵ ਦਾ ਅਸਲੀ ਟਿਕਾਣਾ ਪਰਮਾਤਮਾ ਦਾ ਘਰ ਹੈ। ਕਿਸੇ ਕਾਰਣ ਕਰਕੇ ਜੀਵ ਨੂੰ ਉਥੋਂ ਕੱਢਿਆ ਗਿਆ ਸੀ ਪਰ ਉਸ ਨੇ ਆਪਣੇ ਅਸਲੀ ਘਰ ਵਾਪਸ ਜਾਣਾ ਹੁੰਦਾ ਹੈ। ਸਭ ਤੋਂ ਪਹਿਲਾਂ ਜਗਿਆਸੂ ਦੇ ਮਨ ਵਿਚ ਪ੍ਰਭੂ-ਪ੍ਰਾਪਤੀ ਦੀ ਤਦਬ ਪੈਦਾ ਹੁੰਦੀ ਹੈ। ਉਸ ਨੂੰ ਇਹ ਅਨੁਭਵ ਹੁੰਦਾ ਹੈ ਕਿ ਸੰਸਾਰਿਕ ਸੁਖਦਾਇਕ ਵਸਤੂਆਂ ਤੇ ਪਰਿਵਾਰਿਕ ਮੋਹ, ਪਰਮਾਤਮਾ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਹਨ। ਇਨ੍ਹਾਂ ਦਾ ਤਿਆਗ ਕਰਕੇ ਹੀ ਸੱਚੇ ਮਾਰਗ ਦਾ ਪਾਂਧੀ ਬਣਿਆ ਜਾ ਸਕਦਾ ਹੈ। ਸਬਰ ਤੇ ਸੰਤੋਖ ਨਾਲ ਜੋ ਤਿਲ ਫੁਲ ਮਾਤਰ ਪ੍ਰਾਪਤ ਹੈ, ਉਸ ਨਾਲ ਗੁਜ਼ਾਰਾ ਕਰ ਕੇ, ਅੱਲਾ ਤਾਅਲਾ ਦਾ ਸ਼ੁਕਰ ਕਰਨਾ ਤੇ ਗੁਰੂ ਦੀ ਅਗਵਾਈ ਹੇਠ ਉਸ ਪਰਮ ਸੱਤ ਪਰਮਾਤਮਾ ਨੂੰ ਪ੍ਰੇਮ ਅਥਵਾ ਇਸ਼ਕ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਕ ਸੂਫ਼ੀ ਸਾਧਕ, ਤੱਪ, ਤਿਆਗ, ਸਾਧਨਾ, ਬੰਦਗੀ ਆਦਿ ਸ਼ੁਭ ਗੁਣਾਂ ਦੀ ਪਾਲਣਾ ਕਰਦਾ ਹੋਇਆ ਇਕ ਅਜਿਹੀ ਉਚਤਮ ਅਵਸਥਾ, ਜਿਸ ਨੂੰ ਫ਼ਿਨਾ-ਫਿਲਾ ਅਰਥਾਤ ਪ੍ਰਭੂ ਵਿਚ ਲੀਨਤਾ ਦੀ ਅਵਸਥਾ ਕਹਿੰਦੇ ਹਨ, ਉਤੇ ਪਹੁੰਚ ਜਾਂਦਾ ਹੈ। ਜੋ ਕਿ ਇਕ ਸੂਫ਼ੀ ਸਾਧਕ ਦਾ ਅੰਤਿਮ ਲਕਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦਾ ਹੈ ।

ਮੱਧਕਾਲੀਨ ਭਾਰਤ ਦੀ ਜੀਵਨ ਵਿਧੀ ਧਾਰਮਿਕ ਰੰਗਣ ਦੀ ਸੀ ਜਿਸ ਵਿਚ ਪ੍ਰੇਮ-ਸਾਧਨਾ ਦਾ ਸੁਰ-ਪ੍ਰਧਾਨ ਸੀ । ਦੱਖਣ ਦੇ ਭਗਤ ਕਵੀ ਪ੍ਰੇਮ ਧਾਰਾ ਵਿਚ ਲੀਨ ਸਨ। ਕ੍ਰਿਸ਼ਨ-ਭਗਤੀ ਧਾਰਾ ਦੀਆਂ ਸਾਰੀਆਂ ਸੰਪਰਦਾਵਾਂ ਪ੍ਰੇਮ ਰਾਹੀਂ ਭਗਵਾਨ ਦੀ ਉਪਾਸ਼ਨਾ ਕਰ ਰਹੀਆਂ ਸਨ । ਜਯਦੇਵ ਤੇ ਮੀਰਾਂ ਦਾ ਪ੍ਰੇਮ ਤਾਂ ਸੰਸਾਰ ਵਿਚ ਪ੍ਰਸਿੱਧ ਹੈ । ਇਹੋ ਜਿਹੇ ਵਾਤਾਵਰਣ ਵਿਚ ਸੂਫ਼ੀ ਸ਼ਾਇਰਾਂ ਨੇ ਆਪਣੇ ਮੱਤ ਦੇ ਵਿਚਾਰ ਤੇ ਸਿੱਧਾਂਤ ਜਨ-ਸਧਾਰਨ ਤਕ ਪਹੁੰਚਾਣ ਲਈ ਪ੍ਰੇਮ ਦਾ ਮਾਰਗ ਚੁਣਿਆ । ਦੂਜਾ, ਸੂਫ਼ੀ ਕਾਵਿ ਤੇ ਕਿੱਸਾ ਕਾਵਿ ਇਹ ਦੋਵੇਂ ਕਾਵਿ-ਧਾਰਾਵਾਂ, ਹਿੰਦੂ ਤੇ ਮਸਲਮਾਨ, ਇਨ੍ਹਾਂ ਦੋਹਾਂ ਵਿਰੋਧੀ ਸੰਸਕ੍ਰਿਤੀ ਦੀ ਉਪਜ ਹਨ ਪਰ ਇਨ੍ਹਾਂ ਕਾਵਿ ਪਰੰਪਰਾਵਾਂ ਨੇ ਇਸ ਸੰਘਟਸ਼ ਨੂੰ ਵਿਰੋਧੀ ਸੇਧ ਦੇਣ ਦੀ ਬਜਾਏ ਸਦ-ਭਾਵਨਾ ਦਾ ਸੰਦੇਸ਼ ਦਿਤਾ । ਇਹ ਸਦ-ਭਾਵਨਾ, ਪ੍ਰੇਮ-ਭਾਵਨਾ ਦੇ ਰੂਪ ਵਿਚ ਪ੍ਰਗਟ ਹੋਈ । ਸੂਫ਼ੀ ਕਵੀਆਂ ਨੇ ਲੋਕ-ਪ੍ਰਚਲਿਤ ਕਿੱਸਾ ਨਾਇਕ ਤੇ ਨਾਇਕਾਵਾਂ, ਜੋ ਆਮ ਲੋਕਾਂ ਵਿਚ ਲੋਕ-ਪ੍ਰਿਯਾ ਸਨ, ਦੇ ਮਾਧਿਅਮ ਰਾਹੀਂ, ਆਪਣੇ ਵਿਚਾਰ ਤੇ ਸਿਧਾਂਤ ਆਮ ਲੋਕਾਂ ਤਕ ਪਹੁੰਚਾਏ ।

ਪ੍ਰੇਮ ਅਥਵਾ ਇਸ਼ਕ ਤਾਂ ਸੂਫ਼ੀ ਦਰਸ਼ਨ ਦਾ ਪ੍ਰਾਣ-ਤੱਤ ਹੈ । ਸਾਰੀ ਸੂਫ਼ੀ ਸਾਧਨਾ ਪ੍ਰੇਮ ਉਤੇ ਆਧਾਰਿਤ ਹੈ । ਸੱਚਾ ਸੂਫ਼ੀ ਉਹ ਹੈ, ਜੋ ਹਮੇਸ਼ਾਂ ਪ੍ਰਭੂ ਪ੍ਰੇਮ ਵਿਚ ਡੁਬਿਆ ਰਹਿੰਦਾ ਹੈ । ਹੂਜ਼ (Hughes) ਅਨੁਸਾਰ ਸੂਫ਼ੀਵਾਦ ਦਾ ਮੂਲ ਇਸ਼ਕ ਹੈ । ਪੂਰਬੀ ਰਹੱਸਵਾਦੀ ਇਸ਼ਕ ਜਾਂ ਪਰਮਾਤਮਾ ਦੇ ਪਿਆਰ ਦਾ ਵਿਸਤ੍ਰਿਤ ਵਰਣਨ ਕਰਦੇ ਨਹੀਂ ਥੱਕਦੇ ਹਨ, ਜੋ ਕਿ ਸੂਫ਼ੀ ਰਹੱਸਵਾਦ ਦਾ ਇਕ ਵਿਸ਼ੇਸ਼ ਲੱਛਣ ਹੈ ।[1] ਸੂਫ਼ੀ ਸਾਧਕ ਆਪਣੇ ਪ੍ਰਭੂ ਨਾਲ ਇਸ਼ਕ ਵਿਚ ਬਹੁਤ ਈਮਾਨਦਾਰ ਹਨ । ਇਕ ਅਗਿਆਤ ਸੂਫ਼ੀ ਸਾਧਕ ਅਨੁਸਾਰ ਇਸ਼ਕ ਤੋਂ ਬਿਨਾਂ ਜ਼ਿੰਦਗੀ ਵਬਾਲ ਹੈ, ਇਸ਼ਕ ਨੂੰ ਦਿਲ ਦੇ ਦੇਣਾ ਕਮਾਲ ਹੈ । ਇਸ਼ਕ ਬਣਾਉਂਦਾ ਹੈ, ਇਸ਼ਕ ਜਲਾਉਂਦਾ ਹੈ, ਦੁਨੀਆਂ ਵਿਚ ਜੋ ਕੁਝ ਵੀ ਹੈ, ਇਸ਼ਕ ਦਾ ਜਲਵਾ ਹੈ । ਅੱਗ ਇਸ਼ਕ ਦੀ ਗਰਮੀ ਹੈ, ਹਵਾ ਇਸ਼ਕ ਦੀ ਬੇਚੈਨੀ ਹੈ, ਪਾਣੀ ਇਸ਼ਕ ਦੀ ਰਫ਼ਤਾਰ ਹੈ, ਖ਼ਾਕ ਇਸ਼ਕ ਦੀ ਨਿਆਮਤ ਹੈ, ਮੌਤ ਇਸ਼ਕ ਦੀ ਬੇਹੋਸ਼ੀ ਹੈ, ਜ਼ਿੰਦਗੀ ਇਸ਼ਕ ਦੀ ਹੁਸ਼ਿਆਰੀ ਹੈ, ਰਾਤ ਇਸ਼ਕ ਦੀ ਨੀਂਦ ਹੈ, ਦਿਨ ਇਸ਼ਕ ਦਾ ਜਾਗਣਾ ਹੈ ।[2] ਸੂਫ਼ੀ ਮਤ ਅਨੁਸਾਰ ਇਸ਼ਕ ਖ਼ਾਤਰ ਹੀ ਰੱਬ ਨੇ ਇਸ ਸਾਰੀ ਕਾਇਨਾਤ ਦੀ ਸ੍ਰਿਜਨਾ ਕੀਤੀ ਹੈ । ਖ਼ੁਦਾ ਨੇ ਜਦੋਂ ਰੂਹਾਂ ਨੂੰ ਪੈਦਾ ਕੀਤਾ ਤਾਂ ਉਨ੍ਹਾਂ ਤੋਂ ਪੁਛਿਆ ਕਿ ਮੈਂ ਤੁਹਾਡਾ ਰੱਬ ਹਾਂ ਕਿ ਨਹੀਂ । ਉਨ੍ਹਾਂ ਨੇ ਜਵਾਬ ਦਿਤਾ 'ਹਾਂ', ਇਥੋਂ ਰੱਬ ਤੇ ਰੂਹਾਂ ਵਿਚਕਾਰ ਇਕ ਮੀਸਾਕ ਜਾਂ ਇਕਰਾਰ ਹੋ ਗਿਆ । ਇਹ ਇਕਰਾਰ ਇਸ਼ਕ ਦਾ ਹੈ । ਇਸ ਨਾਲ ਹਰ ਇਕ ਬੰਦੇ ਉਤੇ ਰੱਬ ਨਾਲ ਇਸ਼ਕ ਕਰਨਾ ਫ਼ਰਜ਼ ਹੋ ਗਿਆ ਹੈ ।[3] ਗੱਲ ਕੀ, ਇਸ਼ਕ ਸੂਫ਼ੀ ਮੱਤ ਦਾ ਬੁਨਿਆਦੀ ਨੁਕਤਾ ਹੈ, ਜਿਸ ਦੇ ਮਾਧਿਅਮ ਰਾਹੀਂ ਇਕ ਸੂਫ਼ੀ ਸਾਧਕ ਪਰਮਾਤਮਾ ਨਾਲ ਮੇਲ ਪ੍ਰਾਪਤ ਕਰਦਾ ਹੈ । ਸੂਫ਼ੀ ਮੱਤ ਦੇ ਇਸ਼ਕ ਦੇ ਇਸ ਸੰਕਲਪ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵ ਸਾਨੂੰ ਪੰਜਾਬੀ ਕਿੱਸਾ ਕਾਵਿ ਵਿਚ ਮਿਲਦਾ ਹੈ। ਸੱਯਦ ਵਾਰਿਸ ਸ਼ਾਹ, ਹਾਸ਼ਮ ਦਾ, ਸੱਯਦ ਫ਼ਜ਼ਲ ਸ਼ਾਹ ਆਦਿ ਕਿੱਸਾਕਾਰਾਂ ਨੇ ਸੂਫ਼ੀ ਸਾਧਕਾਂ ਦੀ ਇਸ ਧਾਰਨਾ ਦੀ ਪੁਸ਼ਟੀ ਕੀਤੀ ਹੈ ਕਿ ਪਰਮਾਤਮਾ ਨੇ ਇਸ਼ਕ ਦੀ ਖ਼ਾਤਰ ਹੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ। ਵਾਰਿਸ ਸ਼ਾਹ ਅਨੁਸਾਰ ਪਹਿਲਾਂ ਰੱਬ ਨੇ ਇਸ਼ਕ ਪੈਦਾ ਕੀਤਾ ਹੈ। ਪਰਮਾਤਮਾ ਖ਼ੁਦ ਆਸ਼ਕ ਸੀ ਤੇ ਨਬੀ ਰਸੂਲ ਮਸ਼ੂਕ ਸੀ ਤੇ ਉਸ ਤੋਂ ਮਗਰੋਂ ਇਸ਼ਕ ਦੀ ਖ਼ਾਤਰ ਏਡੇ ਵੱਡੇ ਪਸਾਰੇ, ਪਸਾਰੇ ਹਨ :

ਅਵਲ ਹਮਦ ਖੁਦਾਏ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨ੍ਹਾਂ ਦੇ ਬਾਗ ਕਬੂਲ ਅੰਦਰ,
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।

ਹਾਸ਼ਮ ਅਨੁਸਾਰ ਇਸ ਕਾਇਨਾਤ ਦਾ ਮਾਲਕ ਪਰਮਾਤਮਾ ਵੀ ਇਸ਼ਕ ਤੋਂ ਖਾਲੀ ਨਹੀਂ ਹੈ :

ਉਹ ਭੀ ਦੇਖ ਨਾ ਇਸ਼ਕੋਂ ਖਾਲੀ, ਜੋ ਹਰ ਸ਼ੈ ਦਾ ਵਾਲੀ।
ਹਾਸ਼ਮ ਬੂੰਦ ਕੀਤਾ ਨਾ ਬੂੰਦੋਂ, ਹਿਕਮਤ ਇਸ਼ਕ ਸ਼ਿਖਾਲੀ।

ਫ਼ਜ਼ਲ ਸ਼ਾਹ ਵੀ ਵਾਰਿਸ ਸ਼ਾਹ ਵਾਂਗ ਇਸ ਧਾਰਨਾ ਦਾ ਕੱਟੜ ਹਾਮੀ ਹੈ ਕਿ ਪ੍ਰਭੂ ਨੇ ਇਸ਼ਕ ਦੀ ਖ਼ਾਤਰ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ। ਉਹ ਆਪਣੇ ਸ਼ਾਹਕਾਰ 'ਸੋਹਣੀ ਮਹੀਂਵਾਲ', ਦਾ ਸ੍ਰੀ ਗਣੇਸ਼ ਇਨ੍ਹਾਂ ਸਬਦਾਂ ਨਾਲ ਕਰਦਾ ਹੈ :

ਅਵਲ ਹਮਦ ਸੁਨਾਇ ਖੁਦਾਇ ਤਾਂਈ
ਜਿਸ ਇਸ਼ਕ ਥੀਂ ਕੁਲ ਜਹਾਨ ਕੀਤਾ।
ਨਬੀ ਪਾਕ ਰਸੂਲ ਮਸ਼ੂਕ ਕਰ ਕੇ,
ਮਖਲੂਕ ਕੋਲੋਂ ਆਲੀਸ਼ਾਨ ਕੀਤਾ।
ਲੋਹ ਕਲਮ ਚੌਦਾਂ ਤਬਕ ਅਰਸ਼ ਕੁਰਸੀ,
ਸਭ ਇਸ਼ਕ ਸੇਤੀ ਨਿਗ੍ਹਬਾਨ ਕੀਤਾ।
ਹੋਯਾ ਫਜ਼ਲ ਖੁਦਾਇ ਦਾ ਆਸ਼ਕਾਂ ਤੇ,
ਜਦੋਂ ਇਸ਼ਕ ਨੇ ਆਨ ਮਕਾਨ ਕੀਤਾ।

ਸੂਫ਼ੀ ਮੱਤ ਅਨੁਸਾਰ ਇਸ਼ਕ, ਮਜਾਜ਼ੀ ਅਤੇ ਹਕੀਕੀ, ਦੋ ਪ੍ਰਕਾਰ ਦਾ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ਼ਕ ਮਜਾਜ਼ੀ ਅਰਥਾਤ ਦੁਨਿਆਵੀ ਜੀਵਾਂ ਨਾਲ ਪ੍ਰੇਮ ਹੈ ਪਰ ਸੂਫ਼ੀਆਂ ਦਾ ਇਹ ਪ੍ਰੇਮ ਵਾਸ਼ਨਾਵਾਂ ਰਹਿਤ ਹੁੰਦਾ ਹੈ। ਇਸ਼ਕ ਹਕੀਕੀ ਅਰਥਾਤ ਪਰਮਾਤਮਾ ਨਾਲ ਪਿਆਰ ਹੈ। ਸੂਫ਼ੀ ਸਾਧਨਾ ਮਾਰਗ ਵਿਚ ਇਸ਼ਕ ਮਜਾਜ਼ੀ ਦਾ ਵਿਸ਼ੇਸ਼ ਸਥਾਨ ਹੈ। ਸੂਫ਼ੀ ਸਾਧਕ ਇਸ਼ਕ ਮਿਜਾਜ਼ੀ ਨੂੰ ਹੀ ਇਸ਼ਕ ਹਕੀਕੀ ਦਾ ਪੁਲ ਤਸੱਵਰ ਕਰਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਦੇ ਬੰਦੇ ਨੂੰ ਪਿਆਰ ਕੀਤੇ ਬਗ਼ੈਰ ਉਸ (ਪਰਮਾਤਮਾ) ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਸ੍ਰਿਸ਼ਟੀ ਦਾ ਹਰ ਇਕ ਜੀਵ, ਉਸ ਪਰਮ ਸੱਤ ਦਾ ਹੀ ਪ੍ਰਤੀਬਿੰਬ ਹੈ। ਜਿਸ ਤੱਥ ਨੂੰ ਕਿੱਸਾਕਾਰ ਸਵੀਕਾਰ ਕਰਦੇ ਹਨ। ਹਾਸ਼ਮ ਲਿਖਦਾ ਹੈ :

ਹਾਸ਼ਮ ਜਲਵਾ ਜਾਤ ਉਸੇ ਦਾ, ਖਾਕੀ ਨੂਰੀ ਨਾਰੀ।

ਹਾਫ਼ਿਜ਼ ਬਰਖੁਰਦਾਰ, ਜ਼ੁਲੈਖਾਂ ਦੀ ਸੁੰਦਰਤਾ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ ਜ਼ੁਲੈਖਾਂ ਦੀ ਸੂਰਤ ਵਿਚ ਪਰਮਾਤਮਾ ਦਾ ਜਲਵਾ ਹੈ ਪਰ ਮੂਰਖ ਅਗਿਆਨੀ ਜੀਵਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ :

ਉਹ ਜਲਵਾ ਜਾਤ ਸਿਫਾਤ ਜਮਾਲੀ, ਗਾਫਲ ਸਮਝ ਕਦਾਹੀ
ਹਾਫਿਜ਼ ਫਿਕਰ ਦਿਲ ਵਿਚ ਆਂਦਾ, ਨਾਲ ਰਬੇ ਦੇ ਯਾਰੀ।

ਹਾਸ਼ਮ ਇਸ਼ਕ ਮਜ਼ਾਜ਼ੀ ਤੇ ਇਸ਼ਕ ਹਕੀਕੀ, ਦੋਹਾਂ ਨੂੰ ਇਕ ਮੰਨਦਾ ਹੋਇਆ ਲਿਖਦਾ ਹੈ ਕਿ ਦੋਵੇਂ ਇਕੋ ਬੂਟੇ ਦੇ ਦੋ ਵੱਖ ਵੱਖ ਪੱਤ ਹਨ :

ਇਕੋ ਬੂਟਾ ਇਕੋ ਲਜ਼ਤ, ਇਕੋ ਪੱਤ ਨਿਸ਼ਾਨੀ,
ਉਸ ਬੂਟਿਉ ਇਸ਼ਕ ਮਜ਼ਾਜ਼ੀ, ਮੇਵਾ ਇਸ਼ਕ ਹਕਾਨੀ।

ਹਾਸ਼ਮ ਅਨੁਸਾਰ ਆਦਿ ਤੇ ਅੰਤ, ਅੰਦਰ ਤੇ ਬਾਹਰ, ਇਹੋ ਇਸ਼ਕ ਹੀ ਵਿਆਪਕ ਏ। ਇਹ ਸਾਰੀ ਖੇਡ ਇਸ਼ਕ ਦੀ ਹੀ ਹੈ। ਇਸ਼ਕ ਹਕੀਕੀ ਹੋਵੇ ਤੇ ਭਾਵੇਂ ਮਜ਼ਾਜੀ :

ਅਵਲ ਆਖਰ ਜ਼ਾਹਿਰ ਬਾਤਨ, ਖੇਡ ਇਸ਼ਕ ਦੀ ਤਾਜ਼ੀ।
ਭਾਵੇਂ ਇਸ਼ਕ ਹਕੀਕੀ ਹੋਵੇ, ਭਾਵੇਂ ਇਸ਼ਕ ਮਜ਼ਾਜ਼ੀ।

ਹੁਸਨ-ਇ-ਅਜ਼ਲ ਦਾ ਤਸੱਵਰ ਅਫਲਾਤੂਨ ਨੇ ਪੇਸ਼ ਕੀਤਾ ਹੈ। ਉਸ ਅਨੁਸਾਰ ਦੁਨੀਆਂ ਦੀ ਹਰ ਸ਼ੈ ਹੁਸਨ-ਇ-ਅਜ਼ਲ ਦੀ ਤਰਫ਼ ਖਿਚ ਰਹੀ ਹੈ। ਨਵ-ਅਫ਼ਲਾਤੂਨੀ ਸੂਫ਼ੀ ਮੱਤ ਦੇ ਅਨੁਸਾਰ ਦੁਨੀਆਂ ਵਿਚ ਈਸ਼ਵਰ ਦਾ ਸੁਹਜ ਹੀ ਪ੍ਰਤਿ-ਬਿੰਬਤ ਹੋ ਰਿਹਾ ਹੈ। ਦੁਨੀਆਂ ਵਿਚ ਜੋ ਸੁਹਜ ਹੈ, ਉਹ ਈਸ਼ਵਰ ਦਾ ਹੀ ਸੁਹਜ ਹੈ। ਇਸ ਲਈ ਪ੍ਰਤਿਬਿੰਬ ਅਰਥਾਤ ਮਜ਼ਾਜ ਨਾਲ ਇਸ਼ਕ ਤੋਂ ਭਾਵ ਹਕ ਨਾਲ ਇਸ਼ਕ ਹੀ ਹੈ। ਸੂਫ਼ੀ ਦਰਸ਼ਨ ਵਿਕ ਪ੍ਰੇਮ ਜਾਂ ਇਸ਼ਕ ਦੇ ਨਾਲ, ਨਾਲ ਸੁੰਦਰਤਾ ਦਾ ਵੀ ਬਹੁਤ ਮਹੱਤਵਪੂਰਨ ਸਥਾਨ ਹੈ। ਸੂਫ਼ੀ ਮੱਤ ਅਨੁਸਾਰ ਜਿਸ ਨੇ ਸੰਸਾਰ ਵਿਚ ਸੁੰਦਰਤਾ ਪੈਦਾ ਕੀਤੀ ਹੈ। ਉਹ ਆਪ ਕਿਤਨਾ ਸੁੰਦਰ ਹੋਵੇਗਾ ? ਇਹੋ ਵਿਚਾਰ ਹੈ, ਜੋ ਸੂਫ਼ੀ ਸਾਧਕ ਨੂੰ ਸੁੰਦਰ ਵਸਤੂ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵ ਨਾਲ ਇਸ਼ਕ ਕਰਨ ਲਈ ਪ੍ਰੇਰਦਾ ਹੈ। ਸੂਫ਼ੀ ਦਰਸ਼ਨ ਵਿਚ ਲੌਕਿਕ ਸੁੰਦਰਤਾ ਦਾ ਇਸ ਲਈ ਜ਼ਿਆਦਾ ਮਹੱਤਵ ਹੈ, ਕਿਉਂਕਿ ਇਹ ਸਾਧਕ ਦਾ ਮਨ ਅਲੌਕਿਕ ਸੁੰਦਰਤਾ ਵਲ ਮੋੜਨ ਦਾ ਇਕ ਮਧਿਅਮ ਹੈ। ਕਿੱਸਾ ਕਾਵਿ ਵਿਚ ਇਸ ਸੂਫ਼ੀ ਸਿਧਾਂਤ ਦੀ ਪੂਰੀ ਪਾਬੰਧੀ ਨਾਲ ਪਾਲਣਾ ਹੋਈ ਮਿਲਦੀ ਹੈ । ਮੀਆਂ ਮੁਹੰਮਦ ਬਖ਼ਸ਼ ਆਪਣੇ ਕਿੱਸੇ ਸੈਫ਼ੁਲ ਮਲੂਕ ਵਿਚ ਲਿਖਦਾ ਹੈ, ਜੇਕਰ ਜੀਵ ਵਿਚ ਉਸ ਪ੍ਰਭੂ ਦਾ ਰੂਪ ਵਿਦਮਾਨ ਨਾ ਹੋਵੇ ਤਾਂ ਇਹ ਮਸ਼ੂਕ ਕਿਸ ਪ੍ਰਕਾਰ ਸਿਆਣੇ ਵਿਅਕਤੀਆਂ ਦਾ ਦਿਲ ਜਿਤ ਸਕਦੇ ਹਨ :

ਹਰ ਹਰ ਵਿਚ ਨਾ ਹੋਵਣ, ਜੇਕਰ ਹਰ ਦੇ ਰੂਪ ਸੁਹਾਣੇ ।
ਦਾਨਸ਼ਮੰਦਾਂ ਦਾ ਦਿਲ ਕੱਢ ਠੱਗਣ, ਇਹ ਮਾਸ਼ੂਕ ਅੰਞਾਣੇ ।

ਪੰਜਾਬੀ ਕਿੱਸਾਕਾਰਾਂ ਨੇ ਨਾਇਕਾ ਦੀ ਸੁੰਦਰਤਾ ਦੀ ਨਖ਼ਸ਼ਿਖ਼ ਵਰਣਨ ਦੀ ਪ੍ਰੇਰਣਾ ਸੂਫ਼ੀ ਮਸਨਵੀਕਾਰਾਂ ਜਾਮੀ ਆਦਿ ਤੋਂ ਲਈ ਹੈ, ਕਿਉਂਕਿ ਫ਼ਾਰਸੀ ਮਸਨਵੀ ਵਿਚ ਨਾਇਕਾ ਦੀ ਸੁੰਦਰਤਾ ਦੀ ਨਖ਼ਸ਼ਿਖ ਦੀ ਪਰੰਪਰਾ ਬਹੁਤ ਚਿਰ ਪਹਿਲਾਂ ਸਥਾਪਿਤ ਹੋ ਚੁੱਕੀ ਸੀ । ਸੂਫ਼ੀ ਸ਼ਾਇਰਾਂ ਨੇ ਇਸਤਰੀ ਦੀ ਸੁੰਦਰਤਾ ਦਾ ਨਖ਼ਸ਼ਿਖ ਵਰਣਨ ਵਾਸ਼ਨਾਤਮਕ ਦ੍ਰਿਸ਼ਟੀ ਤੋਂ ਨਹੀਂ ਕੀਤਾ ਹੈ, ਸਗੋਂ ਉਨ੍ਹਾਂ ਨੂੰ ਨਾਇਕਾ ਦੇ ਸੁੰਦਰ ਸਰੀਰਕ ਅੰਗਾਂ—ਨੱਕ, ਅੱਖ ਆਦਿ ਵਿਚ ਇਕ ਅਲੌਕਿਕ ਸੁੰਦਰਤਾ ਦੀ ਝਲਕ ਮਿਲਦੀ ਹੈ। ਸੁੰਦਰਤਾ ਦਾ ਮੂਲ ਸਰੋਤ ਪਰਮਾਤਮਾ ਹੈ । ਇਸ ਲਈ ਸੁੰਦਰਤਾ ਦੀ ਉਪਾਸ਼ਨਾ ਹੀ ਪਰਮਾਤਮਾ ਦੀ ਉਪਾਸ਼ਨਾ ਹੈ । ਪੰਜਾਬੀ ਕਿੱਸਾ ਕਾਵਿ ਲੌਕਿਕ ਸੁੰਦਰਤਾ ਦੇ ਵਰਣਨ ਦੇ ਨਾਲ, ਨਾਲ ਅਧਿਆਤਮਿਕ ਸੰਕੇਤ ਮਿਲਣ ਦਾ ਮੂਲ ਕਾਰਣ ਸੂਫ਼ੀ ਮੱਤ ਦਾ ਪ੍ਰਭਾਵ ਹੈ। ਇਸ ਪ੍ਰਭਾਵ ਦੇ ਅਧੀਨ ਕਿੱਸਾਕਾਰਾਂ ਨੇ ਆਪਣੀ ਰਚਨਾ ਦੇ ਅਖੀਰ ਵਿਚ ਰਚਨਾ ਨੂੰ ਅਧਿਆਤਮਿਕ ਅਰਥ ਦੇਣ ਦਾ ਯਤਨ ਕੀਤਾ ਹੈ। ਵਾਰਿਸ ਸ਼ਾਹ 'ਹੀਰ' ਦੇ ਅਖੀਰ ਤੇ ਲਿਖਦਾ ਹੈ :

ਇਹ ਰੂਹ ਕਲਬੂਤ ਦਾ ਜ਼ਿਕਰ ਯਾਰੋ,
ਨਾਲ ਅਕਲ ਦੇ ਮੇਲ ਮਿਲਾਇਆ ਈ ।
ਵਾਰਿਸ ਸ਼ਾਹ ਮੀਆਂ ਲੋਕਾਂ ਕਮਲਿਆਂ ਨੂੰ,
ਕਿੱਸਾ ਜੋੜ ਹੁਸ਼ਿਆਰ ਬਣਾਇਆ ਈ ।

ਵਾਰਿਸ ਸ਼ਾਹ ਤੋਂ ਦੋ ਸਦੀਆਂ ਪਹਿਲਾਂ ਹੋਏ ਹਿੰਦੀ ਜਗਤ ਦੇ ਪ੍ਰਸਿੱਧ ਸੂਫ਼ੀ ਕਵੀ ਜਾਇਸੀ ਨੇ ਵੀ ਆਪਣੀ ਜਗਤ ਪ੍ਰਸਿੱਧ ਰਚਨਾ 'ਪਦਮਾਵਤ' ਦੇ ਅਖ਼ੀਰ ਤੇ ਅਧਿਆਤਮਿਕ ਰੰਗਣ ਦਿੱਤੀ ਹੈ। ਇਸ਼ਕ ਦਾ ਰਾਹ ਬਹੁਤ ਦੁਸ਼ਵਾਰ ਹੈ । ਇਹ ਮਾਰਗ ਕੰਡਿਆਂ ਭਰਿਆ ਹੁੰਦਾ ਹੈ। ਸਾਦਕ ਨੂੰ ਪੈਰ ਪੈਰ ਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਸੂਫ਼ੀ ਸਾਧਕ ਆਪਣੇ ਪ੍ਰੇਮ ਪ੍ਰਤਿ ਨਿਸ਼ਚਾਵਾਨ ਹੁੰਦੇ ਹਨ । ਉਹ ਇਨ੍ਹਾਂ ਔਕੜਾਂ ਤੋਂ ਡਰਦੇ, ਆਪਣੇ ਮਾਰਗ ਤੋਂ ਨਹੀਂ ਹਟਦੇ ਹਨ, ਡੋਲਦੇ ਨਹੀਂ ਹਨ। ਅਸਲ ਵਿਚ ਇਨ੍ਹਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੇਮ ਸਾਧਨਾ ਦੀ ਸੁੰਦਰਤਾ, ਮੁਸੀਬਤਾਂ ਦੇ ਆਉਣ ਤੇ ਹੀ ਨਿਖ਼ਰਦੀ ਹੈ। ਇਹੋ ਪ੍ਰੇਮ ਨਿਸ਼ਚਤਾ ਦਾ ਪ੍ਰਭਾਵ ਸਾਨੂੰ ਪੰਜਾਬੀ ਕਿੱਸਾ ਕਾਵਿ ਵਿਚ ਮਿਲਦਾ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕ, ਨਾਇਕਾਵਾਂ ਸਿਰਲੱਥ ਯੋਧੇ ਹਨ। ਜਿਥੇ ਚਾਰ ਅੱਖਾਂ ਹੋ ਜਾਂਦੀਆਂ ਹਨ ਫਿਰ ਕੀ ਹੈ, ਮਾਪਿਆਂ ਤੇ ਸਮਾਜ ਦੇ ਵਿਰੋਧ ਹੋਣ ਦੇ ਬਾਵਜੂਦ ਵੀ ਇਹ ਮੂੰਹ ਨਹੀਂ ਮੋੜਦੇ ਹਨ। ਜਿਸ ਦੀ ਪ੍ਰਾਪਤੀ ਲਈ ਕਦੇ ਰਾਂਝੇ ਨੂੰ ਕੰਨ ਪੜਵਾ, ਜੋਗੀ ਬਣਨਾ ਪੈਂਦਾ ਹੈ, ਕਦੇ ਸੋਹਣੀ ਨੂੰ ਕੱਚੇ ਘੜੇ ਤੇ ਤਰਨਾ ਪੈਂਦਾ ਹੈ, ਕਦੇ ਸੱਸੀ ਨੂੰ ਥਲ-ਮਾਰੂ ਵਿਚ ਨੰਗੇ ਪੈਰੀ ਪੁੰਨੂੰ ਦੀ ਭਾਲ ਵਿਚ ਨਿਕਲਣਾ ਪੈਂਦਾ ਹੈ, ਕਦੇ ਫਰਿਹਾਦ ਇਕੱਲਾ ਹੀ ਆਪਣੇ ਪਿਆਰ, ਸ਼ੀਰੀ ਦੀ ਖ਼ਾਤਰ, ਪਹਾੜ ਕੱਟ ਕੇ ਦੁੱਧ ਦੀ ਨਹਿਰ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰਦਾ ਹੈ, ਕਦੇ ਮਜਨੂੰ ਲੈਲਾ ਦੇ ਨਾਮ ਉਤੇ ਮੌਤ ਨੂੰ ਜ਼ਿੰਦਗੀ ਸਮਝ ਬੈਠਦਾ ਹੈ ਤੇ ਕਦੇ ਮਿਰਜ਼ੇ ਨੂੰ ਆਪਣੇ ਇਸ਼ਕ ਦੀ ਸਫਲਤਾ ਲਈ ਤਲਵਾਰ ਚੁੱਕ ਸਿਆਲਾਂ ਤੇ ਚੰਦੜਾਂ ਨਾਲ ਲੜਾਈ ਵੀ ਕਰਨੀ ਪੈਂਦੀ ਹੈ। ਇਸ ਭਾਵਨਾ ਅਧੀਨ ਸੱਸੀ ਮਾਂ ਦੇ ਵਰਜਣ ਦੇ ਬਾਵਜੂਦ ਵੀ ਪੁੰਨੂੰ ਦੀ ਭਾਲ ਵਿਚ ਨਿਕਲ ਪੈਂਦੀ ਹੈ :

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ ਜਾਨ ਤਲੀ ਪਰ ਧਰਸਾਂ,
ਜਬ ਲਗ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨਾ ਡਰਸਾਂ।

ਜੇ ਰਬ ਕੂਕ ਸੱਸੀ ਦੀ ਸੁਣਸੀ, ਜਾ ਪੱਲਾ ਉਸ ਫੜਸਾਂ।
ਹਾਸ਼ਮ ਨਹੀਂ ਸ਼ਹੀਦ ਹੋਵੇਸਾਂ, ਥਲ ਮਾਰੂ ਵਿਚ ਮਰਸਾਂ।

ਹਾਸ਼ਮ ਇਸ ਮਾਰਗ ਦੀਆਂ ਮੁਸ਼ਕਿਲਾਂ ਨੂੰ ਜਾਣਦੇ ਹੋਏ ਲਿਖਦਾ ਹੈ ਕਿ ਆਸ਼ਕ ਹੋ ਸੁਖ ਦੀ ਨੀਂਦ ਸੌਣਾ ਕੋਈ ਵਾਜ਼ਬ ਗੱਲ ਨਹੀਂ :

ਆਸ਼ਕ ਹੋਵਣ ਤੇ ਸੁਖ ਸੋਵਣ, ਇਹ ਗੱਲ ਦੂਰ ਹਿਸਾਬੋਂ।
ਹਾਸ਼ਮ ਜਿਨ ਕਿਨ ਰਾਹ ਇਸ਼ਕ ਦੇ ਕਾਜ ਗਵਾਇਆ ਖਾਬੋਂ।

ਇਹ ਨਾਇਕ, ਨਾਇਕਾਵਾਂ ਡੁਬ ਕੇ ਤਰ ਜਾਂਦੇ ਹਨ। ਹਾਸ਼ਮ ਲਿਖਦਾ ਹੈ ਕਿ ਸੋਹਣੀ ਡੁਬ ਕੇ ਵੀ ਤਰ ਗਈ ਹੈ :

ਸੋਹਣੀ ਮੂਲ ਨਾ ਤਰਦੀ, ਤਰਕੇ,
ਖ਼ੂਬ ਤਰੀ ਡੁਬ ਮਰਕੇ।

ਹੋਈ ਸ਼ਹੀਦ ਸੱਸੀ ਜਦ ਮਰੀ,
ਆ ਖੋਜ ਉਤੇ ਸਿਰ ਧਰਕੇ।

ਫ਼ਾਰਸੀ ਸੂਫ਼ੀ ਕਾਵਿ ਵਿਧੀ ਅਨੁਸਾਰ ਇਹ ਪ੍ਰੀਤ ਜੋੜੇ, ਜਦੋਂ ਆਪਣੇ ਪ੍ਰੇਮ-ਪਾਤਰ ਨੂੰ ਹੀ ਇਸ਼ਟ ਮੰਨ ਕੇ ਤੁਰ ਪੈਂਦੇ ਹਨ ਤਾਂ ਪਰਾਸਰੀਰਿਕ ਸ਼ਕਤੀਆਂ ਵੀ ਇਨ੍ਹਾਂ ਦੀ ਸਹਾਇਤਾ ਲਈ ਆ ਜਾਂਦੀਆਂ ਹਨ। ਕਦੇ ਇਹ ਪੀਰ ਰਾਂਝੇ ਨੂੰ ਬੂਰੀ ਮੱਝ ਦਾ ਦੁੱਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਿਆਂਦੇ ਹਨ ਤੇ ਕਦੇ ਹੀਰ ਤੇ ਸੋਹਣੀ ਦੀ ਪੱਤ ਦੀ ਰੱਖਿਆ ਕਰਦੇ ਹਨ । ਕਦੇ ਖੁਵਾਜ਼ਾ ਖਿਜ਼ਰ ਸੋਹਣੀ ਮਹੀਂਵਾਲ ਦੀਆ ਲਾਸ਼ਾਂ ਦੀ ਰਖਿਆ ਕਰਦਾ ਹੈ ।

ਸੂਫ਼ੀ ਸਾਧਨਾ ਦਾ ਸਭ ਨਾਲੋਂ ਮਹੱਤਵ-ਪੂਰਨ ਪੜਾਅ ਬ੍ਰਿਹੋਂ ਦਾ ਹੈ । ਬ੍ਰਿਹਾ ਜੀਵ ਦੀ ਪਰਮਾਤਮਾ ਪ੍ਰਾਪਤੀ ਦੀ ਉਹ ਪਵਿੱਤਰ ਸਥਿਤੀ ਹੈ, ਜਿਸ ਵਿਚ ਸਾਧਕ ਨਿਰਛਲ ਨਿਰਮਲ ਭਾਵ ਨਾਲ ਆਪਣੇ ਇਸ਼ਟ ਪਰਮਾਤਮਾ ਨਾਲ ਵਸਲ ਪ੍ਰਾਪਤ ਕ਼ਰਨ ਲਈ ਤੀਬਰ ਇੱਛਾ ਸਹਿਤ ਪ੍ਰਯਤਨਸ਼ੀਲ ਹੁੰਦਾ ਹੈ । ਜਦ ਤਕ ਸਾਧਕ ਬ੍ਰਿਹੋਂ ਦੀ ਅਗਨੀ ਵਿਚੋਂ ਦੀ ਲੰਘ ਨਾ ਜਾਵੇ. ਤਦ ਤਕ ਉਹ ਫਿਨਾ-ਫਿਲਾ ਅਰਥਾਤ ਪ੍ਰਭੂ ਵਿਚ ਲੀਨਤਾ ਦੀ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਦਾ ਹੈ । ਬ੍ਰਿਹੋਂ ਦੀ ਪਵਿਤਰ ਅਗਨੀ ਵਿਚੋਂ ਲੰਘਣ ਨਾਲ ਜੀਵ ਦੇ ਵਿਅਕਤਿਤਵ ਵਿਚੋਂ ਦਵੈਤ ਭਾਵ ਦੀ ਸਾਰੀ ਮੈਲ ਸੜ ਜਾਂਦੀ ਹੈ । ਬ੍ਰਿਹੋਂ, ਪ੍ਰੇਮੀ ਰੂਪੀ ਸੋਨੇ ਦੇ ਪਰਖਣ ਦੀ ਉਹ ਭੱਠੀ ਹੈ, ਜਿਸ ਦੀ ਅੱਗਨੀ ਵਿਚੋਂ ਪੈ ਕੇ, ਸਾਧਕ ਵਿਚਲੀ ਮਲੀਨਤਾ, ਇੱਛਾ, ਲਾਲਸਾ, ਵਾਸ਼ਨਾ ਆਦਿ ਮਲੀਨ ਭਾਵ ਸੜ ਜਾਂਦੇ ਹਨ, ਜੋ ਬਾਕੀ ਬਚਦਾ ਹੈ, ਉਹ ਸ਼ੁੱਧ ਤੇ ਨਿਰਮਲ ਪ੍ਰੇਮ ਭਾਵ ਹੀ ਹੁੰਦਾ ਹੈ । ਇਸੇ ਲਈ ਬਾਬਾ ਸ਼ੇਖ਼ ਫ਼ਰੀਦ ਨੇ ਬਿਰਹੁ ਤੂੰ ਸੁਲਤਾਨ ਕਹਿ ਕੇ ਇਸ ਨੂੰ ਵਡਿਆਇਆ ਹੈ । ਸ਼ਾਹ ਹੁਸੈਨ ਤਾਂ ਬਿਰਹ ਦਾ ਕਵੀ ਹੈ । ਉਹ ਦੀਆਂ ਕਾਫ਼ੀਆਂ ਤਾਂ ਅਸਲ ਵਿਚ ਹਿਜ਼ਰ ਦੇ ਸਾਰੇ ਕਵੀ ਦੇ ਵੈਣ ਹਨ । ਹੁਸੈਨ ਲਿਖਦਾ ਹੈ :

ਮਾਸ ਝਰੇ ਝਰ ਪਿੰਜਰ ਹੋਇਆ,
ਕਰਕਨ ਲੱਗੀਆਂ ਹੱਡੀਆਂ ।
ਮੈਂ ਇਆਣੀ ਨੇਹੁੰ ਕੀ ਜਾਣਾ,
ਬਿਰਹੁ ਤਾਣਾਵਾਂ ਗੱਡੀਆਂ ।

ਸਾਰੇ ਕਿੱਸਾਕਾਰਾਂ ਨੇ ਬ੍ਰਿਹੋਂ ਦਾ ਵਿਸਥਾਰ ਸਹਿਤ ਵ਼ਰਣਨ ਕੀਤਾ ਹੈ । 'ਲੈਲਾ ਮਜਨੂੰ' ਵਿਚ ਮਜਨੂੰ ਉਮਰ ਭਰ ਬ੍ਰਿਹੋਂ ਵਿਚ ਤੜਫਣ ਮਗਰੋਂ ਲੈਲਾਂ ਨਾਲ ਉਸਦਾ ਮਿਲਣ, ਮੌਤ ਤੋਂ ਮਗਰੋਂ ਹੁੰਦਾ ਹੈ । 'ਯੂਸਫ ਜ਼ਲੇਖਾਂ' ਵਿਚ ਜ਼ੁਲੈਖਾਂ ਸਾਰੀ ਉਮਰ, ਯੂਸਫ ਦੀ ਜੁਦਾਈ ਦਾ ਸਦਮਾ ਸਹਿੰਦੀ ਹੈ । ਉਸ ਦਾ ਯੂਸਫ਼ ਨਾਲ ਮੇਲ ਉਸ ਸਮੇਂ ਹੁੰਦਾ ਹੈ, ਜਦੋਂ ਉਸ ਦੀਆਂ ਸਾਰੀਆਂ ਵਾਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ । 'ਸੋਹਣੀ ਮਹੀਂਵਾਲ' ਵਿਚ ਇਨ੍ਹਾਂ ਹਿਜ਼ਰ ਦੇ ਮਾਰੇ, ਪ੍ਰੀਤ ਜੋੜੇ ਦਾ ਮਿਲਣ ਝੱਨਾਂ ਦੀ ਮੰਝਧਾਰ ਵਿਚਕਾਰ ਹੁੰਦਾ ਹੈ ਪਰ ਸਾਰੇ ਕਿੱਸਾਕਾਰਾਂ ਨਾਲੋਂ ਹਾਸ਼ਮ ਨੇ ਸੱਸੀ ਦੇ ਹਿਰਦੇ ਦੀ ਪੀੜਾ ਨੂੰ ਇਤਨੇ ਦਰਦ ਦੇ ਸੋਜ਼ ਨਾਲ ਬਿਆਨ ਕੀਤਾ ਹੈ ਕਿ ਪੱਥਰ ਤੋਂ ਪੱਥਰ ਦਿਲ ਪੱਲ ਛਿੰਨ ਲਈ ਛਲਕ ਉਠਦਾ ਹੈ । ਜਦੋਂ ਪੰਨੂੰ ਦੇ ਭਰਾ, ਪੁੰਨੂੰ ਨੂੰ ਸ਼ਰਾਬ ਪਿਲਾ ਕੇ ਕੇਚਮ ਸ਼ਹਿਰ ਨੂੰ ਲੈ ਜਾਂਦੇ ਹਨ ਤਾਂ ਉਸੇ ਵੇਲੇ ਸੱਸੀ ਦੇ ਹਿਰਦੇ ਦੀ ਪੀੜਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਦਿਲ ਵਿਚ ਸੋਜ਼ ਫਿਰਾਕ ਪੁੰਨੂੰ ਦਾ, ਰੋਜ਼ ਅੱਲਬਾ ਬਾਲੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਹੋਂ ਬਿਦਰਦ ਅਰਾਮ ਨਾ ਦੇਂਦਾ, ਵਾਂਗ ਚਿੱਖਾ ਨਿਤ ਜਾਲੇ।
ਆਤਸ਼ ਆਪ ਆਪੇ ਭਠਿਆਰਾ, ਆਪ ਜਲੇ ਨਿਤ ਜਾਲੇ।
ਸੱਸੀ ਸਖਤ ਗ਼ਮੀ ਵਿੱਚ ਆਹੀਂ ਦਰਦ ਫਿਰਾਕ ਰੰਞਾਣੀ।
ਨਾ ਕੁਝ ਸੂਰਤ ਨਾ ਵਾਜ ਬਦਨ ਦੀ, ਨਾ ਕੁਝ ਹੋਸ਼ ਬਿਗਾਨੀ।
ਰੂਹ ਰੂਹਾਂ ਵਿੱਚ ਫਿਰੇ ਸੱਸੀ ਦਾ ਮਲਕੁਲ ਮੌਤ ਨਿਸ਼ਾਨੀ।

ਸੂਫ਼ੀ ਸਾਧਕ, ਸਾਧਨਾ ਕਰਦਾ ਹੋਇਆ, ਇਕ ਅਜਿਹੀ ਅਵਸਥਾ ਤੇ ਪਹੁੰਚ ਜਾਂਦਾ ਹੈ। ਜਿਸ ਨੂੰ ਸੂਫ਼ੀ ਦਰਸ਼ਨ ਅਨੁਸਾਰ 'ਫ਼ਨਾ' ਤੇ 'ਬਕਾ' ਦੀ ਅਵਸਥਾ ਆਖਦੇ ਹਨ। ਜੋ ਭਾਰਤੀ ਅਦ੍ਵੈਤਵਾਦ ਦਾ ਹੀ ਇਕ ਰੂਪ ਹੈ। ਜਿਸ ਅਨੁਸਾਰ ਈਸ਼ਵਰ, ਜੀਵ ਤੇ ਜਗਤ ਦਾ ਭੇਦ ਮਿਟ ਜਾਂਦਾ ਹੈ। ਸੂਫ਼ੀ ਵਿਦਵਾਨਾਂ ਨੇ 'ਫ਼ਨਾ' ਤੇ 'ਬਕਾ' ਦੀਆਂ ਵੱਖ ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਸਹਰਾਵਰਦੀਆਂ ਅਨੁਸਾਰ 'ਫ਼ਨਾ' ਉਹ ਅਵਸਥਾ ਹੈ, ਜਿਸ ਵਿੱਚ ਸਾਧਕ ਦੇ ਦਿਲ ਅੰਦਰ ਈਸ਼ਵਰ ਦੀ ਉਪਸਥਿਤੀ ਦਾ ਭਾਵ ਪੂਰੀ ਤਰ੍ਹਾਂ ਨਾਲ ਈਸ਼ਵਰ ਵਿਚ ਲੀਨ ਹੋ ਕੇ ਸਮਾਪਤ ਹੋ ਜਾਂਦਾ ਹੈ। ਆਤਮਾ ਦਾ ਈਸ਼ਵਰ ਦੇ ਖਿਆਲ ਵਿਚ ਸਮਾਪਤ ਹੋ ਜਾਣਾ 'ਫ਼ਨਾ' ਹੈ ਤੇ ਆਤਮਾ ਦਾ ਈਸ਼ਵਰ ਦੇ ਨਾਲ ਸਥਿਰ ਹੋ ਜਾਣਾ 'ਬੱਕਾ' ਹੈ।[7] ਇਨਸਾਈਕਲੋਪੀਡੀਆ ਆਫ ਰਿਲੀਜ਼ਨ ਐਂਡ ਐਥਕ' ਅਨੁਜਾਰ 'ਫ਼ਨਾ', 'ਫ਼ਕਰ' ਅਤੇ 'ਸ਼ੁਕਰ' ਆਤਮ-ਭਾਵ ਦੇ ਅਭਾਵ ਰੂਪ ਹਨ ਤੇ ਬੱਕਾ 'ਵਜ਼ਦ' ਅਤੇ ਸ਼ਹਿ (Sahas) ਈਸ਼ਵਰੀ ਭਾਵ ਰੂਪ ਹੈ।[8] ਅਸਲ ਵਿਚ ਆਰਿਫ ਜਦੋਂ ਹਕੀਕਤ ਦੀ ਅਵਸਥਾ ਉਤੇ ਪਹੁੰਚ ਜਾਂਦਾ ਹੈ, ਤਦ ਉਹ ਹੱਕ ਬਣ ਜਾਂਦਾ ਹੈ। ਨਾਲ ਹੀ ਉਸਨੂੰ ਉੱਕਤ ਸਥਿਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਸ਼ਬਿਸਤਰੀ ਅਨੁਸਾਰ ਈਸ਼ਵਰ ਦੇ ਸਨਮੁਖ ਹੋਣ ਨਾਲ 'ਮੈਂ' ਤੇ 'ਤੂੰ' ਦਾ ਭਾਵ ਮਿਟ ਜਾਂਦਾ ਹੈ ਅਤੇ ਉਹ ਦੋਵੇਂ ਇਕ ਹੋ ਜਾਂਦੇ ਹਨ।[9] ਇਸੇ ਭਾਵਨਾ ਅਧੀਨ 'ਮਨਸੂਰ' 'ਅਨਲਹਕ' ਕਹਿੰਦਾ ਹੋਇਆ ਹੱਸਦਾ ਹੱਸਦਾ ਫ਼ਾਂਸੀ ਦਾ ਰੱਸਾ ਚੁੰਮ ਗਿਆ। ਉਸ ਨੂੰ ਫਾਂਸੀ ਦੇਣ ਤੇ ਫਾਂਸੀ ਚੜ੍ਹਣ ਵਾਲੇ ਵਿੱਚ ਕੋਈ ਫ਼ਰਕ ਹੀ ਨਹੀਂ ਦਿਸਦਾ ਸੀ, ਸਭ ਥਾਂ ਇਕ ਈਸ਼ਵਰ ਦੇ ਹੀ ਦਰਸ਼ਨ ਹੁੰਦੇ ਸਨ। ਇਹ ਫ਼ਨਾ ਦੀ ਅਵਸਥਾ ਤੇ ਸ਼ਾਹ ਹੁਸੈਨ ਪਹੁੰਚ ਕੇ, ਆਪ ਹੀ ਪ੍ਰੀਤਮ ਬਣ ਕੂਕ ਉਠਦਾ ਹੈ :

ਮਾਹੀ ਮਾਹੀ ਕੂਕਦੀ, ਮੈਂ ਆਪੇ ਰਾਂਝਣ ਹੋਈ।
ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੋ,
ਹੀਰ ਨਾ ਆਖੋ ਕੋਈ।
ਰਾਂਝਣ ਰਾਂਝਣ ਫਿਰਾਂ ਢੂੰਢੇਦੀ,
ਕੀ ਮੈਂ ਕੈਨੂੰ ਆਖਾਂ।

ਬੁਲ੍ਹੇਸ਼ਾਹ, ਜਦੋਂ ਹਕੀਕਤ ਦੀ ਅਵਸਥਾ ਤੇ ਪਹੁੰਚਦਾ ਹੈ ਤਾਂ ਉਹ ਆਪ ਹੀ ਮਨਸੂਰ ਵਾਂਗ ਪਰਮਸੱਤ, ਈਸ਼ਵਰ ਦਾ ਰੂਪ ਹੋ ਕੂਕ ਉੱਠਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝ ਹੋਈ ।
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।

ਸੂਫ਼ੀ-ਦਰਸ਼ਨ ਦੇ ਇਸ ਫ਼ਨਾ, ਬੱਕਾ ਜਾਂ ਅਦ੍ਵੈਤਵਾਦ ਦਾ ਪ੍ਰਭਾਵ ਪੰਜਾਬੀ ਕਿੱਸਾ-ਕਾਵਿ ਦੇ ਮੋਢੀ ਦਮੋਦਰ ਦੀ 'ਹੀਰ' ਉਤੇ ਭਲੀ ਭਾਂਤ ਵੇਖਿਆ ਜਾ ਸਕਦਾ ਹੈ। ਜਦੋਂ ਉਹ ਲਿਖਦਾ ਹੈ :

ਨਾ ਕੋਈ ਆਖਹੁ ਹੀਰੇ ਮੈਨੂੰ ਨਾ ਕੋਈ ਆਖ ਸਲੇਟੀ,
ਜਾਤ ਸਨਾਤ ਪਛਾਣੋਂ ਨਾਹੀ, ਮੈਂ ਚਾਕੇ ਨਾਲ ਚਕੇਟੀ ।
ਉਲਟੀ ਹੀਰ ਹੀਰੇ ਵਿਚ ਰਾਂਝਾ ਗਲ ਨਾ ਜਾਣੇ ਕੋਈ ।
ਰਾਂਝਾ ਰਾਂਝਾ ਕੈਨੂੰ ਆਖਾਂ, ਮੈਂ ਆਪੇ ਰਾਂਝਣ ਹੋਈ ।

ਸੂਫ਼ੀ-ਦਰਸ਼ਨ ਅਨੁਸਾਰ ਕਰਮਕਾਂਡ ਤੇ ਮਰਯਾਦਾ ਪ੍ਰਭੂ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਹਨ। ਜੋ ਸਾਧਕ ਕਰਮਕਾਂਡ ਦੇ ਚੱਕਰ ਵਿਚ ਪੈ ਜਾਂਦਾ ਹੈ। ਉਹ ਇਸੇ ਵਿਚ ਉਲਝ ਕੇ ਸੱਚੇ ਮਾਰਗ ਤੋਂ ਉਖੜ ਜਾਂਦਾ ਹੈ। ਇਸ ਲਈ ਸੂਫ਼ੀ ਦਰਸ਼ਨ ਵਿਚ ਕਰਮ-ਕਾਂਡ ਨੂੰ ਸਥਾਨ ਨਹੀਂ ਦਿੱਤਾ ਜਾਂਦਾ ਹੈ, ਸਗੋਂ ਇਸ ਦਾ ਖੁਲ੍ਹੇ ਸ਼ਬਦਾਂ ਵਿਚ ਖੰਡਨ ਹੋਇਆ ਹੈ। ਬੁਲ੍ਹੇ ਸ਼ਾਹ ਕਹਿ ਉੱਠਦਾ ਹੈ :

ਭੱਠ ਨਿਮਾਜ਼ਾਂ ਤੇ ਚਿੱਕੜ ਰੋਜ਼ੇ,
ਕਲਮੇ ਤੇ ਫਿਰ ਗਈ ਸਿਆਹੀ ।
ਬੁਲ੍ਹੇ ਸ਼ਾਹ ਸ਼ਾਹੁ ਅੰਦਰੋਂ ਮਿਲਿਆ,
ਭੁਲੀ ਫਿਰੇ ਲੁਕਾਈ ।

ਫੂਕ ਮੁਸੱਲਾ ਭੰਨ ਸੁਟ ਲੋਟਾ,
ਨਾ ਫੜ ਤਸਬੀ ਕਾਸਾ ਸੋਟਾ ।
ਆਲਿਮ ਕਹਿੰਦਾ ਦੇ ਦੇ ਹੋਕਾ,
ਤਰਕ ਹਲਾਲੋਂ ਖਾ ਮੁਰਦਾਰ ।

ਜਿਥੇ ਸੂਫ਼ੀ ਕਾਵਿ ਵਿਚ ਧਾਰਮਿਕ ਕਰਮ-ਕਾਂਡ ਦੀ ਮਰਯਾਦਾ ਦਾ ਖੰਡਨ ਹੋਇਆ ਹੈ, ਉਥੇ ਕਿੱਸਾਕਾਰਾਂ ਨੇ ਵੀ ਇਸ ਤੋਂ ਪ੍ਰਭਾਵਿਤ ਹੋ ਕੇ ਸਮਾਜਿਕ ਮਰਯਾਦਾ ਤੋੜਨ ਵਾਲੇ, ਇਨ੍ਹਾਂ ਕਿੱਸਾ ਨਾਇਕਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਸਮਾਜਿਕ ਮਰਯਾਦਾ ਵਿਚ ਪਤੀ-ਪਤਨੀ ਦਾ ਪ੍ਰੇਮ ਹੀ ਆਦਰਸ਼ ਪ੍ਰੇਮ ਮੰਨਿਆ ਜਾਂਦਾ ਹੈ ਪਰ ਇਸ ਸਮਾਜਿਕ ਮਰਯਾਦਾ ਵਿਚ ਪਤੀ-ਪਤਨੀ ਦੀ ਚੋਣ ਕਰਨ ਦਾ ਅਧਿਕਾਰੀ ਕੋਈ ਹੋਰ ਵਿਅਕਤੀ ਹੁੰਦਾ ਹੈ। ਘੱਟੋ ਘੱਟ ਉਨ੍ਹਾਂ ਦੋਹਾਂ ਵਿਅਕਤੀਆਂ, ਜਿਨ੍ਹਾਂ ਨੇ ਇਸ ਰਿਸ਼ਤੇ ਵਿਚ ਬੱਝ ਕੇ ਜੀਵਨ ਪੰਧ ਤਹਿ ਕਰਨਾ ਹੁੰਦਾ ਸੀ, ਨੂੰ ਚੋਣ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬੀ ਕਿੱਸਾਕਾਰਾਂ ਨੇ ਇਨ੍ਹਾਂ ਪ੍ਰੀਤ ਜੋੜਿਆਂ ਦੇ ਪ੍ਰੀਤ-ਵਿਆਹ ਨੂੰ ਸਮਾਜਿਕ ਪ੍ਰਵਾਨਗੀ ਦਵਾਉਣ ਲਈ ਇਨ੍ਹਾਂ ਦੇ ਨਿਗਾਹ ਨੂੰ ਪਰਮਾਤਮਾ ਵੱਲੋਂ ਪੜ੍ਹਿਆ ਗਿਆ ਤਸੱਵਰ ਕੀਤਾ ਹੈ।

ਸੂਫ਼ੀ ਦਰਸ਼ਨ ਅਨੁਸਾਰ ਪਰਮਾਤਮਾ ਸੰਸਾਰ ਦੇ ਕਣ ਕਣ ਵਿਚ ਵੱਸਦਾ ਹੈ। ਸੰਸਾਰ ਦਾ ਹਰ ਇਕ ਜੀਵ ਉਸ ਪਰਮ-ਸੱਤ ਦਾ ਹੀ ਅਕਸ ਹੈ, ਅਰਥਾਤ ਉਹ ਥਾਂ ਵਿਆਪਕ ਹੈ। ਸ਼ਾਹ ਹੁਸੈਨ ਪ੍ਰਭੂ ਦੀ ਵਿਆਪਕਤਾ ਬਾਰੇ ਲਿਖਦਾ ਹੈ :

ਅੰਦਰ ਤੂੰ, ਬਾਹਰ ਤੂੰ, ਰੋਮ ਰੋਮ ਵਿਚ ਤੂੰ,
ਤੂੰ ਹੀ ਤਾਣਾ ਤੂੰ ਹੀ ਬਾਣਾ, ਸਭ ਕੁਝ ਮੇਰਾ ਤੂੰ।
ਕਹੈ ਹੁਸੈਨ ਫ਼ਕੀਰ ਸਾਈਂ ਦਾ ਮੈਂ ਨਹੀਂ ਸਭ ਤੂੰ।

ਇਹੋ ਵਿਚਾਰ ਸਾਨੂੰ ਲਗਪਗ ਹਰ ਇਕ ਕਿੱਸੇ ਵਿਚੋਂ ਮਿਲਦਾ ਹੈ। 'ਹੀਰ ਵਾਰਿਸ ਸ਼ਾਹ' ਵਿਚ, ਜਦੋਂ ਰਾਂਝੇ ਤੇ ਸਹਿਤੀ ਦਾ ਵਾਰਤਾਲਾਪ ਹੁੰਦਾ ਹੈ ਤਾਂ ਰਾਂਝਾ ਸਹਿਤੀ ਨੂੰ ਕਹਿੰਦਾ ਹੈ ਕਿ ਕਿਸ ਗੱਲ ਉਤੇ ਫ਼ਕੀਰਾਂ ਨਾਲ ਲੜਦੀ ਹੈਂ ? ਉਹ ਪਰਮਾਤਮਾ ਆਪ ਰੰਗ ਰੰਗ ਦੀਆਂ ਸ਼ਕਲਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ :

ਸੁਣ ਸਾਹਿਤੀਏ ਏਸ ਜਹਾਨ ਉੱਤੇ,
ਰੱਬ ਕਈ ਪਸਾਰ ਪਸਾਰਦਾ ਈ।
ਕੁਦਰਤ ਨਾਲ ਖਾਹਸ਼ ਖਾਸ ਆਪਣੀ ਦੇ,
ਰੰਗਾਂ ਰੰਗ ਦੀਆਂ ਸੂਰਤਾਂ ਧਾਰਦਾ ਈ।

ਫ਼ਜ਼ਲਸ਼ਾਹ ਲਿਖਦਾ ਹੈ :

ਕਿਤੇ ਢੂੰਡੀਏ ਤੇ ਕਿਤੇ ਢੰਡੀਏ ਨਾ,
ਗ਼ਲ ਕੋਈ ਨਾ ਸਮਝ ਦੇ ਵਿਚ ਆਵੇ।
ਹੈਨ ਹਰ ਥਾਵੀਂ ਡੇਰਾ ਲਾ ਬੈਠਾ,
ਨਾਲੇ ਆਖਦੇ ਨੇ ਕੋਈ ਨਹੀਂ ਥਾਂ ਮੇਰਾ।

ਸੂਫ਼ੀ ਸਿਧਾਂਤ ਅਨੁਸਾਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਸੰਸਾਰ ਦਾ ਹਰ ਇਕ ਜੀਵ ਤੇ ਵਸਤੂ ਨਾਸ਼ਵਾਨ ਹੈ। ਸਭ ਨੂੰ ਇਕ ਦਿਨ ਮੌਤ ਦਾ ਸ਼ਿਕਾਰ ਹੋਣਾ ਪਵੇਗਾ। ਅਸਲ ਵਿਚ, ਇੰਝ ਲੱਗਦਾ ਹੈ ਕਿ ਸੂਫ਼ੀ ਕਵੀਆਂ ਨੇ ਜੀਵ ਨੂੰ ਮੌਤ ਦਾ ਇਤਨਾ ਭਿਆਨਕ ਤੇ ਡਰਾਉਣਾ ਰੂਪ ਦਿਖਾ ਕੇ, ਸ਼ੁਭ ਅਮਲ ਕਰਨ ਲਈ ਪ੍ਰੇਰਨਾ ਦਿੱਤੀ ਹੈ, ਤਾਂ ਜੋ ਜੀਵ ਬੁਰੇ ਕਦਮ ਛੱਡ ਕੇ, ਸ਼ੁਭ ਕਰਮ ਕਰਾਉਣ ਲੱਗ ਪਏ। ਪੰਜਾਬੀ ਸੂਫ਼ੀ ਕਵਿਤਾ ਵਿਚ ਸ਼ੇਖ਼ ਫ਼ਰੀਦ ਤੋਂ ਲੈ ਕੇ ਅਠਾਰਵੀਂ ਸਦੀ ਤਕ ਦੇ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਵਿਚ ਦੂਜੇ ਮੱਤਾਂ ਦੇ ਅਧਿਆਤਮਿਕ ਕਾਵਿ ਨਾਲੋਂ ਜ਼ਿਆਦਾ ਮੌਤ ਦਾ ਡਰ ਛਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਇਆ ਹੈ। ਫ਼ਰੀਦ ਨੇ ਲਿਖਿਆ ਹੈ :

ਕੰਧੀ ਉਤੇ ਰੁਖੜਾ ਕਿਚਰ ਕੁ ਬੰਨੇ ਧੀਰ,
ਫਰੀਦਾ ਕਚੈ ਭਾਂਡੇ ਰੱਖੀਐ ਕਿਚਰੁ ਤਾਈ ਨੀਰ ।

ਸ਼ਾਹ ਹੁਸੈਨ ਅਨੁਸਾਰ :

ਕਹੈ ਹੁਸੈਨ ਫਕੀਰ ਨਿਮਾਣਾ,
ਕੂੜਾ ਕੂੜ ਦਾ ਕਰਦਾ ਈ ਮਾਣਾ,
ਖਾਕ ਦੇ ਵਿਚ ਸਮਾਣਾ ।

ਬੁਲ੍ਹੇਸ਼ਾਹ ਮੌਤ ਦੇ ਡਰ ਬਾਰੇ ਲਿਖਦਾ ਹੈ :

ਤੂੰ ਕੀ ਸੁੱਤਾ ਏਂ ਚਾਦਰ ਤਾਣ ਕੇ,
ਸਿਰ ਪਰ ਮੌਤ ਖਲੋਤੀ ਆਣ ਕੇ,
ਕੋਈ ਅਮਲ ਨਾ ਕੀਤਾ ਜਾਣ ਕੇ ।

ਸੂਫ਼ੀ ਕਵੀਆਂ ਦੇ ਮੌਤ ਦੇ ਡਰ ਦੇ ਸੰਕਲਪ ਨੂੰ ਪੰਜਾਬੀ ਕਿੱਸਾਕਾਰਾਂ ਨੇ ਵੀ ਅਪਣਾਇਆ ਹੈ। ਇਨ੍ਹਾਂ ਪੰਜਾਬੀ ਕਿੱਸਿਆਂ ਵਿਚ ਥਾਂ ਪੁਰ ਥਾਂ ਮੌਤ ਦਾ ਸਹਿਮ ਛਾਇਆ ਹੋਇਆ ਦਿੱਸਦਾ ਹੈ। ਵਾਰਿਸ ਸ਼ਾਹ ਜੀਵਾਂ ਨੂੰ ਸ਼ੁਭ ਅਮਲ ਕਰਨ ਲਈ ਸੰਸਾਰ ਦੀ ਨਾਸ਼ਵਾਨਤਾ ਨੂੰ ਦਰਸਾਉਂਦਾ ਲਿਖਦਾ ਹੈ :

ਅੰਤ ਇਹ ਜਹਾਨ ਛੱਡ ਜਾਵਣਾ ਹੈ,
ਏਥੇ ਕੁਫਰ ਅਪਰਾਧ ਕਿਉਂ ਤੋਲੀਏ ਜੀ ।...

ਕੁਲ ਚੀਜ਼ ਫਨਾਹ ਹੋ ਖਾਕ ਰਲਾ ਸੀ,
ਸਾਬਤ ਵਲੀ ਅਲਾਹ ਦੇ ਰਹਿਣਗੇ ਜੀ ।

ਹਾਸ਼ਮ ਸ਼ਾਹ ਦਾ ਕਿੱਸਾ ਕਾਵਿ ਰਚਨਾ, ਉਸ ਦੇ ਸੂਫ਼ੀ ਅਨੁਭਵ ਦੀ ਲਖਾਇਕ ਹੈ। ਉਸ ਦੇ ਕਿੱਸਿਆਂ ਦੇ ਹਰ ਪੰਨੇ ਉਤੇ ਮੌਤ ਦਾ ਡਰ ਵਿਦਮਾਨ ਹੈ :

ਜੋ ਹੱਡ ਦੁੱਧ ਮਲਾਈ ਪਾਲੇ,
ਤੂੰ ਖੋਹ ਖਸ ਮਾਲ ਬੇਗਾਨਾ ।
ਇਕ ਦਿਨ ਲੋਕ ਤਮਾਸ਼ੇ ਕਰਨ,
ਤੇਰੇ ਧਰਸਨ ਹਾਂਡ ਨਿਸ਼ਾਨਾ ।

ਹਾਸ਼ਮ ਵਾਂਗ ਹੀ ਮੀਆਂ ਮੁਹੰਮਦ ਬਖ਼ਸ਼ ਲਿਖਦਾ ਹੈ :

ਮਾਨ ਨ ਕੀਜੈ ਰੂਪ ਘਣੇ ਦਾ,
ਵਾਰਸ ਕੌਣ ਹੁਸਨ ਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦਾ ਨਾ ਰਹਿਸਣ ਸਾਖਾਂ ਹਰੀਆਂ,
ਸਦਾ ਨਾ ਫੁੱਲ ਚਮਨ ਦਾ ।

ਇਸ ਤੋਂ ਇਲਾਵਾ ਸੂਫ਼ੀ ਸਾਧਨਾ ਵਿਚ ਹੰਕਾਰ ਨੂੰ ਤਜਣਾ, ਬੰਦਗੀ, ਨੇਕ, ਅਮਲ, ਦਸਾਂ ਨਹੁੰਆਂ ਦੀ ਕਿਰਤ, ਆਦਿ ਤੇ ਬਲ ਦਿੱਤਾ ਗਿਆ ਹੈ । ਇਨ੍ਹਾਂ ਤੱਤਾ ਦਾ ਸਮ-ਦਰਸ਼ਨ ਸਾਨੂੰ ਪੰਜਾਬੀ ਕਿੱਸਾ ਕਾਵਿ ਵਿਚ ਵੀ ਹੁੰਦਾ ਹੈ । ਪ੍ਰਮਾਣ ਲਈ ਹੀਰ ਵਾਰਿਸ ਸ਼ਾਹ ਪੇਸ਼ ਹੈ :

ਹੰਕਾਰ :

ਜਿਹੜੇ ਨਾਲ ਤਕਬਰੀ ਆਕੜਨਗੇ,
ਵਾਂਗ ਬੱਕਰੇ ਈਦ ਦੇ ਢਾਹਿਆਨਗੇ ।...

ਸਭ ਕਿਬਰ ਹੰਕਾਰ ਗੁਮਾਨ ਲੈਂਦੇ,
ਆਪ ਵਿਚ ਅੰਤ ਨੂੰ ਢਹਿਣਗੇ ।

ਬੰਦਗੀ

ਵਾਰਿਸ ਬੰਦਗੀ ਵਾਸਤੇ ਘਲਿਐ ਸੈਂ,
ਆਇ ਜੁਟਿਆ ਪਹਿਣ ਨੇ ਖਾਵਣੇ ਨੂੰ ।...

ਵਾਰਿਸ ਸ਼ਾਹ ਕਰ ਬੰਦਗੀ ਰੱਬ ਦੀ ਤੂੰ,
ਜਿਸ ਵਾਸਤੇ ਰੱਬ ਬਣਾਇਆ ਹੈ ।...

ਵਾਰਿਸ ਸ਼ਾਹ ਜਿ ਕੋਈ ਤੇ ਬੰਦਗੀ ਕਰ,
ਵੱਤ ਨਹੀਂ ਜਹਾਨ ਤੇ ਆਵਣਾ ਈ ।...

ਵਾਰਿਸ ਸ਼ਾਹ ਪਛਤਾਵਸੇਂ ਬੰਦਗੀ ਨੂੰ,
ਇਜ਼ਰਾਈਲ ਜਾਂ ਧੌਣ ਚੜ੍ਹ ਬੋਲਿਆ ਈ ।

ਰਹਿਮ

ਵਾਰਿਸ ਸ਼ਾਹ ਜਾ ਬੇ ਵਾਰਿਸਾ ਰਹਿਮ ਕੀਜੈ,
ਮਿਹਰਬਾਨ ਹੋ ਕੇ ਕਰੋ ਵੱਡਾ ਜੇਰਾ ।

ਸ਼ੁਭ ਅਮਲ

ਅਮਲਾਂ ਬਾਝ ਦਰਗਾਹ ਵਿਚ ਪੈਣ ਪੋਲੇ,
ਲੋਕਾਂ ਵਿਚ ਮੀਆਂ ਵਾਰਿਸ ਸ਼ਾਹ ਹੋਇਆ ।

ਨੇਕ ਕਮਾਈ

ਰਿਜ਼ਕ ਹਾਲ ਤੇ ਸੱਚ ਬੋਲੇ,
ਛੱਡ ਦੇਹ ਤੂੰ ਯਾਰੀਆਂ ਚੋਰੀਆਂ ਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਕਤ ਸਾਰੀ ਵਿਸਤ੍ਰਿਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੂਫ਼ੀ ਮਤ ਦਾ ਪੰਜਾਬੀ ਕਿੱਸਾ ਕਾਵਿ ਉਪਰ ਬਹੁਤ ਪ੍ਰਭਾਵ ਹੈ। ਜਿਸ ਦਾ ਮੂਲ ਕਾਰਣ ਅਸੀਂ ਪਹਿਲੇ ਪੰਨੇ ਤੇ ਦਸ ਆਏ ਹਾਂ।

ਹਵਾਲੇ ਤੇ ਟਿੱਪਣੀਆਂ

1. Hughcs, 'Dictionary of Islam', p 617.
2. ਚੰਦਰਬਲੀ ਪਾਂਡੇ, 'ਤਸੱਬੁਫ ਅਥਵਾ ਸੂਫ਼ੀ ਮੱਤ ਸੇ ਉਦ੍ਰਤ', ਪੰਨਾ 116.
3. ਸਯਦ ਅਲੀ ਅਬਾਸ ਜਲਾਲਪੁਰੀ, 'ਸੂਫ਼ੀ ਕਾਵਿ ਤੇ ਉਸ ਦਾ ਪਿਛੋਕੜ.' ਪੰਨਾ 149.
4. ਉਹੀ ਪੰਨਾ 150.
5. ਡਾ, ਸਾਧੂ ਰਾਮ ਸ਼ਾਰਧਾ, ਵਾਰਿਸ ਦਾ ਕਾਵਿ ਲੋਕ', ਪੰਨਾ 127.
6. ਉਹੀ, ਪੰਨਾ 126.
7. 'ਅਵਾਰਿਫ-ਉਜ-ਮੁਆਰਿਫ' ਪੰਨਾ 586, ਉਲੇਖ ਡਾ. ਸਾਧੂ ਰਾਮ ਸ਼ਾਰਧਾ, 'ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿਤ', ਪੰਨਾ 68.
8. 'Encyclopeadia of Religion and Ethics', Vol. 12, p. 14.
9. 'Studies in Early Mysticism in the North and Middle East', p. 9.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਵਿ ਵਿਚ ਸਾਸਕ੍ਰਿਤਕ ਚੇਤਨਾ

ਪੰਜਾਬੀ ਕਿੱਸਾ ਕਾਵਿ ਲੋਕ ਸਾਹਿਤ ਹੈ ਤੇ ਕਿੱਸਾਕਾਰ ਲੋਕ ਕਵੀ ਸਨ । ਉਹ ਆਪਣੇ ਸਮਕਾਲੀਨ ਸਮਾਜ ਦੇ ਦੁੱਖ-ਸੁੱਖ, ਹਾਸੇ ਠੱਠੇ, ਉਤਰਾ ਚੜ੍ਹਾ ਨਾਲ ਇਕ ਸੁਰ ਹੋ ਕੇ ਕਿੱਸਾ ਕਾਵਿ ਦੀ ਸਿਰਜਨਾ ਕਰਦੇ ਸਨ । ਕਿੱਸਾਕਾਰਾਂ ਨੇ ਆਪਣੇ ਸਮਕਾਲੀਨ ਯੁਗ-ਪ੍ਰਵ੍ਰਿਤੀਆਂ ਤਥਾ ਯੁਗ ਬੋਧ ਨੂੰ ਕਿੱਸਿਆਂ ਦੇ ਮਾਧਿਅਮ ਰਾਹੀਂ ਸਮਾਜ ਦੇ ਸਨਮੁੱਖ ਪੇਸ਼ ਕੀਤਾ ਹੈ । ਇਸ ਲਈ ਇਨ੍ਹਾਂ ਕਿੱਸਿਆਂ ਵਿਚੋਂ ਅਸੀਂ ਸਹਿਜੇ ਹੀ ਤਤਕਾਲੀਨ ਲੋਕਾਂ ਦੀ ਰਹਿਣ ਬਹਿਣ, ਖਾਣਾ ਪੀਣਾ, ਸੋਚਣਾ, ਵਿਚਾਰਣਾ, ਅਰਥਾਤ, ਉਨ੍ਹਾਂ ਦੀ ਜੀਵਨ ਪੱਧਤੀ ਨੂੰ ਵੇਖ ਸਕਦੇ ਹਾਂ । ਕਿੱਸਾਕਾਰਾਂ ਨੇ ਕਿੱਸਿਆ ਦੇ ਮਾਧਿਅਮ ਰਾਹੀਂ ਆਮ ਲੋਕਾਂ ਦਾ ਮਨੋਰੰਜਨ ਕਰਨ ਦੇ ਨਾਲ, ਤਤਕਾਲੀਨ ਸੰਸਕ੍ਰਿਤੀ ਨੂੰ ਵੀ ਸੰਭਾਲ ਰਖਿਆ ਹੈ, ਜੋ ਸਾਨੂੰ ਇਤਿਹਾਸ ਤੇ ਮਾਨਵ ਵਿਗਿਆਨ ਦੀ ਪੁਸਤਕਾਂ ਵਿਚ ਨਹੀਂ ਮਿਲਦੀ ਹੈ ।

'ਸੰਸਕ੍ਰਿਤੀ' ਪੰਜਾਬੀ ਅਸਲੇ ਦਾ ਸ਼ਬਦ ਨਹੀਂ ਹੈ । ਇਹ ਸ਼ਬਦ ਪੰਜਾਬੀ-ਸਾਹਿਤ ਵਿਚ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਕਲਚਰ' (Culture) ਦੇ ਪਰਿਆਏ ਵਜੋਂ ਵਰਤਿਆ ਜਾਂਦਾ ਹੈ । ਪੰਜਾਬੀ ਸਾਹਿਤ ਵਿਚ ਕਲਚਰ (Culture) ਲਈ ਦੋ ਸ਼ਬਦ ਸੰਸਕ੍ਰਿਤੀ ਤੇ ਸਭਿਆਚਾਰ ਪ੍ਰਚਲਿਤ ਹਨ । ਕੁਝ ਵਿਦਵਾਨ ਅਜਿਹੇ ਵੀ ਹਨ ਜੋ ਇਨ੍ਹਾਂ ਦੋ ਸ਼ਬਦਾਂ ਦੀ ਹੀ ਵਰਤੋਂ ਕਰਦੇ ਹਨ । ਇਕ ਪ੍ਰਸੰਗ ਵਿਚ ਸੰਸਕ੍ਰਿਤੀ ਸ਼ਬਦ ਵਰਤਦੇ ਹਨ ਦੇ ਦੂਜੇ ਵਿਚ ਸਭਿਆਚਾਰ ਦਾ ਪ੍ਰਯੋਗ ਕਰਦੇ ਹਨ । ਸੰਸਾਰ ਵਿਚ ਸਭ ਤੋਂ ਪਹਿਲਾਂ ਇਹ ਸ਼ਬਦ ਵਿਚ ਪੱਛਮੀ ਜਗਤ ਦੇ ਪ੍ਰਸਿੱਧ ਵਿਦਵਾਨ, ਈ. ਬੀ. ਟਾਇਲਰ ਨੇ 1871 ਈ. ਵਿਚ ਵਰਤ ਕੇ, ਸੰਸਾਰ ਦੇ ਮਾਨਵ ਵਿਗਿਆਨੀਆਂ, ਮਨੋਵਿਗਿਆਨੀਆਂ ਤੇ ਅਰਬ ਸ਼ਾਸਤਰੀਆਂ ਦਾ ਧਿਆਨ ਇਸ ਵਲ ਆਕਰਸ਼ਤ ਕਰਵਾਇਆ ਸੀ । ਇਸ ਤੋਂ ਮਗਰੋਂ ਸਮੁੱਚੇ ਸੰਸਾਰ ਵਿਚ ਸਾਹਿਤ ਦੇ ਵਿਦਵਾਨ ਆਪੋ ਆਪਣੇ ਵਿਰਸੇ ਦੀ ਖੋਜ ਵਿਚ ਜੁਟੇ ਹੋਏ ਹਨ । ਇਹ ਸ਼ਬਦ ਪੰਜਾਬੀ ਅਸਲੇ ਦਾ ਨਾ ਹੋਣ ਕਰਕੇ, ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚ ਇਸ ਸ਼ਬਦ ਬਾਰੇ ਅਨੇਕਾਂ ਭ੍ਰਾਂਤੀਆਂ ਪੈਦਾ ਹੋ ਗਈਆਂ ਹਨ । ਅਸੀਂ ਕਲਚਰ (Culture)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਸੰਸਕ੍ਰਿਤੀ ਤੇ ਸਭਿਆਕਾਰ ਵਿਚੋਂ ਕਿਹੜਾ ਸ਼ਬਦ ਢੁਕਵਾਂ ਹੈ, ਦੇ ਵਾਦ ਵਿਵਾਦ ਵਿਚ ਨਾ ਪੈਂਦੇ ਹੋਏ, ਆਪਣੇ ਅਧਿਐਨ ਵਿਚ ਸੰਸਕ੍ਰਿਤੀ ਸ਼ਬਦ ਦਾ ਪ੍ਰਯੋਗ ਕਰਾਂਗੇ।

'ਸੰਸਕ੍ਰਿਤੀ' ਦੀ ਵਿਉਂਤਪਤੀ ਸੰਸਕਾਰ ਤੋਂ ਹੋਈ ਹੈ ਜਿਸ ਦਾ ਸ਼ਬਦਾਰਥ ਸੰਸ਼ੋਧਨ, ਸ਼ੁਧ ਕਰਨਾ, ਸਾਫ਼ ਕਰਨਾ, ਉਤਮ ਬਣਾਉਣਾ ਜਾਂ ਸੁੰਦਰ ਰੂਪ ਦੇਣਾ ਹੈ। ਸੰਸਕ੍ਰਿਤੀ ਦਾ ਪਰਿ-ਆਏਵਾਚੀ ਅੰਗਰੇਜ਼ੀ ਸ਼ਬਦ ਕਲਚਰ ਦਾ ਵੀ ਮੂਲ ਧਾਤੂ ਐਗਰੀਕਲਚਰ ਹੈ ਜਿਸ ਦਾ ਅਰਥ ਵੀ ਸੁਧਾਰਨਾਂ ਜਾਂ ਸੁਵਾਰਨਾ ਹੈ। ਇਹ ਸੁਧਾਰ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦਾ ਹੋ ਸਕਦਾ ਹੈ ਪਰ ਸੰਸਕ੍ਰਿਤੀ ਵਿਅਕਤੀਆਂ ਦੇ ਸਮੂਹ ਜਾਂ ਸਮਾਜ ਦੇ ਸੁਧਾਰ ਨੂੰ ਹੀ ਆਖ ਸਕਦੇ ਹਾਂ। ਅਸਲ ਵਿਚ ਕਿਸੇ ਜਾਤੀ ਜਾਂ ਕਬੀਲੇ ਦੇ ਲੋਕਾਂ ਦਾ ਰਹਿਣ ਸਹਿਣ ਦਾ ਢੰਗ, ਰੀਤੀ ਰਿਵਾਜ, ਵਿਚਾਰ ਤੇ ਵਿਸ਼ਵਾਸ, ਉਨ੍ਹਾਂ ਦੇ ਉਸ ਭੂਗੋਲਿਕ, ਰਾਜਨੀਤਿਕ ਪਰਿਸਥਿਤੀਆਂ ਅਨੁਸਾਰ ਉਸਰਦੇ ਰਹਿੰਦੇ ਹਨ। ਇਹ ਹੌਲੀ ਹੌਲੀ ਉਸ ਜਾਤੀ ਦੇ ਲੋਕਾਂ ਦੇ ਮਨਾਂ ਵਿਚ ਇਕ ਸੰਸਕਾਰ ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਜਾਤੀ ਸੰਸਕਾਰਾਂ ਨੂੰ ਉਸ ਜਾਤੀ ਨਾਲ ਸੰਬੰਧਿਤ, ਹਰ ਇਕ ਮੈਂਬਰ ਆਪਣੀ ਸਹਿਜ ਪ੍ਰਵਿਰਤੀ ਤੇ ਪ੍ਰਕ੍ਰਿਤੀ ਅਨੁਸਾਰ ਵੰਸ਼ ਪਰੰਪਰਾ ਤੋਂ ਪ੍ਰਾਪਤ ਕਰਦਾ ਹੈ। ਇਹ ਹੀ ਉਸ ਜਾਤੀ ਦੀ ਸੰਸਕ੍ਰਿਤੀ ਹੁੰਦੀ ਹੈ, ਜੋ ਉਸ ਵਿਅਕਤੀ ਦੇ ਪਰਿਵਾਰਕ ਤੇ ਸਮਾਜਿਕ ਜੀਵਨ ਰਾਹੀਂ ਪ੍ਰਗਟ ਹੁੰਦੀ ਹੈ। ਕੋਈ ਵੀ ਵਿਅਕਤੀ ਜਿਤਨਾ ਆਪਣੇ ਆਪ ਨੂੰ ਤਤਕਸ਼ੀਲ ਦਰਸਾਏ ਪਰ ਉਹ ਇਨ੍ਹਾਂ ਪਰੰਪਰਾਗਤ ਸੰਸਕਾਰਾਂ ਤੋਂ ਬਿਲਕੁਲ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਹੈ।

ਸੰਸਾਰ ਦੇ ਵਿਭਿੰਨ, ਵਿਭਿੰਨ ਵਿਦਵਾਨਾਂ ਨੇ ਸੰਸਕ੍ਰਿਤੀ ਨੂੰ ਆਪੋ ਆਪਣੇ ਦ੍ਰਿਸ਼ਟੀ-ਕੋਣ ਰਾਹੀਂ ਪਰਿਭਾਸ਼ਤ ਕਰਕੇ, ਇਕ ਜਟਿਲ ਸ਼ਬਦ ਬਣਾ ਦਿਤਾ ਹੈ। ਕਿਸੇ ਦੋ ਵਿਦਵਾਨਾਂ ਦੇ ਵਿਚਾਰ ਇਕ ਦੂਜੇ ਨਾਲ ਨਹੀਂ ਮਿਲਦੇ ਹਨ। ਇਸ ਦਾ ਮੂਲ ਕਾਰਣ ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਸ਼ਬਦਾਂ ਵਿਚ ਮਾਨਵ ਵਿਗਿਆਨੀਆਂ, ਮਨੋਵਿਗਿਆਨੀਆਂ ਤੇ ਅਰਥ ਸ਼ਾਸਤਰੀਆਂ ਦੀ ਵਿਚਾਰਧਾਰਿਕ ਭਿੰਨਤਾ ਹੋ ਸਕਦਾ ਹੈ।[1] ਸਾਡੇ ਲਈ ਆਪਣੇ ਵਲੋਂ ਇਸ ਸ਼ਬਦ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਤੋਂ ਪਹਿਲਾਂ, ਉਨ੍ਹਾਂ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਉਪਰ ਇਕ ਨਜ਼ਰ ਮਾਰਨੀ ਜ਼ਰੂਰੀ ਹੈ, ਜਿਨ੍ਹਾਂ ਨੇ ਇਸ ਸ਼ਬਦ ਦੇ ਸੰਬੰਧ ਵਿਚ ਪ੍ਰਸਤੁਤ ਕੀਤੀਆਂ ਹਨ। ਬਰਤਾਨੀਆਂ ਦੇ ਇਕ ਮਾਨਵ ਵਿਗਿਆਨੀ ਐਡਵਰਡ ਟਾਇਲਰ ਨੇ ਸੰਸਕ੍ਰਿਤੀ ਨੂੰ ਸਭ ਤੋਂ ਪਹਿਲਾਂ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਸੀ। ਉਸ ਅਨੁਸਾਰ ਸੰਸਕ੍ਰਿਤੀ (ਕਲਚਰ) ਇਕ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿਚ ਗਿਆਨ, ਵਿਸ਼ਵਾਸ਼, ਕਲਾ, ਕਾਨੂੰਨ, ਨੈਤਿਕਤਾ, ਰੀਤੀ ਰਿਵਾਜ ਅਰਥਾਤ ਉਹ ਸਾਰਾ ਵਿਵਹਾਰ ਅਤੇ ਆਦਤਾਂ ਸ਼ਾਮਲ ਹਨ, ਜਿਨ੍ਹਾਂ ਨੂੰ ਮਨੁੱਖ ਸਮਾਜ ਦਾ ਇਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।[2] ਟਾਇਲਰ ਦੀ ਇਹ ਪਰਿਭਾਸ਼ਾ ਉਸ ਦੇ ਉਤਰਾਧਿਕਾਰੀ ਮਾਨਵ ਵਿਗਿਆਨੀਆਂ ਤੇ ਸਮਾਜ ਵਿਗਿਆਨੀਆਂ ਨੂੰ ਕਈ ਪੱਖਾਂ ਤੋਂ ਊਣੀ ਪ੍ਰਤੀਤ ਹੁੰਦੀ ਹੈ ਪਰ ਉਸ ਦਾ ਇਹ ਯਤਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਲਾਘਾਯੋਗ ਸੀ, ਕਿਉਂਕਿ ਉਸ ਨੇ ਸਭ ਤੋਂ ਪਹਿਲਾਂ ਸਾਹਿਤ ਦੇ ਅਣਗੌਹਲੇ ਪਏ ਖੇਤਰ ਵਲ ਵਿਦਵਾਨਾਂ ਦਾ ਧਿਆਨ ਦੁਵਾਇਆ। ਵੀਹਵੀਂ ਸਦੀ ਤੱਕ ਪਹੁੰਚਦਿਆਂ ਅਨੇਕਾਂ ਵਿਦਵਾਨਾਂ ਨੇ ਇਸ ਖੇਤਰ ਵਿਚ ਮਹੱਤਵ ਪੂਰਨ ਕੰਮ ਕੀਤਾ ਹੈ। ਹਰਸਕੋਵਿਟਸ ਨੇ ਸੰਸਕ੍ਰਿਤੀ ਨੂੰ ਮਨੁੱਖ ਦਾ ਸਮੁੱਚਾ ਸਿਖਿਆ ਹੋਇਆ ਵਿਵਹਾਰ ਕਹਿ ਕੇ ਵਰਣਨ ਕੀਤਾ ਹੈ ਅਰਥਾਤ ਉਹ ਚੀਜ਼ਾਂ ਜੋ ਮਨੁੱਖ ਦੇ ਕੋਲ ਹਨ, ਉਹ ਚੀਜ਼ਾਂ ਜੋ ਉਹ ਕਰਦੇ ਹਨ ਅਤੇ ਉਹ ਸਭ ਕੁਝ ਜੋ ਉਹ ਸੋਚਦੇ ਹਨ—ਸੰਸਕ੍ਰਿਤੀ ਹੈ।[3] ਮਕਾਇਵਰ ਅਨੁਸਾਰ ਇਹ ਕਲਾ, ਸਾਹਿਤ, ਧਰਮ, ਮਨੋਰੰਜਨ ਆਦਿ ਵਿਚ ਸਾਡੀ ਜੀਵਨ ਪੱਧਤੀ ਤੇ ਰੋਜ਼ਾਨਾ ਜ਼ਿੰਦਗੀ ਦੇ ਲੈਣ ਦੇਣ ਬਾਰੇ ਸੋਚ ਦੀ ਅਭਿਵਿਅਕਤੀ ਹੈ।[4] ਭਾਰਤੀ ਤੇ ਪੱਛਮੀ ਦਰਸ਼ਨ ਵੇਤਾ ਸਰਵਪਲੀ ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਸੰਸਕ੍ਰਿਤੀ ਵਿਵੇਕ ਬੁੱਧੀ ਦੇ ਜੀਵਨ ਨੂੰ ਭਲੀ ਭਾਂਤ ਜਾਣ ਲੈਣ ਦਾ ਨਾਮ ਹੈ।[5] ਵੀਹਵੀਂ ਸਦੀ ਦੇ ਸੰਸਾਰ ਪ੍ਰਸਿੱਧੀ ਦਾ ਕਵੀ ਤੇ ਸਮੀਖਿਆਕਾਰ ਟੀ. ਐਸ. ਇਲੀਅਟ ਨੇ ਸੰਸਕ੍ਰਿਤੀ ਨੂੰ ਵਿਅਕਤੀਗਤ, ਵਰਗਗਤ ਅਤੇ ਸਮਾਜਗਤ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਉਸ ਅਨੁਸਾਰ ਸੰਸਕ੍ਰਿਤੀ ਦੀ ਮੂਲ ਇਕਾਈ ਪਰਿਵਾਰ ਜਾਂ ਪਰਿ-ਵਾਰਿਕ ਜੀਵਨ ਹੈ। ਇਲੀਅਟ ਅਨੁਸਾਰ ਪਰਿਵਾਰ ਹੀ ਸੰਸਕ੍ਰਿਤੀ ਦਾ ਨਿਰਮਾਤਾ ਹੈ। ਪਰਿਵਾਰ ਮਨੁੱਖ ਨੂੰ ਰਹਿਣ ਸਹਿਣ, ਖਾਣ ਪੀਣ, ਵਿਵਹਾਰ ਕਰਨ ਦਾ ਢੰਗ ਆਦਿ ਦੀ ਸਿਖਿਆ ਦਿੰਦਾ ਹੈ, ਜ ਸੰਸਕ੍ਰਿਤੀ ਦੇ ਮਹੱਤਵਪੂਰਨ ਅੰਗ ਹਨ। ਜਦੋਂ ਪਰਿਵਾਰ ਆਪਣਾ ਕੰਮ ਕਰਨਾ ਛੱਡ ਦਿੰਦਾ ਹੈ ਤਾਂ ਸੰਸਕ੍ਰਿਤੀ ਦਾ ਪੱਤਨ ਹੋਣ ਲੱਗ ਜਾਂਦਾ ਹੈ।[6]

ਇਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਦੇ ਮੁੱਲਾਂਕਣ ਤੋਂ ਜੋ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ ਉਨ੍ਹਾਂ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਸੰਸਕ੍ਰਿਤੀ ਕਿਸੇ ਜਾਤੀ, ਸਮੂਹ ਜਾਂ ਸਮਾਜ ਦੇ ਲੋਕਾਂ ਦੀ ਉਹ ਜੀਵਨ ਪੱਧਤੀ ਹੈ, ਜਿਸ ਦੀ ਸਥਾਪਨਾ ਉਸ ਕਬੀਲੇ ਜਾਂ ਸਮਾਜ ਦੇ ਵੱਡੇ ਵਡੇਰਿਆਂ ਨੇ ਆਪਣੇ ਕਬੀਲੇ ਦੀ ਭਲਾਈ ਹਿਤ ਸਮੂਹਿਕ ਰੂਪ ਵਿਚ ਕੀਤੀ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ, ਸੰਸਕ੍ਰਿਤੀ ਉਨ੍ਹਾਂ ਮਨੁੱਖੀ ਖੋਜਾਂ ਦਾ ਸੰਕਲਿਨ ਹੈ, ਜੋ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਸੁਹਣਾ, ਸੁਚੱਜਾ, ਸੁਖਮਈ ਬਣਾਉਣ ਲਈ ਆਦਿ ਕਲਾ ਤੋਂ ਕਰਦੇ ਆਏ ਹਨ। ਇਸ ਦੇ ਅੰਤਰਗਤ ਜਨਮ ਤੋਂ ਲੈ ਕੇ ਮਰਨ ਤਕ ਦੇ ਉਹ ਸਾਰੇ ਸੰਸਕਾਰ—ਖਾਣ ਪੀਣ, ਪਹਿਨਣ ਪਚਰਣ, ਪੂਜਾ ਪਾਠ, ਆਚਾਰ ਵਿਵਹਾਰ, ਰੀਤੀ ਰਿਵਾਜ, ਕਾਵਿ ਕਲਾ, ਸੰਗੀਤ, ਧਰਮ, ਦਰਸ਼ਨ, ਲੋਕ ਵਿਸ਼ਵਾਸ ਆਦਿ ਸ਼ਾਮਲ ਹਨ। ਇਹ ਅਨੇਕਾਂ ਭਾਵਾਤਮਕ ਗੁਣਾਂ ਤੇ ਮਾਧਿਅਮ ਰਾਹੀਂ ਸੰਸਕ੍ਰਿਤੀ ਨਿਰੰਤਰ ਅਭਿ-ਵਿਅਕਤ ਹੁੰਦੀ ਰਹਿੰਦੀ ਹੈ।

ਸੰਸਕ੍ਰਿਤੀ ਦੇ ਸੂਖਮ ਅਧਿਐਨ ਲਈ ਇਸ ਨੂੰ ਦੋ ਭਾਗਾਂ : ਸਥੂਲ ਤੇ ਸੂਖਮ ਸੰਸਕ੍ਰਿਤੀ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਕਲਚਰ (Culture) ਅਤੇ ਸਿਵਲਾਈਜ਼ੇਸ਼ਨ (Civilization) ਦੋ ਸ਼ਬਦ ਪ੍ਰਚਲਿਤ ਹਨ। ਮਨੁੱਖ ਦੇ ਵਿਕਾਸ ਦੇ ਸਥੂਲ (ਸਭਿਅਤਾ) ਤੇ ਸੂਖਮ (ਸੰਸਕ੍ਰਿਤੀ) ਦੋ ਪਹਿਲੂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਭਿਅਤਾ ਮਨੁੱਖ ਦੀਆਂ ਸਥੂਲ ਪ੍ਰਾਪਤੀਆਂ ਵੱਲ ਸੰਕੇਤ ਕਰਦੀ ਹੈ, ਜਦੋਂ ਕਿ ਸੰਸਕ੍ਰਿਤੀ ਮਨੁੱਖ ਦੇ ਚਿੰਤਨ ਠੇ ਸੂਖਮ ਤੱਤਾਂ ਨੂੰ ਦਰਸਾਉਂਦੀ ਹੈ। ਸਭਿਅਤਾ ਬਾਹਰੀ ਤੱਤ ਹੈ, ਜਦੋਂ ਸੰਸਕ੍ਰਿਤੀ ਮਨੁੱਖੀ ਜੀਵਨ ਦਾ ਅੰਤਰਿਕ ਤੱਤ ਹੈ। ਜੇਕਰ ਸਭਿਅਤਾ ਸਰੀਰ ਹੈ ਤਾਂ ਸੰਸਕ੍ਰਿਤੀ ਆਤਮਾ। ਸੰਸਕ੍ਰਿਤੀ ਦੇ ਅੰਤਰਗਤ ਸਾਹਿਤ, ਕਲਾ, ਦਰਸ਼ਨ, ਧਰਮ, ਲੋਕ ਵਿਸ਼ਵਾਸ, ਆਦਿ ਅਮੂਰਤ ਅਤੇ ਅਭੌਤਿਕ ਤੱਤ ਆਉਂਦੇ ਹਨ। ਸਭਿਅਤਾ ਦੇ ਖੇਤਰ ਵਿਚ ਭੋਜਨ, ਕੱਪੜੇ ਗਹਿਣੇ ਆਦਿ ਮੂਰਤ ਤਥਾ ਭੌਤਿਕ ਤੱਥ ਹਨ। ਸੰਸਕ੍ਰਿਤੀ ਸਾਧਿਆ ਹੈ, ਜਦੋਂ ਸਭਿਅਤਾ ਸਾਧਨਾ ਹੈ। ਸਭਿਅਤਾ ਦਾ ਉਦੇਸ਼ ਪ੍ਰਾਪਤੀ ਹੁੰਦਾ ਹੈ ਪਰ ਸੰਸਕ੍ਰਿਤੀ ਦਾ ਉਦੇਸ਼ ਸਵੈ-ਕਿਰਿਆਸ਼ੀਲਤਾ ਹੈ। ਸੰਸਕ੍ਰਿਤੀ ਵਿਚ ਅੰਤਰ ਸ਼ੁਧੀ ਦੇ ਨਾਲ, ਨਾਲ, ਮਾਨਸਿਕ ਵਿਕਾਸ ਵੀ ਹੁੰਦਾ ਹੈ। ਸਭਿਅਤਾ ਵਿਚ ਬਾਹਰੀ ਵਿਕਾਸ ਦੇ ਨਾਲ ਬੌਧਿਕ ਵਿਕਾਸ ਦ੍ਰਿਸ਼ਟੀਗੋਚਰ ਹੁੰਦਾ ਹੈ। ਅਸਲ ਵਿਚ ਸੰਸਕ੍ਰਿਤੀ ਦਾ ਜਨਮ ਉਸ ਵੇਲੇ ਹੋਇਆ, ਜਦੋਂ ਮਨੁੱਖਾਂ ਨੇ ਆਪਣੀਆਂ ਭੌਤਿਕ— ਕੁਲੀ, ਜੁਲੀ ਤੇ ਗੁਲੀ ਦੀਆਂ ਲੋੜਾਂ ਉਪਰ ਕਾਬੂ ਪਾ ਲਿਆ ਸੀ। ਜਦੋਂ ਮਨੁੱਖ ਨੇ ਪ੍ਰਕ੍ਰਿਤੀ ਉਪਰ ਇਤਨਾ ਕਾਬੂ ਪਾ ਲਿਆ ਸੀ ਕਿ ਉਹ ਆਪਣੇ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਸੀ, ਤਦ ਉਸ ਨੇ ਸੰਸਕ੍ਰਿਤਕ ਸਮਾਜ ਦਾ ਨਿਰਮਾਣ ਕੀਤਾ। ਹਮਾਯੂੰ ਕਬੀਰ ਅਨੁਸਾਰ ਸੰਸਕ੍ਰਿਤੀ ਦਾ ਜਨਮ ਤਦ ਹੋਇਆ, ਜਦੋਂ ਸਭਿਅਤਾ ਨੇ ਮਨੁੱਖੀ ਅਸਤਿਤਵ ਦੀ ਸਮੱਸਿਆ ਨੂੰ ਹੱਲ ਕਰ ਲਿਆ ਸੀ।[7] ਸੰਸਕ੍ਰਿਤੀ ਅਤੇ ਸਭਿਅਤਾ ਵਿਚ ਇਤਨਾ ਫ਼ਰਕ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਦਾ ਇਕੋ ਸਾਂਝਾ ਉਦੇਸ਼ ਮਨੁੱਖ ਦਾ ਕਲਿਆਣ ਹੈ। ਜੇਕਰ ਇਕ ਰਾਹੀਂ ਮਨੁਖ ਦੇ ਪੇਟ ਦੀ ਅੱਗ ਸ਼ਾਂਤ ਹੁੰਦੀ ਹੈ ਤਾਂ ਦੂਜਾ, ਕਲਾ ਤੇ ਸਾਹਿਤ ਦੇ ਮਾਧਿਅਮ ਰਾਹੀਂ ਉਸ ਦੇ ਮਨ ਦੀ ਸੁਹਜ ਸੁਆਦ ਦੀ ਭੁਖ ਨੂੰ ਪੂਰਾ ਕਰਦਾ ਹੈ। ਇਸ ਲਈ ਅਸੀਂ ਇਸ ਲੇਖ ਵਿਚ ਪੰਜਾਬੀ ਕਿੱਸਾ ਕਾਵਿ ਵਿਚ ਸੰਸਕ੍ਰਿਤੀ ਦੇ ਇਨ੍ਹਾਂ ਦੋਹਾਂ ਪੱਖਾਂ ਦਾ ਅਧਿਐਨ ਕਰਾਂਗੇ।

ਸਥੂਲ ਸੰਸਕ੍ਰਿਤੀ ਦੇ ਅੰਤਰਗਤ ਆਮ ਲੋਕਾਂ ਦੇ ਰਹਿਣ ਸਹਿਣ ਦੇ ਢੰਗ ਆਦਿ ਆਉਂਦੇ ਹਨ :

ਵਿਆਹ : ਸਮਾਜਿਕ ਵਿਕਾਸ ਦੀ ਪ੍ਰਕ੍ਰਿਆ ਵਿਚ ਜਿਨ੍ਹਾਂ ਸੰਸਥਾਵਾਂ ਦਾ ਮਹੱਤਵ-ਪੂਰਨ ਯੋਗਦਾਨ ਰਿਹਾ ਹੈ। ਉਨ੍ਹਾਂ ਵਿਚੋਂ ਪਰਿਵਾਰ ਸਰਵੋਤਮ ਹੈ। ਪਰਿਵਾਰ ਦਾ ਆਧਾਰ ਵਿਆਹ ਸੰਸਥਾ ਹੈ। ਅਸਲ ਵਿਚ ਵਿਆਹ ਨਾਲ ਹੀ ਪਰਿਵਾਰ ਦਾ ਵਿਕਾਸ ਹੁੰਦਾ ਹੈ। ਵੱਖ-ਵੱਖ ਸਮਾਜਾਂ ਵਿੱਚ ਵਿਆਹ ਨੂੰ ਹੀ ਪਰਿਵਾਰ ਦੀ ਪ੍ਰਮੁੱਖ ਇਕਾਈ ਮੰਨਿਆ ਜਾਂਦਾ ਰਿਹਾ ਹੈ। ਇਸ ਲਈ ਵੱਖ-ਵੱਖ ਸਮਾਜਾਂ ਵਿਚ ਵਿਆਹ ਨੂੰ ਦੋ ਵਿਅਕਤੀਆਂ ਦਾ ਨਿੱਜੀ ਮਾਮਲਾ ਨਾ ਮੰਨਕੇ, ਹਮੇਸ਼ਾ ਇਕ ਸਮਾਜਿਕ ਸੰਸਥਾ ਦੇ ਰੂਪ ਵਿਚ ਵੇਖਿਆ ਜਾਂਦਾ ਰਿਹਾ ਹੈ। ਇਸ ਲਈ ਪਹਿਲਾਂ ਧਰਮ ਨੇ ਉਸ ਤੋਂ ਮਗਰੋਂ ਰਾਜ ਵਲੋਂ ਵਕਤ-ਬ-ਵਕਤ ਵਿਆਹ ਸੰਬੰਧੀ ਕਾਨੂੰਨ ਬਣਾਏ ਜਾਂਦੇ ਰਹੇ ਹਨ। ਵਿਆਹ ਸੰਸਥਾ ਰਾਹੀਂ ਇਸਤਰੀ ਪੁਰਸ਼ ਦੀ ਯੋਨ-

CC-0. In Public Domain. Gurukul Kangri Collection, Haridwar

ਕ੍ਰਿਆ ਨੂੰ ਇਕ ਸਾਂਸਕ੍ਰਿਤਕ ਕਿਰਿਆ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ।

Digitized by Arya Samaj Foundation Chennai and eGangotri

ਪੰਜਾਬੀ ਜਨ-ਜੀਵਨ ਵਿਚ ਲੜਕੇ ਲੜਕੀ ਦੇ ਵਿਆਹ ਨੂੰ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਮਾਪੇ ਲੜਕੇ ਲੜਕੀ ਦੀ ਸ਼ਾਦੀ ਕਰਨੀ ਆਪਣੀ ਜ਼ਿੰਮੇਂਵਾਰੀ ਸਮਝਦੇ ਹਨ ਪ੍ਰਾਚੀਨ ਕਾਲ ਵਿਚ ਲੜਕੀ ਲਈ ਯੋਗ ਵਰ ਦੀ ਭਾਲ ਦੀ ਜ਼ਿੰਮੇਵਾਰੀ ਲਾਗੀਆਂ (ਨਾਈ, ਬ੍ਰਾਹਮਣ ਜਾਂ ਮਿਰਾਸੀਆਂ) ਉਪਰ ਸੁਟ ਦਿੱਤੀ ਜਾਂਦੀ ਸੀ। ਜਦੋਂ ਹੀਰ ਦੇ ਮਾਪੇ ਹੀਰ ਦਾ ਵਿਆਹ ਕਰਨਾ ਚਾਹੁੰਦੇ ਹਨ ਤਾਂ ਉਹ ਇਨ੍ਹਾਂ ਲਾਗੀਆਂ ਨੂੰ ਹੀਰ ਦਾ ਰਿਸ਼ਤਾ ਕਰਨ ਲਈ ਰੰਗਪੁਰ ਖੇੜੇ ਭੇਜਦੇ ਹਨ :

> ਲਾਈ ਤਿੰਨੇ ਤੁਰ ਪਏ ਨਾਈ, ਬ੍ਰਾਹਮਣ, ਡੂਮ,
> ਪਹੁੰਚੇ ਰੰਗਪੁਰ ਜਾਇਕੇ ਲਾਇਆ ਠੀਕ ਨਜੂਮ ।...
>
> ਨਾਲ ਸੈਦੇ ਦੇ ਹੀਰ ਦਾ ਕਰ ਪੇਵੰਦ ਹਜੂਮ,
> ਢੋਲਕ ਵਜੀ ਖੁਸ਼ੀ ਦੀ ਹੋਈ ਧਮਾਂ ਧੂਮ ।[8]

ਰਿਸ਼ਤਾ ਕਰਨ ਦੇ ਅਵਸਰ ਤੇ ਲੜਕੀ ਵਾਲੇ ਲੜਕੇ ਨੂੰ ਮਿਸਰੀ, ਥਾਲ ਦਿੰਦੇ ਸਨ ਤੇ ਲੜਕੇ ਦੇ ਮੂੰਹ ਨੂੰ ਸ਼ਗਨ ਵਜੋਂ ਛੁਹਾਰਾ ਵੀ ਲਾਉਂਦੇ ਸਨ। ਹੀਰ ਦੀ ਮੰਗਣੀ ਸਮੇਂ ਚੂਚਕ ਸਰਦਾਰ ਆਪਣੇ ਹੋਣ ਵਾਲੇ ਜੁਆਈ ਸੈਦੇ ਖੇੜੇ ਨੂੰ 21 ਮੋਹਰਾਂ ਦਿੰਦਾ ਹੈ :

> ਸੱਦ ਭਾਈਚਾਰੇ ਨੂੰ ਛੁਹਾਰਾ ਦਿਤਾ ਮੁੱਖ ਵਿਚ,
> ਰੋਪਨ ਪ੍ਰਵਾਈ ਨਾਲ ਨਾਈ ਧੂੰਮ ਧਾਮ ਦੇ ।
> ਇਕੀ ਮੋਹਰਾਂ ਦੇਖ ਕੇ ਖੁਸ਼ਾਲੀ ਆਈ ਕੋੜਮੇ ਨੂੰ,
> ਧੰਨ ਕਰਤੂਤ ਜਸ ਚੂਚਕੇ ਦਾ ਗਾਮਦੇ ।[9]

ਮੇਲ : ਵਿਆਹ ਵਾਲੇ ਘਰ, ਉਨ੍ਹਾਂ ਦੇ ਰਿਸ਼ਤੇਦਾਰ ਤੇ ਸਾਕ ਸੰਬੰਧੀ ਵਿਆਹ ਵਾਲੇ ਦਿਨ ਤੋਂ ਚਾਰ, ਪੰਜ ਦਿਨ ਪਹਿਲਾਂ ਹੀ ਆ ਜਾਂਦੇ ਸਨ। ਸਾਰੇ ਰਲ ਕੇ ਹਾਸਾ ਠੱਠਾ ਕਰਦੇ ਸਨ ਤੇ ਵਿਆਹ ਵਾਲੇ ਘਰ ਚੰਗੀ ਰੌਣਕ ਲਗ ਜਾਂਦੀ ਸੀ :

> ਮੇਲ ਵਿਆਹ ਤੋਂ ਚਾਰ ਦਿਨ ਅਗੇ ਆਏ,
> ਪੰਜ ਦਿਨ ਦਹਾ ਨਉਕੇ ਅੱਠ ਅੱਗੇ ।
> ਆਇਤਵਾਰ ਪ੍ਰਵਾਰ ਮੁਖਪਿਯਾਰ ਸਭੋ,
> ਹੋਇਆ ਸਭ ਭਿਰਾਵਾਂ ਦਾ ਕੱਠ ਆ ਕੇ ।[10]

ਜੰਞ : ਜਦੋਂ ਲੜਕੇ ਵਾਲੇ, ਆਪਣੇ ਲੜਕੇ ਨੂੰ ਵਿਆਹੁਣ ਲਈ ਲੜਕੀ ਵਾਲੇ ਦੇ ਘਰ ਢੁਕਦੇ ਸਨ ਤਾਂ ਇਤਨੇ ਜ਼ਿਆਦਾ ਆਦਮੀਆਂ ਦੀ ਜੰਞ ਲੈ ਕੇ ਆਉਂਦੇ ਸਨ ਕਿ ਵੇਖਣ ਵਾਲੇ ਨੂੰ ਇਉਂ ਲਗਦਾ ਸੀ, ਜਿਵੇਂ ਫੌਜ ਆਈ ਹੋਵੇ। ਉਹ ਕਈ ਕਿਸਮ ਦੇ ਘੋੜੇ ਨਾਲ ਲੈ ਆਉਂਦੇ ਸਨ। ਘੋੜਿਆਂ ਉਪਰ ਮਖਮਲ ਤੇ ਜ਼ੀਨ ਦੀਆਂ ਕਾਠੀਆਂ ਪਾਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀਆਂ ਸਨ। ਜੰਞ ਦੇ ਅੱਗੇ ਧੌਂਸੇ ਵੱਜ ਰਹੇ ਹੁੰਦੇ ਸਨ, ਪਿੱਛੇ ਭੇਰੀਆਂ ਤੇ ਸ਼ਹਿਨਾਈਆਂ ਵੱਜ ਰਹੀਆਂ ਹੁੰਦੀਆਂ ਸਨ। ਭੰਡ, ਮਰਾਸੀ ਤੇ ਕੰਜਰੀਆਂ ਗਾ ਰਹੀਆਂ ਹੁੰਦੀਆਂ ਸਨ। ਪੂਰੇ ਦਾ ਪੂਰਾ ਕਾਫਲਾ ਜਾ ਰਿਹਾ ਹੁੰਦਾ ਸੀ :

ਰਖ ਭੰਡ ਨਟ ਤਾਇਫੇ ਕੰਜਰਾਂ ਦੇ,
ਮੁਜਰੇ ਦੇਖਦੇ ਮੌਜ ਬਣਾਈਆਂ ਨੇ।
ਗਿਣਤੀ ਨਹੀਂ ਹੋਵੇ ਦੌਲਤ ਲਗੀ,
ਜੇਹੜੀ ਦਿਲ ਖੁਲ੍ਹੇ ਦੇ ਨਾਲ ਲੁਟਾਈਆਂ ਨੇ।
ਵਾਜੇ ਤੂਤੀਆਂ ਵਜਦੀਆਂ ਬਹੁਤ ਸੋਹਣੇ,
ਅਤਸ਼ਬਾਜ਼ੀ ਭੀ ਸਭ ਅਣਵਾਈਆਂ ਨੇ।
ਘੋੜੇ ਘੋੜੀਆਂ ਊਠ ਕਚਾਵਿਆਂ ਸੇ,
ਜੰਞ ਪਹਰ ਕੇ ਸਭ ਚੜ੍ਹਾਈਆਂ ਨੇ।
ਕਾਹਨ ਸਿੰਘ ਇਕ ਘੜੀ ਪਲ ਹੀਰ ਵਾਲੀ
ਮੇਲ ਸੈਦੇ ਤੋਂ ਜਾਣ ਘੁਮਾਈਆਂ ਨੇ।[11]

ਲਾਗੀ : ਵਿਆਹ ਵਿਚ ਤਿੰਨ ਪ੍ਰਕਾਰ ਦੇ ਲਾਗੀ ਹੁੰਦੇ ਸਨ। ਇਕ ਬ੍ਰਾਹਮਣ, ਹਿੰਦੂ ਨਾਈ ਤੇ ਮੁਸਲਮਾਨ ਮਿਰਾਸੀ, ਜੋ ਵਿਆਹ ਵਾਲੇ ਘਰ ਕੰਮ ਕਰਦੇ ਸਨ। ਇਹ ਲਾਗੀ ਵਿਆਹ ਦਾ ਸਦਾ-ਪੱਤਰ ਸਾਰੇ ਸਕੇ-ਸੰਬੰਧੀਆਂ ਦੇ ਘਰ ਦੇ ਕੇ ਆਉਂਦੇ ਸਨ। ਇਨ੍ਹਾਂ ਲਾਗੀਆਂ ਨੂੰ ਬਹੁਤ ਸਾਰਾ ਦਾਨ ਮਿਲਦਾ ਸੀ। ਜਦੋਂ ਚੂਚਕ ਹੀਰ ਦੇ ਵਿਆਹ ਦਾ ਦਿਨ ਨੀਯਤ ਕਰਦਾ ਹੈ ਤਾਂ ਆਪਣੇ ਪੁੱਤਰ ਸੁਲਤਾਨ ਨੂੰ ਆਖਦਾ ਹੈ ਕਿ ਇਨ੍ਹਾਂ ਲਾਗੀਆਂ ਦੇ ਹੱਥ ਗੰਢਾਂ ਭੇਜੋ :

ਸਦੇ ਨਾਈ ਬ੍ਰਾਹਮਣ ਮਾਛੀ ਮੀਰ ਸਾਰੇ,
ਗੁੜ ਦੇ ਕੇ ਗੰਢਾਂ ਘਲਵਾਈਆਂ ਨੇ।[12]

ਗੁਮੰਤਰੀ : ਲੜਕੇ ਵਾਲੇ ਜੰਞ ਨਾਲ ਮਨ-ਪ੍ਰਚਾਵੇ ਦੀ ਖਾਤਰ ਨਚਾਰ, ਭੰਡ, ਮਿਰਾਸੀ ਆਦਿ ਗੁਮੰਤਰੀ ਲੈ ਜਾਂਦੇ ਸਨ, ਜੋ ਲੋਕਾਂ ਨੂੰ ਕਿੱਸੇ, ਵਾਰ ਆਦਿ ਸੁਣਾ ਕੇ, ਉਨ੍ਹਾਂ ਦਾ ਮਨੋਰੰਜਨ ਕਰਿਆ ਕਰਦੇ ਸਨ :

ੳ. ਰਖੇ ਭੰਡ ਨਟ ਤਾਇਫੇ ਕੰਜਰਾਂ ਦੇ,
ਮੁਜਰੇ ਦੇਖਦੇ ਮੌਜ ਬਣਾਈਆਂ ਨੇ।
ਗਿਣਤੀ ਨਹੀਂ ਹੋਵੇ ਦੌਲਤਾਂ ਲਗੀ,
ਜੇਹੜੀ ਦਿਲ ਖੁਲ੍ਹੇ ਨਾਲ ਲੁਟਾਈਆਂ ਨੇ[13]

ਅ. ਕੰਜਰ ਅਪਾਰ ਸੁਰਤਾਰ ਦੇ ਹਿਸਾਬ ਵਾਲੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੋਰ ਦੇ ਸਮਾਨ ਤਾਰ ਉਤੇ ਨੱਚੇ ਕੰਜਰੀ ।
ਢੋਲਕ ਤੰਬੂਰੀ ਬੀਨ ਕਾਰ ਛਬ ਛਾਇ ਰਹੀ.
ਬੰਸਰੀ ਸਤਾਰ ਹੋਰ ਬੱਜੇ ਢੰਭ ਖੰਖਰੀ ।

ਜੰਞ ਨੂੰ ਬੰਨਣਾ : ਜਦੋਂ ਬਰਾਤ ਰੋਟੀ ਖਾਣ ਲਈ ਬੈਠਦੀ ਸੀ ਤਾਂ ਲੜਕੀਆਂ ਗੀਤਾਂ ਰਾਹੀਂ ਜੰਞ ਨੂੰ ਬੰਨ੍ਹ ਦਿੰਦੀਆਂ ਸਨ । ਜਦ ਤਕ ਜੰਞ ਵਿਚੋਂ ਕੋਈ ਜਾਂਞੀ ਗੀਤਾ ਰਾਹੀਂ ਬਰਾਤ ਨਾ ਛੁਡਵਾਉਂਦਾ, ਤਦ ਤਕ ਬਰਾਤੀ ਰੋਟੀ ਨਹੀਂ ਖਾਦੇ ਸਨ :

ਦੇਖ ਜੰਞ ਅਗੇ ਖਾਣਾ ਜਦੋਂ ਆਇਆ,
ਕੜੀਆਂ ਸਭ ਮਿਲ ਜੰਞ ਬੰਨਾਈਆਂ ਨੇ ।
ਖੇੜੇ ਸਣੇ ਸਾਕਾਂ ਅਜੂ ਨਾਲ ਬੱਧਾ,
ਮਰਦ ਤੀਵੀਂ ਸਭ ਸੰਗ ਰਲਾਈਆਂ ਨੇ ।[14]

ਨਿਕਾਹ ਦਾ ਸਮਾਂ : ਜਦੋਂ ਵਿਆਂਦੜ ਲੜਕੀ ਦੇ ਨਿਕਾਹ, ਫੇਰੇ ਜਾਂ ਅਨੰਦ ਦਾ ਸਮਾਂ ਹੁੰਦਾ ਸੀ ਤਾਂ ਉਸ ਦੀਆਂ ਸੱਖੀਆਂ ਸਹੇਲੀਆਂ ਗੀਤ ਗਾ ਕੇ ਸ਼ਗਨ ਮਨਾਉਂਦੀਆਂ ਸਨ । ਕਾਜ਼ੀ ਜਦੋਂ ਹੀਰ ਦਾ ਨਿਕਾਹ ਪੜ੍ਹਨ ਲਗਾ ਤਾਂ ਹੀਰ ਦੀਆਂ ਸਹੇਲੀਆਂ ਨੇ ਗੀਤ ਗਾਉਣੇ ਸ਼ੁਰੂ ਕਰ ਦਿਤੇ :

ਗਾਵਨ ਆ ਕੇ ਨਾਰੀਆਂ ਹੋਇਆ ਵਕਤ ਨਿਕਾਹ,
ਕਰੀਏ ਰਸਮ ਰਸੂਮ ਸਭ ਜੋ ਦੁਨਿਆ ਦੇ ਰਾਹ ।[15]

ਦਾਜ : ਲੜਕੀ ਦੇ ਮਾਪੇ ਆਪਣੀ ਧੀ ਨੂੰ, ਰੋਜ਼ਾਨਾ ਜੀਵਨ ਦੀਆਂ ਸਾਰੀਆਂ ਵਸਤਾਂ ਦਾਜ ਦੇ ਰੂਪ ਵਿਚ ਦਿੰਦੇ ਸਨ । ਜਿਸ ਨਾਲ ਲੜਕੀ ਆਪਣਾ ਨਵਾਂ ਘਰ ਵਸਾ ਸਕਦੀ ਸੀ । ਹੀਰ ਦੇ ਵਿਆਹ ਤੇ ਉਸ ਦੇ ਮਾਪਿਆਂ ਨੇ ਹੀਰ ਨੂੰ ਮੱਝਾਂ, ਗਾਈਆਂ, ਘੋੜੇ, ਬਰਤਨ, ਤੇ ਕਪੜਾ ਗਹਿਣੇ ਆਦਿ ਦਾਜ ਦੇ ਰੂਪ ਵਿਚ ਦਿੱਤੇ ਸਨ :

ੳ. ਦਾਨ ਦਿਤਾ ਖੇੜਿਆਂ ਚੂਚਕ ਸਿਆਲ ਦੇਖੋ,
ਊਂਠ, ਘੋੜੇ ਬੈਲ ਗਾਈਆਂ ਮੱਝੀਆਂ ਲਵੇਰੀਆਂ ।
ਰੇਸ਼ਮੀ ਦੁੱਪਟੇ ਖੇਸ ਲੁੰਗੀਆਂ ਦੁਸ਼ਾਲੇ ਯਾਰੋ,
ਹੋਰ ਜਰੀ ਬਾਦਲੇ ਲਗਾਏ ਆਣ ਢੇਰੀਆਂ ।
ਕੰਗਣਾ ਸਮੇਤ ਸੈਦੇ ਲਾਲ ਨੂੰ ਪੁਸ਼ਾਕ ਦਿਤੀ,
ਜਾਂਞੀਆਂ ਨੂੰ ਪੱਗਾਂ ਇਕ ਇਕ ਤੋਂ ਚੰਗੇਰੀਆਂ ।[16]

ਅ. ਗੋਲੀਆਂ ਬਾਂਦੀਆਂ ਦੋਹਲਣਾਂ ਤੇ ਗਾਂਈ ਮੱਝੀਆਂ ਜੇਵਰ ਦੇ ਸਣੇ ਘੋੜੇ ।
ਕਪੜਾ ਕੀਮਤੀ ਰੇਸ਼ਮ ਹੀਸਗੀ ਤੇ ਜੁਗਨੀ ਮਾਲਾ ਕੰਢੀਆਂ ਤੋੜੇ ।
ਲੈ ਅਸਬਾਬ ਨਵਾਬ ਤਰਾ ਅਜੂ ਹੈ ਰਬ ਗਡੀਆਂ ਨੂੰ ਝਟ ਜੋੜੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੲ. ਰੋਂਦੀ ਧੋਂਦੀ ਮਾਪਿਆਂ ਡੋਲੀ ਪਾਈ ਹੀਰ ।
ਮੁੜ ਪਏ ਖੇੜੇ ਘਰਾਂ ਨੂੰ ਦਿਤਾ ਖਾਇ ਵਹੀਰ ।
ਦਾਤ ਦਿਤੀ ਬਹੁ-ਚੌਧਰੀ ਦੇਵਣ ਜਿਵੇਂ ਅਮੀਰ,
ਗਾਂਈ ਮਝੀ ਘੋੜੀਆਂ ਦਾਜ ਦਹੇਜ ਕਸੀਰ ।

ਇਸਤਰੀਆਂ ਦਾ ਲਿਬਾਸ : ਅਮੀਰ ਲੋਕ ਰੇਸ਼ਮ, ਜਰੀ, ਛੀਟ, ਮਲਮਲ ਤੇ ਆਮ ਜਨਤਾ ਲੱਠਾ, ਖੱਦਰ ਆਦਿ ਕਪੜੇ ਪਹਿਨਦੇ ਹਨ । ਕਪੜਿਆਂ ਦੇ ਆਮ ਤੌਰ ਤੇ ਸਬਜ਼, ਸਫੈਦ. ਨੀਲਾ, ਪੀਲਾ, ਸੋਸਨੀ, ਆਤਸ਼ੀ, ਪਿਆਜ਼ੀ, ਬਸੰਤੀ, ਗੁਲਨਾਰੀ, ਗੰਧਕੀ, ਅੰਗੂਰੀ, ਖਾਕੀ, ਬਦਾਮੀ, ਬੈਂਗਣੀ, ਲਾਜਵਰਦੀ ਆਦਿ ਰੰਗ ਪ੍ਰਚਲਿਤ ਸਨ । ਇਸਤਰੀਆਂ ਆਮ ਤੌਰ ਤੇ ਦੁਪੱਟਾ, ਕੁੜਤੀ ਤੇ ਘੱਗਰਾ ਪਾਉਂਦੀਆਂ ਸਨ । ਅਮੀਰ ਘਰਾਂ ਦੀਆਂ ਲੜਕੀਆਂ ਆਪਣੀਆਂ ਕੁੜਤੀਆਂ ਉੱਪਰ ਗੋਟੇ ਦੀ ਕਿਨਾਰੀ ਲਗਾਉਂਦੀਆਂ ਸਨ ।[17]

ਪੁਰਸ਼ਾਂ ਦੇ ਲਿਬਾਸ : ਪੁਰਸ਼ ਆਮ ਤੌਰ ਤੇ ਲੂੰਗੀ, ਖੁਲ੍ਹਾ ਕੁੜਤਾ ਤੇ ਸਿਰ ਤੇ ਪੱਗ ਬੰਨ੍ਹਦੇ ਸਨ । ਅਮੀਰ ਵਿਅਕਤੀ ਹੱਥਾਂ ਵਿਚ ਸੋਨੇ ਦੇ ਕੜੇ ਵੀ ਪਾਉਂਦੇ ਸਨ :

ਮਥੇ ਉਤੇ ਸੇਹਰਾ ਲਗਾਯਾ ਖਾਨ ਮਿਰਜ਼ੇ ਦੇ,
ਹਥ ਵਿਚ ਕੰਙਣਾ ਯੇ ਸੂਜੂ ਉਚਾਰੀ ਹੈ ।[18]

ਗਹਿਣੇ : ਭਾਰਤੀ ਇਸਤਰੀਆਂ ਵਿਚ ਗਹਿਣੇ ਪਾਉਣ ਦਾ ਰਿਵਾਜ ਆਦਿ ਕਾਲ ਤੋਂ ਪ੍ਰਚਲਿਤ ਹੈ । ਕਿਸੇ ਇਸਤਰੀ ਦੀ ਆਰਥਕ ਅਵਸਥਾ ਦਾ ਅਨੁਮਾਨ ਉਸ ਦੇ ਪਹਿਨੇ ਗਹਿਣਿਆਂ ਤੋਂ ਲਾਇਆ ਜਾਂਦਾ ਹੈ । ਵਿਆਹ ਸਮੇਂ ਹੋਣ ਵਾਲੇ ਖਰਚ ਦਾ ਵਧੇਰੇ ਭਾਗ, ਗਹਿਣੇ ਉੱਪਰ ਹੀ ਖਰਚ ਹੁੰਦਾ ਹੈ । ਪੰਜਾਬੀ ਕਿੱਸਿਆਂ ਵਿਚ : ਸੱਗੀ ਫੁੱਲ, ਕੋਡੀ, ਚੱਕ, ਬਾਲੇ, ਲੋਟਣ, ਮੱਛਲੀ, ਲੌਂਗ, ਤੀਲੀ, ਕੋਕਾ, ਕਾਂਟੇ, ਟੋਕਾਂ, ਪਿਪਲ ਪਤੀਆਂ ਕੋਕਰੂ, ਝੁਮਕੇ, ਨੱਤੀਆਂ, ਡੰਡੀਆਂ, ਚੰਨਣ-ਹਾਰ, ਕੰਢੀ, ਗੁਲੂਬੰਦ, ਹਸ, ਹਮਲੇ, ਜੰਜੀਰ, ਕੰਗਣ, ਆਰਸੀ, ਛੱਲੇ, ਕੜੇ, ਵੰਗਾਂ, ਚੂੜੀਆਂ, ਝਾਂਜਰਾਂ, ਪੰਜੇਬਾਂ, ਅੰਗੂਠੀਆਂ ਆਦਿ ਗਹਿਣਿਆਂ ਦਾ ਹਵਾਲਾ ਮਿਲਦਾ ਹੈ । ਗੋਰੀ ਨਾਥ ਮਲਕੀ ਦੇ ਗਹਿਣਿਆਂ ਦਾ ਵਰਣਨ ਕਰਦਾ ਲਿਖਦਾ ਹੈ :

ਨੱਕ ਮੋਤੀ, ਨੱਥ ਬੁਲਾਲ ਸੋਹਣੇ,
ਚੱਕਫੁਲ ਸਿਰ ਤੇ ਅਤਰਦਾਨ ਗੱਲ ਵਿਚ ।
ਪਵੇ ਬੰਦ ਕੜੇ ਚੂੜਾ, ਸੁਰਖ ਹੱਥੀ,
ਢੇਡ ਦੁਵਾਲੀਆਂ ਮੁਰਕੀਆਂ ਕੰਨ ਝੁਮਕੇ,
ਹੋਲ ਦੀ ਦਿਲੇ ਟਿਕਣ ਗੱਲ ਵਿਚ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਰੀ ਛਲੇ ਤੋੜੇ ਕਠਿਆਂ ਪੰਜੇਬਾਂ,
ਸੁੱਚੇ ਮੋਤੀਆਂ ਦੀ ਮਾਲਾ ਪਾਣ ਗਲ ਵਿਚ ।[19]

ਖੁਰਾਕ : ਆਮ ਜਨਤਾ ਦੀ ਖੁਰਾਕ ਸਾਧਾਰਣ ਹੁੰਦੀ ਸੀ। ਲੋਕ ਦਾਲ ਰੋਟੀ ਖਾ ਕੇ ਆਪਣਾ ਵਕਤ ਲੰਘਾ ਲੈਂਦੇ ਸਨ। ਚਾਹ ਤੇ ਕਾਫੀ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਅਮੀਰ ਲੋਕ ਘਿਉ ਤੇ ਸ਼ੱਕਰ ਮਿਲਾ ਕੇ, ਚੂਰੀ ਕੁਟ ਲੈਂਦੇ ਸਨ। ਲੋਕ ਆਮ ਤੌਰ ਤੇ ਦੁੱਧ ਪੀਂਦੇ ਸਨ। ਵਿਆਹ ਸਮੇਂ ਕਈ ਪ੍ਰਕਾਰ ਦੇ ਖਾਣੇ : ਖੀਰ, ਪੂਰੀ, ਕਚੌਰੀ, ਵੜੇ, ਪਕੌੜੇ, ਬੂੰਦੀ, ਗੋਸ਼ਤ, ਮਛੀਆਂ ਸਲੂਣੇ, ਚਾਵਲ, ਆਲੂ. ਗੋਭੀ, ਕਦੂ, ਪੇਠੇ ਗਾਜਰਾਂ, ਕਰੇਲੇ, ਮੂਲੀ, ਵਤਾਊ, ਸਾਗ, ਖੀਰੇ, ਰਾਇਤੇ, ਮੁਰੱਬੇ ਆਦਿ ਬਣਾਏ ਜਾਂਦੇ ਸਨ ।[20]

ਮਿਠਾਈਆਂ : ਵਿਆਹ ਸਮੇਂ ਕਈ ਕਿਸਮ ਦੀਆਂ ਮਿਠਾਈਆਂ : ਪਸ਼ੌਰੀ ਭੱਲੇ, ਲੱਡੂ, ਪੇੜ. ਜਲੇਬੀਆਂ, ਮੱਠੀਆਂ, ਕਚੌਰੀਆਂ, ਘੇਵਰ, ਅੰਦਰਸੇ, ਮਖਾਣੇ, ਲਾਚੀ ਦਾਣਾ ਬਰਫੀ, ਬਦਾਮ, ਰਾਜੇ ਸ਼ਾਹੀ ਆਦਿ ਬਣਾਈਆਂ ਜਾਂਦੀਆਂ ਸਨ ।

ਨਸ਼ੇ : ਖੁਸ਼ੀ ਦੇ ਮੌਕੇ ਉੱਪਰ, ਆਮ ਜਨਤਾ ਵਿਚ ਸ਼ਰਾਬ ਪੀਣ ਦਾ ਰਿਵਾਜ ਪ੍ਰਚਲਿਤ ਸੀ। ਜਦੋਂ ਲੜਕੇ ਨੂੰ ਵਿਆਹੁਣ ਲਈ ਜੰਞ ਲੜਕੀ ਵਾਲੇ ਦੇ ਘਰ ਪਹੁੰਚਦੀ ਸੀ ਤਾਂ ਜਾਂਞੀ ਖੁਸ਼ੀ ਵਿਚ ਸ਼ਰਾਬ ਤੇ ਹੋਰ ਨਸ਼ੇਦਾਰ ਚੀਜ਼ਾਂ ਦੀ ਵਰਤੋਂ ਕਰਦੇ ਸਨ। ਅਮੀਰ ਲੋਕ ਤਾਂ ਜਾਂਞੀਆਂ ਨੂੰ ਵੀ ਸ਼ਰਾਬ ਪਿਲਾਉਂਦੇ ਸਨ। ਜਦੋਂ ਹੀਰ ਨੂੰ ਵਿਆਹੁਣ ਲਈ ਖੇੜੇ, ਸਿਆਲਾਂ ਦੇ ਢੁਕਦੇ ਹਨ ਤਾਂ ਚੂਚਕ ਸਰਦਾਰ ਉਨ੍ਹਾ ਨੂੰ ਸ਼ਰਾਬ, ਭੰਗ, ਪੋਸਤ, ਅਫੀਮ, ਗਾਂਜਾ ਆਦਿ ਨਸ਼ੇ ਪੇਸ਼ ਕਰਦਾ ਹੈ :

ੳ. ਸ਼ਪਬ ਸ਼ਰਾਬ ਭੰਗ ਪੋਸਤ ਅਫ਼ੀਮ ਗਾਂਜੇ,
ਨੀਰੇ ਦਾਣੇ ਕੱਠੇ ਸਭ ਲਾ ਕੇ ਚਰ੍ਹਾ ਘਾਸ ਤੇ ।
ਗਲਗਲਾਂ ਅਚਾਰ ਬੇਸ਼ੁਮਾਰ ਤਿਆਗ ਰੱਖੇ ਸਭ,
ਪਿੰਨੀਆਂ ਬਣਾਈਆਂ ਕੁੱਟ ਚਾਵਲ ਨਿਸ਼ਾਸਤੇ ।

ਅ. ਮਾਸ ਖਾਣ ਕੈਫਾਂ ਪੀਣ ਰੋਜ਼ ਕਰਕੇ ਭੱਠੀ,
ਵਿਚ ਘਰ ਆਖ ਕਢਵਾਈਆਂ ਨੇ ।
ਕਹਿਆਂ ਸੱਦ ਕਲਾਲਾਂ ਨੂੰ ਬਿਨਾਂ ਪੁਛੇ,
ਐਵੇਂ ਰਾਹੀਆਂ ਨੂੰ ਪਕੜ ਪਿਵਾਈਆਂ ਨੇ ।

ੲ. ਖੇੜੇ ਪੀ ਕੇ ਕੈਫ ਸਭ ਹੋਏ ਮਸਤ ਖੁਵਾਰ ।
ਖੇਡਨ ਗਏ ਸ਼ਿਕਾਰ ਸਭ ਹੋ ਕੇ ਜਦ ਅਸਵਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਮਿਰਜ਼ਾ ਸਾਹਿਬਾਂ ਨੂੰ ਉਸ ਦੇ ਵਿਆਹ ਸਮੇਂ ਨੱਠਾ ਲਿਆਉਂਦਾ ਹੈ ਤਾਂ ਰਾਹ ਵਿਚ ਬੈਠ ਕੇ ਸ਼ਰਾਬ ਪੀਂਦਾ ਹੈ :

ਭਾਈ ਦਾ ਭੁਲਾਯਾ ਤਾਂ ਸ਼ਰਾਬ ਪੀਵੇ ਬਾਰ ਬਾਰ,
ਹੋਏ ਮਤਵਾਲਾ ਬੋਲੇ ਨਾਲ ਤਕਰਾਰ ਦੇ ।[21]

ਸੂਖਮ ਸੰਸਕ੍ਰਿਤੀ, ਜਿਸ ਨੂੰ ਅੰਤ੍ਰੀਵ ਸੰਸਕ੍ਰਿਤੀ ਕਿਹਾ ਜਾਂਦਾ ਹੈ, ਦਾ ਆਧਾਰ 'ਲੋਕ-ਵਿਸ਼ਵਾਸ਼' ਹਨ । ਜਨ ਸਾਧਾਰਣ ਵਿਚ ਵਿਦਮਾਨ-ਧਰਮ, ਅਲੌਕਿਕ ਪ੍ਰਾਣੀਆਂ, ਪਰੰਪਰਾ, ਆਦਿ ਪ੍ਰਤੀ ਧਾਰਣਾ ਨੂੰ ਵਿਸ਼ਵਾਸ਼ ਕਿਹਾ ਜਾਂਦਾ ਹੈ । ਇਹ 'ਵਿਸ਼ਵਾਸ਼' ਮਨੁੱਖੀ ਜੀਵਨ ਦੀ ਮੂਲ ਲੋੜ ਹੈ, ਕਿਉਂਕਿ ਇਹ ਜੀਵਨ ਨੂੰ ਗਤੀ ਪ੍ਰਦਾਨ ਕਰਦੇ ਹਨ । ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਚਲਾਉਣਾ ਕਠਿਨ ਹੋ ਜਾਂਦਾ ਹੈ । ਇਹ ਮਨੁੱਖੀ ਮਨ ਵਿਚ ਕਾਰਜ ਪ੍ਰਤੀ ਦ੍ਰਿੜ੍ਹਤਾ ਪੈਦਾ ਕਰਦੇ ਹਨ । ਦ੍ਰਿੜ੍ਹਤਾ ਜਾਂ ਲਗਨ ਤੋਂ ਬਿਨਾਂ ਕੋਈ ਵੀ ਕਾਰਜ ਨੇਪਰੇ ਨਹੀਂ ਚੜ੍ਹ ਸਕਦਾ ਹੈ । 'ਵਿਸ਼ਵਾਸ' ਕਲਪਿਤ ਕੀਤੀ ਗਈ ਵਸਤੂ, ਜੀਵ ਜਾਂ ਅਲੌਕਿਕ ਸ਼ਕਤੀ ਨਾਲ ਮਨੁੱਖੀ ਸੰਵੇਦਨਾ ਜੋੜਨਾ ਹੈ ਜਿਸ ਨਾਲ ਮਨੁੱਖੀ ਮਨ ਵਧੇਰੇ ਸ਼ਕਤੀਸ਼ਾਦੀ ਬਣ ਜਾਂਦਾ ਹੈ । ਇਸ ਭਾਵਨਾ ਅਧੀਨ ਕਈ ਵਾਰ ਲੋਕ ਔਖੇ ਤੋਂ ਔਖਾ ਕੰਮ ਵੀ ਨੇਪਰੇ ਲਾ ਦਿੰਦੇ ਹਨ । ਅਸਲ ਵਿਚ ਲੋਕ ਵਿਸ਼ਵਾਸ਼, ਲੋਕਾਂ ਵਿਚ ਪ੍ਰਚਲਿਤ ਇਕ ਧਾਰਣਾ ਹੈ, ਜਿਸ ਵਿਚ ਤਰਕ ਜਾਂ ਬੁੱਧੀ ਦੀ ਕੋਈ ਥਾਂ ਨਹੀਂ ਹੁੰਦੀ ।

ਵਿਸ਼ਵਾਸ ਦੇ ਪ੍ਰਚਲਿਤ ਹੋਣ ਦਾ ਆਧਾਰ ਮੁੱਢ ਵਿਚ ਕੋਈ ਨਾ ਕੋਈ ਘਟਨਾ ਹੁੰਦੀ ਹੈ । ਕਿਸੇ ਇਕ 'ਵਿਸ਼ਵਾਸ' ਦੇ ਉਸਰਨ ਵਿਚ ਪੀੜ੍ਹੀਆਂ ਲੱਗ ਜਾਂਦੀਆਂ ਹਨ । ਇਹ ਉਸਰਦੇ ਤੇ ਢਹਿੰਦੇ ਰਹਿੰਦੇ ਹਨ ਪਰ ਜਦੋਂ 'ਵਿਸ਼ਵਾਸ' ਇਕ ਵਾਰ ਲੋਕ ਮਨ ਵਿਚ ਆਪਣੀ ਥਾਂ ਬਣਾ ਲੈਣ ਤਾ ਇਹ ਪੁਸ਼ਤ-ਦਰ-ਪੁਸ਼ਤ ਚਲਦੇ ਰਹਿੰਦੇ ਹਨ । ਆਧੁਨਿਕ ਯੁਗ ਦੇ ਮਨੁੱਖੀ ਮਨ ਦੇ ਤੁਲ, ਪ੍ਰਾਚੀਨ ਕਾਲ ਦੇ ਮਨੁੱਖ ਦਾ ਮਨ, ਜ਼ਿਆਦਾ ਸਰਲ ਤੇ ਸਾਧਾਰਣ ਹੁੰਦਾ ਸੀ । ਉਹ ਸਹਿਜੇ ਹੀ ਕਿਸੇ ਅਸਾਧਾਰਣ ਘਟਨਾ ਨੂੰ ਸਵੀਕਾਰ ਕਰ ਲੈਂਦਾ ਸੀ ਤੇ ਉਸ ਉਪਰ ਵਿਸ਼ਵਾਸ ਕਰ ਲੈਂਦਾ ਸੀ ।

ਇਹ ਵਿਸ਼ਵਾਸ ਮੁੱਖ ਰੂਪ ਵਿਚ, ਸਮਾਜਕ ਅਤੇ ਸਥਾਨਕ, ਦੋ ਪ੍ਰਕਾਰ ਦੇ ਹੁੰਦੇ ਹਨ । ਸਮਾਜਕ ਵਿਸ਼ਵਾਸ ਅਜਿਹੇ ਹੁੰਦੇ ਹਨ, ਜੋ ਪਰੰਪਰਾਗਤ ਹੁੰਦੇ ਹਨ । ਉਹ ਦੇਸ਼ ਕਾਲ ਦੀਆਂ ਹੱਦਾਂ ਟੱਪ ਕੇ ਸਾਰੇ ਮਨੁੱਖਾਂ ਵਿਚ ਵਿਦਮਾਨ ਹੁੰਦੇ ਹਨ, ਜਿਵੇਂ 'ਛਿੱਕ' ਉਪਰ ਸਾਰੇ ਸੰਸਾਰ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ । ਅੱਜ ਸਭਿਅ ਅਖਵਾਉਣ ਵਾਲੀਆਂ ਕੌਮਾਂ ਫ਼ਰਾਂਸੀਸੀ, ਯਹੂਦੀ, ਯੂਨਾਨੀ, ਈਸਾਈ ਆਦਿ ਸਾਰੇ ਇਸ ਉਪਰ ਵਿਸ਼ਵਾਸ ਕਰਦੇ ਹਨ । ਸਥਾਨਕ ਵਿਸ਼ਵਾਸ ਉਹ ਹੁੰਦੇ ਹਨ, ਜੋ ਕਿਸੇ ਖਾਸ ਇਲਾਕੇ, ਪ੍ਰਾਂਤ ਜਾਂ ਰਾਜ ਵਿਚ ਪ੍ਰਚਲਿਤ ਹੁੰਦੇ ਹਨ, ਜਿਵੇਂ ਪੰਜਾਬ ਵਿਚ ਵਿਆਹ ਦੇ ਮੌਕੇ, ਲਾਲ ਬਸਤਰ ਤੇ ਸੋਗਸ ਮੌਂ ਸਫ਼ੈਦ ਬਸਤਰ ਧਾਰਣ ਕੀਤੇ ਜਾਂਦੇ ਹਨ । ਇਸ ਦੇ ਉਲਟ ਇੰਗਲੈਂਡ ਵਿਚ ਚਿੱਟੇ ਕੱਪੜੇ ਵਿਆਹ ਸਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਣੇ ਜਾਂਦੇ ਹਨ।

ਇਹ ਲੋਕ ਵਿਸ਼ਵਾਸ ਕਿਸੇ ਜਾਤੀ, ਕਬੀਲੇ ਜਾਂ ਰਾਸ਼ਟਰ ਦੇ ਸ਼ੀਸ਼ੇ ਹੁੰਦੇ ਹਨ, ਜਿਸ ਰਾਹੀਂ ਉਸ ਕੌਮ ਜਾਂ ਰਾਸ਼ਟਰ ਦੀ ਸੰਸਕ੍ਰਿਤੀ ਨੂੰ ਵੇਖਿਆ ਜਾ ਸਕਦਾ ਹੈ। ਇਨ੍ਹਾਂ ਦਾ ਲੋਕ-ਮਨਾਂ ਨਾਲ ਗੂਹੜਾ ਸੰਬੰਧ ਹੁੰਦਾ ਹੈ। ਇਸੇ ਲਈ ਲੋਕ ਇਹ ਜਾਣਦੇ ਹੋਏ ਕਿ ਇਹ ਨਿਰਾਧਾਰ ਹਨ, ਫਿਰ ਵੀ ਇਨ੍ਹਾਂ ਨੂੰ ਛੱਡਣ ਲਈ ਤਿਆਰ ਨਹੀਂ ਹੁੰਦੇ ਹਨ।

ਇਨ੍ਹਾਂ ਦਾ ਆਰੰਭ ਤਾਂ ਲੱਭਣਾ ਇਕ ਜਟਿਲ ਸਮੱਸਿਆ ਹੈ। ਅਸਲ ਵਿਚ ਇਹ ਮਨੁੱਖੀ ਜੀਵਨ ਜਿੰਨੇ ਹੀ ਪ੍ਰਾਚੀਨ ਲੱਗਦੇ ਹਨ। ਮਨੁੱਖ ਵਿਚ ਸ੍ਵੈ-ਰੱਖਿਆ ਦੀ ਮੂਲ ਪ੍ਰਵਿਰਤੀ ਹੈ। ਜਦੋਂ ਮਨੁੱਖ ਆਪਣੇ ਸ੍ਵੈ ਦੀ ਰੱਖਿਆ ਕਰਨ ਤੋਂ ਹਰ ਸੰਭਵ ਯਤਨ ਕਰਨ ਦੇ ਬਾਵਜੂਦ ਵੀ ਅਸੰਭਵ ਸਮਝਦਾ ਸੀ ਤਾਂ ਉਹ ਕਲਪਿਤ ਸ਼ਕਤੀਆਂ ਤੋਂ ਆਪਣੀ ਸਹਾਇਤਾ ਦੀ ਲਾਲਸਾ ਕਰਦਾ ਸੀ ਤੇ ਉਨ੍ਹਾਂ ਅਲੌਕਿਕ ਸ਼ਕਤੀਆਂ ਪਾਸ ਆਪਣੀ ਰੱਖਿਆ ਲਈ ਅਰਦਾਸਾਂ ਕਰਦਾ ਸੀ। ਇਸ ਵਿਸ਼ਵਾਸ ਨੇ ਅਲੌਕਿਕ ਸ਼ਕਤੀਆਂ ਨੂੰ ਜਨਮ ਦਿੱਤਾ। ਇਸ ਉਦੇਸ਼ ਦੀ ਪੂਰਤੀ ਲਈ, ਉਸ ਨੇ ਅੰਗਮੀ ਸ਼ਕਤੀਆਂ ਨੂੰ ਖੁਸ਼ ਕਰਕੇ ਉਨ੍ਹਾਂ ਤੋਂ ਵਰਦਾਨ ਪ੍ਰਾਪਤ ਕਰਨ ਲਈ, ਉਨ੍ਹਾਂ ਦੀ ਪੂਜਾ ਕਰਨੀ ਅਰੰਭ ਕੀਤੀ ਜਿਸ ਨੇ ਅੱਗੇ ਜਾਦੂ ਜੰਤਰ ਮੰਤਰ, ਟੂਣੇ ਟੋਟਕੇ, ਸ਼ਗਨ ਅਪਸ਼ਗਨ ਆਦਿ ਨੂੰ ਜਨਮ ਦਿਤਾ। ਇਹ ਸ਼ਕਤੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਇਕ ਉਹ ਸ਼ਕਤੀਆਂ, ਜੋ ਹਮੇਸ਼ਾਂ ਮਨੁੱਖ ਦੀ ਸਹਾਇਤਾ ਕਰਦੀਆਂ ਹਨ। ਦੂਜੀਆ ਉਹ ਜੋ ਸਹਾਇਤਾ ਕਰਨ ਦੇ ਨਾਲ ਨਾਲ ਦੁਸ਼ਮਣ ਨੂੰ ਨੁਕਸਾਨ ਵੀ ਪਹੁੰਚਾਂਦੀਆਂ ਹਨ। ਇਨ੍ਹਾਂ ਵਿਚ ਜਿੰਨ ਭੂਤ, ਚੁੜੇਲ ਆਦਿ ਸ਼ਕਤੀਆਂ ਹੁੰਦੀਆਂ ਹਨ। ਇਨ੍ਹਾਂ ਦਾ ਡਰ ਹਮੇਸ਼ਾਂ ਮਨੁੱਖੀ ਮਨ ਉਪਰ ਛਾਇਆ ਰਹਿੰਦਾ ਹੈ। ਭਾਰਤ ਵਿਚ ਚਾਰੋ ਵੇਦ ਸਭ ਤੋਂ ਪ੍ਰਾਚੀਨ ਗ੍ਰੰਥ ਮੰਨੇ ਜਾਂਦੇ ਹਨ। ਇਨ੍ਹਾਂ ਚਾਰਾਂ ਵੇਦਾਂ ਵਿਚੋਂ 'ਅਥਰਵ ਵੇਦ', ਜਿਨ੍ਹਾਂ, ਭੂਤਾਂ, ਜਾਦੂ, ਟੂਣਿਆਂ, ਜੰਤਰ, ਮੰਤਰਾਂ ਨਾਲ ਭਰਿਆ ਪਿਆ ਹੈ।

ਪੰਜਾਬੀ ਕਿੱਸਾ ਕਾਵਿ ਵਿਚ ਤਤਕਾਲੀਨ ਸਮਾਜ ਦੇ ਲੋਕਾਂ ਦੀ ਸੋਚਣੀ ਵਿਚਾਰਣੀ ਦੀ ਤਸਵੀਰ ਝਲਕਦੀ ਹੈ। ਮਧਕਾਲੀਨ ਪੰਜਾਬ ਦੇ ਲੋਕਾਂ, ਜਿਨ੍ਹਾਂ ਦੀ ਸੰਸਕ੍ਰਿਤੀ ਦਾ ਇਨ੍ਹਾਂ ਕਿੱਸਿਆਂ ਵਿਚ ਵਰਣਨ ਹੋਇਆ, ਦੇ ਸਨਮੁੱਖ ਇਹ ਮੂਲ ਪ੍ਰਸ਼ਨ ਸੀ ਕਿ ਇਸ ਸ੍ਰਿਸ਼ਟੀ ਦੀ ਸਿਰਜਨਾ ਕਿਵੇਂ ਤੇ ਕਿਸ ਨੇ ਕੀਤੀ ਹੈ? ਉਹ ਸ੍ਰਿਸ਼ਟੀ ਦਾ ਕਰਤਾ ਕਿਥੇ ਰਹਿੰਦਾ ਹੈ? ਮਨੁੱਖੀ ਜੀਵਨ ਦਾ ਕੀ ਮੰਤਵ ਹੈ? ਇਸ ਸ੍ਰਿਸ਼ਟੀ ਦਾ ਅੰਤ ਕਿਥੇ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉਤਰ ਧਰਮ ਵਿਚ ਵਿਸ਼ਵਾਸ ਰੱਖਣ ਨਾਲ ਮਿਲ ਸਕਦਾ ਹੈ। ਧਰਮ ਅਨੁਸਾਰ ਇਸ ਸ੍ਰਿਸ਼ਟੀ ਦੇ ਕਾਰ ਵਿਵਹਾਰ ਚਲਾਉਣ ਵਾਲੀ ਸ਼ਕਤੀ ਦਾ ਨਾਮ ਪਰਮਾਤਮਾ ਕਲਪਿਤ ਕੀਤਾ ਗਿਆ ਹੈ। ਉਹ ਸਰਬ ਸ਼ਕਤੀਮਾਨ ਹੈ, ਉਹ ਸਰਬ ਵਿਆਪਕ ਹੈ, ਉਸ ਦੇ ਹੁਕਮ ਤੋਂ ਬਿਨਾਂ ਇਸ ਸ੍ਰਿਸ਼ਟੀ ਉਪਰ ਅਨੇਕਾਂ ਪੀਰ, ਪੈਗੰਬਰ, ਔਲੀਏ ਪੈਦਾ ਕੀਤੇ ਹਨ ਪਰ ਇਹ ਸਾਰੇ ਨਾਸ਼ਵਾਨ ਹਨ। ਪਰਮਾਤਮਾ ਨੇ ਜ਼ਮੀਨਾਂ, ਅਸਮਾਨ, ਪਾਣੀ ਹਵਾ ਆਦਿ ਪੈਦਾ ਕਰਕੇ, ਇਸ ਸ੍ਰਿਸ਼ਟੀ ਦੀ ਲੀਲ੍ਹਾ ਆਰੰਭ ਕੀਤੀ ਹੈ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਦਰਤ ਬਿਅੰਤ ਨ ਅੰਤ ਹੈ ਕਿਨੇ ਪਾਇਆ;
ਸੰਤ ਬੇਦ ਅਭੇਦ ਹੀ ਕਹਿਨ ਚਾਰੇ ।
ਕਿਤ ਅਉਲੀਏ ਅੰਬੀਏ ਪੀਰ ਮੀਰ ਹੁਏ,
ਖਾਕ ਦਰ ਖਾਕ ਨ ਪਾਰ ਵਾਰੇ ।
ਨਾਮ ਏਕ ਅਲਾਹ ਦਾ ਰਹੇ ਮੋਹਕਮ,
ਕਾਹਨ ਸਿੰਘ ਸ਼ੁਮਾਰ ਨ ਬਿਅੰਤ ਤਾਰੇ ।

ਇਸ ਸ੍ਰਿਸ਼ਟੀ ਦੀ ਸਿਰਜਨਾ ਦਾ ਮੂਲ ਕਾਰਣ, ਇਸ਼ਕ ਹੈ ਇਹ ਪਿਆਰ ਹੀ ਮੂਲ ਧੁਰਾ ਹੈ, ਜੋ ਇਸ ਸ੍ਰਿਸ਼ਟੀ ਨੂੰ ਚਲਾਉਂਦਾ ਹੈ । ਲਾਹੌਰ ਸਿੰਘ ਲਿਖਦਾ ਹੈ ;

ਅਵਲ ਰੱਬ ਨੂੰ ਹੁੰਦਾ ਜੇ ਇਸ਼ਕ ਨਹੀਂ,
ਸੂਰਜ ਚੰਦ ਤਾਰੇ ਅਸਮਾਨ ਹੁੰਦੇ ।
ਹੁੰਦੀ ਨਾ ਜ਼ਮੀਨ ਪਹਾੜ ਪੱਥਰ,
ਪੈਂਦਾ ਨਾ ਹੈਵਾਨ ਇਨਸਾਨ ਹੁੰਦੇ ।[23]

ਸਾਡੇ ਸਮਾਜ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਸੰਸਾਰ ਦੇ ਜੀਵ ਬ੍ਰਹਮਾ ਤੋਂ ਉਪਜੇ ਹੋਣ ਕਰਕੇ, ਬ੍ਰਹਮਾ ਦਾ ਹੀ ਰੂਪ ਹਨ । ਸੰਤ ਜੈ ਦੇਵ ਨੇ ਬ੍ਰਹਮ ਨੂੰ ਘੱਟ ਘੱਟ ਵਿਚ ਲਿਵਲੀਨ ਮੰਨਿਆ ਹੈ ।[24] ਸੂਫ਼ੀ ਕਵੀ ਸ਼ੇਖ਼ ਫ਼ਰੀਦ ਵੀ ਖਲਕ ਵਿਚ ਖਾਲਿਕ ਨੂੰ ਵਿਆਪਕ ਵੇਖਦਾ ਹੈ ।[25] ਪੰਜਾਬੀ ਕਿੱਸਾ ਕਾਵਿ ਵਿਚ ਵੀ ਇਹੋ ਵਿਚਾਰ ਵਿਦਮਾਨ ਹੈ । 'ਕਿੱਸਾ ਪੂਰਨ ਭਗਤ' ਵਿਚ ਰਾਜਾ ਸਲਵਾਨ ਆਪਣੀ ਛੋਟੀ ਪਤਨੀ ਲੂਣਾ ਦੀ ਤੁਹਮਤ ਨੂੰ ਸੱਚ ਮੰਨ ਕੇ ਆਪਣੇ ਇਕਲੌਤੇ ਪੁੱਤਰ, ਪੂਰਨ ਨੂੰ ਮੌਤ ਦਾ ਹੁਕਮ ਸੁਣਾ ਕੇ ਜੁਲਾਦਾਂ ਨੂੰ ਸੌਂਪ ਦਿੰਦਾ ਹੈ ਪਰ ਪੂਰਨ ਮੌਤ ਨੂੰ ਸਾਹਮਣੇ ਵੇਖ ਕੇ ਜ਼ਰਾ ਵੀ ਨਹੀਂ ਘਬਰਾਉਂਦਾ । ਉਹ ਮਰਨ ਤੇ ਮਾਰਨ ਵਾਲੇ ਦੋਹਾਂ ਵਿਚ ਹੀ ਬ੍ਰਹਮ ਦਾ ਰੂਪ ਵੇਖਦਾ ਹੈ :

ਐਸੇ ਆਤਮਾ ਵਾਂਗ ਅਡੋਲ ਹੋਇਆ,
ਫੁਰਨਾ ਚਿੱਤ ਦਾ ਕਿਤੇ ਜਾਉਂਦਾ ਈ ।
ਸਰਬ ਰੂਪ ਬ੍ਰਹਮ ਦਾ ਨਜ਼ਰ ਆਇਆ,
ਸੁਫ਼ਨਾ ਜਗਤ ਨੂੰ ਜਾਣ ਭੁਲਾਉਂਦਾ ਈ ।[26]

ਆਮ ਲੋਕਾਂ ਵਿਚ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਸੰਸਾਰ ਦੀ ਹਰ ਇਕ ਚੀਜ਼ ਚਲੋ ਚਲੀ ਦਾ ਸਮਾਨ ਹੈ । ਇਸ ਸੰਸਾਰ ਵਿਚ ਰਾਜਾ ਹੋ ਜਾਂ ਰੰਕ ਸਭ ਨੇ ਇਕ ਦਿਨ ਜ਼ਰੂਰ ਮਰਨਾ ਹੈ । ਜੀਵ ਚੁਰਾਸੀ ਲੱਖ ਜੂਨ ਵਿਚ ਪੈ ਕੇ ਇਕ ਤੋਂ ਮਗਰੋਂ ਦੂਜੀ ਜੂਨ ਵਿਚ ਘੁੰਮਦਾ ਰਹਿੰਦਾ ਹੈ । ਪੂਰਨ ਭਗਤ ਕਹਿੰਦਾ ਹੈ :

ੳ. ਉਮਰ ਆਦਮੀ ਦੀ ਕੰਧ ਰੇਤ ਦੀ ਹੈ,
ਲਗੀ ਨਿਤ ਦਰਯਾ ਦੀ ਢਾਹ ਹੈ ਨਹੀਂ ।[27]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅ. ਬੰਦਾ ਵਿਚ ਚੁਰਾਸੀਆਂ ਫਿਰ ਭੌਂਦਾ,
ਜਿਵੇਂ ਹੋਂਵਦਾ ਭੂਤ ਮਸਾਨ ਦਾ ਜੀ ।
ਕਦੀ ਆਉਂਦਾ ਤੇ ਕਦੀ ਜਾਉਂਦਾ ਈ,
ਘਟਾ ਏਧਰੋਂ ਉਧਰੋਂ ਛਾਣਦਾ ਜੀ ।[28]

ਲੋਕ-ਮਨ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ । ਸਭ ਕੁਝ ਹੋਣੀ ਹੀ ਕਰਦੀ ਹੈ । ਜੀਵ ਤਾਂ ਹੋਣੀ ਦੇ ਹੱਥ ਵਿਚ ਖਿਡਾਉਣਾ ਹੈ । ਜਿਸ ਪ੍ਰਕਾਰ ਹੋਣੀ ਚਾਹੇ, ਉਸੇ ਪ੍ਰਕਾਰ ਹੀ ਉਸ ਨੂੰ ਨਚਾਉਂਦੀ ਹੈ । ਹੋਣੀ ਦੀ ਵਗੀ ਕਲਮ ਨੂੰ ਕੋਈ ਮੋੜ ਨਹੀਂ ਸਕਦਾ ਹੈ । ਕਿੱਸਿਆਂ ਦੇ ਨਾਇਕ ਤੇ ਨਾਇਕਾਵਾਂ, ਇਸ ਸਮਾਜ ਦੇ ਨਾਲ ਤਾਂ ਸੰਘਰਸ਼ ਕਰ ਲੈਂਦੇ ਹਨ ਪਰ ਹੋਣੀ ਦੇ ਸਾਹਮਣੇ, 'ਕਾਹਨ ਸਿੰਘ, 'ਹੋਣੀ ਮਿਟੇ ਕਬੀ ਨਹੀਂ', ਅਨੁਸਾਰ ਅਸਮਰਥ ਹੁੰਦੇ ਹਨ ।

ਜਨ-ਜੀਵਨ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਮਨੁੱਖ ਦੇ ਕਰਮਾਂ ਅਨੁਸਾਰ ਉਸ ਨੂੰ ਫ਼ਲ ਮਿਲਦਾ ਹੈ, ਜੋ ਵਿਅਕਤੀ ਇਸ ਸੰਸਾਰ ਵਿਚ ਚੰਗੇ ਕਰਮ ਨਹੀਂ ਕਰਦੇ, ਉਨ੍ਹਾਂ ਨੂੰ ਮਰਣ ਤੋਂ ਮਗਰੋਂ, ਅਗਲੇ ਜਹਾਨ ਵਿਚ ਬਹੁਤ ਦੁਖ ਸਹਾਰਨੇ ਪੈਣਗੇ । ਵਾਰਿਸ ਸ਼ਾਹ ਲਿਖਦਾ ਹੈ :

ੳ. ਅਮਲਾਂ ਬਾਝ ਦਰਗਾਹ ਵਿਚ ਪੈਣ ਪੋਲੇ,
ਲੋਕਾਂ ਵਿਚ ਮੀਆਂ ਵਾਰਿਸ ਸ਼ਾਹ ਹੋਇਆ ।

ਅ. ਬੀਜ ਕੇ ਹਰਿੰਡ ਤੂੰ ਖਜੂਰ ਭਾਲਦਾ,
ਬਿਆਜ ਦੇ ਭਲਾਵੇ ਦੇਖੀ ਮੂਲ ਗਾਲਦਾ ।
ਬੀਜ ਕੇ ਤੇ ਅੱਕ ਅੰਬ ਕਿਥੋਂ ਭਾਲੀਏ,
ਭਾਗ ਮੇਂ ਭਸਮ ਖੀਰ ਕਿਥੋਂ ਲਈਏ ।[29]

ੲ. ਨੇਕ ਅਮਲਾਂ ਦੇ ਦੀਵੇ ਬਾਝੋਂ,
ਖ਼ਤਰਾ ਕਬਰ ਅਧਾਰ ਦਾ ।[30]

ਜਨ-ਸਾਧਾਰਣ ਦੇ ਮਨਾਂ ਵਿਚ ਪਰਮਾਤਮਾ ਤੋਂ ਇਲਾਵਾ ਅਲੌਕਿਕ ਪ੍ਰਾਣੀਆਂ, ਪੀਰ, ਫਰਿਸ਼ਤੇ, ਹੂਰਾਂ, ਪਰੀਆਂ, ਭੂਤ, ਚੜੇਲ, ਡੈਣ ਆਦਿ ਪ੍ਰਤੀ ਵੀ ਬਹੁਤ ਵਿਸ਼ਵਾਸ ਹੈ । ਭੋਲੇ ਭਾਲੇ ਵਿਅਕਤੀਆਂ ਵਿਚ ਇਹ ਧਾਰਣਾ ਪ੍ਰਚਲਿਤ ਹੈ ਕਿ ਇਹ ਅਲੌਕਿਕ ਪ੍ਰਾਣੀ ਆਪਣੇ ਅਨੁਆਈਆਂ, ਭਗਤਾਂ ਦੀ ਔਖੀਆਂ ਘੜੀਆਂ ਵਿਚ ਸਹਾਇਤਾ ਕਰਦੇ ਹਨ, ਉਨ੍ਹਾਂ ਦੀ ਮੁਸੀਬਤ ਨੂੰ ਟਾਲ ਦਿੰਦੇ ਹਨ । ਪੰਜਾਬੀ ਕਿੱਸਾ ਕਾਵਿ ਵਿਚ ਇਨ੍ਹਾਂ ਅਲੌਕਿਕ ਪ੍ਰਾਣੀਆਂ ਵਿਚੋਂ ਜ਼ਿਆਦਾ-ਤਰ ਪੀਰ ਹੀ ਆਏ ਹਨ । ਇਸ ਦਾ ਮੂਲ ਕਾਰਣ, ਪੰਜਾਬੀ ਜਨ-ਜੀਵਨ ਵਿਚ ਪੀਰਾਂ ਪ੍ਰਤੀ ਆਸਥਾ ਹੈ । ਪੰਜਾਬ ਵਿਚ ਇਹੋ ਜਿਹਾ ਕੋਈ ਵਿਸ਼ੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਹਿਰ ਜਾਂ ਨਗਰ ਨਹੀਂ ਜਿਥੇ ਇਨ੍ਹਾਂ ਪੀਰਾਂ ਦੇ ਮਜ਼ਾਰ ਨਾ ਹੋਣ। ਇਨ੍ਹਾਂ ਮਜ਼ਾਰਾਂ ਉਪਰ ਮੇਲੇ ਲੱਗਦੇ ਹਨ। ਭਗਤ ਲੋਕ, ਫ਼ਲ ਪ੍ਰਾਪਤੀ ਲਈ ਇਨ੍ਹਾਂ ਦੀ ਉਪਾਸ਼ਨਾ ਕਰਦੇ ਹਨ। ਕਿਤੇ ਲਾਲ ਪੀਰ ਦੇ ਮਜ਼ਾਰ ਉਪਰ ਰੋਟ ਚੜ੍ਹਾਉਂਦੇ ਹਨ ਤੇ ਕਿਤੇ ਗੁੱਗੇ ਪੀਰ ਦੇ ਮਜ਼ਾਰ ਉਪਰ ਸੇਵੀਆਂ ਚਾੜ੍ਹੀਆਂ ਜਾਂਦੀਆਂ ਹਨ। ਕਿੱਸਿਆਂ ਵਿਚੋਂ, ਵਿਸ਼ੇਸ਼ ਕਰਕੇ 'ਹੀਰ' ਦੇ ਕਿੱਸਿਆਂ ਵਿਚ ਪੰਜ ਪੀਰ, ਬਾਬਾ ਫ਼ਰੀਦ, ਲਾਲ ਸ਼ਾਹ ਪੀਰ, ਖਵਾਜਾ, ਖਿਜਰ, ਸਯਦ ਜਲਾਲ, ਪੀਰ ਜ਼ਿਕਰੀਆ ਨੂਰੀ ਹਜ਼ੂਰ ਦਾ ਵਰਣਨ ਹੈ, ਜੋ ਕਿੱਸੇ ਦੇ ਨਾਇਕ ਤੇ ਨਾਇਕਾ ਦੀ, ਹਰ ਇਕ ਔਖੀ ਘੜੀ, ਆ ਕੇ ਸਹਾਇਤਾ ਕਰਦੇ ਹਨ। ਇਹੋ ਪੀਰ ਹੀਰ ਰਾਂਝੇ ਦਾ ਜੰਗਲ ਵਿਚ ਨਿਕਾਹ ਵੀ ਕਰ ਦਿੰਦੇ ਹਨ। ਇਨ੍ਹਾਂ ਨੂੰ ਉਪਦੇਸ਼ ਵੀ ਦਿੰਦੇ ਹਨ :

ੳ. ਪੀਰਾਂ ਪੰਜਾਂ ਨੇ ਮਿਹਰ ਕਰ ਜੋੜ ਕੀਤਾ,
ਪੜ੍ਹੀ ਹੱਕ ਨਿਕਾਹ ਦੀ ਬਾਣੀ ਏ ਜੀ।[31]

ਅ. ਮੈਂ ਤਾਂ ਆਇਆ ਹਾਂ ਤੱਕ ਕੇ ਬਜ਼ੁਰਗਾਂ ਨੌ,
ਕਾਈ ਭਲੀ ਦਸੋ ਤਦਬੀਰ ਮੀਆਂ।
ਪੰਜਾਂ ਪੀਰਾਂ ਨੇ ਥਾਪਨਾ ਇਹ ਦਿਤੀ,
ਬੱਚਾ ਜਾਇ ਬਖ਼ਸ਼ੀ ਤੈਨੂੰ ਹਾਰ ਮੀਆਂ।[32]

ੲ. ਪੰਜਾਂ ਪੀਰਾਂ ਨੇ ਦੁਹਾਂ ਨੂੰ ਮੱਤ ਦਿਤੀ,
ਅੱਠੋ ਪਹਿਰ ਅੱਲਾਹ ਨੂੰ ਯਾਦ ਕਰਨਾ।[33]

ਪੀਰ ਤੋਂ ਇਲਾਵਾ ਮਨੁੱਖ ਦੀ ਇਕ ਹੋਰ ਸਹਾਇਕ ਅਲੌਕਿਕ ਸ਼ਕਤੀ ਫ਼ਰਿਸ਼ਤੇ ਹਨ। ਜੋ ਮਨੁੱਖ ਦੀਆਂ ਔਖੀਆਂ ਘੜੀਆਂ ਸਮੇਂ ਉਸ ਦੀ ਸਹਾਇਤਾ ਲਈ ਆ ਖੜੇ ਹੋ ਜਾਂਦੇ ਹਨ। ਫ਼ਰਿਸ਼ਤੇ ਕਿੱਸਿਆਂ ਦੇ ਨਾਇਕ ਨਾਇਕਾਵਾਂ ਦੀ ਸਹਾਇਤਾ ਲਈ ਹਮੇਸ਼ਾਂ ਉਨ੍ਹਾਂ ਨਾਲ ਜੁੜੇ ਰਹੇ ਹਨ। ਜਦੋਂ ਕੋਟ ਕਬੂਲੇ ਦਾ ਹਾਕਮ ਹੀਰ ਨੂੰ ਰਾਂਝੇ ਤੋਂ ਖੋਹ ਕੇ ਖੇੜਿਆਂ ਨੂੰ ਦੇ ਦਿੰਦਾ ਹੈ, ਤਾਂ ਇਹੋ ਫ਼ਰਿਸ਼ਤੇ ਰਾਂਝੇ ਦੇ ਕਹਿਣ ਪੁਰ ਅਦਲੀ ਰਾਜੇ ਦੇ ਸ਼ਹਿਰ ਕੋਟ ਕਬੂਲੇ ਨੂੰ ਅੱਗ ਲਾ ਦਿੰਦੇ ਹਨ, ਜੋ ਲੱਖਾਂ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਬੁਝਦੀ ਹੈ :

ਮੰਨ ਹੁਕਮ ਫ਼ਰਿਸ਼ਤੇ ਉਸੇ ਵੇਲੇ,
ਚੜ੍ਹਦੀ ਤਰਫ਼ ਅਗਨੀ ਜ਼ੋਰ ਲਾਇਆ ਨੇ।
ਬਲੇ ਤੇਜ਼ ਕਰਕੇ ਘਰੋ ਘਰੀ ਸਾਰੇ,
ਹੁਕਮ ਪੀਰਾਂ ਦੇ ਹੋਰ ਭੜਕਾਇਆ ਨੇ।[34]

ਜਿੰਨ, ਭੂਤ, ਚੁੜੇਲ, ਡੈਣ : ਇਹ ਚਾਰੇ ਅਲੌਕਿਕ ਸ਼ਕਤੀਆਂ ਮਨੁੱਖ ਦੀਆਂ ਸਹਾਇਕ ਹੋਣ ਦੇ ਨਾਲ ਨਾਲ ਦੁਸ਼ਮਣ ਨੂੰ ਨੁਕਸਾਨ ਵੀ ਪਹੁੰਚਾਉਂਦੀਆਂ ਹਨ। ਇਨ੍ਹਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਂਦ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਆਮ ਤੌਰ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਵਿਅਕਤੀ ਕੁਮੌਤ ਅਰਥਾਤ ਕਿਸੇ ਦੁਰਘਟਨਾ ਵਿਚ ਮਰ ਜਾਂਦੇ ਹਨ। ਉਨ੍ਹਾਂ ਦੀ ਮੁਕਤੀ ਨਹੀਂ ਹੁੰਦੀ ਅਤੇ ਉਨ੍ਹਾਂ ਦੀ ਆਤਮਾ ਭਟਕਦੀ ਰਹਿੰਦੀ ਹੈ। ਉਹ ਆਤਮਾ ਜਿੰਨ੍ਹ,ਭੂਤ ਤੇ ਚੁੜੇਲ ਦੀ ਜੂਨ ਵਿਚ ਪੈ ਜਾਦੀ ਹੈ। ਇਹ ਅਲੌਕਿਕ ਸ਼ਕਤੀਆਂ ਜਿਨ੍ਹਾਂ ਨੂੰ ਚੰਬੜ ਜਾਂਦੀਆਂ ਹਨ, ਉਨ੍ਹਾਂ ਨੂੰ ਤੰਗ ਕਰਦੀਆਂ ਹਨ। ਉਸ ਵਿਅਕਤੀ ਨੂੰ ਮਾਰ ਕੇ ਹਟਦੀਆਂ ਹਨ। ਇਨ੍ਹਾਂ ਦੀ ਸਿੱਧੀ ਮੰਤਰਾਂ ਰਾਹੀਂ ਕੀਤੀ ਜਾਂਦੀ ਹੈ। ਅਸਲ ਵਿਚ ਇਹ ਕੋਈ ਸ਼ਕਤੀ ਨਹੀਂ ਹੈ। ਜਦੋਂ ਕਦੇ ਕੋਈ ਵਿਅਕਤੀ ਨੂੰ ਤੰਗ ਕਰਨ ਤੋਂ ਨਾ ਹਟਦਾ ਹੋਵੇ ਤਾਂ ਉਸ ਲਈ ਇਹ ਤਾਂ ਕਲਪਿਤ ਕੀਤੇ ਗਏ ਹਨ। ਜਦੋਂ ਸਹਿਤੀ, ਰਾਂਝੇ ਜੋਗੀ ਤੋਂ ਉਸ ਦੀ ਪਛਾਣ ਜਾਣਨ ਲਈ ਪ੍ਰਸ਼ਨ ਪੁੱਛਣੋਂ ਨਹੀਂ ਹਟਦੀ ਤਾਂ ਰਾਂਝਾ ਉਸ ਦੀ ਤੁਲਨਾ ਵੀ ਜਿੰਨ ਨਾਲ ਕਰਦਾ ਹੈ। ਇਸੇ ਤਰ੍ਹਾਂ ਜਦੋਂ ਹੀਰ, ਆਪਣੀ ਸੇਜ ਤੇ ਸੁੱਤੇ ਪਏ ਰਾਂਝੇ ਨੂੰ ਕੁੱਟਦੀ ਹੈ ਤਾਂ ਰਾਂਝਾ ਕਹਿੰਦਾ ਹੈ :

ਵਾਂਗ ਡਾਇਣਾਂ ਪੜੇ ਹੈ ਬੁਰੇ ਮੰਤ੍ਰ
ਲੋੜ ਰਾਂਝੇ ਦੇ ਸਦਾ ਹੀ ਆਉਂਦੀ ਹੈ।

ਹੂਰ, ਪਰੀ, ਅਪਸਰਾ : ਲੋਕ-ਮਨ ਵਿਚ ਇਕ ਵਿਸ਼ਵਾਸ ਪ੍ਰਚਲਿਤ ਹੈ ਕਿ ਸੁਵਰਗ ਲੋਕ ਵਿਚ ਹੂਰਾਂ, ਪਰੀਆਂ ਤੇ ਅਪਸਰਾਂ ਵਸਦੀਆਂ ਸਨ। ਮਧਕਾਲੀਨ ਲੋਕ-ਮਨ ਸਰਲ ਤੇ ਸੁਭਾਵਿਕ ਸੀ, ਜੋ ਇਨ੍ਹਾਂ ਕਥਾਵਾਂ ਨੂੰ ਸੱਚ ਮੰਨ ਕੇ ਇਨ੍ਹਾਂ ਉਪਰ ਵਿਸ਼ਵਾਸ ਕਰ ਲੈਂਦਾ ਸੀ। ਮੁਸਲਮਾਨ ਜੇਤੂਆਂ ਨੇ ਭੋਲੀ ਭਾਲੀ ਜਨਤਾ ਨੂੰ ਅਗਲੇ ਜਨਮਾਂ ਵਿਚ ਹੂਰਾਂ ਮਿਲਣ ਦਾ ਲਾਲਚ ਦੇ ਕੇ ਸੰਸਾਰ ਦੀਆਂ ਲੜਾਈਆਂ ਲਈ ਤਿਆਰ ਕੀਤਾ ਸੀ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਸੀ ਕਿ ਜੇਕਰ ਧਰਮ ਦੀ ਖ਼ਾਤਰ ਲੜਦੇ ਲੜਦੇ ਬੀਰ ਗਤੀ ਪ੍ਰਾਪਤ ਕਰ ਗਏ ਤਾਂ ਅਗਲੇ ਜਨਮ ਸੁਵਰਗ ਵਿਚ ਹੂਰਾਂ ਮਿਲਣਗੀਆਂ। ਹਿੰਦੂ ਮਿਥਿਹਾਸ ਵਿਚ ਵੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੇਵਤਿਆਂ ਦੇ ਮੁੱਖੀ ਇੰਦਰ ਦੇਵਤੇ ਦੇ ਦਰਬਾਰ ਵਿਚ ਵੀ ਅਪਸਰਾ ਨਾਚ ਕਰਦੀਆਂ ਹਨ। ਮੇਨਕਾ ਵੀ ਇੰਦਰ ਦੇ ਅਖਾੜੇ ਦੀ ਅਪਸਰਾ ਸੀ, ਜਿਸ ਨੇ ਰਿਸ਼ੀ ਵਿਸ਼ਵਾ ਮਿਤਰ ਦਾ ਤਪਸਿਆ ਭੰਗ ਕੀਤੀ ਸੀ। ਅਸਲ ਵਿਚ ਅਤਿ ਸੁੰਦਰ ਲੜਕੀ ਲਈ ਇਹ ਨਾਮ ਕਲਪਿਤ ਕੀਤੇ ਜਾਂਦੇ ਹਨ। ਇਨ੍ਹਾਂ ਤਕ ਆਮ ਲੋਕਾਂ ਦੀ ਪਹੁੰਚ ਨਹੀਂ ਹੁੰਦੀ ਸੀ, ਕਿਉਂਕਿ ਰਾਜੇ ਜਾਂ ਉਨ੍ਹਾਂ ਦੇ ਪਿੱਠੂ ਇਨ੍ਹਾਂ ਸੁੰਦਰ ਲੜਕੀਆਂ ਨੂੰ ਆਪਣੇ ਹਰਮਾਂ ਦਾ ਸ਼ਿੰਗਾਰ ਬਣਾ ਲੈਂਦੇ ਸਨ। ਕਾਹਨ ਸਿੰਘ ਹੀਰ ਦੀ ਸੁੰਦਰਤਾ ਨੂੰ ਪਰੀ ਨਾਲ ਤੁਲਨਾ ਕਰਦਾ ਹੈ :

ਨਗਰੋ ਪਾਤਸ਼ਾਹ ਦੀ ਫਿਰੇ ਬੇਟੀ,
ਯਾ ਤਾਂ ਪਰੀ ਬਹਿਸ਼ਤ ਦੇ ਬਾਉਂਦੀ ਹੈ।[35]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਤਰ, ਜੰਤਰ, ਟੂਣਾ, ਟੋਟਕਾ ਤੇ ਜਾਦੂ

ਮੰਤਰ : ਮਨੁੱਖ ਵਿਚ ਸ੍ਵੈ-ਰਖਿਆ ਦੀ ਮੂਲ ਪ੍ਰਵ੍ਰਿਤੀ ਹੈ । ਜਦੋਂ ਮਨੁੱਖ ਦੇ ਸੰਭਵ ਹੀਲੇ ਸ੍ਵੈ-ਰਖਿਆ ਲਈ ਅਸੰਭਵ ਹੋ ਜਾਂਦੇ ਹਨ ਤਾਂ ਮੰਤਰ ਰਾਹੀਂ ਅਲੌਕਿਕ ਪ੍ਰਾਣੀਆਂ ਦੀ ਸਿਧੀ ਕਰਕੇ, ਉਨ੍ਹਾਂ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ । ਇਸ ਬਾਰੇ ਨਿਰਣੇ ਨਾਲ ਨਹੀਂ ਕਿਹਾ ਜਾ ਸਕਦਾ ਹੈ ਕਿ ਮੰਤਰ ਲੋਕ-ਸਮਾਜ ਵਿਚ ਕਦੋਂ ਪ੍ਰਚਲਿਤ ਹੋਏ ਪਰ ਜਿਵੇਂ ਪਿਛਲੇ ਪੰਨਿਆਂ ਉਪਰ, ਚਰਚਾ ਕਰ ਆਏ ਹਾਂ ਕਿ ਭਾਰਤ ਦੇ ਪ੍ਰਾਚੀਨ ਗ੍ਰੰਥਾਂ ਚਾਰ ਵੇਦਾਂ ਵਿਚੋਂ 'ਅਥਰਵੇਦ' ਇਨ੍ਹਾਂ ਜੰਤਰਾਂ, ਤੰਤਰਾਂ ਨਾਲ ਭਰਿਆ ਪਿਆ ਹੈ । ਜਿਨ੍ਹਾਂ ਦੀ ਸਹਾਇਤਾ ਨਾਲ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਕਿਸੇ ਨੂੰ ਵੱਸ ਕੀਤਾ ਜਾ ਸਕਦਾ ਹੈ, ਦੁਸ਼ਮਨ ਨੂੰ ਮਾਰਿਆ ਜਾ ਸਕਦਾ ਹੈ । ਇਹ ਮੰਤਰ ਤੰਤਰ, ਟੂਣੇ ਟੋਟਕੇ ਲੋਕ-ਜੀਵਨ ਦੇ ਪ੍ਰਮੁੱਖ ਅੰਗ ਬਣੇ ਹੋਏ ਹਨ । ਜੀਵਨ ਦੇ ਹਰ ਖੇਤਰ ਵਿਚ ਇਨ੍ਹਾਂ ਦੀ ਉਪਯੋਗਤਾ ਹੁੰਦੀ ਹੈ ।

ਮੰਤਰਾਂ ਦੀ ਸਿਧੀ ਲਈ ਨੀਯਤ ਗਿਣਤੀ ਵਿਚ ਉਨ੍ਹਾਂ ਦਾ ਪਾਠ ਕਰਨਾ ਪੈਂਦਾ ਹੈ । ਇਸ ਲਈ ਉਚਾਰਣ ਸ਼ੁੱਧ ਹੋਣਾ ਚਾਹੀਦਾ ਹੈ । ਜੇਕਰ ਇਸ ਦਾ ਉਚਾਰਣ ਅਸ਼ੁੱਧ ਹੋ ਜਾਵੇ ਤਾਂ ਇਸ ਦਾ ਸਿੱਟਾ ਉਲਟਾ ਵੀ ਹੋ ਸਕਦਾ ਹੈ । ਇਨ੍ਹਾਂ ਦੀ ਸਿਧੀ ਲਈ ਦਿਨ ਰਾਤ ਜਾਗਣਾ ਪੈਂਦਾ ਹੈ, ਕਠਿਨ ਤਪਸਿਆ ਕਰਨੀ ਪੈਂਦੀ ਹੈ । ਕਿੱਸਾ ਕਾਵਿ ਲੋਕ-ਸਹਿਤ 'ਚ ਹੋਣ ਦੇ ਨਾਤੇ, ਇਸ ਲੋਕ ਭਾਵਨਾ ਨਾਲ ਭਰਪੂਰ ਹੈ । ਜਦੋਂ ਹੀਰ ਯੋਜਨਾ ਬੱਧ ਸੱਪ ਲੜਨ ਦਾ ਬਹਾਨਾ ਘੜਦੀ ਹੈ ਤਾਂ ਹੀਰ ਦਾ ਪਤੀ ਸੈਦਾ ਖਾਨ, ਜੋਗੀ (ਰਾਂਝੇ) ਨੂੰ ਘਰ ਲੈ ਕੇ ਆਉਣ ਲਈ ਬੇਨਤੀ ਕਰਦਾ ਹੈ ਤਾਂ ਜੋਗੀ ਉਸ ਦੇ ਸਾਥ ਜਾਣ ਤੋਂ ਇਨਕਾਰ ਕਰਦਾ ਹੋਇਆ ਕਹਿੰਦਾ ਹੈ :

ੳ. ਮੰਤਰ ਮੇਰਾ ਉਸ ਤੇ ਫੁਰੇ ਜੇਹੜੀ ਕੰਜ ਕੁਵਾਰ,
ਮੰਤਰ ਨਾ ਲਗਦਾ ਕਿਸ਼ਨ ਸਿੰਘਾ ਜੋ ਵਿਆਹੀ ਨਾਰ ।[36]

ਅ. ਸਾਡਾ ਮੰਤਰ ਨਾ ਫੁਰੇ ਵਿਆਹੀਆਂ ਤੇ,
ਕੀਤੀ ਅਸਾਂ ਨਾ ਅਸਲ ਦੀ ਬਾਤ ਮਾੜੀ ।

ੲ. ਕਰੀਏ ਰਾਤ ਜਾਗਣ ਅਸੀਂ ਦੋਵੇਂ,
ਨੂਰਾਂ ਦੇਖ ਡਰਦੀ ਨਾਗ ਬਹੁਤ ਆਵਨ ।
ਪੜੇ ਮੰਤ੍ਰ ਜੋਗੀ ਧਿਆਨ ਲਾ ਕੇ,
ਫੂਕ ਡੰਗ ਤੇ ਮਾਰ ਕੇ ਨਸ ਜਾਵਨ ।

ਜਾਦੂ : ਮੰਤਰਾਂ ਦੀ ਸਿਧੀ ਰਾਹੀਂ ਜਾਦੂ ਕੀਤਾ ਜਾਂਦਾ ਹੈ । ਜਾਦੂ ਕਰਨ ਲਈ ਕੁਝ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਜਿਵੇਂ ਦਿਵਾਲੀ ਵਾਲੀ ਰਾਤ, ਲੋਹੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਲੀ ਰਾਤ, ਸੂਰਜ ਜਾਂ ਚੰਦਰਮਾ ਗ੍ਰਹਿਣ ਸਮੇਂ, ਇਨ੍ਹਾਂ ਮੰਤਰਾਂ ਨੂੰ ਨੀਯਤ ਗਿਣਤੀ ਵਿਚ ਪੜ੍ਹਿਆ ਜਾਂਦਾ ਹੈ। ਇਸ ਦੇ ਨਾਲ ਕਈ ਤਰ੍ਹਾਂ ਦੇ ਉਪਾ ਵੀ ਕੀਤੇ ਜਾਂਦੇ ਹਨ। ਇਹ ਜਾਦੂ ਰੋਗਾਂ ਨੂੰ ਦੂਰ ਕਰਨ ਲਈ, ਦੁਸ਼ਮਣ ਨੂੰ ਮਾਰਨ ਲਈ, ਧਨ ਪ੍ਰਾਪਤ ਲਈ, ਕਿਸੇ ਨੂੰ ਵਸ ਕਰਨ ਲਈ ਆਦਿ ਕਈ ਪ੍ਰਕਾਰ ਦਾ ਹੁੰਦਾ ਹੈ। ਜਦੋਂ ਖੇੜੇ ਸਰਦਾਰ, ਰਾਂਝੇ ਤੇ ਹੀਰ ਨੂੰ ਪਕੜ ਕੇ ਅਦਲੀ ਰਾਜੇ ਦੀ ਕਚਹਿਰੀ ਵਿਚ ਲੈ ਜਾਂਦੇ ਹਨ ਤਾਂ ਹੀਰ ਦਾ ਸਹੁਰਾ, ਅਦਲੀ ਰਾਜੇ ਨੂੰ ਦਸਦਾ ਹੈ ਕਿ ਰਾਂਝੇ ਨੇ ਸਾਡੇ ਪੁਰ ਜਾਦੂ ਚਲਾ ਦਿਤਾ ਸੀ। ਜਿਸ ਦੇ ਫ਼ਲਸਰੂਪ ਅਸੀਂ ਹੀਰ ਦੇ ਸੱਪ ਦੇ ਬਹਾਨੇ ਨੂੰ ਸੱਚ ਮੰਨ ਕੇ, ਹੀਰ ਤੇ ਰਾਂਝੇ ਨੂੰ ਇਕੱਠੇ ਰਹਿਣ ਦਿੱਤਾ :

ੳ. ਕਿਤੇ ਪਾਇ ਜਾਦੂ ਕਿ ਤਵੀਤ ਮਾਰੇ,
ਹੋਸ਼ ਰਹੀ ਨਾ ਕੋਈ ਸ਼ੁਮਾਰ ਹੈ ਜੀ।[37]

ਅ. ਕੋਈ ਘਤ ਜਾਦੂ ਸਿਹਰ ਵੱਸ ਕੀਤਾ,
ਅਸੀਂ ਬਾਵਰੇ ਭਏ ਮਸਤਾਕ ਹੈ ਜੀ।

ਸ਼ਗਨ : ਇਹ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਸ਼ਗਨ ਤੇ ਦੂਜਾ ਅਪਸ਼ਗਨ। ਸ਼ਗਨ ਸ਼ੁਭ ਮੰਨਿਆ ਜਾਦਾ ਹੈ ਤੇ ਅਪਸ਼ਗਨ ਅਸ਼ੁਭ ਮੰਨਿਆ ਜਾਂਦਾ ਹੈ। ਸਫ਼ਰ ਤੇ ਤੁਰਨ ਤੋਂ ਪਹਿਲਾਂ ਕਈ ਪ੍ਰਕਾਰ ਦੇ ਸ਼ਗਨ ਤੇ ਅਸ਼ਗਨ ਵਿਚਾਰੇ ਜਾਂਦੇ ਸਨ। ਗਧੇ ਦਾ ਸੱਜੇ ਹੱਥ ਹੀਂਗਣਾ, ਸਿਰ ਉੱਤੇ ਇੱਲਾਂ ਦਾ ਭਾਉਣਾ, ਵਾਣ ਵੱਟਦੇ ਚਮਾਰ ਦਾ ਮਿਲਣਾ, ਰਾਹ ਵਿਚ ਖੜ੍ਹ ਕੇ ਕੁੱਤੇ ਦਾ ਰੋਣਾ, ਰੋਂਦੀਆਂ ਜ਼ਨਾਨੀਆਂ ਦਾ ਮਿਲਣਾ, ਝੋਟੇ ਦਾ ਖੌਰੂ ਪਾਉਣਾ, ਦਿਨੇ ਗਿੱਦੜਾਂ ਦਾ ਹੁਆਂਕਣਾ, ਕੁੱਤੇ ਦਾ ਕੰਨ ਖੜਕਾਉਣਾ, ਨੰਬਰਦਾਰ ਦਾ ਮੱਥੇ ਲੱਗਣਾ, ਮਿਰਾਸੀ ਜਾਂ ਬ੍ਰਾਹਮਣ ਦਾ ਟਕਰਾਣਾ, ਪੁਰਸ਼ ਦੀ ਖੱਬੀ ਅੱਖ ਤੇ ਇਸਤਰੀ ਦੀ ਸੱਜੀ ਅੱਖ ਦਾ ਫਰਕਣਾ ਆਦਿ ਮੰਦੇ ਸ਼ਗਨ ਸਮਝੇ ਜਾਂਦੇ ਹਨ। ਜੋ ਭਵਿੱਖ ਵਿਚ ਆਉਣ ਵਾਲੀਆਂ ਦੁੱਖ ਤਕਲੀਫ਼ਾਂ ਜਾਂ ਮੁਸੀਬਤਾਂ ਦੇ ਸੂਚਿਕ ਮੰਨੇ ਜਾਦੇ ਸਨ। ਜਦੋਂ ਮਿਰਜ਼ੇ ਨੂੰ ਸਾਹਿਬਾਂ ਦੀ ਜੰਞ ਆਉਣ ਦਾ ਸੁਨੇਹਾ ਮਿਲਦਾ ਹੈ ਤਾਂ ਮਿਰਜ਼ਾ ਸਾਹਿਬਾਂ ਦੇ ਹਰਨ ਵਾਸਤੇ, ਝੰਗ ਸਿਆਲ ਨੂੰ ਜਾਣ ਲਈ ਤਿਆਰ ਹੁੰਦਾ ਹੈ, ਤਾਂ ਕੁਝ ਮੰਦੇ ਸ਼ਗਨ ਹੁੰਦੇ ਹਨ। ਜਿਨ੍ਹਾਂ ਨੂੰ ਵੇਖ ਕੇ ਮਿਰਜ਼ੇ ਦੀ ਭੈਣ ਛੱਤੀ ਉਸ ਨੂੰ ਝੰਗ ਸਿਆਲ ਜਾਣ ਤੋਂ ਰੋਕਦੀ ਹੈ ਤੇ ਅਨੁਮਾਨ ਕਰਦੀ ਹੈ ਕਿ ਭਵਿੱਖਤ ਵਿਚ ਮਿਰਜ਼ੇ ਉੱਪਰ ਮੁਸੀਬਤ ਆਉਣ ਵਾਲੀ ਹੈ :

ਕਰੀ ਜਾਣਾ ਤੂੰ ਹੰਕਾਰ, ਕੋਈ ਸ਼ਗਨ ਵਿਚਾਰ,
ਤੈਨੂੰ ਛੱਤੀ ਵਰਜਦੀ ਅੱਗੇ ਢੱਠਾ ਵੇ ਬੜਕਦਾ।
ਸੱਪ ਨਿਉਲੇ ਦੀ ਲੜਾਈ, ਪਈ ਨਜ਼ਰ ਸੀ ਆਈ,
ਵੀਰਾ ਕੁੱਤਾ ਅੱਗੇ ਖੜ੍ਹਾ ਵੇਖ ਕੰਨ ਨੂੰ ਫੜਕਦਾ।
ਜੀਵਾ ਸਿੰਘ ਛੱਤੀ ਕਹੇ ਸ਼ਗਨ ਇਹ ਹੋਏ ਮੰਦੇ,
ਹਟ ਬੈਠੀ ਘਰ ਮੇਰਾ ਪੱਟ ਵੇ ਫੜਕਦਾ।[38]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੱਪਨੇ ਉਪਰ ਵਿਸ਼ਵਾਸ : ਆਮ ਜਨਤਾ ਚੰਗੇ ਮਾੜੇ ਸੁਪਨੇ ਉਪਰ ਵਿਸ਼ਵਾਸ ਕਰਦੀ ਸੀ। ਜੋ ਕੁਝ ਭਵਿੱਖ ਵਿਚ ਵਾਪਰਨ ਵਾਲਾ ਹੁੰਦਾ ਸੀ, ਉਹ ਸੁਪਨੇ ਰਾਹੀਂ ਪਹਿਲਾਂ ਦਿਸ ਜਾਂਦਾ ਸੀ। ਮਿਰਜ਼ਾ ਜਦੋਂ ਸਾਹਿਬਾ ਨੂੰ ਲੈਣ ਲਈ ਝੰਗ ਸਿਆਲ ਜਾਣ ਲਈ ਤਿਆਰ ਹੁੰਦਾ ਹੈ ਤਾਂ ਉਸਦੀ ਮਾਂ ਰੋਕਦੀ ਹੋਈ ਕਹਿੰਦੀ ਹੈ ਕਿ ਅੱਜ ਰਾਤ ਮੈਨੂੰ ਬਹੁਤ ਭੈੜਾ ਸੁੱਪਨਾ ਆਇਆ ਹੈ। ਇਸ ਲਈ ਅੱਜ ਦਾ ਦਿਨ ਟਾਲਾ ਕਰ ਜਾਹ, ਫਿਰ ਭਲਕੇ ਝੰਗ ਸਿਆਲ ਚਲਾ ਜਾਵੀਂ :

ੳ. ਐਸਾ ਖ਼ੁਵਾਬ ਮੰਦਾ ਮੈਨੂੰ ਨਜ਼ਰ ਆਯਾ,
ਮੇਰੀ ਅਕਲ ਤਮਾਮ ਗਵਾ ਦਿਤੀ।
ਥੰਮ ਟੁੱਟ ਸ਼ਤੀਰ ਦਾ ਡਿਗ ਪਿਆ,
ਮੇਰੇ ਬੈਠਣੇ ਦੀ ਜਗਾ ਢਾਹ ਦਿਤੀ।
ਅੱਜ ਜਾਵਨਾ ਭਲਾ ਨਾ ਮੂਲ ਤੈਨੂੰ,
ਅਸਾਂ ਖੋਹਲਕੇ ਗੱਲ ਸੁਣਾ ਦਿਤੀ।
ਸ਼ੇਹਰ ਸਿਆਲ ਨੇ ਕੁਲ ਵੈਰਾਨ ਕੀਤਾ,
ਤੈਨੂੰ ਘੋਲ ਕੇ ਭੰਗ ਪਿਲਾ ਦਿਤੀ।
ਪਛੋਤਾਇਗਾ ਵਕਤ ਵਿਹਾਂਦੜੇ ਨੂੰ,
ਤੇਰੀ ਰੱਬ ਨੇ ਮੱਤ ਉਠਾ ਦਿਤੀ।[39]

ਅ. ਤੇਰੀ ਛਾਤੀ ਬਿਚ ਮਾਰੀ ਤੋੜੀ ਕਾਲੀ ਕਿੰਨੇ,
ਬੱਚਾ ਤੀਮੀਆਂ ਅਨੇਕਾਂ ਆਨ ਬਾਰ ਵਿਚ ਗਾਈ ਬੇ।
ਸੁਜੂ ਸੁਣ ਮਾਂ ਮੰਦੇ ਸੁੱਫਨੇ ਅਨੇਕ ਡਿਠੇ,
ਸੂਰਜ ਤੋਂ ਘਟ ਜਾਣੋ ਹੋਈ ਰੁਸ਼ਨਾਈ ਬੇ।

ਜੋਤਸ਼ੀ ਤੇ ਨਜ਼ੂਮੀ : ਆਮ ਲੋਕ ਜੋਤਸ਼ੀ ਤੇ ਨਜ਼ੂਮੀ ਦੀ ਭਵਿੱਖ ਬਾਣੀ ਉੱਪਰ ਵਿਸ਼ਵਾਸ ਕਰਦੇ ਸਨ, ਤੇ ਉਨ੍ਹਾਂ ਦੇ ਬਚਨਾਂ ਨੂੰ ਸੱਚ ਮੰਨ ਕੇ ਉਨ੍ਹਾਂ ਉੱਤੇ ਅਮਲ ਕਰਦੇ ਸਨ। ਆਧੁਨਿਕ ਯੁਗ ਵਿਚ ਵੀ ਅਸੀਂ ਵੇਖਦੇ ਹਾਂ ਕਿ ਥਾਂ ਥਾਂ ਜੋਤਸ਼ੀ, ਆਪਣੀਆਂ ਦੁਕਾਨਾਂ ਸਥਾਪਿਤ ਕਰੀ ਬੈਠੇ ਹਨ ਤੇ ਉਥੇ ਭੀੜਾਂ ਲੱਗੀਆਂ ਹੁੰਦੀਆਂ ਹਨ। ਹੁਸ਼ਿਆਰਪੁਰ ਤੇ ਬਰਨਾਲੇ ਵਿਖੇ ਭ੍ਰਿਗੂ ਸ਼ਾਸਤਰ ਵਾਲੇ ਭਵਿੱਖ ਬਾਰੇ ਦੱਸਦੇ ਸੁਣੇ ਜਾਂਦੇ ਹਨ। ਕਿੱਸਾ 'ਸੱਸੀ ਪੁੰਨੂੰ' ਵਿਚ ਜਦੋਂ ਸੱਸੀ ਦਾ ਜਨਮ ਹੁੰਦਾ ਹੈ ਤਾਂ ਰਾਜਾ (ਸੱਸੀ ਦਾ ਪਿਤਾ) ਨਜ਼ੂਮੀਆਂ ਨੂੰ ਸੱਦ ਕੇ ਸੱਸੀ ਦੇ ਭਵਿੱਖ ਬਾਰੇ ਪੁੱਛਦਾ ਹੈ। ਜਦੋਂ ਨਜ਼ੂਮੀ ਉਸ ਨੂੰ ਦੱਸਦੇ ਹਨ ਕਿ ਇਹ ਲੜਕੀ ਵੱਡੀ ਹੋ ਕੇ ਇਸ਼ਕ ਕਰੇਗੀ ਤੇ ਆਪਣੇ ਪ੍ਰੇਮੀ ਦੇ ਵਿਯੋਗ ਵਿਚ ਮਾਰੂਥਲ ਵਿਚ ਜਾਨ ਦੇ ਦੇਵੇਗੀ ਤਾਂ ਰਾਜਾ ਨਜ਼ੂਮੀਆਂ ਦੀ ਭਵਿੱਖ ਬਾਣੀ ਉੱਪਰ ਵਿਸ਼ਵਾਸ ਕਰਕੇ, ਸੱਸੀ ਨੂੰ ਸੰਦੂਕ ਵਿਚ ਪਾ ਕੇ ਦਰਿਆ ਵਿਚ ਰੋੜ ਦਿੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. ਖੋਲ੍ਹ ਪੱਤਰੀ ਵਿਚ ਨਜੂਮੀਆਂ ਨੇ,
ਕੀਤੇ ਲਗਨ ਤੇ ਸ਼ਗਨ ਖਿਆਲ ਮੀਆਂ।
ਸਾਇਤ ਸਾਲ ਤੇ ਸਮਾਂ ਵਿਚ ਕੀਤਾ,
ਸਅਦ ਔਸਤ ਸੁਖਨ ਦੇ ਹਾਲ ਮੀਆਂ।[40]

ਅ. ਜੰਮੀ ਲੜਕੀ ਧਰਿਓ ਨੇ ਨਾਮ ਸੱਸੀ,
ਨਜੂਮੀ ਤਾਲਿਆਂ ਦੀ ਖ਼ਬਰ ਦੱਸੀ।
ਇਹਦੇ ਮਸਤਕ ਮੇਂ ਖੂੰਖਾਰੀ ਲਿਖੀ ਹੈ,
ਅਜ਼ਲ ਦੇ ਰੋਜ਼ ਦੀ ਭੈੜੀ ਦੁਖੀ ਹੈ।
ਜੋ ਆਖਰ ਇਸ਼ਕ ਮੇਂ ਬਦਨਾਮੀ ਹੋਸੀ
ਦੁਖਾਂ ਦੇ ਨਾਲ ਬੇ ਅਰਾਮ ਹੋਸੀ।

'ਪੂਰਨ ਭਗਤ' ਵਿਚ ਵੀ ਪੂਰਨ ਦੇ ਜਨਮ ਉੱਪਰ ਜੋਤਸ਼ੀ ਸੱਦੇ ਜਾਂਦੇ ਹਨ। ਉਨ੍ਹਾਂ ਦੇ ਕਹੇ ਅਨੁਸਾਰ ਜੰਮਦੇ ਹੀ ਪੂਰਨ ਨੂੰ ਬਾਰਾਂ ਸਾਲ ਲਈ ਇਕ ਭੋਰੇ ਵਿਚ ਰੱਖਿਆ ਜਾਂਦਾ ਹੈ।

ਸਮੁੱਚੇ ਤੌਰ ਤੇ ਪੰਜਾਬੀ ਕਿੱਸਾ ਸਾਹਿਤ ਵਿਚ ਸੰਸਕ੍ਰਿਤੀ ਨੂੰ ਬਿਆਨ ਕੀਤਾ ਗਿਆ ਹੈ ਇਹ ਬਿਆਨ ਸੁਭਾਵਿਕ ਹੀ ਨਹੀਂ ਆ ਗਿਆ ਹੈ ਸਗੋਂ ਕਿੱਸ਼ਾਕਾਰਾਂ ਨੇ ਚੇਤੰਨ ਹੋ ਕੇ ਕੀਤਾ ਹੈ।

ਹਵਾਲੇ ਅਤੇ ਟਿੱਪਣੀਆਂ

1. 'ਸਭਿਆਚਾਰ : ਮੁੱਢਲੀ ਜਾਣ ਪਛਾਣ', ਪੰਨਾ 17.
2. E B. Tylor, 'Primitive Culture', Vol. I, p. 1.
3. Ibid, p. 1. ਹਵਾਲਾ ਡਾ. ਸਵਰਨ ਸਿੰਘ, 'ਪੰਜਾਬੀ ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ', ਪੰਨਾ 77.
4. 'It is the expression of our nature in our modes of living and of thinking in our everyday inter course in art, in literature, in religion, in recreation and enjoyment'.
5. 'ਸੁਤੰਤਰਤਾ ਅਤੇ ਸੰਸਕ੍ਰਿਤੀ', (ਅਨੁ. ਵਿਸ਼ੰਭਰਨਾਥ ਤ੍ਰਿਪਾਠੀ), ਪੰਨਾ 53.
Macler, 'Society : its Structure and Chauges', p. 226.
6, T. S. Eliot, 'Notes Towards the Definition of Culture',

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

p. 21.

7. 'Our Heritage', p. 6.
8. ਕਿਸ਼ਨ ਸਿੰਘ ਆਰਿਫ਼, 'ਹੀਰ' (ਭਾਗ ਦੂਜਾ), ਪੰਨਾ 14.
9. 'ਭਗਵਾਨ ਸਿੰਘ ਰਚਨਾਵਲੀ', (ਸੰਪ. ਸ. ਸ. ਪਦਮ), ਪੰਨਾ 132.
10. 'ਹੀਰ ਕਾਹਨ ਸਿੰਘ', ਪੰਨਾ 156.
11. ਉਹੀ।
12. ਉਹੀ, ਪੰਨਾ 133.
13. ੳ. ਉਹੀ, ਪੰਨਾ 763.
    ਅ. 'ਭਗਵਾਨ ਸਿੰਘ ਰਚਨਾਵਲੀ' (ਸੰਪ. ਸ. ਸ. ਪਦਮ), ਪੰਨਾ 138.
14. 'ਹੀਰ ਕਾਹਨ ਸਿੰਘ', ਪੰਨਾ 170.
15. 'ਹੀਰ ਕਿਸ਼ਨ ਸਿੰਘ' (ਭਾਗ ਦੂਜਾ), ਪੰਨਾ 18.
16. ੳ. 'ਭਗਵਾਨ ਸਿੰਘ ਰਚਨਾਵਲੀ' (ਸੰਪ. ਸ. ਸ. ਪਦਮ), ਪੰਨਾ 141.
    ਅ. ਗੋਕਲ ਚੰਦ ਸ਼ਰਮਾ, 'ਹੀਰ', ਪੰਨਾ 100.
    ੲ. 'ਹੀਰ ਕਿਸ਼ਨ ਸਿੰਘ' (ਭਾਗ ਦੂਜਾ), ਪੰਨਾ 22.
17. 'ਭਗਵਾਨ ਸਿੰਘ ਰਚਨਾਵਲੀ' (ਸੰਪ. ਸ. ਸ. ਪਦਮ), ਪੰਨਾ 141.
18. ਸਰਜੂ ਰਾਮ ਨਿਰਮਲਾ, ਮਿਰਜ਼ਾ ਸਾਹਿਬਾਂ', ਪੰਨਾ 367.
19. ੳ. 'ਕੀਮਾ ਮਲਕੀ', ਪੰਨਾ 11.
    ਅ. 'ਭਗਵਾਨ ਸਿੰਘ ਰਚਨਾਵਲੀ', (ਸੰਪ. ਸ. ਸ. ਪਦਮ), ਪੰਨਾ 134.
20. ੳ. ਉਹੀ।
    ਅ. 'ਹੀਰ ਕਾਹਨ ਸਿੰਘ', ਪੰਨਾ 163.
    ੲ. 'ਹੀਰ ਕਿਸ਼ਨ ਸਿੰਘ' (ਭਾਗ ਦੂਜਾ), ਪੰਨਾ 21.
21. ਸਰਜੂ ਰਾਮ ਨਿਰਮਲਾ, 'ਮਿਰਜ਼ਾ ਸਾਹਿਬਾਂ', ਪੰਨਾ 77.
22. 'ਹੀਰ ਕਾਹਨ ਸਿੰਘ', ਪੰਨਾ 1.
23. 'ਹੀਰ ਲਾਹੌਰੀ', ਪੰਨਾ 1.
24. ਸਲੋਕ ਜੈਦੇਵ, 'ਆਦਿ ਗ੍ਰੰਥ', ਪੰਨਾ 1106.
25. ਸਲੋਕ ਫ਼ਰੀਦ, ਉਹੀ, ਪੰਨਾ 1381.
26. ਕਾਲੀਦਾਸ, 'ਪੂਰਨ ਭਗਤ', ਪੰਨਾ 63.
27. ਉਹੀ, ਪੰਨਾ 19.
28. ਉਹੀ ਪੰਨਾ 30.
29. ਕੇਹਰ ਸਿੰਘ, 'ਕੇਹਰ ਕਟਾਰ', ਪੰਨਾ 7.
30. ਕਾਲੀਦਾਸ, 'ਪੂਰਨ ਭਗਤ', ਪੰਨਾ 70

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

31. 'ਹੀਰ ਕਾਹਨ ਸਿੰਘ', ਪੰਨਾ 424.
32. 'ਹੀਰ ਅਹਿਮਦ', ਪੰਨਾ 192.
33. 'ਹੀਰ ਮੁਕਬਲ', ਪੰਨਾ 12.
34. 'ਹੀਰ ਕਾਹਨ ਸਿੰਘ', ਪੰਨਾ 424.
35. ਉਹੀ, ਪੰਨਾ 41.
36. ੳ. 'ਹੀਰ ਕਿਸ਼ਨ ਸਿੰਘ', (ਭਾਗ ਦੂਜਾ), ਪੰਨਾ 37.
    ਅ. 'ਹੀਰ ਕਾਹਨ ਸਿੰਘ', ਪੰਨਾ 408.
    ੲ. ਉਹੀ, ਪੰਨਾ 420.
37. ੳ. ਉਹੀ, ਪੰਨਾ 422.
    ਅ. ਉਹੀ, ਪੰਨਾ 429.
38. ਜੀਵਾ ਸਿੰਘ, 'ਮਿਰਜ਼ਾ ਸਾਹਿਬਾਂ', ਪੰਨੇ 33–39.
39. ੳ. ਸ਼ੇਰ ਮੁਹੰਮਦ, 'ਮਿਰਜ਼ਾ ਸਾਹਿਬਾਂ', ਪੰਨਾ 83.
    ਅ. ਸਰਜੂ ਰਾਮ ਨਿਰਮਲਾ, 'ਮਿਰਜ਼ਾ ਸਾਹਿਬਾਂ', ਪੰਨਾ 40.
40. ੳ. ਫਜ਼ਲ ਸ਼ਾਹ, 'ਸੱਸੀ ਪੁੰਨੂੰ', ਪੰਨਾ 11.
    ਅ. ਗੁਲਾਮ ਰਸੂਲ, 'ਸੱਸੀ ਪੁੰਨੂੰ', ਪੰਨਾ 6.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਿੱਸਾ ਕਾਵਿ ਵਿਚ ਰਾਜ ਭਗਤੀ

ਸਾਹਿਤ ਅਤੇ ਸਮਾਜ ਦਾ ਆਪਸੀ ਰਿਸ਼ਤਾ ਅਟੁੱਟ ਹੈ। ਇਸ ਤੋਂ ਵੀ ਮੁਨਕਰ ਨਹੀਂ ਹੋਇਆ ਜਾਂਦਾ ਕਿ ਦੋਹਾਂ ਦੀ ਆਪਣੀ, ਆਪਣੀ ਖੁਦਮੁਖਤਿਆਰ ਹਸਤੀ ਵੀ ਹੁੰਦੀ ਹੈ, ਪਰ ਇਸ ਦੇ ਨਾਲ ਹੀ ਇਹ ਗੱਲ ਵੀ ਵਿਚਾਰ ਗੋਚਰੀ ਹੈ ਕਿ ਸਾਹਿਤਕਾਰ, ਸਮਾਜ ਦਾ ਇਕ ਜੁਜ਼ ਹੁੰਦਿਆਂ ਹੋਇਆਂ, ਸਮਾਜ ਦੇ ਉਤਰਾ ਚੜ੍ਹਾ ਦੇ ਪ੍ਰਭਾਵਾਂ ਤੋਂ ਕਿਵੇਂ ਅੱਖਾਂ ਮੀਚ ਸਕਦਾ ਹੈ। ਪ੍ਰਸਿੱਧ ਸਾਹਿਤ ਸ਼ਾਸਤਰੀ Austern Warren ਨੇ ਆਪਣੀ ਪੁਸਤਕ Theory of Litenature ਵਿਚ ਸਾਹਿਤ ਤੇ ਸਮਾਜ ਦੇ ਰਿਸ਼ਤੇ ਨੂੰ ਸਪੱਸ਼ਟ ਕਰਨ ਲਈ, ਇਸ ਸੰਬੰਧ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਸਾਹਿਤਕਾਰ, ਸਮਾਜ ਦਾ ਇਕ ਅੰਗ ਹੈ, ਉਹ ਆਪਣੀ ਰਚਨਾ ਲਈ ਵਿਸ਼ਾ ਵਸਤੂ ਸਮਾਜ ਵਿਚੋਂ ਲੈਂਦਾ ਹੈ ਅਤੇ ਆਪਣੀ ਰਚਨਾ ਨੂੰ ਪਾਠਕ-ਵਰਗ ਦੀ ਰੁਚੀ ਅਨੁਸਾਰ ਢਾਲਦਾ ਹੈ । ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਵੀ ਆਖ ਸਕਦੇ ਹਾਂ ਕਿ ਸਾਹਿਤਕਾਰ ਦੀ ਰਚਨਾ ਵਿਚ ਆਪਣੇ ਸਮਕਾਲੀ ਸਮਾਜ ਦੀ ਟੁਣਕਾਰ ਹੁੰਦੀ ਹੈ। ਕਿਸੇ ਵੀ ਰਚਨਾ ਦਾ ਸਹੀ ਮੁੱਲ ਪਾਉਣ ਲਈ ਉਸ ਕਾਲ ਦੀਆਂ ਰਾਜਨੀਤਕ, ਸਮਾਜਕ ਤੇ ਆਰਥਿਕ ਪ੍ਰਸਥਿਤੀਆਂ ਉਪਰ ਇਕ ਸੰਖੇਪ ਝਾਤ ਮਾਰ ਲੈਣੀ ਜ਼ਰੂਰੀ ਹੋ ਜਾਂਦਾ ਹੈ।

ਪੰਜਾਬੀ ਕਿੱਸਾ ਕਾਵਿ ਵਿਚ ਦੇਸ਼ ਭਗਤੀ ਦੀ ਥਾਂ, ਰਾਜ ਭਗਤੀ ਦੀ ਭਾਵਨਾ 1850 ਈ. ਤੋਂ ਮਗਰੋਂ, ਜਦੋਂ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ, ਵਿਖਾਈ ਦੇਂਦੀ ਸੀ। ਅੰਗਰੇਜ਼ ਕੋਈ ਪਹਿਲਾ ਬਦੇਸ਼ੀ ਸ਼ਾਸਕ ਨਹੀਂ ਸੀ, ਇਸ ਦੇਸ਼ ਉਪਰ ਸਦੀਆਂ ਤੋਂ ਹੀ ਬਦੇਸ਼ੀ ਸ਼ਾਸਕ ਹਕੂਮਤ ਕਰਦੇ ਆ ਰਹੇ ਸਨ ਪਰ ਉਹ ਬਦੇਸ਼ੀ, ਕੁਝ ਸਾਲਾਂ ਮਗਰੋਂ ਦੇਸੀ ਬਣ ਜਾਂਦੇ ਸਨ। ਜਿਨ੍ਹਾਂ ਨਾਲ ਇਥੋਂ ਦੇ ਵਾਸੀਆਂ ਦੀ ਮਾਨਸਿਕ ਸਾਂਝ ਹੋ ਜਾਂਦੀ ਸੀ ਪਰ ਅੰਗਰੇਜ਼ ਸਦੀਆਂ ਦੀ ਹਕੂਮਤ ਦੇ ਬਾਵਜੂਦ ਵੀ ਭਾਰਤੀਆਂ ਵਾਸਤੇ ਅਜਨਬੀ ਹੀ ਰਹੇ। ਖੈਰ, ਗੱਲ ਇਹ ਹੈ ਕਿ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਚਣ ਤੋਂ ਮਗਰੋਂ ਤੇ ਅੰਗਰੇਜ਼ਾਂ ਦਾ ਪੰਜਾਬ ਉਪਰ ਕਬਜ਼ਾ ਕਰਨ ਤੋਂ ਪਹਿਲਾਂ, ਭਾਵ ਦਸ ਸਾਲ (1839-49 ਈ.) ਪੰਜਾਬ ਵਿਚ ਅਸ਼ਾਂਤੀ ਤੇ ਗੜਬੜ ਦਾ ਸਮਾਂ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ, ਜਿਸ ਨਾਲ ਆਮ ਸ਼ਹਿਰੀ ਦੀ ਜਾਨ ਤੇ ਮਾਲ ਦੀ ਕੋਈ ਸੁਰੱਖਿਆ ਨਹੀਂ ਸੀ। ਅੰਗਰੇਜ਼ਾਂ ਨੇ ਪੰਜਾਬ ਉਪਰ ਕਬਜ਼ਾ ਕਰਨ ਉਪਰੰਤ ਇਥੋਂ ਦੇ ਹਾਲਾਤ ਦਾ ਜਾਇਜ਼ਾ ਲਿਆ ਤੇ ਅਨੁਭਵ ਕੀਤਾ ਕਿ ਇਸ ਧਰਤੀ ਉਪਰ ਆਪਣਾ ਰਾਜ ਚਿਰ ਸਥਾਈ ਬਣਾਈ ਰੱਖਣ ਲਈ, ਇਸ ਇਲਾਕੇ ਵਿਚ ਮੁੜ ਅਮਨ ਤੇ ਸ਼ਾਂਤੀ ਬਹਾਲ ਕਰਨੀ ਆਵੱਸ਼ਕ ਹੈ। ਇਸ ਮੰਤਵ ਲਈ ਪੰਜਾਬ ਦਾ ਰਾਜ ਪ੍ਰਬੰਧ ਚਲਾਉਣ ਲਈ ਤਿੰਨ ਮੈਂਬਰੀ ਕਮੇਟੀ ਬਣਾਈ, ਜਿਸ ਨੇ ਇਸ ਸੁਯੋਗਤਾ ਨਾਲ ਰਾਜ ਪ੍ਰਬੰਧ ਵਿਚ ਸੁਧਾਰ ਕੀਤਾ ਕਿ ਕੁਝ ਕੁ ਸਾਲਾਂ ਵਿਚ ਹੀ ਪੰਜਾਬ ਵਿਚ ਸ਼ਾਂਤੀ ਸਥਾਪਤ ਹੋ ਗਈ। ਲੋਕ ਅੰਗਰੇਜ਼ੀ ਸਰਕਾਰ ਦੇ ਗੁਣ ਗਾਉਣ ਲੱਗ ਪਏ :

ੳ. ਥਾਣਾ ਹੈ ਨਥਾਣਾ ਮੋਗਾ ਆਖਦੇ ਤਸੀਲ ਸਾਰੇ,
ਗੋਰਿਆਂ ਦਾ ਰਾਜ ਜਿਥੇ ਇਕ ਨਾ ਨਰਾਜ਼ ਹੈ। ੧।

ਅ. ਏਸ ਸਮੇਂ ਦੇ ਵਿਚ ਹੈ, ਖ਼ੂਬ ਰਾਜ ਅੰਗਰੇਜ਼,
ਹਾਸਲ ਹੁਕਮ ਸਵਾਇਆ, ਹਰ ਪਾਸੇ ਤਪ ਤੇਜ਼,
ਜ਼ੁਲਮ ਨਾ ਕੋਈ ਕਰ ਸਕੇ, ਨਾ ਕੋਈ ਸਖਤ ਸਤੇਜ,
ਸੂਲੀ ਦੇਵਨ ਪਕੜ ਕੇ, ਜੋ ਹੋਵੇ ਖ਼ੂੰਰੇਜ਼,

ੲ. ਬਾਦਸ਼ਾਹੀ ਅੰਗਰੇਜ਼ ਦੀ ਬਹੁਤ ਚੰਗੀ,
ਐਸੇ ਅਮਲ ਮੇ ਅਮਲ ਕਮਾਵਸਾਂ ਮੈਂ। ੩।

ਅਮਨ ਸਥਾਪਤ ਕਰਨ ਲਈ ਚੋਰਾਂ ਤੇ ਡਾਕੂਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਗਈਆਂ। ਅਪਰਾਧੀਆਂ ਦੇ ਮਨਾਂ ਵਿਚ ਇਕ ਦਹਿਸ਼ਤ ਬੈਠਾ ਦਿਤੀ, ਜਿਸ ਦਾ ਪ੍ਰਮਾਣ ਸਾਨੂੰ ਬਰਦਾ ਪਿਸ਼ੌਰੀ ਦੀ ਕਾਵਿ-ਰਚਨਾ ਵਿਚੋਂ ਮਿਲਦਾ ਹੈ :

ਜੀਮ, ਜੇਲ੍ਹ ਖਾਨਾ ਰਾਵਲ ਪਿੰਡੀ ਵਾਲਾ,
ਜਿਦ੍ਹੀਆਂ ਕੋਠੀਆਂ ਗਿਣਾਂ ਤੇ ਹੈਣ ਚਾਲੀ
ਪੰਜ ਸੱਤ ਕੈਦੀ ਰੋਜ਼ ਆਉਂਦੇ ਨੇ,
ਕਈ ਦਿਨ ਨਾ ਜਾਂਦਾ ਏ ਮੂਲ ਖਾਲੀ।
ਬਾਰਾਂ ਸੇਰ ਦੇਂਦੇ ਛੋਲੇ ਪਸੀਨੇ ਨੂੰ,
ਮੂੰਹ ਆਈ ਜ਼ਰਦੀ ਅੱਖੀਂ ਆਈ ਲਾਲੀ।
ਬਰਦਾ ਆਖਦਾ ਯਾਰੋ ਅੰਗਰੇਜ਼ ਡਾਢੇ,
ਜਿਨ੍ਹਾਂ ਸੈਆਂ ਜਵਾਨਾਂ ਦੀ ਉਮਰ ਗਾਲੀ।

ਕੇਹਰ ਸਿੰਘ ਨੇ ਆਪਣੇ ਕਿੱਸੇ 'ਜਿਉਣੇ ਮੌੜ' ਵਿਚ ਮਾਂ ਧੀ ਦੀ ਵਾਰਤਾਲਾਪ ਰਾਹੀਂ ਅੰਗਰੇਜ਼ੀ ਰਾਜ ਵਿਚ ਸਖਤੀ ਦਾ ਬਿਆਨ ਕੀਤਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜ਼ ਤੂੰ ਸੁਣਾਵਦੀ ਦਿਖਾਈ ਮੈਨੂੰ ਮੌੜ ਮਾਏ,
ਇਹ ਅੰਗਰੇਜ਼ਾਂ ਨੇ ਕਿਕਰ ਜੱਟ ਜਰਿਆ ਨੀ,...

ਜਿਹੜੇ ਲੈ ਰਾਜੇ ਹੀ ਰੱਯਤ ਸਭੀ ਕੇਹਰ ਸਿੰਘਾ,
ਜਿਹੜਾ ਹੋਇਆ ਆਕੀ ਜਾਣ ਸੋਈ ਮਾਰਿਆ ਨੀ।

ਬ੍ਰਿਟਿਸ਼ ਪਾਰਲੀਮੈਂਟ ਨੇ 1857 ਵਿਚ (Act for the Better Govt. of India) ਪਾਸ ਕੀਤਾ, ਜਿਸ ਦੇ ਆਧਾਰ ਤੇ ਮਲਕਾ ਵਿਕਟੋਰੀਆ ਨੇ ਭਾਰਤ ਦਾ ਰਾਜ ਈਸਟ ਇੰਡੀਆ ਕੰਪਨੀ ਤੋਂ ਲੈ ਕੇ, ਆਪਣੇ ਅਧੀਨ ਕਰ ਲਿਆ। ਜਿਸ ਦਾ ਭਾਰਤੀਆਂ ਨੇ ਹਾਰਦਿਕ ਸਵਾਗਤ ਕੀਤਾ। ਇਸ ਕਾਲ ਤੋਂ ਮਗਰੋਂ ਰਚੇ ਅਨੇਕਾਂ ਕਿੱਸਿਆਂ ਵਿਚ ਮਹਾਰਾਣੀ ਵਿਕਟੋਰੀਆ ਦੇ ਸ਼ਾਸਨ ਦੀ ਪ੍ਰਸੰਸਾ ਅਤੇ ਅੰਗਰੇਜ਼ ਅਫ਼ਸਰਾਂ ਦੀ ਸੁਵਾਮੀ ਭਗਤ ੀ ਮਿਲਦੀ ਹੈ। ਸਾਧੂ ਈਸ਼ਰ ਦਾਸ ਨੇ ਆਪਣੇ ਕਿੱਸੇ 'ਰੇਲ ਗੱਡੀ' ਵਿਚ ਮਲਕਾ ਵਿਕਟੋਰੀਆ ਨੂੰ ਤ੍ਰਿਜਟੀ ਸੁਸਰਮਾ ਦਾ ਅਵਤਾਰ, ਜਿਸ ਨੇ ਸੀਤਾ ਮਾਤਾ ਦੇ ਵਰਦਾਨ ਨਾਲ ਕਲਿਯੁਗ ਵਿਚ ਜਨਮ ਲਿਆ, ਬਿਆਨ ਕੀਤਾ ਹੈ :

ਦਿਤਾ ਵਰ ਸੀਤਾ ਜੀ ਨੇ ਤ੍ਰਿਜਟੀ ਸੁਸਰਮਾ ਤਾਈਂ,
ਹੁਕਮ ਚਲਾਈਂ ਸਾਰੇ ਕਲਿਯੁਗ ਜਾਇ ਕੇ।
ਸੂਰ ਸਮ ਤੇਜ ਰੂਪ ਚੰਦ ਤੂੰ ਅਸੀਲ ਵੰਡ,
ਮੇਰੇ ਹੀ ਸਮਾਨ ਭੈਣੇ ਰਚੰ ਛੱਤਰ ਬਾਰੇ ਕੇ।
ਸਰਵਨ ਸਮਾਨ ਸੱਤ ਪੁੱਤ ਸੱਤ ਦੀਪ ਰਾਜਾ,
ਹੋਇਗੀ ਸ਼ਤ੍ਰਜੀਤ ਮੇਰੇ ਵਰ ਪਾਇ ਕੇ।
ਹੋਇਗੀ ਸੌਦਾਗਰ ਉਜਾਗਰ ਜਹਾਨ ਵਿਚ,
ਬਖ਼ਸ਼ੇ ਬਬਾਣ ਮਰੀ ਗਣ ਸੁਰਮਾਇ ਕੇ।

ਰਾਜ ਭਗਤੀ ਦੀ ਭਾਵਨਾ ਖਾਸ ਕਰਕੇ ਇਸ ਕਾਲ ਵਿਚ ਰਚੇ ਬੀਰ ਰਸੀ ਕਿੱਸਿਆਂ ਵਿਚ ਵੇਖੀ ਜਾ ਸਕਦੀ ਹੈ। ਅਜੇ ਕੁਝ ਸਾਲ ਹੀ ਹੋਏ ਸਨ ਕਿ ਪੰਜਾਬ ਦੇ ਲੋਕ-ਕਵੀ, ਸ਼ਾਹ ਮੁਹੰਮਦ ਨੇ ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ ਨੂੰ ਹੇਠ ਲਿਖੀਆਂ ਪੰਕਤੀਆਂ ਰਾਹੀਂ ਦੁਰਕਾਰਿਆ ਸੀ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੀ ਨਹੀਂ ਸੀ ਤੀਸਰੀ ਜ਼ਾਤ ਆਈ।

ਹੁਣ ਉਸ ਦੇ ਛੋਟੇ ਵੀਰ ਪੰਜਾਬੀ ਕਵੀ ਅੰਗਰੇਜ਼ ਹਕੂਮਤ ਦੀ ਸ਼ਲਾਘਾ ਕਰਦੇ ਹੀ ਨਹੀਂ ਥੱਕਦੇ ਸਨ ਕਿਉਂਕਿ ਇਨ੍ਹਾਂ ਕੁਝ ਸਾਲਾਂ ਵਿਚ ਪਰਿਸਥਿਤੀਆਂ ਬਦਲ ਗਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਨ। ਇਨ੍ਹਾਂ ਪੰਜਾਹ ਸਾਲਾਂ (1850-1900 ਈ.) ਵਿਚ ਅੰਗਰੇਜ਼ੀ ਸਰਕਾਰ ਨੂੰ ਪੰਜਾਬ ਦੀਆਂ ਸਰਹੱਦਾਂ ਚਿਤ੍ਰਾਲ—ਤਰੀਹਤ, ਮਾਲਾਕੰਡਾ, ਚਕੱਦਰਾ, ਪੰਜਕੋੜੇ ਆਦਿ ਸਥਾਨ ਉਪਰ ਕੁਝ ਲੜਾਈਆਂ ਲੜਨੀਆਂ ਪਈਆਂ ਸਨ। ਜਿਨ੍ਹਾਂ ਨਾਲ ਪੰਜਾਬ ਜਾਂ ਪੰਜਾਬੀਆਂ ਦਾ ਸਿੱਧਾ ਕੋਈ ਸੰਬੰਧ ਨਹੀਂ ਸੀ ਕਿਉਂਕਿ ਉਸ ਵੇਲੇ ਪੰਜਾਬ ਗੁਲਾਮ ਹੋ ਗਿਆ ਸੀ ਤੇ ਇਸ ਦੀ ਰਾਖੀ ਦਾ ਕੰਮ ਇਸ ਦੇ ਨਵੇਂ ਬਣੇ ਮਾਲਕ ਅੰਗਰੇਜ਼ ਦੇ ਸਿਰ ਉਪਰ ਸੀ। ਫਿਰ ਵੀ ਜੋ ਪੰਜਾਬੀ ਨੌਜਵਾਨ ਅੰਗਰੇਜ਼ੀ ਸਰਕਾਰ ਦੀ ਫੌਜ ਵਿਚ ਨੌਕਰੀ ਕਰਦੇ ਸਨ, ਉਨ੍ਹਾਂ ਨੇ ਸੈਨਿਕ ਦੇ ਨਾਤੇ ਇਨ੍ਹਾਂ ਲੜਾਈਆਂ ਵਿਚ ਭਾਗ ਲਿਆ।

ਇਨ੍ਹਾਂ ਵਿਚ ਜੋ ਸੈਨਿਕ, ਕਵੀ-ਬਿਰਤੀ ਦੇ ਵਿਅਕਤੀ ਸਨ, ਉਨ੍ਹਾਂ ਨੇ ਇਨ੍ਹਾਂ ਲੜਾਈਆਂ ਦੀਆਂ ਅੱਖੀਂ ਵੇਖੀਆਂ ਘਟਨਾਵਾਂ ਦਾ ਬੀਰ ਰਸੀ ਕਾਵਿ ਵਿਚ ਬਿਆਨ ਕੀਤਾ ਹੈ। ਜਿਥੇ ਦੇਸ਼ ਭਗਤੀ ਦੀ ਭਾਵਨਾ ਨੂੰ ਸਥਿਰ ਰੱਖਣ ਲਈ ਮਾਤ-ਭੂਮੀ ਦੀ ਰੱਖਿਆ ਦਾ ਸਿਧਾਂਤ ਪੇਸ਼ ਕੀਤਾ ਸੀ। ਉਥੇ ਰਾਜ ਭਗਤੀ ਦੀ ਭਾਵਨਾ ਨੂੰ ਸਥਿਰ ਰੱਖਣ ਲਈ ਨਿਮਕਹਲਾਲੀ ਦਾ ਨੈਤਿਕ ਸਿਧਾਂਤ ਪੇਸ਼ ਕੀਤਾ ਗਿਆ ਹੈ। ਸੂਬੇਦਾਰ ਵਧਾਵਾ ਸਿੰਘ 'ਜੰਗ ਮੁਹਿੰਮ ਚਿਤ੍ਰਾਲ' ਦੇ ਪਹਿਲੇ ਪੰਨੇ ਉਪਰ ਆਪਣਾ ਕਿੱਸਾ ਲਿਖਣ ਦਾ ਮਨੋਰਥ ਪ੍ਰਗਟ ਕਰਦਾ ਹੋਇਆ ਲਿਖਦਾ ਹੈ, 'ਇਸ ਦੇ ਪੜ੍ਹਨੇ ਤੇ ਅੰਗਰੇਜ਼ੀ ਜੰਗੀ ਅਫ਼ਸਰ ਅਤੇ ਦੇਸੀ ਅਹੁਦੇਦਾਰ ਅਤੇ ਸਿਪਾਹੀਆਂ ਦੀ ਬਹਾਦਰੀ ਦਾ ਸਰਕਾਰ ਅਤੇ ਦੇਸੀ ਭਾਈਆਂ ਨੂੰ ਗਯਾਨ ਹੋ ਜਾਵੇਗਾ ਕਿ ਦੇਸੀ ਬਹਾਦਰ ਸਿਪਾਹੀ ਆਪਣੀ ਗਵਰਮਿੰਟ ਦੀ ਔਖੇ ਸਮੇਂ ਵਿਚ ਨਿਮਕ ਹਲਾਲੀ ਨਾਲ ਕਿਹੋ ਜਿਹੀ ਸਹਾਯਤਾ ਕਰਦੇ ਹਨ ਅਤੇ ਆਪਣੀਆਂ ਪਿਆਰੀਆਂ ਜਾਨਾਂ ਨੂੰ ਗਵਰਮਿੰਟ ਦੀ ਫਤੇ ਪਿਛੇ ਕਿਸ ਤਰ੍ਹਾਂ ਕੁਰਬਾਨ ਕਰਦੇ ਸਨ।'

ਇਹ ਆਪਣੇ ਮਾਲਕ ਦੀ ਸੇਵਾ ਕਰਨਾ ਹੀ ਆਪਣਾ ਪਰਮ-ਕਰਮ ਸਮਝਦੇ ਸਨ। ਉਨ੍ਹਾਂ ਦੇ ਹਿਰਦਿਆਂ ਵਿਚ ਇਹ ਧਾਰਨਾ ਬਣ ਚੁੱਕੀ ਸੀ ਕਿ ਜਿਵੇਂ ਅੰਗਰੇਜ਼ੀ ਸਰਕਾਰ ਦੇ ਕਰਮਚਾਰੀ ਹਾਂ ਉਸ ਪ੍ਰਤੀ ਵਫ਼ਾਦਾਰ ਰਹਿਣਾ, ਸਾਡਾ ਨੈਤਿਕ ਫਰਜ਼ ਹੈ। ਇਸ ਲਈ ਉਹ ਨਿਮਕ ਹਲਾਲੀ ਦਾ ਇਜ਼ਹਾਰ ਕਰਦੇ ਹਨ। ਇਨ੍ਹਾਂ ਸੈਨਿਕ ਕਵੀਆਂ ਨੇ ਕਿਤੇ ਨਹੀਂ ਲਿਖਿਆ ਕਿ ਅਸੀਂ ਦੇਸ਼ ਦੀ ਸੁਤੰਤਰਤਾ ਜਾਂ ਇੱਜ਼ਤ ਤੇ ਆਬਰੂ ਲਈ ਲੜ ਰਹੇ ਹਾਂ। ਵਧਾਵਾ ਸਿੰਘ 'ਜੰਗ ਮੁਹਿੰਮ ਚਿਤਰਾਲ' ਵਿਚ ਲਿਖਦਾ ਹੈ :

ਓਹਦੇਦਾਰ ਸਿਪਾਹੀ ਦਲੇਰ ਹੂਏ.
ਹੁਕਮ ਅਫ਼ਸਰਾਂ ਦਾ ਮਨਜ਼ੂਰ ਕਰਕੇ।
ਲੱਗੇ ਲੜਨ ਹੁਣ ਨਿਮਕ ਹਲਾਲ ਕਰਸਨ,
ਕਦਮ ਆਪਣਾ ਤੇਜ਼ ਤਰਾਰ ਕਰਕੇ।
ਲੱਗਾ ਹੋਣ ਮੁਕਾਬਲਾ ਜੰਗ ਵਾਲਾ,
ਆਮੋਂ ਸਾਮ੍ਹਣੇ ਅੰਦਰ ਨੂੰ ਆਉਣ ਕਰਕੇ।
ਵਧਾਵਾ ਸਿੰਘ ਸਰਦਾਰ ਚਿਤ੍ਰਾਲ ਕਾਰਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗਾ ਜੁਧ ਹੋਵਨ ਕਈ ਲਊ ਮਜ਼ਾ ਕਰਕੇ ।

ਉਪਰ ਚਰਚਾ ਕਰ ਆਏ ਹਾਂ ਕਿ ਇਨ੍ਹਾਂ ਕਿੱਸਾਕਾਰਾਂ ਦਾ ਹਿੱਤ ਆਪਣੇ ਅੰਨਦਾਤਾ ਨਾਲ ਜੁੜਿਆ ਹੋਣ ਦੇ ਨਾਤੇ, ਇਨ੍ਹਾਂ ਕਿੱਸਾਕਾਰਾਂ ਨੇ ਆਪਣੇ ਮਾਲਕਾਂ (ਅੰਗਰੇਜ਼ਾਂ) ਦੇ ਕੰਮਾਂ ਦੀ ਪ੍ਰਸੰਸਾ ਕੀਤੀ ਹੈ । ਇਸ ਵੰਨਗੀ ਦਾ ਪਹਿਲਾ ਕਿੱਸਾ 'ਜੰਗ ਪੂਰਬੀਆਂ' (ਗਦਰ ਦਿੱਲੀ), ਦਾ ਕ੍ਰਿਤ ਕਵੀ ਖਜਾਨ ਸਿੰਘ ਮਿਲਦਾ ਹੈ । ਜਿਸ ਵਿਚ ਪਹਿਲੀ 'ਜੰਗੇ-ਆਜ਼ਾਦੀ' ਦਾ ਹਾਲ ਬਿਆਨ ਕੀਤਾ ਗਿਆ ਹੈ । ਜੋ ਕਵੀ ਖਜਾਨ ਸਿੰਘ ਨੇ ਮਹਾਰਾਜਾ ਨਰਿੰਦਰ ਸਿੰਘ ਦੇ ਆਦੇਸ਼ ਉਤੇ ਅੰਗਰੇਜ਼ ਅਫ਼ਸਰਾਂ ਨੂੰ ਖੁਸ਼ ਕਰਨ ਲਈ ਲਿਖਿਆ ਸੀ । ਕਵੀ ਅੰਗਰੇਜ਼ੀ ਸਰਕਾਰ ਦੇ ਵਿਰੁਧ ਲੜਨ ਵਾਲੇ ਭਾਰਤੀ ਸੁਤੰਤਰ ਸੈਨਾਨੀਆਂ ਨੂੰ ਮੂਰਖ ਦੱਸਦਾ ਹੈ :

ਸਾਰੇ ਰਲ ਕੇ ਨਾਲ ਸਲਾਹ ਕਰਕੇ,
ਸਮਾਂ ਜੰਗ ਦਾ ਚੁੱਕ ਬਣਾਇਓ ਈ ।
ਕਵੀ ਸਿੰਘ ਆਖੇ ਉਨ੍ਹਾਂ ਮੂਰਖਾਂ ਨੂੰ,
ਮਾਰ ਹੋਣੀ ਅਕਲ ਭੁਲਾਇਓ ਈ ।

ਦੁਖੀ ਹਿਰਦੇ ਨਾਲ ਸ਼ਾਹ ਮੁਹੰਮਦ, ਲਾਹੌਰ ਦਰਬਾਰ ਦੀਆਂ ਫੌਜਾਂ ਦੇ ਸੈਨਿਕਾਂ ਨੂੰ 'ਭੂਤ ਮੰਡਲੀ', 'ਬੇਮੁਹਾਰੇ ਊਠ' ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦਾ ਹੈ, ਕਿਉਂਕਿ ਉਨ੍ਹਾਂ ਦੀ ਆਪਸੀ ਫੁਟ ਕਾਰਣ ਹੀ ਪੰਜਾਬ ਦੀ ਸੁਤੰਤਰਤਾ ਖ਼ਤਮ ਹੋਈ ਹੈ । ਇਥੇ ਕਵੀ ਖਜਾਨ ਸਿੰਘ ਆਜ਼ਾਦੀ ਦੇ ਪਰਵਾਨਿਆਂ ਨੂੰ 'ਭੂਤ ਮੰਡਲੀ' ਦਾ ਨਾਮ ਦਿੰਦਾ ਹੈ । ਕਵੀ ਅਨੁਸਾਰ, ਇਨ੍ਹਾਂ ਨੇ ਸੁਖੀ ਵੱਸਦੇ ਦੇਸ਼ ਵਾਸੀਆਂ ਨੂੰ ਲੜਾਈ ਦੀ ਭੱਠੀ ਵਿਚ ਝੋਕ ਦਿਤਾ, ਤੇ ਜਨ-ਸਾਧਾਰਣ ਵਿਅਕਤੀ ਦਾ ਜੀਵਨ ਦੁਖਦਾਈ ਬਣਾ ਦਿੰਦਾ ਸੀ । ਜਦੋਂ ਅੰਗਰੇਜ਼ੀ ਫੌਜ ਆਉਂਦੀ ਹੈ ਤਾਂ ਇਹ ਉਸ ਦੇ ਸਾਹਮਣੇ ਵੀ ਨਹੀਂ ਠਹਿਰਦੇ ਹਨ :

ਜੋੜਾ ਕੱਠ ਕੀਤਾ ਭੂਤ ਮੰਡਲੀ ਨੇ,
ਇਕੋ ਤੋਪ ਦੇ ਨਾਲ ਉਡਾਇ ਦਿਤਾ ।
ਫੇਰ ਦਾਬ ਦੇ ਕੇ ਸ਼ਮਸ਼ੀਰ ਦੀ,
ਇਕ ਇਕ ਨੂੰ ਮਾਰ ਖਿੰਡਾਇ ਦਿਤਾ ।

ਕਵੀ ਅਨੁਸਾਰ ਇਹ ਸੁਤੰਤਰਤਾ ਦੀ ਲੜਾਈ ਨਹੀਂ ਬਲਕਿ ਇਹ ਤਾਂ ਇਕ ਉਪੱਦਰ ਸੀ । ਇਸ ਨਾਤੇ ਆਮ ਜਨਤਾ ਦੀ ਹਮਦਰਦੀ ਇਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਨਾਲ ਨਹੀਂ ਸੀ, ਭਾਵੇਂ ਇਸ ਲੜਾਈ ਦੇ ਆਗੂ, ਧਰਮ ਯੁੱਧ ਦਾ ਨਾਂ ਦੇ ਕੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਲੜ ਰਹੇ ਸਨ । ਉਨ੍ਹਾਂ ਦਿਨਾਂ ਵਿਚ ਇਹ ਅਫ਼ਵਾਹ ਸੀ ਕਿ ਜੋ ਕਾਰਤੂਤ ਦੇਸੀ ਸਿਪਾਹੀਆਂ ਨੂੰ ਦਿਤੇ ਜਾਂਦੇ ਹਨ (ਉਹ ਕਾਰਤੂਸ ਬੰਦੂਕਾਂ ਵਿਚ ਭਰਨ ਤੋਂ ਪਹਿਲਾਂ ਮੂੰਹ ਨਾਲ ਖੋਲ੍ਹਣੇ ਪੈਂਦੇ ਸਨ) ਉਨ੍ਹਾਂ ਦੇ ਮੂੰਹਾਂ ਉਪਰ ਗਊ ਤੇ ਸੂਰ ਦੀ ਚਰਬੀ ਲੱਗੀ ਹੁੰਦੀ ਹੈ । ਜਿਸ ਨਾਲ ਅੰਗਰੇਜ਼ੀ ਹਾਕਮ ਹਿੰਦੂਆਂ ਤੇ ਮੁਸਲਮਾਨਾਂ ਦਾ ਧਰਮ ਗੁਆ ਕੇ ਈਸਾਈ ਬਣਾਉਣ ਲਈ ਕ੍ਰਿਆਸ਼ੀਲ ਹੈ ਪਰ ਆਮ ਜਨਤਾ ਇਨ੍ਹਾਂ ਵਿਚਾਰਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਿਮਤ ਨਹੀਂ ਸੀ ਤੇ ਉਹ ਅੰਗਰੇਜ਼ੀ ਸਰਕਾਰ ਦਾ ਸਾਥ ਦੇ ਰਹੀ ਸੀ। ਇਕ ਪਾਸੇ ਅੰਗਰੇਜ਼ੀ ਫੌਜ ਇਨ੍ਹਾਂ ਦੇਸੀ ਫੌਜੀਆਂ ਨੂੰ ਮਾਰ ਰਹੀ ਸੀ, ਦੂਜ ਪਾਸੇ ਆਮ ਜਨਤਾ ਪੱਥਰ ਮਾਰ ਕੇ ਮਾਰ ਰਹੀ ਸੀ :

ਕਾਲ ਮਰਨ ਭੱਮਕੜਾਂ ਵਾਂਗ ਉਥੇ,
ਧਰਮ ਆਪਣਾ ਨਹੀਂ ਬਿਸਾਰਦੇ ਜੀ।
ਸਾਰੇ ਸ਼ਹਿਰ ਦੇ ਲੋਕ ਲਚਾਰ ਹੋਏ,
ਵੱਟੇ ਕਾਲਿਆਂ ਦੀ ਤਰਫ਼ ਮਾਰਦੇ ਜੀ।

ਆਪਣੇ ਮਾਲਕਾਂ ਨੂੰ ਨਿਰਦੋਸ਼ ਤੇ ਇਨਸਾਫ਼-ਪਸੰਦ ਸਿੱਧ ਕਰਨ ਲਈ ਵਧਾਵਾ ਸਿੰਘ, 'ਜੰਗ ਮੁਹਿੰਮ ਚਿਤਰਾਲ' ਵਿਚ ਇਕ ਅੰਗਰੇਜ਼ ਅਫ਼ਸਰ ਦੇ ਮੂੰਹੋਂ ਮੂੰਹ ਇਹ ਸ਼ਬਦ ਅਖਵਾਉਂਦਾ ਹੈ ਕਿ, 'ਇਹ ਸਰਹੱਦੀ ਲੋਕ ਤਾਂ ਸਾਡੀ ਪਰਜਾ ਹਨ ਕਦੇ ਕੋਈ ਰਾਜਾ ਆਪਣੀ ਪਰਜਾ ਨੂੰ ਵੀ ਦੁਖੀ ਕਰਦਾ ਹੈ। ਇਨ੍ਹਾਂ ਪਠਾਣਾਂ ਦਾ ਕਸੂਰ ਹੈ, ਜਿਨ੍ਹਾਂ ਨੇ ਫਸਾਦ ਸ਼ੁਰੂ ਕਰ ਦਿੱਤਾ' :

ਸ਼ੇਰ ਅਫ਼ਜ਼ੁਲ ਖਾਨ ਤੇ ਉਮਰ ਖਾਂ ਨੇ,
ਭੇਜੇ ਅਮੀਰਲ ਮੁਲਕ ਫ਼ਸਾਦ ਕੀਤਾ।
ਮੇਰੀ ਤਰਫ਼ ਸੇ ਨਾ ਕੁਝ ਨਾ ਕੁਝ ਜ਼ੁਲਮ ਹੂਆ,
ਜੋ ਕੁਝ ਕੰਮ ਸੀ, ਇਨ੍ਹਾਂ ਬਰਬਾਦ ਕੀਤਾ।
ਮੈਂ ਤਾਂ ਜਾਣਿਆ ਸੀ, ਇਹ ਹੋਈ ਰਈਯਤ,
ਇਨ੍ਹਾਂ ਲੜਨ ਦਾ ਹੀ ਇਮਦਾਦ ਕੀਤਾ।
ਵਧਾਵਾ ਸਿੰਘ ਸਰਕਾਰ ਮੂਹਰੇ ਲਏ ਹੋਏ,

ਜਦੋਂ ਸਰਹੱਦੀ ਪਠਾਣ ਮਿਲ ਕੇ ਚਿਤ੍ਰਕਾਲ ਦਾ ਕਿਲ੍ਹਾ ਘੇਰ ਲੈਂਦੇ ਹਨ ਤਾਂ ਅੰਗਰੇਜ਼ੀ ਜਨਰਲ, ਇਨ੍ਹਾਂ ਪਠਾਣਾਂ ਦੇ ਲੀਡਰ ਉਮਰ ਖਾ ਨੂੰ ਮੁਲਾਕਾਤ ਲਈ ਨਿਮੰਤਰਨ ਪੱਤਰ ਭੇਜਦਾ ਹੈ। ਪਰ ਉਮਰਾ ਖਾਂ ਇਸ ਸੱਦਾ ਪੱਤਰ ਨੂੰ ਠੁਕਰਾ, ਯੁੱਧ ਦਾ ਬਿਗਲ ਵਜਾ ਦੇਂਦਾ ਹੈ। ਜਿਸ ਨੂੰ ਕਵੀ ਵਧਾਵਾ ਸਿੰਘ ਵਿਅੰਗਾਤਮਕ ਸ਼ੈਲੀ ਵਿਚ ਬਿਆਨ ਕਰਦਾ ਹੈ :

ਹੱਥ ਨਹੀਂ ਦੇਖੇ ਜਿਚਰ ਸੂਰਿਆਂ ਦੇ,
ਐਵੇਂ ਥੁਕ ਸੇ ਬੜੇ ਪਕਾਉਂਦਾ ਹੈ।
ਚੂਹੇ ਕਰਨ ਸ਼ਿਕਾਰ ਜੇ ਬਿਲੀਆਂ ਦੇ,
ਕੇਹੜਾ ਜੋ ਮਿਆਉ ਨੂੰ ਹੱਥ ਪਾਉਂਦਾ ਹੈ।
ਵਿਚ ਝੁੱਗੀ ਦੇ ਹੋਇ ਪਾਤਸ਼ਾਹ ਬੈਠਾ,
ਐਵੇਂ ਜੀਉੜਾ ਪਿਆ ਪਰਚਾਉਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਧਾਵਾ ਸਿੰਘ ਸਰਦਾਰ ਜਾਂ ਲੱਗੂ ਮੱਥਾ,
ਏਨ੍ਹਾਂ ਤੇ ਹਾਂ ਨੇ ਜੰਗ ਅਗਾਜ਼ ਕੀਤਾ
ਸਾਬਤ ਰਿਹਾ ਕਿ ਭੱਜ ਕੇ ਜਾਉਂਦਾ ਹੈ ।

ਇਹ ਬੀਰ ਬਹਾਦਰ, ਆਪਣੀਆਂ ਪਹਿਲੀਆਂ ਮਾਲਾ ਕੰਡ ਤੇ ਚਕੱਦਰੇ ਦੇ ਸਥਾਨਾਂ ਉਪਰ ਹਾਰਾਂ ਹੋਣ ਦੇ ਬਾਵਜੂਦ ਵੀ ਹਿੰਮਤ ਨਹੀਂ ਹਾਰਦੇ ਅਤੇ ਪੰਜਕੋੜਾ ਦੇ ਸਥਾਨਾਂ ਉਪਰ ਮੁੜ ਅੰਗਰੇਜ਼ੀ ਫੌਜ ਨੂੰ ਘੇਰ ਲੈਂਦੇ ਹਨ ਪਰ ਕਵੀ ਵਧਾਵਾ ਸਿੰਘ ਪਠਾਣਾਂ ਦੇ ਇਸ ਕਾਰਨਾਮੇ ਨੂੰ ਵਿਅੰਗਾਤਮਕ ਸ਼ੈਲੀ ਵਿਚ ਮਖੌਲ ਕਰਦਾ ਹੈ :

ਮਾਲਾਕੰਡ ਤੇ ਚਕੱਦਰੇ ਕਰੀ ਜੇਹੜੀ,
ਸੇਵਾ ਵਾਸਤੇ ਸਭ ਸਜਾਈਆਂ ਨੀ ।
ਛੇਤੀ ਭੁੱਲ ਗਏ ਹੱਥ ਸੱਜਣਾਂ ਦੇ,
ਜੇਹੜੀਆਂ ਛਮਕਾਂ ਤੇਜ਼ ਲਗਾਈਆਂ ਨੀ ।
ਵਧਾਵਾ ਸਿੰਘ ਸਰਦਾਰ ਜਦ ਪਈ ਭਾਜੜ,
ਦੇਵਣ ਝਾੜ ਪਹਾੜ ਗਵਾਈਆਂ ਜੀ ।

ਇਹ ਕਵੀ ਸਰਕਾਰ ਪ੍ਰਤੀ ਵਫ਼ਾਦਾਰ ਰਹਿਣ ਦਾ ਸੰਦੇਸ਼ ਦਿੰਦੇ ਹਨ ਕਿ ਵਕਤੀ ਸਰਕਾਰ ਦੇ ਵਿਰੁੱਧ ਨਹੀਂ ਚੱਲਣਾ ਚਾਹੀਦਾ । ਸਗੋਂ ਇਨ੍ਹਾਂ ਦੇ ਅਧੀਨ ਰਹਿ ਕੇ ਹੀ ਉੱਚਾ ਰੁਤਬਾ ਪਾਇਆ ਜਾ ਸਕਦਾ ਹੈ । ਵਧਾਵਾ ਸਿੰਘ ਅਨੁਸਾਰ ਪਰਜਾ ਨੂੰ ਵਕਤੀ ਸਰਕਾਰ ਦੇ ਆਦੇਸ਼ ਦੀ ਪਾਲਣਾ ਕਰਨੀ ਚਾਹੀਦੀ ਹੈ :

ਰਯਤ ਹੋਇ, ਭਾਵੇਂ ਨਵਾਬ ਹੋਵੇ,
ਪਾਤਸ਼ਾਹ ਨੂੰ ਨਾਂਹ ਦੁਖਾਈਏ ਜੀ ।
ਵਧਾਵਾ ਸਿੰਘ ਸਰਦਾਰ ਜੇ ਹੁਕਮ ਮੰਨੇ,
ਫੇਰ ਬੜਾ ਮਰਤਬਾ ਪਾਈਏ ਜੀ ।

ਇਸ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ 1850 ਈ. ਤੋਂ ਲੈ ਕੇ 1900 ਈ. ਤਕ ਦੇ ਕਿੱਸਾ ਸਾਹਿਤ ਵਿਚ ਦੇਸ਼ ਭਗਤੀ ਕਿਧਰੇ ਵੇਖਣ ਨੂੰ ਨਹੀਂ ਮਿਲਦੀ ਸਾਰਾ ਕਾਲ ਰਾਜ ਭਗਤੀ ਦਾ ਸੀ ।

ਹਵਾਲੇ ਤੇ ਟਿੱਪਣੀਆਂ

1. ਭਗਵਾਨ ਸਿੰਘ ਰਚਨਾਵਲੀ, (ਸੰਪ.) ਸ. ਸ. ਪਦਮ, ਪੰਨਾ 212.
2. ਕਿਸਨ ਸਿੰਘ ਆਰਿਫ 'ਹੀਰ', ਭਾਗ ਪਹਿਲਾ, ਪੰਨਾ 3.
3. ਉਹੀ, ਸ਼ੀਰੀ ਫ਼ਰਿਆਦ, ਪੰਨਾ 4.
4. ਡਾ. ਜੀਤ ਸਿੰਘ ਸੀਤਲ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ 538.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਵਿ ਦੀ ਅਧੋਗਤੀ

ਕਿੱਸਾ ਕਾਵਿ ਰਜਵਾੜਾ ਸ਼ਾਹੀ/ਜਗੀਰਦਾਰੀ ਸਮਾਜ ਦੀ ਉਪਜ ਹੈ । ਪੰਜਾਬ ਵਿਚ ਅਕਬਰ ਦੇ ਰਾਜ ਕਾਲ ਵੇਲੇ ਜਾਗੀਰਦਾਰੀ ਸਮਾਜ ਦੀ ਸਥਾਪਨਾ ਹੋਣ ਨਾਲ ਹੀ ਕਿੱਸਾ ਕਾਵਿ ਹੋਂਦ ਵਿਚ ਆਇਆ ਸੀ । ਜਾਗੀਰਦਾਰੀ ਸਮਾਜ ਪੁਰਸ਼ ਪ੍ਰਧਾਨ ਹੁੰਦਾ ਹੈ ਤੇ ਇਸ ਸਮਾਜ ਵਿਚ ਇਸਤਰੀ ਨੂੰ ਧਨ ਦੌਲਤ ਵਾਂਗ ਇਕ ਪਦਾਰਥਕ ਵਸਤੂ ਸਮਝਿਆ ਜਾਂਦਾ ਹੈ । ਇਸ ਸਾਮਰਾਜ ਵਿਚ ਇਸਤਰੀ ਦੀ ਇੱਛਾ, ਰੁੱਚੀ ਜਾਂ ਮਰਜ਼ੀ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ । ਉਹ ਪੁਰਸ਼ ਦੀ ਇੱਛਾ ਅਨੁਸਾਰ ਕਾਰਜ ਕਰਦੀ ਹੈ, ਪਰ ਇਸਤਰੀ ਨੇ ਪੁਰਸ਼ ਦੀ ਇਸ ਹਕੂਮਤ ਦੀ ਸਭ ਤੋਂ ਪਹਿਲਾਂ ਪਿਆਰ ਦੇ ਖੇਤਰ ਵਿਚ ਉਲੰਘਣਾ ਕੀਤੀ । ਕਿਉਂਕਿ ਪੁਰਸ਼ ਪ੍ਰਧਾਨ ਸਮਾਜ ਵਿਚ ਲੜਕੇ ਲੜਕੀ ਦੀ ਸ਼ਾਦੀ ਕਰਨਾ, ਉਨ੍ਹਾਂ ਦਾ ਪਿਤਾ ਜਾਂ ਸਰਪ੍ਰਸਤ ਆਪਣਾ ਅਧਿਕਾਰ ਸਮਝਦਾ ਸੀ । ਉਹ ਦੋ ਵਿਅਕਤੀ, ਜਿਨ੍ਹਾਂ ਨੇ ਇਸ ਬੰਧਨ ਵਿਚ ਬੱਝ ਕੇ ਸਾਰੀ ਉਮਰ ਇਕੱਠੇ ਲੰਘਾਉਣੀ ਹੁੰਦੀ ਸੀ, ਉਨ੍ਹਾਂ ਦੀ ਇਸ ਬਾਰੇ ਕੋਈ ਸਲਾਹ ਨਹੀਂ ਲਈ ਜਾਂਦੀ ਸੀ । ਇਸਲਾਮੀ ਸੰਸਕ੍ਰਿਤੀ ਦੇ ਸੰਪਰਕ ਵਿਚ ਆਉਣ ਨਾਲ ਭਾਰਤੀ ਇਸਤਰੀ ਨੂੰ ਵੀ ਜਾਗ੍ਰਤੀ ਆ ਗਈ ।

ਇਸਲਾਮ ਵਿਚਾਰਧਾਰਾ ਮੁਤਾਬਿਕ ਇਸਤਰੀ ਨੂੰ ਮਨਮਰਜ਼ੀ ਦੇ ਪੁਰਸ਼ ਨਾਲ ਵਿਆਹ ਕਰਵਾਉਣ ਦੀ ਖੁਲ੍ਹ ਹੈ । ਜਦ ਤਕ ਇਕ ਇਸਤਰੀ ਨਿਕਾਹ ਤੋਂ ਪਹਿਲਾਂ ਆਪਣੇ ਹੋਣ ਵਾਲੇ ਪਤੀ ਨੂੰ ਸਵੀਕਾਰ ਨਾ ਕਰ ਲਵੇ, ਤਦ ਤਕ ਨਿਕਾਹ ਨਹੀਂ ਹੋ ਸਕਦਾ । ਇਸੇ ਕਾਰਣ ਹੀਰ ਦੇ ਮਾਪਿਆਂ ਨੂੰ, ਹੀਰ ਦਾ ਨਿਕਾਹ ਕਰਵਾਉਣ ਵਾਲੇ ਕਾਜ਼ੀ ਨੂੰ ਰਿਸ਼ਵਤ ਦੇਣੀ ਪੈਂਦੀ ਹੈ ਤਾਂ ਜੋ ਉਹ ਝੂਠੀ ਮੂਠੀ ਕਹਿ ਦੇਵੇ ਕਿ ਹੀਰ ਨੇ ਸੈਦੇ ਖੇੜੇ ਨੂੰ ਪਰਵਾਨ ਕਰ ਲਿਆ ਹੈ । ਜੇਕਰ ਹੀਰ ਹਿੰਦੂ ਕੰਨਿਆ ਹੁੰਦੀ ਤਾਂ ਉਸ ਦੇ ਮਾਪਿਆਂ ਨੂੰ ਉਸ ਤੇ ਵਿਆਹ ਦੇ ਮੌਕੇ ਉੱਤੇ ਇਤਨਾ ਪਰੇਸ਼ਾਨ ਨਹੀਂ ਹੋਣਾ ਪੈਣਾ ਸੀ । ਉਨ੍ਹਾਂ ਹੀਰ ਤੋਂ ਪੁਛੇ ਬਿਨਾਂ ਹੀ ਅੱਗ ਦੁਆਲੇ ਚਾਰ ਪ੍ਰਆਟਣੀਆਂ ਦੁਆ ਕੇ ਤੋਰ ਦੇਣਾ ਸੀ । ਫ਼ਲਸਰੂਪ ਇਨ੍ਹਾਂ ਇਸਤਰੀਆਂ ਦੀਆਂ ਪਿਆਰ ਕਹਾਣੀਆਂ ਹੀ ਤਾਂ ਕਿੱਸਿਆਂ ਦਾ ਵਿਸ਼ਾ ਵਸਤੂ ਬਣੀਆਂ ਹਨ । ਅੰਗ੍ਰੇਜ਼ਾਂ ਦਾ ਪੰਜਾਬ ਉਪਰ ਕਬਜ਼ਾ ਹੋ ਜਾਣ ਨਾਲ ਪੰਜਾਬੀਆਂ ਦਾ ਪੱਛਮੀ ਸਭਿਅਤਾ ਤੇ ਸੰਸਕ੍ਰਿਤੀ ਨਾਲ ਮੇਲ ਹੋਇਆ । ਈਸਾਈ ਸਮਾਜ ਵਿਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਾ ਅਧਿਕਾਰ ਪ੍ਰਾਪਤ ਹੈ, ਉਹ ਮਨ-ਮਰਜ਼ੀ ਦੇ ਵਿਅਕਤੀ ਨਾਲ ਵਿਆਹ ਕਰਵਾ ਸਕਦੀ ਹੈ । ਇਸ ਦਾ ਪ੍ਰਭਾਵ ਸਾਡੇ ਸਮਾਜ ਉੱਤੇ ਵੀ ਹੋਇਆ । ਜਿਸ ਦੇ ਫਲ ਸਰੂਪ ਇਸਤਰੀਆਂ ਉਪਰ ਪਹਿਲੇ ਵਰਗੇ ਕਟੜੇ ਬੰਧਨਾ ਨਾ ਰਹੇ । ਉਨ੍ਹਾਂ ਨੂੰ ਬਾਲਗ ਹੋਣ ਤੇ ਮਨ ਮਰਜ਼ੀ ਦੇ ਵਿਅਕਤੀ ਨਾਲ ਵਿਆਹ ਕਰਵਾਉਣ ਦੀ ਖੁਲ੍ਹ ਦੇ ਦਿਤੀ ਗਈ ਜਿਸ ਕਰਕੇ ਕਿ ਕਿੱਸਾ ਕਾਵਿ ਦਾ ਮੁਖ ਵਿਸ਼ਾ ਆਪਣੀ ਮਹੱਤਤਾ ਗੁਆ ਬੈਠਾ ।

ਪੰਜਾਬ ਵਿਚ ਅੰਗ੍ਰੇਜ਼ੀ ਹਕੂਮਤ ਦੀ ਸਥਾਪਤੀ ਨਾਲ ਜਾਗੀਰਦਾਰੀ ਪ੍ਰਥਾ ਲਗਪਗ ਸਮਾਪਤ ਹੋ ਗਈ ਤੇ ਸਾਮਰਾਜੀ ਕਾਲ ਸ਼ੁਰੂ ਹੋ ਗਿਆ । ਪੱਛਮ ਵਿਚ ਸਾਮਰਾਜੀ ਕਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਆਰੰਭ ਸਨਅਤੀ ਇਨਕਲਾਬ ਨਾਲ ਹੁੰਦਾ ਹੈ । ਸਨਅਤੀ ਇਨਕਲਾਬ ਮਜ਼ਦੂਰ ਸ਼੍ਰੇਣੀ ਨੂੰ ਜਨਮ ਦਿੰਦਾ ਹੈ । ਇਸ ਇਨਕਲਾਬ ਦੇ ਫ਼ਲਸਰੂਪ ਮੱਧ ਸ਼੍ਰੇਣੀ ਹੌਲੀ ਹੌਲੀ ਤਾਕਤ ਪਕੜਣ ਲਗ ਪਈ ਪਰ ਕਿੱਸਾ ਕਾਵਿ ਵਿਚ ਪ੍ਰਮੁਖਤਾ ਵਿਸ਼ੇਸ਼ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ । ਇਸ ਦੇ ਮੁਖ ਵਿਸ਼ੇ ਅਮੀਰ ਤੇ ਹੁਸੀਨ ਵਿਅਕਤੀ ਹੁੰਦੇ ਹਨ । ਇਸ ਤਬਦੀਲੀ ਕਾਰਣ ਵਿਸ਼ੇਸ਼ ਵਿਅਕਤੀ ਦੀ ਥਾਂ ਆਮ ਵਿਅਕਤੀ ਤੇ ਮਧ ਸ਼੍ਰੇਣੀ ਦੀ ਗੱਲ ਹੋਣ ਲਗ ਪਈ । ਇਸ ਤਰ੍ਹਾਂ ਕਿੱਸਾ ਕਾਵਿ ਤੇ ਇਕ ਹੋਰ ਸੱਟ ਵੱਜੀ ।

ਜਾਗੀਰਦਾਰੀ ਦੇ ਖਾਤਮੇ ਨਾਲ, ਕਿੱਸਾਕਾਰਾ ਨੂੰ ਸਰਦਾਰਾਂ/ਨਵਾਬਾਂ ਵਲੋਂ ਸਰਪ੍ਰਸਤੀ ਮਿਲਣੀ ਬੰਦ ਹੋ ਗਈ,ਜੋ ਕਦੇ ਮਧ ਕਾਲ ਵਿਚ ਮਿਲਿਆ ਕਰਦੀ ਸੀ ਸਰਪ੍ਰਸਤੀ ਦੀ ਅਣਹੋਂਦ ਕਾਰਣ ਵਿਦਵਾਨ ਤੇ ਯੋਗ ਵਿਅਕਤੀ, ਇਸ ਕਾਵਿ ਖੇਤਰ ਵਲ ਦਿਲਚਸਪੀ ਲੈਣੋਂ ਹਟ ਗਏ

ਆਧੁਨਿਕ ਯੁਗ ਵਿਗਿਆਨ ਦਾ ਯੁਗ ਹੈ । ਇਸ ਯੁਗ ਵਿਚ ਵਿਦਿਆ ਦੇ ਪ੍ਰਸਾਰ ਨੇ ਮਨੁੱਖ ਨੂੰ ਇਸ ਯੋਗ ਬਣਾ ਦਿਤਾ ਹੈ ਕਿ ਹਰ ਘਟਨਾ ਦੀ ਤਹਿ ਤਕ ਪਹੁੰਚ ਕੇ ਉਸ ਉੱਪਰ ਤਰਕ ਸੰਗਤ ਵਿਚਾਰ ਕਰ ਸਕੇ । ਅਜੋਕਾ ਮਨੁੱਖ ਮਧਕਾਲੀਨ ਵਿਅਕਤੀ ਵਾਂਗ ਇਤਨਾ ਸਰਲ ਤੇ ਸਾਧਾਰਣ ਨਹੀਂ ਹੈ ਕਿ ਹਰ ਵਿਚਾਰ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਲਵੇ । ਉਹ ਕਿਸੇ ਵਿਚਾਰ ਨੂੰ ਤਦ ਤਕ ਸਵੀਕਾਰ ਨਹੀਂ ਕਰਦਾ ਜਦੋਂ ਤਕ ਉਹ ਵਿਚਾਰ ਉਸਦੀ ਤਰਕ ਦੀ ਕਸਵੱਟੀ ਤੇ ਪੂਰਾ ਨਾ ਉਤਰੇ । ਪਰ ਸਾਡੇ ਕਿੱਸਿਆਂ ਵਿਚ ਪਰਾਸਰੀਰਕ ਅੰਸ਼ (ਪੰਜਾਂ ਪੀਰਾਂ ਦੀ ਸਹਾਇਤਾ ਕਰਨੀ ਅੱਗ ਲਗਣਾ) ਦੀ ਭਰਮਾਰਤਾ ਹੈ । ਇਹ ਗੱਲਾਂ ਤਰਕਵਾਦੀ ਪਾਠਕਾਂ ਨੂੰ ਸੰਤੁਸ਼ਟ ਨਹੀਂ ਕਰ ਸਕਦੀਆਂ । ਇਸ ਕਰਕੇ ਅਜ ਦਾ ਪੜ੍ਹਿਆ ਲਿਖਿਆ ਵਰਗ ਕਿੱਸਾ ਕਾਵਿ ਵਿੱਚ ਦਿਲਚਸਪੀ ਲੈਣੋਂ ਹਟ ਗਿਆ ਹੈ ।

ਅਜੋਕੇ ਮਨੁੱਖ ਦਾ ਜੀਵਨ ਗੁੰਝਲਾਂ ਭਰਿਆ ਹੈ । ਉਸ ਨੂੰ ਸਵੇਰ ਤੋਂ ਸ਼ਾਮ ਤਕ ਰੋਟੀ ਲਈ ਭੜਕਣਾ ਪੈਂਦਾ ਹੈ । ਉਸ ਦੇ ਜੀਵਨ ਵਿਚ ਵਿਹਲ ਘਟ ਗਈ ਹੈ । ਮਧਕਾਲ ਵਿਚ ਲੋਕਾਂ ਦੇ ਜੀਵਨ ਵਿਚ ਵਿਹਲ ਬਹੁਤ ਹੁੰਦੀ ਸੀ । ਪਿੰਡਾਂ ਦੀਆਂ ਸੱਥਾਂ ਵਿਚ ਜਾਂ ਕਿਸੇ ਪਿੱਪਲ ਹੇਠ ਸਾਰਾ ਸਾਰਾ ਦਿਨ ਮੱਜਲਸਾਂ ਲੱਗਦੀਆਂ ਰਹਿੰਦੀਆਂ ਸਨ । ਇਕ ਵਿਅਕਤੀ ਕਿੱਸਾ ਪੜ੍ਹਦਾ ਸੀ ਤੇ ਦੂਜੇ ਸੁਣਨ ਵਿਚ ਰੁਝੇ ਰਹਿੰਦੇ ਸਨ । ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਕਾਰਣ, ਸਾਹਿਤ ਦੇ ਦੂਜੇ ਰੂਪਾਂ ਨਿੱਕੀ ਕਵਿਤਾ, ਨਾਵਲ, ਨਿੱਕੀ ਕਹਾਣੀ, ਨਾਟਕ ਆਦਿ ਪੰਜਾਬੀ ਸਾਹਿਤ ਵਿਚ ਆ ਗਏ । ਜਦੋਂ ਵਿਅਕਤੀ ਨੂੰ ਕੋਈ ਛਿੰਨ ਪਲ ਵਿਹਲ ਮਿਲਦੀ ਹੈ ਤਾਂ ਛੋਟੀ ਕਹਾਣੀ ਜਾਂ ਕਵਿਤਾ ਪੜ੍ਹ ਕੇ ਆਨੰਦ ਪ੍ਰਾਪਤ ਕਰ ਲੈਂਦਾ ਹੈ । ਉਸ ਪਾਸ ਇਤਨੀ ਵਿਹਲ ਹੀ ਕਿਥੇ ਹੈ ਕਿ ਇਤਨੀ ਲੰਮੀ ਰਚਨਾ ਨੂੰ ਘੰਟਿਆਂ ਬੱਧੀ ਪੜ੍ਹਦਾ ਰਹੇ ।

ਕਿੱਸਾ ਕਾਵਿ ਮੱਧਕਾਲ ਵਿਚ ਮਨੋਰੰਜਨ ਦਾ ਇਕ ਸਾਧਨ ਸੀ । ਪੇਸ਼ਾਵਰ ਗਾਮੰਤਰੀ, ਭੱਟ, ਮਰਾਸੀ ਜਾਂ ਖੁਦ ਕਿੱਸਾਕਾਰ, ਕਿੱਸੇ ਗਾ ਗਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ ਪਰ ਅਜੋਕੇ ਸਮੇਂ ਵਿਚ ਮਨੁੱਖ ਦੇ ਮਨੋਰੰਜਨ ਲਈ ਸਿਨੇਮਾ, ਟੈਲੀਵੀਜ਼ਨ, ਰੇਡੀਓ ਆਦਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਧਨ ਹਨ। ਇਸ ਲਈ ਜਨਤਾ ਦੀ ਰੁਚੀ ਇਨ੍ਹਾਂ ਵਲੋਂ ਹਟ ਗਈ ਹੈ।

ਈਸਾਈ ਮਿਸ਼ਨਰੀਆਂ ਦੀ ਧਰਮ-ਬਦਲੀ ਦੀ ਨੀਤੀ ਦੇ ਹੜ੍ਹ ਨੂੰ ਰੋਕਣ ਲਈ, ਪੰਜਾਬ ਵਿਚ ਕਈ ਧਰਮ-ਸੁਧਾਰਕ ਲਹਿਰਾਂ ਪੈਦਾ ਹੋਈਆਂ ਸਨ। ਇਨ੍ਹਾਂ ਸਭ ਲਹਿਰਾਂ ਦਾ ਮਨੋਰਥ ਆਪਣੇ ਆਪਣੇ ਧਰਮ ਦੇ ਅਨੁਯਾਈਆਂ ਨੂੰ ਈਸਾਈ ਬਣਨ ਤੋਂ ਰੋਕਣਾ ਸੀ। ਇਸ ਉਦੇਸ਼ ਲਈ ਇਨ੍ਹਾਂ ਦੇਸੀ ਧਾਰਮਿਕ ਆਗੂਆਂ ਨੇ ਮਿਸ਼ਨਰੀਆਂ ਦੀ ਪ੍ਰਚਾਰ ਪੱਧਤੀ ਨੂੰ ਅਪਣਾਇਆ। ਉਨ੍ਹਾਂ ਨੇ ਆਮ ਜਨਤਾ ਦੇ ਖਿਆਲ ਨੂੰ ਪ੍ਰੇਮ ਮਈ ਜਾਂ ਰੁਮਾਂਚਿਕ ਕਵਿਤਾ ਵਲੋਂ ਹਟਾ ਕੇ ਧਰਮ ਵਲ ਲਾਉਣ ਲਈ ਪ੍ਰੇਰਿਆ। ਭਾਈ ਵੀਰ ਸਿੰਘ ਜੋ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪੰਜਾਬੀ ਕਾਵਿ-ਖੇਤਰ ਵਿਚ ਆਇਆ ਹੈ। ਆਪਣੇ ਇਕ ਪਾਤਰ ਰਾਜਾ ਲੱਖ ਦਾਤਾ ਸਿੰਘ ਦੇ ਮੂੰਹੋਂ ਇਹ ਸ਼ਬਦ ਅਖਵਾਉਂਦਾ ਹੈ :

> ਸਜਣੋਂ ! ਮੈਨੂੰ ਕੋਈ ਬੈਂਤਬਾਜ਼ੀ ਜਾਂ ਸ਼ਾਇਰੀ ਦੀ ਬਿਮਾਰੀ ਨਹੀਂ ਚਮੜੀ ਹੋਈ, ਨਾ ਮੇਰੇ ਵੱਡੇ ਗਾੜ੍ਹੀ ਕਮਾਈ ਛੱਡ ਗਏ ਹਨ, ਨਾ ਤਾਜ਼ਾ ਪਿਉ ਮੋਯਾ ਹੈ, ਜੋ ਮੈਂ ਖਾਵਾਂ ਉਡਾਵਾਂ ਤੇ ਵਕਤ ਗੁਆਉਣ ਲਈ ਬੈਂਤ ਸਿਖਾਂ, ਨਾ ਮੈਂ ਵਿਹਲਾ ਹਾਂ ਕਿ ਅੱਖਾਂ, ਨੱਕ ਪੱਟੀਆਂ ਤੇ ਵਹਿਮਾਂ ਵਿਚ ਫਸਾਂ, ਝੂਠੇ ਕਿੱਸੇ ਜੋੜਾਂ, ਪਿਛਲੇ ਕਵੀਆਂ ਦੀ ਉਂਗਲੀਆਂ ਨੂੰ ਫੇਰ ਚਿੱਥਾਂ ਤੇ ਝੂਨ ਖਾਵਾਂ।
>
> ਵਾਰਿਸ ਸ਼ਾਹ ਲਿਖ ਗਿਆ ਹੀਰ। ਜਣੇ ਖਣੇ ਨੂੰ ਹੀਰ ਦਾ ਚਾ। ਪੰਥ ਕਿਵੇਂ ਬਚੇ ? ਕਿਸੇ ਸਿੱਖ ਨੂੰ ਫ਼ਿਕਰ ਨਹੀਂ, ਪਰ ਹੀਰ ਜੋਗਾ ਸਿੰਘ, ਹੀਰ ਭਗਵਾਨ ਸਿੰਘ ਸਿਖਾਂ ਦੀਆਂ ਲਿਖੀਆਂ ਨੂੰ ਲਵੋ। ਵਿਸ਼ੇ ਵਿਕਾਰਾਂ ਦੇ ਗੀਤ, ਨੂੰਹ ਸਹੁਰੇ ਦੇ ਚਿੱਠੇ, ਗੰਦੀਆਂ ਸਿਠਾਂ, ਗੰਦੀਆਂ ਕਾਫ਼ੀਆਂ, ਕੋਟੜੇ ਤੇ ਕੁੰਡਲੀਏ ਲਿਖਣ ਵਿਚ ਸਿੱਖ ਸਭ ਤੋਂ ਮੋਹਰੇ, ਪਰ ਪੰਥ ਵਿਚ ਵਿਦਯਾ,ਲਯਾਵਣ ਵਿਚ ਰਤਾ ਫਿਕਰ ਨਹੀਂ। ਸ਼ਹੀਦਾਂ ਤੇ ਬੀਰਾਂ ਦੇ ਕਾਰਨਾਮੇ ਲੋਪ ਹੋ ਗਏ।[1]

ਇਥੋਂ ਤਕ ਕਿ ਖੁਦ ਕਿੱਸਾਕਾਰਾਂ ਨੇ ਜਿਨ੍ਹਾਂ ਨੇ ਦਰਜਨਾਂ ਕਿੱਸੇ ਲਿਖੇ ਹਨ, ਪ੍ਰੇਮ ਮਈ ਕਿੱਸਿਆਂ ਦੇ ਵਿਰੁੱਧ ਆਵਾਜ਼ ਉਠਾਈ। ਇਸ ਪ੍ਰਸੰਗ ਵਿਚ ਪੰਡਿਤ ਮਾਨ ਸਿੰਘ ਕਾਲੀਦਾਸ, ਗਿ. ਜੋਧ ਸਿੰਘ, ਕਰਤਾਰ ਸਿੰਘ ਕਲਾਸਵਾਲੀਆ ਤੇ ਗਿਆਨ ਚੰਦ ਧੌਨ ਆਦਿ ਦੇ ਨਾਮ ਖਾਸ ਤੌਰ ਤੇ ਵਰਣਨ ਯੋਗ ਹਨ। ਜੋ ਧਾਰਮਿਕ ਕਿੱਸਿਆਂ ਦੇ ਹੱਕ ਵਿਚ ਹਨ ਤੇ ਇਸ਼ਕਿਆ ਕਿੱਸਿਆਂ ਨੂੰ ਗੰਦੇ ਕਿੱਸੇ ਸਮਝਦੇ ਹਨ ਤੇ ਇਨ੍ਹਾਂ ਦਾ ਪ੍ਰਸਾਰਨ ਰੋਕਣ ਦਾ ਪ੍ਰਯਤਨ ਕਰਦੇ ਹਨ[1] :

> ਕਲੂ ਕਾਲ ਨੇ ਆਨ ਕੇ ਰੰਗ ਲਾਇਆ, ਢੰਗ ਵਖਰਾ ਜੰਗ ਮਚਾਵਣ ਦਾ।
> ਗੀਤਾ ਵੇਦ ਪੁਰਾਣ ਦਾ ਸ਼ੌਕ ਨਾਹੀ, ਸ਼ੌਕ ਹੀਰ ਜਿਹੇ ਕਿੱਸੇ ਗਾਵਨੇ ਦਾ।
> ਬੇੜਾ ਹਿੰਦ ਦਾ ਡੁਬਦਾ ਦਿਸਦਾ ਏ,ਗਿਆਨ ਕਰੋ ਕੋਈ ਜਤਨ ਬਚਾਵਨੇ ਦਾ।[2]

ਸਿੰਘ ਸਭਾ ਲਹਿਰ ਦੇ ਅਨੁਯਾਈ ਭਾਈ ਵੀਰ ਸਿੰਘ ਨੇ 1893 ਈ. ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਕੀਤੀ। ਇਸ ਸੁਸਾਇਟੀ ਨੇ ਵਾਰਤਕ ਤੇ ਛੰਦਾਬੰਦੀ ਦੋਹਾਂ ਤਰ੍ਹਾਂ ਦਾ ਸਾਹਿਤ ਪੈਦਾ ਕੀਤਾ। ਸਮੇਂ ਦੀ ਲੋੜ ਅਨੁਸਾਰ ਭਾਈ ਵੀਰ ਸਿੰਘ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਖਲਾਕ ਤੇ ਸਿੱਖ ਫਲਸਫੇ ਨੂੰ ਕਵਿਤਾ ਦਾ ਵਿਸ਼ਾ ਬਣਾਇਆ । ਇਸ ਧਾਰਮਿਕ ਤੇ ਜਜ਼ਬਾਤੀ ਕਵਿਤਾ ਨੇ ਕਿੱਸਾ ਕਹਾਣੀ ਤੇ ਬੈਂਤ-ਬਾਜ਼ੀ ਨੂੰ ਇਕ ਹੋਰ ਤਕੜੀ ਸੱਟ ਮਾਰੀ ।

ਮੌਲਾ ਬਖਸ਼ ਕੁਸ਼ਤਾ ਨੇ ਨਵੀਂ ਕਵਿਤਾ ਦੇ ਵਿਕਾਸ ਤੇ ਕਿੱਸਾ ਕਵਿਤਾ ਦੇ ਹਰਾਸ ਦੇ ਦੋ ਕਾਰਣ ਮੰਨੇ ਹਨ । ਇਕ ਇਹ ਹੈ ਕਿ ਪਹਿਲੀ ਹਿੰਦੀ ਕਵਿਤਾ ਵਿਚ ਇਸਤਰੀ ਵਲੋਂ ਮਰਦ ਵਲ ਪ੍ਰੇਮ ਦਰਸਾਇਆ ਜਾਂਦਾ ਸੀ ਅਤੇ ਫ਼ਾਰਸੀ ਉਰਦੂ ਜਾਂ ਉਰਦੂ ਫ਼ਾਰਸੀ ਨੁਮਾ ਪੰਜਾਬੀ ਵਿਚ ਮਰਦ ਵਲੋਂ ਮਰਦ ਵਲ ਪ੍ਰੇਮ ਦੀ ਖਿੱਚ ਸੀ । ਮਗਰਬੀ ਸ਼ਾਇਰੀ ਵਿਚ ਮਰਦ ਵਲੋਂ ਔਰਤ ਪ੍ਰੇਮ ਜ਼ਾਹਰ ਕੀਤਾ ਜਾਂਦਾ ਹੈ ਅਤੇ ਇਹ ਪ੍ਰੇਮ ਕੁਦਰਤ ਦੀ ਰੁਚੀ ਦੇ ਐਨ ਮੁਤਾਬਕ ਹੈ । ਦੂਜਾ ਅੰਗ੍ਰੇਜ਼ੀ ਦੇ ਵਿਦਵਾਨ ਸਾਡੇ ਢਿਲੜ ਕਵੀਆਂ ਵਾਂਗ ਇਕੋ ਟਿਕਾਣੇ ਤੇ ਬੈਠੇ ਨਹੀਂ ਰਹਿੰਦੇ ਸਗੋਂ ਇੰਗਲੈਂਡ, ਫਰਾਂਸ,ਜਰਮਨੀ, ਅਮ੍ਰੀਕਾ ਦੇ ਮੈਗਜ਼ੀਨਾਂ ਤੇ ਕਿਤਾਬਾਂ ਵਿਚੋਂ ਨਵੇਂ ਤੋਂ ਨਵੇਂ ਖਿਆਲਾਂ ਦੀ ਪ੍ਰੇਰਣਾ ਲੈ ਲੈ ਕੇ ਪੜ੍ਹੇ ਲਿਖੇ ਵਿਦਵਾਨਾਂ ਦੇ ਸਾਹਮਣੇ ਆਪਣੀ ਦੇਸੀ ਬੋਲੀ ਵਿਚ ਪੇਸ਼ ਕਰਨ ਲਗ ਪਏ । ਇਨ੍ਹਾਂ ਨਵੇਂ ਖਿਆਲਾਂ ਦੇ ਅੰਦਰ ਕੇਵਲ ਇਸ਼ਕੀਆ ਜਜ਼ਬਾ ਹੀ ਨਹੀਂ ਹੁੰਦਾ, ਸਗੋਂ ਮਨੁੱਖ ਤੀਵੀਂ ਦਾ ਕੁਦਰਤੀ ਪਿਆਰ, ਕੁਦਰਤ ਦੇ ਨਜ਼ਾਰੇ, ਦਰਿਆਵਾਂ, ਪਰਬਤਾਂ, ਸੀਨਰੀਆਂ ਆਦਿਕਾ ਦੇ ਸਮਾਜ ਵਿਚ ਪਿਆਰ ਤੇ ਉਚਿਆਂ ਹੋਣ ਦੇ ਜਜ਼ਬੇ ਅਤੇ ਮਨੁੱਖਤਾ ਦਾ ਹੋਰਨਾਂ ਦੇ ਕੰਮ ਆਉਣ ਦਾ ਸ਼ੌਕ ਮੰਨਿਆ ਜਾਂਦਾ ਹੈ । ਇਹੋ ਸਬੱਬ ਹੈ ਕਿ ਕਾਫੀਏ ਰਦੀਫ ਦੀ ਬੰਦਸ਼ ਦੀਆਂ ਉਲਝਣਾਂ ਵਿਚ ਪੈਣ ਨਾਲੋਂ ਖਿਆਲ ਦੀ ਅਸਲੀ ਜਿੰਦ ਵਲ ਬਹੁਤਾ ਧਿਆਨ ਦਿਤਾ ਜਾਂਦਾ ਹੈ ।[3] ਇਸ ਲਈ ਵਿਦਵਾਨ ਸਾਹਿਤਕਾਰ ਤੇ ਪਾਠਕ ਇਸ ਨਵੀਂ ਕਵਿਤਾ ਵਲ ਝੁਕ ਗਏ ।

ਅੰਗ੍ਰੇਜ਼ੀ ਕਵਿਤਾ ਦੀ ਬਲੈਂਕ ਵਰਸ ਤੋਂ ਪ੍ਰਭਾਵਿਤ ਹੋ ਕੇ ਪ੍ਰੋ. ਪੂਰਨ ਸਿੰਘ ਤੇ ਡਾ. ਦੀਵਾਨ ਸਿੰਘ ਨੇ ਪੰਜਾਬੀ ਵਿਚ ਬੇਵਜ਼ਨ ਤੇ ਬੇ-ਕਾਫੀਆ ਕਵਿਤਾ ਲਿਖਣੀ ਆਰੰਭ ਕਰ ਦਿਤੀ । ਇਹ ਕਵੀ ਪਿੰਗਲ ਦੀਆਂ ਪਾਬੰਦੀਆਂ ਤੇ ਆਰਜ਼ੂ ਦੇ ਬੰਧਨਾਂ ਤੋਂ ਮੁਨਕਰ ਸਨ । ਇਹ ਕਵਿਤਾ ਆਮ ਲੋਕਾਂ ਵਿਚ ਜਲਦੀ ਹੀ ਲੋਕ-ਪ੍ਰਿਯਾ ਹੋ ਗਈ ਸੀ ਕਿਉਂਕਿ ਇਸ ਵਿਚ ਇਕ ਤਾਂ ਜਜ਼ਬਾਤੀ ਤਸਵੀਰ ਜਲਦੀ ਤਿਆਰ ਹੋ ਜਾਂਦੀ ਸੀ ਦੂਜਾ ਕਾਫੀਆਂ ਤੇ ਰਦੀਫਾਂ ਦੀ ਢੂੰਡ ਭਾਲ ਵਿਚ ਵਕਤ ਬਰਬਾਦ ਨਹੀਂ ਹੁੰਦਾ ਸੀ । ਦੂਜੇ ਪਾਸੇ ਕਿੱਸੇ ਕਾਵਿ ਵਿਚ ਪਿੰਗਲ ਦੇ ਨਿਯਮਾਂ ਦੀ ਪਾਲਣਾ ਦੀ ਸਖਤ ਪਾਬੰਦੀ ਹੁੰਦੀ ਹੈ । ਕਵੀਆਂ ਦਾ ਰੁਝਾਨ ਕਿੱਸਾ ਕਾਵਿ ਤੋਂ ਹਟ ਕੇ ਇਸ ਨਵੀਂ ਕਵਿਤਾ ਵਲ ਹੋ ਗਿਆ ।

ਹਵਾਲੇ ਅਤੇ ਟਿੱਪਣੀਆਂ

1. 'ਰਾਜਾ ਲਖਦਾਤਾ ਸਿੰਘ', ਪੰਨਾ 30.
2. ਗਿਆਨ ਚੰਦ ਧੌਨ 'ਜੈਮਲ ਫਤਾ' ਪੰਨਾ 58.
3. ਪੰਜਾਬ ਦੇ ਹੀਰੇ, ਪੰਨਾ 32.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession 30/11/83
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar